The Motto of Our University

(SEWA)

SKILL ENHANCEMENT

EMPLOYABILITY

WISDOM

ACCESSIBILITY

# JAGAT GURU NANAK DEV

# PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

# M.A (PUNJABI)

# (PBIM21101T)

## ਪਰਚਾ ਪਹਿਲਾ

## SEMESTER-I

**Head Quarter: C/28, The Lower Mall, Patiala-147001**

**WEBSITE:** www.psou.ac.in

SELF-INSTRUCTIONAL STUDY MATERIAL FOR JGND PSOU

ALL COPYRIGHTS WITH JGND PSOU, PATIALA

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

**JAGAT GURU NANAK DEV PUNJAB STATE OPEN UNIVERSITY, PATIALA**

**(Established by Act No. 19 of 2019 of the Legislature of State of Punjab)**

**COURSE COORDINATOR AND EDITOR:**

**DR. AMARJIT SINGH**

**ASSISTANT PROFESSOR IN PUNJABI**

## CONTRIBUTORS

| |
|---|
| 1. DR. DHARAM SINGH |
| 2. DR. DAVINDER SINGH |
| 3. DR. MANJEET SINGH |
| 4. DR. SARABJEET SINGH |
| 5. DR. PAWAN KUMAR |

**JAGAT GURU NANAK DEV PUNJAB STATE OPEN UNIVERSITY**

**PATIALA**

**( Established by Act No. 19 of 2019 of the Legislature of State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. G.S Batra

Dean Academic Affairs

# M.A (PUNJABI)
## (ਸਮੈਸਟਰ-ਪਹਿਲਾ)
## ਪਹਿਲਾ ਪਰਚਾ : ਗੁਰਮਤਿ ਕਾਵਿ

**ਕੁੱਲ ਅੰਕ** : 100
**ਬਾਹਰੀ ਮੁਲਾਂਕਣ**:70
**ਅੰਦਰੂਨੀ ਮੁਲਾਂਕਣ**:30
**ਪਾਸ**: 40%
**ਕ੍ਰੈਡਿਟ**:4

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਗੁਰਮਤਿ ਕਾਵਿ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਗੁਰਮਤਿ ਕਾਵਿ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਗੁਰਮਤਿ ਕਾਵਿ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

ਪੇਪਰ ਸੇਟਰ/ਪ੍ਰੀਖਿਆਰਥੀ ਲਈ ਹਦਾਇਤਾਂ:

1. ਨਿਰਧਾਰਤ ਸਿਲੇਬਸ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।
2. ਪ੍ਰਸ਼ਨ ਪੱਤਰ ਵਿੱਚ ਤਿੰਨ ਭਾਗ ਹੋਣਗੇ: ੳ, ਅ, ਅਤੇ ੲ।ੳ, ਅ, ਵਿੱਚ ਸਿਲੇਬਸ ਦੇ ਸਬੰਧਤ ਭਾਗਾਂ ਵਿੱਚੋਂ ਚਾਰ-ਚਾਰ ਪ੍ਰਸ਼ਨ ਹੋਣਗੇ ਅਤੇ ਹਰੇਕ ਵਿੱਚ 10 ਅੰਕ ਹੋਣਗੇ। ਉਮੀਦਵਾਰ ਹਰੇਕ ਸੈਕਸ਼ਨ ਤੋਂ ਦੋ ਸਵਾਲ ਕਰਨਗੇ।
3. ਸੈਕਸ਼ਨ ੲ ਵਿੱਚ ਪੂਰੇ ਸਿਲੇਬਸ ਨੂੰ ਕਵਰ ਕਰਦੇ ਪੰਦਰਾਂ ਛੋਟੇ ਜਵਾਬ ਹੋਣਗੇ। ਹਰੇਕ ਸਵਾਲ ਵਿੱਚ 3 ਅੰਕ ਹੋਣਗੇ। ਉਮੀਦਵਾਰ ਇਸ ਭਾਗ ਵਿੱਚੋਂ ਕਿਸੇ ਵੀ 10 ਸਵਾਲ ਕਰਨਗੇ।
4. ਪਰੀਖਿਅਕ ਉਮੀਦਵਾਰਾਂ ਨੂੰ ਸਿਰਫ਼ ਇੱਕ ਥਾਂ ਅਤੇ ਸਿਰਫ਼ ਇੱਕ ਵਾਰ ਪ੍ਰਸ਼ਨਾਂ ਦੀ ਕੋਸ਼ਿਸ਼ ਕਰਨ ਲਈ ਸਪਸ਼ਟ ਹਿਦਾਇਤ ਦੇਵੇਗਾ। ਦੂਜੀਆਂ ਜਾਂ ਬਾਅਦ ਦੀਆਂ ਕੋਸ਼ਿਸ਼ਾਂ, ਜਦੋਂ ਤੱਕ ਕਿ ਪਹਿਲਾਂ ਵਾਲੇ ਨੂੰ ਪਾਰ ਨਹੀਂ ਕੀਤਾ ਜਾਂਦਾ, ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।
5. ਹਰੇਕ ਪੇਪਰ ਦਾ ਸਮਾਂ ਤਿੰਨ ਘੰਟੇ ਦਾ ਹੋਵੇਗਾ।

ਉਮੀਦਵਾਰਾਂ ਲਈ ਹਦਾਇਤਾਂ:

ਉਮੀਦਵਾਰਾਂ ਨੂੰ ਪ੍ਰਸ਼ਨ ਪੱਤਰ ਦੇ ਭਾਗ ੳ, ਅ ਵਿੱਚੋਂ ਕੋਈ ਵੀ ਦੋ ਪ੍ਰਸ਼ਨ ਅਤੇ ਸੈਕਸ਼ਨ ੲ ਦੇ ਕਿਸੇ ਵੀ ਦਸ ਛੋਟੇ ਉੱਤਰ ਵਾਲੇ ਪ੍ਰਸ਼ਨਾਂ ਨੂੰ ਕਰਨ ਦੀ ਲੋੜ ਹੁੰਦੀ ਹੈ। ਉਹਨਾਂ ਨੇ ਕੇਵਲ ਇੱਕ ਥਾਂ ਅਤੇ ਕੇਵਲ ਇੱਕ ਵਾਰ ਪ੍ਰਸ਼ਨ ਕਰਨ ਹੈ। ਦੂਜੀਆਂ ਜਾਂ ਬਾਅਦ ਦੀਆਂ ਕੋਸ਼ਿਸ਼ਾਂ, ਜਦੋਂ ਤੱਕ ਕਿ ਪਹਿਲਾਂ ਵਾਲੇ ਨੂੰ ਪਾਰ ਨਹੀਂ ਕੀਤਾ ਜਾਂਦਾ, ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।

**ਭਾਗ-ੳ**

**ੳ.**1 ਗੁਰਮਤਿ ਕਾਵਿ :ਕਾਵਿ-ਸ਼ਾਸਤਰੀ ਪਰਿਪੇਖ

**ੳ.**2 ਗੁਰਮਤਿ ਕਾਵਿ ਦਾ ਇਤਿਹਾਸ

**ਭਾਗ ਅ**-ਗੁਰਮਤਿ ਕਾਵਿ-ਵਿਚਾਰਧਾਰਾ

**ੳ.**1 ਗੁਰੂ ਨਾਨਕ ਦੇਵ : ਆਸਾ ਦੀ ਵਾਰ

ਗੁਰੂ ਅਰਜਨ ਦੇਵ : ਸੁਖਮਨੀ ਸਾਹਿਬ

ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਸ਼ਬਦ ਤੇ ਸ਼ਲੋਕ

**ੳ.**2 ਗੁਰੂ ਨਾਨਕ ਬਾਣੀ : ਵਿਚਾਰਧਾਰਾ

ਗੁਰੂ ਨਾਨਕ ਬਾਣੀ : ਕਾਵਿ-ਸਾਸ਼ਤਰੀ ਪਰਿਪੇਖ

ਜਪੁਜੀ ਸਾਹਿਬ

ਸਿੱਧ ਗੋਸਟਿ

ਬਾਰਹਮਾਹ ਤੁਖਾਰੀ

**ਭਾਗ-ੲ**

ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।

ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ

1. ਭਾਗ ੳ.1 ਵਿੱਚੋਂ ਗੁਰਮਤਿ ਕਾਵਿ ਦਾ ਕਾਵਿ-ਸ਼ਾਸਤਰੀ ਪਰਿਪੇਖ
ਅਤੇ ਗੁਰਮਤਿ ਕਾਵਿ ਵਿੱਚ ਲੇਖਕਾਂ ਦੇ ਯੋਗਦਾਨ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਗੁਰਮਤਿ ਕਾਵਿ ਦੀ ਵਿਆਖਿਆ।
3. ਭਾਗ ੳ.2 ਵਿੱਚੋਂ ਗੁਰਮਤਿ ਕਾਵਿ ਦੇ ਇਤਿਹਾਸ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਵਿੱਚੋਂ ਗੁਰਮਤਿ ਕਾਵਿ ਦੇ ਇਤਿਹਾਸਕ ਵਿਕਾਸ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਗੁਰਮਤਿ ਕਾਵਿ ਦੇ ਇਤਿਹਾਸ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਗੁਰੂ ਨਾਨਕ ਦੇਵ ਬਾਣੀ ਵਿਚੋਂ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

ਅੰਦਰੂਨੀ ਮੁਲਾਂਕਣ 30 ਅੰਕ

ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਇਕ ਗੁਰਮਤਿ ਕਾਵਿ ਦੇ ਇਤਿਹਾਸ ਨਾਲ, ਇਕ ਗੁਰਮਤਿ ਕਾਵਿ ਦੇ ਕਾਵਿ-ਸ਼ਾਸਤਰੀ ਪਰਿਪੇਖ ਨਾਲ , ਇਕ ਗੁਰੂ ਨਾਨਕ ਦੇਵ ਬਾਣੀ ਵਾਲੇ ਭਾਗ ਨਾਲ, ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ ’ਤੇ ਅਧਾਰਿਤ ਹੋਣਗੇ।

## ਸਹਾਇਕ ਪਾਠ-ਸਮੱਗਰੀ

### ਖੋਜ-ਪੁਸਤਕਾਂ

| ਲੇਖਕ | ਸ਼ਾਲ | ਸਿਰਲੇਖ | ਪਬਲਿਸ਼ਰ |
|---|---|---|---|
| ਜਗਬੀਰ ਸਿੰਘ | 2009 | **ਗੁਰਮਤਿ ਕਾਵਿ ਦਾ ਇਤਿਹਾਸ** | ਪੰਜਾਬੀ ਅਕਾਦਮੀ,ਦਿੱਲੀ |
| ਗੁਰਚਰਨ ਸਿੰਘ | 1998 | **ਬਾਣੀ ਕੇਂਦਰ ਤੇ ਵਿਕੇਂਦਰ** | ਆਰਸੀ ਪਬਲੀਕੇਸ਼ਨ,ਦਿੱਲੀ |
| ਹਰਿਭਜਨ ਸਿੰਘ | 2014 | **ਮੂਲ ਤੇ ਮੁਲਾਂਕਣ** | ਗੁ.ਨਾ.ਦੇ.ਯੂਨੀਵਰਸਿਟੀ,ਅੰਮ੍ਰਿਤਸਰ |

### ਸੰਬੰਧਿਤ ਪੁਸਤਕਾਂ

| ਲੇਖਕ | ਸ਼ਾਲ | ਸਿਰਲੇਖ | ਪਬਲਿਸ਼ਰ |
|---|---|---|---|
| ਰਤਨ ਸਿੰਘ ਜੱਗੀ | 1950 | **ਗੁਰਮਤਿ ਸਿਧਾਤ** | ਪੰਜਾਬੀ ਯੂਨੀਵਰਸਿਟੀ, ਪਟਿਆਲਾ |
| ਜਗਬੀਰ ਸਿੰਘ | 2000 | **ਮਧਕਾਲੀ ਸਾਹਿਤ ਸਭਿਆਚਾਰ** | ਪੰਜਾਬੀ ਯੂਨੀਵਰਸਿਟੀ, ਪਟਿਆਲਾ |

**M.A (PUNJABI)**
**(ਸਮੈਸਟਰ-ਪਹਿਲਾ)**
**ਪਹਿਲਾ ਪਰਚਾ : ਗੁਰਮਤਿ ਕਾਵਿ**

**SECTION A**

# Table of Contents


| Sr. No. | UNIT NAME | Page No. |
|---|---|---|
| Unit 1 | ਗੁਰਮਤਿ ਕਾਵਿ :ਕਾਵਿ-ਸ਼ਾਸਤਰੀ ਪਰਿਪੇਖ | 9-11 |
| Unit 2 | ਗੁਰਮਤਿ ਕਾਵਿ ਦਾ ਇਤਿਹਾਸ | 12-28 |
| Unit 3 | ਗੁਰਮਤਿ ਕਾਵਿ-ਵਿਚਾਰਧਾਰਾ | 29-43 |
| Unit 4 | ਗੁਰੂ ਨਾਨਕ ਦੇਵ : ਆਸਾ ਦੀ ਵਾਰ | 44-93 |
| Unit 5 | ਗੁਰੂ ਅਰਜਨ ਦੇਵ : ਸੁਖਮਨੀ ਸਾਹਿਬ | 94-104 |


SECTION B


| | | |
|---|---|---|
| Unit 6 | ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਸ਼ਬਦ ਤੇ ਸ਼ਲੋਕ | 105-115 |
| Unit 7 | ਗੁਰੂ ਨਾਨਕ ਬਾਣੀ : ਵਿਚਾਰਧਾਰਾ<br>ਗੁਰੂ ਨਾਨਕ ਬਾਣੀ : ਕਾਵਿ-ਸਾਸ਼ਤਰੀ ਪਰਿਪੇਖ | 116-125 |
| Unit 8 | ਜਪੁਜੀ ਸਾਹਿਬ | 126-134 |
| Unit 9 | ਸਿੱਧ ਗੋਸਟਿ | 135-145 |
| Unit 10 | ਬਾਰਹਮਾਹ ਤੁਖਾਰੀ | 146-174 |

# M.A (PUNJABI)
# SEMESTER-I
# ਪਰਚਾ ਪਹਿਲਾ
## ਯੂਨਿਟ-ਪਹਿਲਾ

## ਗੁਰਮਤਿ ਕਾਵਿ: ਕਾਵਿ-ਸ਼ਾਸਤਰੀ ਪਰਿਪੇਖ

1.1 ਪਾਠ ਪਹਿਲਾ: ਗੁਰਮਤਿ ਕਾਵਿ: ਕਾਵਿ-ਸ਼ਾਸਤਰੀ ਪਰਿਪੇਖ
1.1.1 ਭੂਮਿਕਾ
1.1.2 ਪਾਠ ਦਾ ਮੰਤਵ
1.1.3 ਧਰਮ ਸੰਚਾਰ ਦੀਆਂ ਜੁਗਤਾਂ
1.1.4 ਜੀਵ ਜਗਤ ਤੇ ਬ੍ਰਹਮ ਦੇ ਪਰਸਪਰ ਸੰਬੰਧਾ ਤੇ ਉਸਰਿਆ ਵਿਸ਼ੇਸ਼ ਦ੍ਰਿਸ਼ਟੀਕੋਣ
1.1.5 ਦਾਰਸ਼ਨਿਕ ਪ੍ਰਬੰਧ ਦੀ ਉਸਾਰੀ
1.1.6 ਅਧਿਆਤਮਕਵਾਦੀ ਪ੍ਰਕਿਰਤੀ
1.1.7 ਅਧਿਆਤਮਕ ਅਗਵਾਈ
1.1.8 ਰਹੱਸਵਾਦ ਤੇ ਨੈਤਿਕਤਾ
1.1.9 ਪ੍ਰਤੀਕ, ਬਿੰਬਾਵਲੀ ਪ੍ਰਬੰਧ
1.1.10 ਪ੍ਰਗੀਤ ਅਤੇ ਉਪਦੇਸ਼ਾਤਮਕ ਕਾਵਿ ਰੂਪਾਂ ਦੀ ਵਰਤੋਂ
1.1.11 ਲੋਕ ਸਾਹਿਤ ਦੀ ਵਰਤੋਂ
1.1.12 ਅਧਿਆਤਮਿਕਤਾ ਤੇ ਨੈਤਿਕਤਾ ਦਾ ਸੁਮੇਲ
1.1.18 ਅਭਿਆਸ ਲਈ ਪ੍ਰਸ਼ਨ
1.1.19 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

**1.1.1 ਭੂਮਿਕਾ:** ਪੰਜਾਬੀ ਸਾਹਿਤ ਵਿੱਚ, ਉੱਤਮਤਾ ਅਤੇ ਵਿਲੱਖਣਤਾ ਕਾਰਨ ਹੀ ਗੁਰਮਤਿ ਕਾਵਿ ਇੱਕ ਵੱਖਰੀ ਸਾਹਿਤਕ ਧਾਰਾ ਵਾਂਗ ਉਗਮਿਆ ਅਤੇ ਵਿਗਮਿਆ ਹੈ। ਇਸ ਕਾਵਿ ਧਾਰਾ ਅਧੀਨ ਪਹਿਲੀ ਵਾਰ ਸਾਹਿਤ, ਸਮਾਜ, ਧਰਮ ਅਤੇ ਆਮ ਜੀਵਨ ਚੇਤੰਨ ਤੌਰ ਤੇ ਇੱਕ ਦੂਜੇ ਦੇ ਪੂਰਕ ਬਣਦੇ ਹਨ।ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਗੁਰਮਤਿ ਸ਼ਬਦ ਦੇ ਅਰਥ ਦੱਸੇ ਹਨ। ਭਾਈ ਸਾਹਿਬ ਅਨੁਸਾਰ, 'ਗੁਰਮਤਿ ਦੇ ਅਰਥ ਹਨ: 'ਸਤਿਗੁਰੂ ਦਾ ਸਿਧਾਂਤ ਅਤੇ 'ਗੁਰੂ ਦਾ ਥਾਪਿਆ ਧਰਮ ਦਾ ਨਿਯਮ' ਗੁਰਮਤਿ ਸ਼ਬਦ ਦਾ ਸੰਧੀ ਛੇਦ ਕੀਤਿਆਂ ਵੀ 'ਗੁਰੂ' ਅਤੇ 'ਮਤਿ' ਦੇ ਸਾਧਾਰਨ ਅਰਥ ਗੁਰੂ ਰਾਹੀਂ ਦਿੱਤੀ ਸਿੱਖਿਆ ਹੀ ਬਣਦੇ ਹਨ ਗੁਰਮਤਿ ਇੱਕ ਫਲਸਫ਼ਾ ਹੈ ਅਤੇ ਇਹ ਫਲਸਫਾ ਜੀਵਨ ਅਤੇ ਸਮਾਜ ਨਾਲ ਸੰਬੰਧਿਤ ਹੈ। ਇਸ ਦੀ ਸੁਰ ਮਾਨਵਵਾਦੀ ਹੈ ਅਤੇ ਇਸ ਦੀ ਸੰਸਥਾਪਨਾ ਸਮੇਂ ਹੀ ਇਸ ਵਿੱਚ ਉਸ ਆਦਰਸ਼ ਦਾ ਸੰਚਾਰ ਹੋਇਆ ਸੀ ਜਿਸ ਲਈ ਯਤਨ ਮਾਨਵਤਾ ਦੇ ਮੁੱਢ ਤੋਂ ਹੀ ਹੋ ਰਹੇ ਸਨ ਗੁਰਮਤਿ ਇੱਕ ਫਲਸਫਾ ਹੈ ਜਿਸ ਦਾ ਉਦੇਸ਼ ਕੋਈ ਗੂੜ੍ਹ ਫਿਲਾਸਫੀ ਪੇਸ਼ ਕਰਨਾ ਨਹੀਂ। ਉਸ ਨੇ ਇਸ ਸਰਬ ਭੂਮਿਕ ਸੰਦੇਸ਼ ਨੂੰ ਪ੍ਰੇਸ਼ਿਤ ਕੀਤਾ। ਉਹ ਸ਼ੰਦੇਸ ਸੀ, ਦੁਨੀਆਂ ਸੜ ਰਹੀ ਹੈ, ਇਸ ਨੂੰ ਹੇ (ਕਰਤਾਰ) ਆਪਣੀ ਕਿਰਪਾ ਕਰਕੇ ਹੱਥ ਦੇ ਕੇ ਰੱਖ ਲੈ। ਅਤੇ ਇਹ ਦੁਆਰ ਕੋਈ ਵੀ ਹੋ ਸਕਦਾ ਹੈ ਜਿੱਥੋਂ ਲੰਘ ਕੇ ਉਹ ਤੇਰੇ ਪ੍ਰੇਮ ਦੁਆਰੇ ਤੱਕ ਪੁੱਜ ਸਕਣ।

1.1.2 **ਪਾਠ ਦਾ ਮੰਤਵ:** ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਗੁਰਮਤਿ ਕਾਵਿ ਦੇ ਕਾਵਿ-ਸ਼ਾਸਤਰੀ ਪਰਿਪੇਖ ਨੂੰ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ। ਕਾਵਿ-ਸ਼ਾਸਤਰ ਸਭ ਤੋਂ ਪੁਰਾਤਨ ਸਾਹਿਤ ਰੂਪ ਹੈ। ਕਾਵਿ-ਸ਼ਾਸਤਰ ਦੇ ਜ਼ਰੀਏ ਜਿੱਥੇ ਮਨੁੱਖ ਦੀਆਂ ਭਗਤੀ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ, ਉੱਥੇ ਨਾਲ਼ੋ-ਨਾਲ਼ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਗੁਰਮਤਿ ਕਾਵਿ ਦੇ ਕਾਵਿ-ਸ਼ਾਸਤਰੀ ਪਰਿਪੇਖ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ, ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ ਗੁਰਮਤਿ ਕਾਵਿ ਦੇ ਕਾਵਿ-ਸ਼ਾਸਤਰੀ ਪਰਿਪੇਖ ਦੇ ਵਿਵਹਾਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਗੁਰਮਤਿ ਕਾਵਿ ਦੇ ਕਾਵਿ-ਸ਼ਾਸਤਰੀ ਪਰਿਪੇਖ ਨੂੰ ਸਮਝਣ ਦੇ ਕਾਬਿਲ ਹੋ ਸਕਣ।

**ਗੁਰਮਤਿ ਕਾਵਿ ਦਾ ਕਾਵਿ ਸ਼ਾਸਤਰੀ ਪਰਿਪੇਖ**

ਗੁਰਮਤਿ ਕਾਵਿ ਦਾ ਕਾਵਿ ਸ਼ਾਸਤਰੀ ਪਰਿਪੇਖ ਕੀ ਹੈ ਅਤੇ ਇਸ ਦੀ ਲੋੜ ਕਿਉਂ ਮਹਿਸੂਸ ਕੀਤੀ ਜਾ ਰਹੀ ਹੈ? ਇਹ ਕੁਝ ਅਜੇਹੇ ਪ੍ਰਸ਼ਨ ਹਨ ਜੋ ਅਜੋਕੀ ਪੰਜਾਬੀ ਆਲੋਚਨਾ ਨੇ ਪੈਦਾ ਕੀਤੇ ਹਨ। ਗੁਰਮਤਿ ਕਾਵਿ ਦੇ ਅਧਿਐਨ/ ਅਧਿਆਪਨ ਨਾਲ ਜੁੜੇ ਲੋਕਾਂ ਨੂੰ ਕੁਝ ਬੁਨਿਆਦੀ ਦਿੱਕਤਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਇਸ ਦਾ ਵੱਡਾ ਕਾਰਣ ਇਹ ਹੈ ਕਿ ਗੁਰਮਤਿ ਕਾਵਿ ਮੂਲ ਰੂਪ ਵਿੱਚ ਧਰਮ ਦੇ ਖੇਤਰ ਦੀ ਵਸਤੂ ਹੈ। ਸਾਹਿਤ ਦੀ ਹੋਂਦ ਵਿਧੀ ਸੰਪੂਰਨ ਤੌਰ 'ਤੇ ਧਰਮ ਨਾਲੋਂ ਵੱਖਰੀ ਹੀ ਨਹੀਂ, ਸੁਤੰਤਰ ਵੀ ਹੈ। ਸਾਹਿਤ ਦੀ ਪਰਖ ਪੜਚੋਲ ਅਤੇ ਮੁਲਾਂਕਣ ਦੀਆਂ ਆਪਣੀਆਂ ਸੀਮਾਵਾਂ ਹਨ ਜੋ ਧਾਰਮਿਕ ਸਾਹਿਤ ਨਾਲੋਂ ਵੱਖਰੀਆਂ ਹਨ ਕਿਉਂਕਿ ਦੋਹਾਂ ਦੇ ਸਰੋਕਾਰ ਇਕ ਦੂਜੇ ਨਾਲੋਂ ਜੇ ਵੱਖਰੇ ਨਹੀਂ ਤਾਂ ਘੱਟੋ ਘੱਟ ਇਕ ਵੀ ਨਹੀਂ ਕਹੇ ਜਾ ਸਕਦੇ।

ਕਾਵਿ ਅਤੇ ਧਾਰਮਿਕ ਕਾਵਿ ਦੇ ਨਿਖੜੇ ਦਾ ਪ੍ਰਸ਼ਨ ਪੰਜਾਬੀ ਆਲੋਚਕਾ ਵਿੱਚ ਸਭ ਤੋਂ ਪਹਿਲਾਂ ਡਾ. ਹਰਿਭਜਨ ਸਿੰਘ ਨੇ ਉਠਾਇਆ ਸੀ। ਉਨ੍ਹਾਂ ਦੀ ਇਸ ਨਾਂ ਦੀ ਇਕ ਸੁਤੰਤਰ ਪੁਸਤਕ ਵੀ ਮਿਲਦੀ ਹੈ। ਡਾ. ਹਰਿਭਜਨ ਸਿੰਘ ਨੇ ਬਾਣੀ ਅਤੇ ਕਾਵਿ ਦਾ ਨਿਖੇੜਾ ਕਰਨ ਦੀ ਚੇਤਨਾ ਪੈਦਾ ਕਰਕੇ ਗੁਰਮਤਿ ਕਾਵਿ ਦੀ ਵਿੱਲਖਣ ਪ੍ਰਕਿਰਤੀ ਬਾਰੇ ਸੋਚਣ ਦੀ ਪਿਰਤ ਪਾਈ। ਗੁਰਬਾਣੀ ਦੀ ਧਾਰਮਿਕ ਵਿਆਖਿਆ ਨਾਲੋਂ ਸਾਹਿਤਕ ਵਿਆਖਿਆਂ ਵਿਚ ਫ਼ਰਕ ਕਰਨਾ ਹੀ ਇਸ ਦਾ ਕਾਵਿ ਸ਼ਾਸਤਰ ਕਿਹਾ ਜਾਣ ਲੱਗਾ। ਇਹੀ ਕਾਰਣ ਹੈ ਕਿ ਅੱਜ ਗੁਰਬਾਣੀ ਦੇ ਉਚਿਤ ਅਧਿਐਨ/ਵਿਸ਼ਲੇਸ਼ਣ ਲਈ ਇਸ ਦੇ ਆਪਣੇ ਕਾਵਿ ਸ਼ਾਸਤਰ ਦੀ ਤਲਾਸ਼ ਜ਼ਰੂਰੀ ਸਮਝੀ ਜਾ ਰਹੀ ਹੈ। ਇਸ ਤੱਥ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੁੰਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਲਈ 'ਸ਼ਾਇਰ' ਦਾ ਵਿਸ਼ੇਸ਼ਣ ਵਰਤਣਾ ਯੋਗ ਸਮਝਿਆ ਹੈ। ਇਸ ਦਾ ਇਕ ਅਰਥ ਤਾਂ ਸਪਸ਼ਟ ਹੀ ਹੈ ਕਿ ਗੁਰਮਤਿ ਦੇ ਕਵੀਆਂ ਨੂੰ ਆਪਣੀ ਰਚਨਾ ਦੇ ਸ਼ਾਇਰੀ ਹੋਣ ਦਾ ਤੀਬਰ ਅਹਿਸਾਸ ਸੀ, ਬੇਸ਼ੱਕ ਇਸ ਰਚਨਾ ਦੀ ਵਸਤੂ ਸਮੱਗਰੀ ਧਰਮ ਨਾਲ ਸੰਬੰਧਿਤ ਹੈ। ਇਉਂ ਗੁਰਮਤਿ ਕਾਵਿ ਜਾਂ ਗੁਰਬਾਣੀ ਵਿਚ ਧਰਮ ਦਾ ਇਕ ਤਰ੍ਹਾਂ ਕਾਵਿ ਕਰਣ ਹੋ ਗਿਆ ਹੈ ਕਿਉਂਕਿ ਧਰਮ ਚੇਤਨਾ ਕਾਵਿ ਦੀਆਂ ਸੰਚਾਰ ਜੁਗਤਾਂ ਵਿਚ ਪ੍ਰਵਰਤਿਤ ਹੁੰਦੀ ਦਿਖਾਦੀ ਦੇਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਕਾਵਿ ਰੂਪ ਵਧੇਰੇ ਕਰਕੇ ਲੋਕ ਕਾਵਿ ਰੂਪ ਹਨ। ਵਾਰਾਂ, ਬਾਰਾਮਾਂਹ, ਛੰਤ, ਅਲਾਹੁਣੀਆਂ, ਸਲੋਕ, ਸਤਵਾਰੇ, ਅਠਵਾਰੇ, ਰੁਤੀ, ਥਿਤੀ ਆਦਿ ਅਜੇਹੇ ਹੀ ਲੋਕ ਕਾਵਿ ਰੂਪ ਹਨ ਜਿਨ੍ਹਾਂ ਦਾ ਡੂੰਘਾ ਸੰਬੰਧ ਲੋਕ ਸਾਹਿਤ ਨਾਲ ਜੁੜਦਾ ਹੈ। ਗੁਰਮਤਿ ਦੇ ਕਵੀ ਲੋਕ ਕਾਵਿ ਪਰੰਪਰਾ ਤੋਂ ਪ੍ਰਤੱਖ ਤੌਰ 'ਤੇ ਪ੍ਰਭਾਵਿਤ ਹੋ ਕੇ ਇਸ ਵੰਨਗੀ ਦੇ ਸਾਹਿਤ ਦੀਆਂ ਅਨੇਕ ਕਾਵਿ ਰੂੜ੍ਹੀਆਂ ਦੀ ਵਰਤੋਂ ਕਰਦੇ ਹਨ ਪਰ ਏਥੇ ਸਮੱਸਿਆ ਇਹ ਹੈ ਕਿ ਬਾਣੀਕਾਰ ਇਨ੍ਹਾਂ ਕਾਵਿ ਰੂਪਾਂ ਨੂੰ ਪ੍ਰੇਰਨਾ ਵਜੋਂ ਤਾਂ ਵਰਤਦੇ ਹਨ, ਪਰ ਇਨ੍ਹਾਂ ਦੇ ਨਿਰੋਲ ਕਾਵਿ ਸ਼ਾਸਤਰੀ ਪ੍ਰਤਿਮਾਨਾਂ ਦਾ ਵਿੱਚ ਢਲਣ ਵਿੱਚ ਦਿੱਕਤ ਹੈ। ਕੀ ਵਾਰ, ਕੀ ਬਾਰਾਮਾਂਹ ਅਤੇ ਕੀ ਛੰਤ ਸਾਰੇ ਆਪੋ ਆਪਣੇ ਮੌਲਿਕ ਚਰਿਤ੍ਰ ਨੂੰ ਤਿਆਗ ਕੇ ਗੁਰਬਾਣੀ ਵਿੱਚ ਪ੍ਰਵੇਸ਼ ਹਾਸਲ ਕਰਦੇ ਹਨ। ਵੱਡੀ ਉਦਾਹਰਣ ਅਸੀਂ ਵਾਰਾਂ ਦੀ ਲੈ ਸਕਦੇ ਹਾਂ। ਵਾਰ ਕਿਸੇ ਯੁੱਧ ਕਥਾਨਕ ਅਤੇ ਉਤਸ਼ਾਹੀ ਕਾਰਨਾਮੇ ਨੂੰ ਕੇਂਦਰ ਵਿਚ ਰੱਖ ਕੇ ਉਸਦਾ ਜੱਸ ਗਾਇਨ ਕਰਦੀ ਹੈ। ਨਾਇਕ ਦਾ ਕੀਰਤੀ ਗਾਨ ਕਰਕੇ ਪਾਠਕ ਦਾ ਉਤਸ਼ਾਹ ਵਧਾਉਣਾ ਵਾਰ ਦਾ ਪਹਿਲਾਂ ਅਤੇ ਬੁਨਿਆਦੀ ਮੰਤਵ ਹੁੰਦਾ ਹੈ। ਵਾਰਾਂ ਰਚਣ ਅਤੇ ਗਾਉਣ ਦਾ ਕੰਮ ਡੂੰਮ, ਮਿਰਾਸੀ ਭੰਡ, ਚਾਰਣ ਜਾਂ ਢਾਡੀ ਕਰਿਆਂ ਕਰਦੇ ਸਨ ਜਿਸ ਦੇ ਇਵਜ਼ ਵਿੱਚ ਉਨ੍ਹਾਂ ਨੂੰ ਸਮੰਤਾਂ, ਜਗੀਰਦਾਰਾਂ ਜਾਂ ਰਜਵਾੜਿਆਂ ਵਲੋਂ ਨਕਦ ਇਨਾਮ, ਤੋਹਫ਼ਿਆਂ ਅਤੇ ਜਾਗੀਰਾਂ ਦੇ ਰੂਪ ਵਿਚ ਆਰਥਿਕ ਸਹਾਇਤਾ ਮਿਲਦੀ ਸੀ। ਇਸ ਲੋਕ ਕਾਵਿ ਰੂਪ ਦੀ ਪੈਰਵੀ ਵਿਚ ਗੁਰੂ ਸਾਹਿਬਾਨ ਨੇ ਬਾਈ ਵਾਰਾਂ ਰਚੀਆਂ। ਲੋਕ ਵਾਰਾਂ ਵਿਚ ਜਿਥੇ ਠੋਸ ਜਾਂ ਸਾਖਿਆਤ ਪਾਤਰਾਂ ਵਿਚਕਾਰ ਗਹਿਗੱਚ ਲੜਾਈ ਦਾ ਬਿਰਤਾਂਤ ਹੁੰਦਾ ਸੀ, ਉਥੇ ਗੁਰੂ ਸਾਹਿਬਾਨ ਨੇ ਇਨ੍ਹਾਂ ਵਿਚ ਅਧਿਆਤਮਕ ਸੂਖਮਤਾ ਲੈ ਆਂਦੀ ਅਤੇ ਇਹ ਯੁੱਧ ਬਿਰਤਾਂਤ ਨੇਕੀ ਅਤੇ ਬਦੀ ਜਾਂ ਗੁਰਮੁਖਤਾ ਅਤੇ ਮਨਮੁੱਖਤਾ ਦਰਮਿਆਨ ਬਣ ਗਿਆ।

ਬਾਰਾਮਾਂਹ ਵੀ ਲੋਕ ਵਾਰਾਂ ਵਾਂਗ ਨਾ ਕੇਵਲ ਬਹੁਤ ਪੁਰਾਣਾ ਕਾਵਿ ਰੂਪ ਹੈ, ਸਗੋਂ ਇਸ ਦੀ ਯਾਤਰਾ ਵੀਹਵੀਂ ਸਦੀ ਤੱਕ ਵੀ ਜਾਰੀ ਰਹਿੰਦੀ ਹੈ। ਬੁਨਿਆਦੀ ਤੌਰ 'ਤੇ ਇਹ ਵਿਛੋੜੇ ਜਾਂ ਬਿਰਹਾ ਨਾਲ ਸੰਬੰਧਿਤ ਕਾਵਿ ਰੂਪ ਹੈ। ਪ੍ਰਕਿਰਤੀ ਨੂੰ ਪਿਛੋਕੜ ਵਿੱਚ ਰੱਖ ਕੇ ਬਦਲਦੀਆਂ ਰੁੱਤਾਂ ਦੇ ਅੰਤਰਗਤ ਬਿਰਹਾਂ ਕੁੱਠੀ ਗੋਰੀ ਦੀ ਮਾਨਸਿਕਤਾ ਨੂੰ ਚਿੱਤਰਨਾ ਬਾਰਾਮਾਂਹ ਦਾ ਮੁੱਖ ਪ੍ਰਯੋਜਨ ਹੁੰਦਾ ਹੈ। ਆਦਿ ਗ੍ਰੰਥ ਵਿਚਲੇ ਦੋਵੇਂ ਬਾਰਾਮਾਂਹ ਵੀ ਆਪਣੀ ਵੱਖਰਤਾ, ਵਾਰਾਂ ਦੀ ਤਰ੍ਹਾਂ ਸਥਾਪਿਤ ਕਰਦੇ ਹਨ। ਇਨ੍ਹਾਂ ਵਿਚੋਂ ਸ਼ਿੰਗਾਰ ਦਾ ਕੇਂਦਰੀ ਭਾਵ ਉੱਕਾਂ ਹੀ ਅਲੋਪ ਹੈ ਅਤੇ ਦੂਸਰੇ ਇਨ੍ਹਾਂ ਵਿਚ ਨਾਇਕ/ਨਾਇਕਾ ਵਜੋਂ ਵਿਚਰਦੇ ਪਾਤਰਾਂ ਦੇ ਆਤਮਾ/ਪਰਮਾਤਮਾ ਦੀ ਗੱਲ ਹੈ ਜੋ ਸੂਖਮ ਜਾਂ ਅਮੂਰਤ ਸੰਕਲਪ ਹਨ। ਇਹ ਬਾਰਾਂਮਾਹ ਪੂਰਬ-ਪ੍ਰਚਲਿਤ ਬਾਰਾਮਾਂਹ ਦੀ ਪਰੰਪਰਾ ਰੱਦ ਕਰਕੇ ਇਕ ਨਵੀਨ ਕਾਵਿ ਰੂਪ ਦੀ ਆਮਦ ਦਾ ਸੰਕੇਤ ਦੇਂਦੇ ਹਨ। ਹਕੀਕਤ ਵਿਚ ਇਹ ਤਬਦੀਲੀ ਜਾਂ ਪਰਿਵਰਤਨ ਦਾ ਮੁੱਖ ਕਾਰਣ ਗੁਰਬਾਣੀ ਦੀ ਵਿੱਲਖਣ ਪ੍ਰਕਿਰਤੀ ਹੈ ਜੋ ਨਿਰੋਲ ਅਤੇ ਸ਼ੁੱਧ ਕਾਵਿ ਹੋਣ ਦਾ ਪ੍ਰਮਾਣ ਪੇਸ਼ ਹੀ ਨਹੀਂ ਕਰਦੀ, ਸਗੋਂ ਆਪਣੀ ਨਿੱਜੀ ਵੱਖਰਤਾ ਦਾ ਅਹਿਸਾਸ ਵੀ ਕਰਾਉਂਦੀ ਹੈ। ਅਜੇਹੇ ਵਿੱਚ ਅਸੀਂ ਗੁਰਬਾਣੀ ਨੂੰ ਇੱਕ ਵਿਲੱਕਣ ਪ੍ਰਬੰਧ ਮੰਨ ਸਕਦੇ ਹਾਂ ਜਿਸ ਦੀ ਆਪਣੀ ਸੰਰਚਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ ਗੁਰਮਤਿ ਕਾਵਿ ਦਾ ਅਨੂਠਾ ਸੰਗ੍ਰਹਿ ਅਤੇ ਖਜ਼ਾਨਾ ਹੈ, ਵਿਚ ਉਪਰੋਕਤ ਕਾਵਿ ਰੂਪਾਂ ਦੇ ਨਾਲ ਨਾਲ ਸਤਵਾਰਾ/ਅਠਵਾਰਾ, ਫ਼ੁਨਹੇ, ਕਰਹਲੇ ਅਤੇ ਸੱਦ ਆਦਿ ਕਾਵਿ ਰੂਪ ਵੀ ਵਰਤੇ ਗਏ ਹਨ। ਫ਼ੁਨਹੇ ਦਾ ਸ਼ਾਬਦਿਕ ਅਰਥ ਹੈ ਮੁੜ-ਮੁੜ ਕੇ ਭਾਵ ਬਾਰ-ਬਾਰ। ਇਸ ਕਾਵਿ ਰੂਪ ਵਿੱਚ ਕਈ ਸ਼ਬਦ, ਸ਼ਬਦ-ਜੁੱਟ ਜਾਂ ਵਾਕੰਸ਼ ਘੜੀ-ਮੁੜੀ ਵਰਤਿਆ ਜਾਣ ਕਰਕੇ ਇਸਨੂੰ ਫ਼ੁਨਹੇ ਕਿਹਾ ਗਿਆ ਹੈ। ਸੱਦ ਦਾ ਅਰਥ ਉੱਚੀ ਆਵਾਜ਼ ਵਿੱਚ ਕੀਤਾ ਗਿਆ ਸੰਬੋਧਨ ਹੈ ਜੋ ਇਕ ਗਾਇਨ ਸ਼ੈਲੀ ਵਿਚ ਵਿਕਸਿਤ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਰਾਮਕਲੀ ਵਿਚ ਸੁੰਦਰ ਕਵੀ ਦੀ ਸੱਦ ਹੈ।

ਕਰਹਲ ਜਾਂ ਕਰਹਲਾ, ਊਠ ਨੂੰ ਆਖਦੇ ਹਨ। ਪੁਰਾਣੇ ਸਮਿਆਂ ਵਿਚ ਵਪਾਰੀ ਲੋਕ ਊਠਾਂ ਉਪਰ ਮਾਲ ਲੱਦ ਕੇ ਦੂਸਰੇ ਮੁਲਕਾਂ ਵਿਚ ਜਾ ਕੇ ਵੇਚ ਦੇਂਦੇ ਸਨ। ਰਾਤ ਦੇ ਸਫ਼ਰ ਸਮੇਂ ਉਹ ਜਿਹੜੇ ਗਤਿ ਗਾਉਂਦੇ ਸਨ, ਉਨ੍ਹਾਂ ਨੂੰ ਕਰਹਲੇ ਕਿਹਾ ਜਾਂਦਾ ਸੀ। ਇਨ੍ਹਾਂ ਗੀਤਾਂ ਵਿਚ ਪਰਦੇਸ਼ ਦੇ ਸਫ਼ਰ ਦੀਆਂ ਦੁਸ਼ਵਾਰੀਆਂ, ਤੜਪ ਅਤੇ ਮਿਲਣ ਦੀ ਬੇਕਰਾਰੀ ਹੁੰਦੀ ਸੀ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਤੜਪ ਜਾਂ ਬੇਕਰਾਰੀ ਪਰਮਾਤਮਾ ਨੂੰ ਪਾਉਣ ਦੀ ਹੈ। ਇਸ ਚਰਚਾ ਨੂੰ ਸਮੇਟਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਗੁਰਬਾਣੀ ਸੰਬੰਧੀ ਅਧਿਐਨ ਅਤੇ ਅਧਿਆਪਨ ਰਲਗੱਡ ਸਥਿਤੀ ਵਿਚੋਂ ਗੁਜ਼ਰ ਰਿਹਾ ਹੈ। ਗੁਰਬਾਣੀ ਦੀ ਆਪਣੀ ਪ੍ਰਕਿਰਤੀ ਨੂੰ ਪਛਾਣ ਕੇ ਅਤੇ ਇਸ ਦੇ ਅੰਦਰਲੇ ਰਚਨਾ ਸੰਗਠਨ ਦੇ ਨੇਮ ਪ੍ਰਬੰਧ ਨੂੰ ਸਪਸ਼ਟ ਤੌਰ 'ਤੇ ਸਮਝੇ ਬਿਨਾਂ ਇਸ ਦੀ ਸਾਹਿਤਕ ਕਾਰਜ਼ਸੀਲਤਾ ਦਾ ਬੋਧ ਨਹੀਂ ਹੋ ਸਕਦਾ। ਏਸੇ ਲਈ ਗੁਰਬਾਣੀ ਦੇ ਕਾਵਿ ਸ਼ਾਸਤਰ ਦੀ ਤਲਾਸ਼ ਉਪਰ ਬਲ ਦਿੱਤਾ ਜਾ ਰਿਹਾ ਹੈ।

1. **ਧਰਮ ਸੰਚਾਰ ਦੀਆਂ ਜੁਗਤਾਂ:-** ਗੁਰਮਤਿ ਕਾਵਿ-ਸ਼ਾਸਤਰ ਨੂੰ ਸਮਝਣ ਲਈ ਸਭ ਤੋਂ ਪਹਿਲਾ ਇਹੀ ਗੱਲ ਧਿਆਨ ਵਿੱਚ ਰੱਖਣੀ ਬਣਦੀ ਹੈ ਕਿ ਇਹ ਨਿਰੋਲ ਕਵਿਤਾ ਨਾ ਹੋ ਧਾਰਮਿਕ ਕਵਿਤਾ ਦੀ ਵੰਨਗੀ ਹੈ। ਇਸ ਦਾ ਮੁੱਖ ਕੰਮ ਧਰਮ ਸੰਚਾਰ ਹੈ ਜਿਸ ਕਰ ਕੇ ਧਰਮ ਸੰਚਾਰ ਦੀਆਂ ਜੁਗਤਾਂ ਕਵਿਤਾ ਦਾ ਜਾਮਾ ਪਾ ਕੇ ਹਾਜਿਰ ਹੁੰਦੀਆ ਹਨ। ਦੂਜੇ ਸ਼ਬਦਾਂ ਵਿੱਚ ਗੁਰਮਤਿ ਕਾਵਿ ਧਰਮ ਤੇ ਕਾਵਿ ਦੇ ਸੁਮੇਲ ਦਾ ਨਤੀਜਾ ਹੈ। ਨਾਨਕ ਦੇਵ ਜੀ ਦਾ ਇਹ ਕਾਵਿ-ਕਥਨ ਧਿਆਨ ਯੋਗ ਹੈ: "ਨਾਨਕ ਸਾਇਰ ਏਵ ਕਹਤੁ ਹੈ ਸਚੇ ਪਰਵਰ ਦਿਗਾਰਾ॥"

2. **ਜੀਵ ਜਗਤ ਤੇ ਬ੍ਰਹਮ ਦੇ ਪਰਸਪਰ ਸੰਬੰਧਾ ਤੇ ਉਸਰਿਆ ਵਿਸ਼ੇਸ਼ ਦ੍ਰਿਸ਼ਟੀਕੋਣ :-** ਗੁਰਮਤਿ ਕਾਵਿ ਜੀਵ ਜਗਤ ਅਤੇ ਬ੍ਰਹਮ ਦੇ ਪਰਸਪਰ ਆਪਸੀ ਸੰਬੰਧਾ ਤੇ ਉਕਰਿਆ ਵਿਸੇਸ ਦ੍ਰਿਸ਼ਟੀਕੋਣ ਹੈ। ਗੁਰਬਾਣੀ ਬ੍ਰਹਮ ਅਤੇ ਜਗਤ ਦੇ ਸਰੋਕਾਰਾਂ ਦਾ ਮਿਲਣ ਬਿੰਦੂ ਹੈ। ਇਸ ਦਾ ਆਧਾਰ ਇਹ ਮਨੌਤ ਹੈ ਕਿ ਮਨੁੱਖ ਵੀ ਅਧਿਆਤਮਕ ਜਗਤ ਵਿਚਲੀ ਸੈਅ ਹੈ ਪਰ ਉਸ ਅੰਦਰ ਅਭਿਲਾਸ਼ੀ ਬ੍ਰਹਮ ਦਾ ਅੰਸ਼ ਵੀ ਮੌਜੂਦ ਹੈ। ਇਹੀ ਅੰਸ਼ ਮਨੁੱਖ ਵਿਚਲੀ ਪਰਮਾਰਥੀ ਸੰਭਾਵਨਾ ਹੈ।

3. **ਦਰਸ਼ਨਿਕ ਪ੍ਰਬੰਧ ਦੀ ਉਸਾਰੀ:-** ਗੁਰਬਾਣੀ ਅਨੁਸਾਰ ਕੂੜ ਤੇ ਸੱਚ ਜਗਤ ਅਤੇ ਬ੍ਰਹਮ ਦੇ ਪ੍ਰਤੀਕ ਹਨ। ਹੁਕਮ ਅਤੇ ਰਜਾ ਵਿੱਚ ਚੱਲਣਾ ਕੂੜ ਅਤੇ ਸੱਚ ਵਿਚਲੀ ਵਿਥ ਨੂੰ ਮੇਟਣ ਦਾ ਆਧਾਰ ਹੈ। ਕੂੜ ਤੇ ਸੱਚ ਦਾ ਫਰਕ ਹੁਕਮ ਵਿੱਚ

ਰਹਿ ਕੇ ਇਹਨਾਂ ਵਿਚਲੀ ਵਿੱਥ ਨੂੰ ਮੇਟਣਾ ਹੀ ਗੁਰਬਾਣੀ ਦਾ ਬੁਨਿਆਦੀ ਥੀਮ ਹੈ। ਇਹੀ ਗੁਰਬਾਣੀ ਵਿਚਲੀ ਪ੍ਰਮਾਰਥ ਦਾ ਆਧਾਰ ਹੈ। ਸਮੁੱਚੀ ਗੁਰਬਾਣੀ ਵਿੱਚ ਇਸ ਥੀਮਕ ਪੈਟਰਨ ਨੂੰ ਹੀ ਦਰਸਾਇਆ ਗਿਆ ਹੈ। ਇਹੀ ਸਿੱਖ ਗੁਰਬਾਣੀ ਦੇ ਦਾਰਸਨਿਕ ਪ੍ਰਬੰਧ ਦੀ ਉਸਰੀ ਵਿੱਚ ਯੋਗਦਾਨ ਪਾਉਂਦੀ ਹੈ। ਜਪੁਜੀ ਸਾਹਿਬ ਵਿੱਚ ਪਾਠ ਦਾ ਸਾਰ ਪਹਿਲੀ ਪਾਉੜੀ ਦੀਆਂ ਨਿਮਨ ਪੰਕਤੀਆਂ ਵਿੱਚ ਮਿਲਦਾ ਹੈ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥"

4. **ਅਧਿਆਤਮਕਵਾਦੀ ਪ੍ਰਕਿਰਤੀ:-** ਗੁਰਮਤਿ ਕਾਵਿ ਦੇ ਦਾਰਸ਼ਨਿਕ ਪ੍ਰਬੰਧ ਦੀ ਮੂਲ ਪ੍ਰਰਿਕਤੀ ਅਧਿਆਤਮਕ ਵਾਦੀ ਹੈ। ਇਸ ਵਿੱਚ ਬ੍ਰਹਮ ਦੇ ਪਰਾਭੌਤਿਕ ਨਕਤੇ ਤੋਂ ਯਥਾਰਥ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰਬਾਣੀ ਮਨੁੱਖੀ ਜੀਵਨ ਨੂੰ ਅਧਿਆਤਮਕ ਯਾਤਰਾ ਨਾਲ ਜੋੜਨ ਦਾ ਯਤਨ ਹੈ।

5. **ਅਧਿਆਤਮਕ ਅਗਵਾਈ:-** ਗੁਰਮਤਿ ਮਾਰਗ ਉੱਤੇ ਤੁਰਨ ਲਈ ਗੁਰੂ ਦੀ ਅਧਿਆਤਮਕ ਅਗਵਾਈ ਨੂੰ ਜਰੂਰੀ ਮੰਨਿਆਂ ਗਿਆ ਹੈ। ਜੋ ਇਨਸਾਨ ਗੁਰੂ ਦੀ ਅਗਵਾਈ ਵਿੱਚ ਅਧਿਆਤਮਕ ਵਿਕਾਸ ਦੇ ਮਾਰਗ ਉੱਪਰ ਤੁਰਨ ਵਾਲਾ ਗੁਰਮੁੱਖ ਹੁੰਦਾ ਹੈ। ਗੁਰਮੁੱਖ ਵਿਕਾਰਨ ਅਤੇ ਆਪ ਹੁਦਰੀ ਸਥਿਤੀ ਨੂੰ ਛੱਡ ਕੇ ਸ਼ਬਦ ਨਾਲ ਸੁਰਤ ਨੂੰ ਜੋੜਦਾ ਹੈ ਅਤੇ ਪਰਮ ਸੱਤ ਦੀ ਪ੍ਰਾਪਤੀ ਦੇ ਮਾਰਗ ਤੇ ਤੁਰਦਾ ਹੈ ਗੁਰਮੁੱਖ ਮਨੁੱਖ ਦੀ ਸਿਰਜਣਾ ਗੁਰਬਾਣੀ ਦਾ ਲਕਸ਼ ਹੈ।

6. **ਰਹੱਸਵਾਦ ਤੇ ਨੈਤਿਕਤਾ:-** ਗੁਰਮਤਿ ਜੀਵਨ ਦਰਸਨ ਦੇ ਦੋ ਪ੍ਰਮੁੱਖ ਤੱਤ, ਰਹੱਸਵਾਦ ਅਤੇ ਨੈਤਿਕਤਾ ਹਨ। ਰਹੱਸਵਾਦ ਆਤਮ ਅਤੇ ਅਨਾਤਮ ਦੀ ਅਭੇਦਤਾ ਦਾ ਸੰਕਲਪ ਪੇਸ ਕਰਦਾ ਹੈ। ਮਨੁੱਖੀ ਚੇਤਨਾ ਦੇ ਵਿਚੋਂ ਹੀ ਗੁਰਮਤਿ ਕਾਵਿ ਦੀ ਨੈਤਿਕਤਾ ਦਾ ਜਨਮ ਹੁੰਦਾ ਹੈ ਗੁਰਮਤਿ ਕਾਵਿ ਵਿੱਚ ਨਾਲੋਂ ਆਚਾਰ ਨੂੰ ਉਚੇਰਾ ਦਰਜਾ ਦਿੱਤਾ ਗਿਆ ਹੈ। ਸਚਹੁ ਉਰੈ ਸਭ ਕੋ ਉੱਪਰਿ ਸਚੁ ਆਚਾਰਿ ਇਸ ਰਾਹੀ ਸੱਚ ਵਿੱਚ ਅਭੇਦ ਹੋਈ ਚੇਤਨਤਾ ਹਉਮੈ ਦੀ ਤੰਗ ਵਲਗਣ ਵਿਚੋਂ ਨਿਕਲ ਜਾਂਦੀ ਹੈ ਅਤੇ ਉਹ ਸਰਵ ਹਿੱਤ ਦੀ ਗੱਲ ਸੋਚਦਾ ਰਹਿੰਦਾ ਹੈ। ਇੰਝ ਗੁਰਬਾਣੀ ਰਹੱਸਵਾਦੀ, ਬਿਰਤੀ ਦਾ ਨੈਤਿਕ ਵਿਸਤਾਰ ਪੇਸ਼ ਕਰਦੀ ਹੈ। ਰਹੱਸਵਾਦ ਅਤੇ ਨੈਤਿਕਤਾ ਦਾ ਵਿੱਚਿਤਰ ਸੰਯੋਗ ਗੁਰਬਾਣੀ ਨੂੰ ਹੋਰ ਮਤਾਂ ਨਾਲੋਂ ਨਿਖੇੜਦਾ ਹੈ।

7. **ਪ੍ਰਤੀਕ, ਬਿੰਬਾਵਲੀ ਪ੍ਰਬੰਧ:-** ਗੁਰਮਤਿ ਕਾਵਿ ਵਿੱਚ ਧਨ/ਧਿਰ ਜਾਂ ਪਤੀ/ਪਤਨੀ ਦੇ ਸੰਸਾਰਕ ਸੰਬੰਧਾ ਰਾਹੀਂ ਜੀਵ ਤੇ ਬ੍ਰਹਮ ਦੇ ਸੰਬੰਧਾਂ ਦੀ ਪੇਸਕਾਰੀ ਕੀਤੀ ਗਈ ਹੈ। ਇਸ ਵਿੱਚ ਪ੍ਰਤੀਕ ਅਤੇ ਬਿੰਬਾਵਲੀ ਮਨੁੱਖੀ ਜੀਵਨ ਦੇ ਸਥੂਲ ਵੇਰਵਿਆਂ ਵਿਚੋਂ ਰੂਪ ਧਾਰਦੀ ਹੈ। ਇਸ ਨਾਲ ਗੁਰਮਤਿ ਦੀ ਪ੍ਰਮਾਰਥੀ ਸਿੱਖ ਜੀਵਨ ਨਾਲੋਂ ਨਿਖੜਨ ਦੀ ਬਜਾਇ ਇਸ ਵਿੱਚ ਰਚ ਮਿਚ ਕੇ ਇਸ ਦਾ ਅੰਗ ਬਣ ਜਾਂਦੀ ਹੈ।

8. **ਪ੍ਰਗੀਤ ਅਤੇ ਉਪਦੇਸ਼ਾਤਮਕ ਕਾਵਿ ਰੂਪਾਂ ਦੀ ਵਰਤੋਂ:-** ਗੁਰਮਤਿ ਕਾਵਿ ਵਿੱਚ ਪਿਛਲੇਰੀ ਪਰੰਪਰਾ ਅਨੁਸਾਰ ਪ੍ਰਗੀਤ ਤੇ ਉਪਦੇਸਾਤਮਕ ਕਾਵਿ ਰੂਪਾਂ ਦੀ ਵਰਤੋਂ ਕੀਤੀ ਗਈ ਹੈ। ਵਿਦਵਾਨਾਂ ਦੀ ਰਾਏ ਹੈ ਕਿ ਰਹੱਸਅਨੁਭਵ ਅਤੇ ਭਗਤੀ

ਭਾਵਨਾ ਦੇ ਪ੍ਰਗਟਾ ਲਈ ਪ੍ਰਗੀਤ ਦਾ ਰੂਪਾਕਾਰ ਹੀ ਵਧੇਰੇ ਢੁਕਵਾਂ ਸਮਝਿਆ ਗਿਆ ਹੈ। ਗੁਰਬਾਣੀ ਵਿਚਲੇ ਪ੍ਰਗੀਤ ਦਾ ਸੰਬੋਧਨ ਕਾਵਿ-ਮੈਂ ਨਾਲ ਅੰਤਰੀਵ ਤੌਰ 'ਤੇ ਸੰਬੰਧਿਤ ਹੈ। ਗੁਰਬਾਣੀ ਵਿੱਚ ਨਾਥ ਬਾਣੀ ਵਾਰਾਂ ਹੀ ਸੰਕਲਪਾ ਅਤੇ ਦਾਰਸ਼ਨਿਕ ਪ੍ਰਸੰਗਾਂ ਨੂੰ ਕਥਨ ਸੈਲੀ ਰਾਹੀਂ ਪ੍ਰਗਟਾਇਆ ਗਿਆ ਹੈ। ਮਿਸਾਲ ਵਜੋਂ ਗੁਰੂ ਨਾਨਕ ਦੇਵ ਜੀ ਦੀ ਇੱਕ ਸਰੋਦੀ ਰਚਨਾ ਦੀਆਂ ਕੁਝ ਸਤਰਾਂ ਪੇਸ ਹਨ: "ਤੂੰ ਦਰਿਆਉ ਦਾਨਾ ਬੀਨਾ ਮੈਂ ਮਛੁਲੀ ਕੈਸੇ ਅੰਤ ਲਹਾ। ਜਹ ਜਹ ਦੇਖਾ ਤਹ ਤਹ ਤੂਹੇ ਤੁਝ ਕੇ ਨਿਕਮੀ ਫੂਟਿ ਮਰਾ।" ਉਪਦੇਸਤਾਕਮ ਕਾਵਿ ਦਾ ਸੰਬੰਧ, ਇਸ ਵਿੱਚ ਨਾਥ ਬਾਣੀ ਦਾ ਮਹੱਤਵ-ਪੂਰਣ ਹਿੱਸਾ ਹੈ। ਨਾਥ ਬਾਣੀ ਨੇ ਆਪਣੇ ਸੰਕਲਪੀ ਸਬਦਾਵਲੀ ਤੇ ਦਾਰਸਨਿਕ ਪ੍ਰਸੰਗ ਨੂੰ ਕਥਨ ਸੈਲੀ ਰਾਹੀ ਦੱਸਿਆ ਹੈ। ਅਰਬਦ ਨਰਬਦ ਧੁੰਧੂਕਾਰਾ ਧਰਣਿ ਨ ਗਗਨਾ ਹੁਕਮ ਅਪਾਰਾ। ਨਾ ਦਿਨੁ ਰੈਨਿ ਨ ਚੰਦ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥

9. **ਲੋਕ ਸਾਹਿਤ ਦੀ ਵਰਤੋਂ:-** ਗੁਰੂ ਕਵੀਆਂ ਦੀ ਪ੍ਰਤੀਭਾ ਵੇਦ ਤੇ ਸੰਸਕ੍ਰਿਤ ਵਿਰਾਸਤ ਨਾਲ ਜੁੜਨ ਦੀ ਥਾਂ, ਲੋਕ ਜੀਵਨ ਜਾਂ ਲੋਕਧਾਰਾ ਨਾਲ ਨਾਤਾ ਵੱਧਦੀ ਹੈ। ਇਸੇ ਕਾਰਜ ਤਰ੍ਹਾਂ ਗੁਰਮਤਿ ਕਾਵਿ ਵਿੱਚ ਵਾਰਾ, ਬਾਰਾਮਾਹ, ਛੰਦ, ਅਲੁਹਣੀਆ, ਆਦਿ ਲੋਕ ਕਾਲ ਰੂਪਾਂ ਦੀ ਭਰਪੂਰ ਵਰਤੋਂ ਹੋਈ ਹੈ। ਗੁਰਮਤਿ ਕਾਵਿ ਵਿਚਲੀ ਲੋਕ ਮੁਖਤਾ ਦਾ ਇੱਕ ਹੋਰ ਪ੍ਰਮਾਣ ਇਸ ਵਿਚਲੇ ਮਿਥਿਹਾਸਿਕ ਤੇ ਦੰਭ ਕਥਾਵਾ ਦੇ ਹਵਾਲੇ ਹਨ। ਇਸ ਵਿੱਚ ਲੋਕ ਸਾਹਿਤ ਰੂਪਾਂ ਨੂੰ ਇੰਨ ਬਿੰਨ ਨਹੀਂ ਵਰਤਿਆ ਗਿਆ ਸਗੋਂ ਗੁਰਬਾਣੀ ਦੀ ਕਾਵਿ ਸੰਵੇਦਨਾ ਅਨੁਸਾਰ ਰੂੜ੍ਹੀਆਂ ਵਰਤੋਂ ਕਰ ਕੇ ਪਰਿਵਰਤਨ ਕੀਤਾ ਗਿਆ ਹੈ। ਜਿੱਥੇ ਕਿਤੇ ਅਧਿਆਤਮਕ ਵਸਤੂ ਪਰੰਪਰਕ ਰੂਪਾ ਦੇ ਸਾਂਚੇ ਵਿੱਚ ਢਲਣ ਤੋਂ ਇਨਕਾਰੀ ਹਨ ਉੱਥੇ ਲੋਕ ਸਾਹਿਤ ਰੂਪਾਂ ਦੇ ਆਧਾਰ ਤੇ ਨਿਵੇਕਲੇ ਕਾਵਿ ਰੂਪਾਂ ਦੀ ਸਰਿਜਣਾ ਹੋਈ ਹੈ। ਜਿਵੇਂ ਲੋਕ ਵਾਰਾਂ ਨੂੰ ਬੀਰ ਰਸੀ ਵਾਰਾ ਦੀ ਥਾਂ ਅਧਿਆਤਮਕ ਵਾਰਾ ਨੇ ਲੈ ਲਈ ਹੈ। ਇਸ ਵਿੱਚ ਸਥੂਲ ਧਿਰਾ ਦੇ ਟਕਰਾਉ ਦਾ ਵਿਸਥਾਰ ਪੇਸ਼ ਕੀਤਾ ਗਿਆ ਹੈ।

10. **ਅਧਿਆਤਮਿਕਤਾ ਤੇ ਨੈਤਿਕਤਾ ਦਾ ਸੁਮੇਲ:-** ਗੁਰਮਤਿ ਕਾਵਿ ਅਧਿਆਤਮਕ ਖੇਤਰ ਵਿਚਲਾ ਅਜਿਹਾ ਕਾਵਿਕ ਪ੍ਰਗਟਾਉ ਹੈ ਜਿਸ ਵਿੱਚ ਜੀਵ ਜਗਤ ਤੇ ਬ੍ਰਹਮ ਦੇ ਵਿਸ਼ੇਸ਼ ਸੰਬੰਧਾ ਤੇ ਤਨਾਵਾ ਨੂੰ ਹੱਲ ਕਰਨ ਲਈ ਅਦਰਸ ਮਨੁੱਖ ਵਜੋਂ ਗੁਰਮੱਖ ਦਾ ਸਕੰਲਪ ਸਿਰਜਿਆ ਗਿਆ ਹੈ। ਇਸ ਵਿੱਚ ਅਧਿਆਤਮਿਕਤਾ ਤੇ ਨੈਤਿਕਤਾ ਦੇ ਸੂਮੇਲਲ ਰਾਹੀਂ ਪ੍ਰਮਾਰਥ ਦੀ ਪ੍ਰਾਪਤੀ ਨੂੰ ਇੱਕ ਵਿਅਕਤੀ ਤੱਕ ਹੀ ਨਹੀਂ ਸਗੋਂ ਸੰਸਾਰ ਤੱਕ ਫੈਲਾਇਆ ਗਿਆ ਇਸ ਲਈ ਗੁਰਬਾਣੀ ਨਿਵੇਕਲੀ ਅਧਿਆਤਮਕ ਚਿੰਤਨ ਨੂੰ ਪੇਸ਼ ਕਰਦੀ ਹੈ। ਇਸ ਦੀ ਕਾਵਿ ਭਾਸਾ ਲੋਕ ਜੀਵਨ ਵਿਚੋਂ ਸਕਤੀ ਗ੍ਰਹਿਣ ਕਰਦੀ ਹੈ ਫਿਰ ਪ੍ਰਗਟਾਉ ਕਰਦੀ ਹੈ ਗੁਰਮਤਿ ਵਿੱਚੋਂ ਸਕਤੀ ਗ੍ਰਹਿਣ ਕਰਦੀ ਹੈ ਫਿਰ ਪ੍ਰਗਟਾਉ ਕਰਦੀ ਹੈ ਗੁਰਮਤਿ ਦਾ ਪ੍ਰਬੰਧ ਪ੍ਰਤੀਕ, ਬਿੰਬਾਵਲੀ ਅਤੇ ਕਾਵਿ ਰੂਪ ਲੋਕ ਧਾਰਾ ਅਤੇ ਲੋਕ ਸਾਹਿਤ ਨਾਲ ਜੁੜੇ ਹੋਏ ਹਨ। ਉੱਪਰੋਕਤ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਕਾਵਿ ਧਾਰਾ ਵਿੱਚ ਪਰਮਾਤਮਾ ਨੂੰ ਸਰਵ ਉੱਚ ਮੰਨ ਕੇ ਹੀ ਇਸ ਵਿੱਚ ਕਵਿਤਾਵਾ ਦੀ ਰਚਨਾ ਕੀਤੀ ਗਈ ਹੈ। ਇਸ ਵਿੱਚ ਪਰਮਾਤਮਾ ਦੀ ਹੋਂਦ ਨੂੰ ਦੱਸਿਆ ਗਿਆ ਹੈ ਅਤੇ ਪਰਮਾਤਮਾ ਨੂੰ ਸਰਵ ਸਕਤੀਮਾਨ ਦਰਸਾਇਆ ਗਿਆ ਹੈ।

### 1.1.18 **ਅਭਿਆਸ ਲਈ ਪ੍ਰਸ਼ਨ**

1. ਗੁਰਮਤਿ ਕਾਵਿ: ਕਾਵਿ-ਸ਼ਾਸਤਰੀ ਪਰਿਪੇਖ ਦੇ ਇਤਿਹਾਸਕ ਵਿਕਾਸ ਬਾਰੇ ਚਾਨਣਾ ਪਾਓ?
2. ਗੁਰਮਤਿ ਕਾਵਿ: ਕਾਵਿ-ਸ਼ਾਸਤਰੀ ਪਰਿਪੇਖ ਦੇ ਸਿਧਾਂਤ ਤੇ ਪਿਛੋਕੜ ਸਬੰਧੀ ਚਰਚਾ ਕਰੋ?
3. ਗੁਰਮਤਿ ਕਾਵਿ: ਕਾਵਿ-ਸ਼ਾਸਤਰੀ ਪਰਿਪੇਖ ਦੇ ਵਿਚਾਰਧਾਰਾਈ ਆਧਾਰ ਦੱਸੋ?
4. ਗੁਰਮਤਿ ਕਾਵਿ: ਕਾਵਿ-ਸ਼ਾਸਤਰੀ ਪਰਿਪੇਖ ਦੇ ਵਿਭਿੰਨ ਪੱਖਾਂ ਸਬੰਧੀ ਚਰਚਾ ਕਰੋ?

### 1.1.19 **ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**


- ਜਗਬੀਰ ਸਿੰਘ, ਗੁਰਮਤਿ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ
- ਡਾ.ਜਗਬੀਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ ਆਦਿ-ਕਾਲ-ਭਗਤੀ ਕਾਲ,ਗੁਰੂ ਨਾਨਕ ਦੇਵ ਯੂਨੀਵਰਸੀਟੀ ਅੰਮ੍ਰਿਤਸਰ
- ਜਗਬੀਰ ਸਿੰਘ,ਗੁਰਮਤਿ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿਲੀ
- ਡਾ. ਜੀਤ ਸਿੰਘ ਸੀਤਲ ਅਤੇ ਡਾ. ਮੇਵਾ ਸਿੰਘ ਸਿੱਧੂ, ਪੰਜਾਬੀ ਸਾਹਿਤ ਦਾ ਆਲੋਚਨਾਤਮਕ ਅਧਿਐਨ, ਪੈਪਸੂ ਬੁੱਕ ਡਿੱਪੂ ਪਟਿਆਲਾ

## M.A (PUNJABI)
## SEMESTER-I
## **ਪਰਚਾ** ਪਹਿਲਾ
### ਯੂਨਿਟ-ਦੂਸਰਾ
# ਗੁਰਮਤਿ ਕਾਵਿ ਦਾ ਇਤਿਹਾਸ


1.1 ਪਾਠ ਦੂਸਰਾ : ਗੁਰਮਤਿ ਕਾਵਿ ਦਾ ਇਤਿਹਾਸ

1.1.1 ਭੂਮਿਕਾ

1.1.2 ਪਾਠ ਦਾ ਮੰਤਵ

1.1.3 ਗੁਰੂ ਨਾਨਕ ਦੇਵ (1469-1539 ਈ.)

1.1.4 ਗੁਰੂ ਅੰਗਦ ਦੇਵ ਜੀ (1504-1552ਈ.)

1.1.5 ਗੁਰੂ ਅਮਰਦਾਸ (1479-1574 ਈ.)

1.1.6 ਗੁਰੂ ਰਾਮਦਾਸ (1534-1581ਈ.)

1.1.7 ਗੁਰੂ ਅਰਜਨ ਦੇਵ (1563-1606ਈ.)

1.1.8 ਭਾਈ ਗੁਰਦਾਸ

1.1.9 ਗੁਰੂ ਤੇਗ ਬਹਾਦਰ (1621-1675 ਈ.)

1.1.10 ਗੁਰੂ ਗੋਬਿੰਦ ਸਿੰਘ (1666-1708ਈ.)

1.1.18 ਅਭਿਆਸ ਲਈ ਪ੍ਰਸ਼ਨ

1.1.19 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


1.1.1 **ਭੂਮਿਕਾ**: ਗੁਰਮਤਿ ਕਾਵਿਧਾਰਾ ਮੱਧਕਾਲੀਨ ਪੰਜਾਬੀ ਸਾਹਿਤ ਦੀ ਹੀ ਨਹੀਂ ਸਗੋਂ ਸਮੁੱਚੇ ਭਾਰਤੀ ਸਾਹਿਤ-ਸੱਭਿਆਚਾਰ ਦੀ ਗੌਰਵਮਈ ਵਿਰਾਸਤ ਹੈ। ਗੁਰਮਤਿ ਕਾਵਿ ਵਿੱਚ ਅਧਿਆਤਮਿਕ ਵਿਚਾਰਾਂ ਨੂੰ ਕਵਿਤਾ ਰਾਹੀਂ ਪ੍ਰਗਟ ਕੀਤਾ ਗਿਆ ਹੈ। ਗੁਰਮਤਿ ਕਾਵਿਧਾਰਾ ਨਾਲ ਸੰਬੰਧਿਤ ਅਨੇਕਾਂ ਬਾਣੀਕਾਰਾਂ ਦਾ ਸਿਰਜਿਤ ਪ੍ਰਵਚਨ ਬਹੁ-ਭਾਸ਼ੀ ਅਤੇ ਬਹੁ ਖੇਤਰੀ ਹੈ।

1.1.2 **ਪਾਠ ਦਾ ਮੰਤਵ**: ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਗੁਰਮਤਿ ਕਾਵਿ ਦਾ ਇਤਿਹਾਸ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ।ਗੁਰਮਤਿ ਕਾਵਿ ਦਾ ਇਤਿਹਾਸ ਦੇ ਜ਼ਰੀਏ ਜਿੱਥੇ ਮਨੁੱਖ ਦੀਆਂ ਭਗਤੀ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ, ਉੱਥੇ ਨਾਲ਼ੋ-ਨਾਲ਼ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।ਗੁਰਮਤਿ ਕਾਵਿ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ, ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ ਗੁਰਮਤਿ ਕਾਵਿ ਦਾ ਇਤਿਹਾਸ ਦੇ ਵਿਵਹਾਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਗੁਰਮਤਿ ਕਾਵਿ ਦਾ ਇਤਿਹਾਸ ਨੂੰ ਸਮਝਣ ਦੇ ਕਾਬਿਲ ਹੋ ਸਕਣ।

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗੁਰਮਤਿ ਕਾਵਿ ਧਾਰਾ ਦੇ ਸੰਚਾਲਕ ਗੁਰੂ ਨਾਨਕ ਦੇਵ ਜੀ ਸਨ। ਗੁਰੂ ਨਾਨਕ ਦੇਵ ਜੀ ਨਾਲ ਪੰਜਾਬ ਦੇ ਸਮਾਜਕ, ਸਾਹਿਤਿਕ ਅਤੇ ਸਭਿਆਚਾਰਕ ਇਤਿਹਾਸ ਵਿਚ ਇਕ ਨਵੇਂ ਯੁੱਗ ਦਾ ਆਰੰਭ ਹੁੰਦਾ ਹੈ। ਗੁਰੂ ਨਾਨਕ ਦੇ ਰੂਪ ਵਿਚ ਪੰਜਾਬ ਨੂੰ ਇਕ ਅਜੇਹਾ ਨਾਇਕ ਮਿਲਿਆ ਜੋ ਇਕੋ ਵੇਲੇ ਇੱਕ ਯੁੱਗ ਕਵੀ, ਦਾਰਸ਼ਨਿਕ,

ਸਮਾਜ-ਸ਼ਾਸਤਰੀ, ਇਤਿਹਾਸਕਾਰ ਅਤੇ ਸਭਿਆਚਾਰਕ ਪੁਨਰ-ਸੁਰਜੀਤੀ ਦਾ ਅਲੰਬਰਦਾਰ ਸੀ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਕਾਵਿ ਸਿਰਜਣ ਦੇ ਨਵੇਂ ਪ੍ਰਤਿਮਾਨ ਸਥਾਪਿਤ ਕੀਤੇ। ਪਿਛਲੇਰੇ ਬਾਣੀਕਾਰਾਂ (ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂਰਾਮ ਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ) ਨੇ ਨਾਨਕ ਬਾਣੀ ਦੇ ਹੀ ਪ੍ਰਤਿਮਾਨਾਂ ਨੂੰ ਪ੍ਰਵਾਨ ਕਰਕੇ ਬਾਣੀ ਰਚੀ ਅਤੇ ਇਸ ਤਰ੍ਹਾਂ ਗੁਰਬਾਣੀ ਮੱਧਕਾਲੀਨ ਪੰਜਾਬੀ ਸਾਹਿਤ ਦੀ ਇਕ ਅਤੀ ਮਹੱਤਵਪੂਰਨ ਅਤੇ ਬਹੁਪਰਤੀ ਕਾਵਿ-ਧਾਰਾ ਬਣ ਨਿਬੜੀ। ਦਾਰਸ਼ਨਿਕ ਪੱਧਰ ਤੇ ਗੁਰੂ ਨਾਨਕ ਦਰਸ਼ਨ ਪੂਰਬਕਾਲੀ ਮੱਧਕਾਲੀਨ ਪੰਜਾਬੀ ਸਾਹਿਤ ਦੀ ਇਕ ਅਤੀ ਮਹੱਤਵਪੂਰਨ ਅਤੇ ਬਹੁ ਪਰਤੀ ਕਾਵਿ-ਧਾਰਾ ਬਣ ਨਿਬੜੀ। ਦਾਰਸ਼ਨਿਕ ਪੱਧਤੀਆਂ ਨਾਲ ਕਿਤੇ ਕਿਤੇ ਮੇਲ ਖਾਂਦਾ ਹੋਇਆ ਵਿਆਪਕ ਰੂਪ ਵਿਚ ਉਨ੍ਹਾਂ ਨਾਲੋਂ ਇਕ ਫਾਸਲਾ ਅਤੇ ਨਿਖੇੜ ਅਖ਼ਤਿਆਰ ਕਰਦਾ ਹੈ। ਸਾਰੇ ਗੁਰੂ ਸਾਹਿਬਾਨ ਨੇ ਸਮਾਜ ਨੂੰ ਅਧਿਆਤਮਕ, ਭਾਈਚਾਰਕ, ਸਦਾਚਾਰਕ ਅਤੇ ਸਮਾਜਕ ਆਦਿ ਪੱਖਾਂ ਤੋਂ ਉੱਨਤ ਕਰਨ ਲਈ ਬਾਣੀ ਨੂੰ ਇਕ ਮਾਧਿਅਮ ਵਜੋਂ ਵਰਤਿਆ। ਕਾਵਿ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਬਾਣੀ ਵਿਚ ਉਹ ਕਾਵਿ ਰੂੜ੍ਹੀਆਂ ਹਨ ਜੋ ਸਮੁੱਚੀ ਗੁਰਮਤਿ ਕਾਵਿ ਧਾਰਾ ਦੇ ਚਰਿਤ੍ਰ ਨੂੰ ਉਘਾੜਦੀਆਂ ਹਨ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀਆਂ ਇਨ੍ਹਾਂ ਬਹੁਪੱਖੀ ਵਿਸ਼ੇਸ਼ਤਾਈਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਕ ਪ੍ਰਮਾਣਿਕ ਸੰਕਲਨ ਤੋਂ ਬਿਨਾਂ ਹੋਰਨਾਂ ਪੂਰਬਕਾਲੀ ਅਤੇ ਸਮਕਾਲੀ ਸੰਤਾਂ, ਭਗਤਾਂ ਅਤੇ ਸੂਫ਼ੀਆਂ ਦੀ ਰਚਨਾ ਨੂੰ ਵੀ ਇਸ ਗ੍ਰੰਥ ਵਿਚ ਸ਼ਾਮਲ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਨਾਲ ਸਾਖੀਆਂ, ਜਨਮ-ਸਾਖੀਆਂ, ਟੀਕੇ ਪਰਮਾਰਥ ਅਤੇ ਹੋਰ ਵਾਰਤਕ ਰੂਪਾਂ ਦਾ ਵਿਕਾਸ ਹੋਇਆ। ਗੁਰੂ ਨਾਨਕ ਦੇਵ ਜੀ ਤੋਂ ਬਿਨ੍ਹਾਂ ਕੁਝ ਪ੍ਰਤਿਸ਼ਿਠਤ ਸੰਤਾਂ ਭਗਤਾਂ ਦੀਆਂ ਜੀਵਨੀ-ਨੁਮਾ ਰਚਨਾਵਾਂ ਵੀ ਰਚੀਆਂ ਗਈਆਂ। ਸਾਰੰਸ਼ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੁਆਰਾ ਰਚਿਆਂ ਗਿਆਂ ਸਾਹਿਤ ਆਪਣੇ ਵਿਚਾਰਾਂ ਅਤੇ ਕਲਾਤਮਕ ਗੁਣਾਂ ਕਰਕੇ ਏਨਾ ਪਰਿਪੂਰਣ ਬਣ ਨਿਬੜਿਆਂ ਕਿ ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀ ਵਿਚ ਰਚੇ ਗਏ ਸਾਹਿਤ ਨੂੰ ਮੱਧਕਾਲੀ ਪੰਜਾਬੀ ਸਾਹਿਤ ਦਾ ਸੁਨਹਿਰੀ ਯੁੱਗ ਕਿਹਾ ਜਾਣ ਲੱਗਾ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਅਤੇ ਗੁਰਬਾਣੀ ਦੇ ਵਿਆਪਕ ਪ੍ਰਭਾਵ ਕਰਕੇ ਰਚੇ ਗਏ ਸਾਹਿਤ ਨਾਲ ਗੁਰਮਤਿ ਕਾਵਿ ਦਾ ਇਕ ਵਿਆਪਕ ਸੰਕਲਪ ਸਾਹਮਣੇ ਆਇਆ। ਇਸ ਸਾਹਿਤ ਵਿਚ ਵਿਚਾਰਧਾਰਕ ਅਤੇ ਕਾਵਿਕ ਪੱਧਰ ਉਤੇ ਅਜੇਹੀਆਂ ਵਿਸ਼ੇਸ਼ਤਾਈਆਂ ਪੈਦਾ ਹੋ ਗਈਆਂ ਜਿਨ੍ਹਾਂ ਕਰਕੇ ਇਹ ਵੱਖਰੀ ਪਹਿਚਾਣ ਅਤੇ ਚਰਚਾ ਦਾ ਹੱਕਦਾਰ ਬਣਿਆ। ਗੁਰਮਤਿ ਕਾਵਿ ਧਾਰਾ ਦੇ ਰਚਨਹਾਰਿਆਂ ਨਾਲ ਜਾਣ-ਪਛਾਣ ਸੰਖੇਪ ਰੂਪ ਵਿੱਚ, ਇਸ ਤਰ੍ਹਾਂ ਹੈ :

### 1.1.3 **ਗੁਰੂ ਨਾਨਕ ਦੇਵ** (1469–1539 **ਈ.**)

ਗੁਰੂ ਨਾਨਕ ਦੇਵ ਜੀ ਸਹੀ ਅਰਥਾਂ ਵਿਚ ਗੁਰਮਤਿ ਕਾਵਿ ਧਾਰਾ ਦੇ ਮੋਢੀ ਹਨ। ਇਨ੍ਹਾਂ ਦਾ ਜਨਮ ਪੱਛਮੀ ਪੰਜਾਬ ਦੇ ਜ਼ਿਲ੍ਹਾ ਸੇਖੂਪੁਰਾ ਦੇ ਇਕ ਪਿੰਡ ਤਲਵੰਡੀ ਰਾਇ ਭੋਇ (ਪ੍ਰਸਿੱਧ ਨਾਂ ਨਨਕਾਣਾ ਸਾਹਿਬ) ਵਿਚ 1469ਈ. ਵਿਚ ਹੋਇਆ। ਪਿਤਾ ਦਾ ਨਾਂ ਮਹਿਤਾ ਕਾਲੂ ਅਤੇ ਮਾਤਾ ਦਾ ਨਾਂ ਤ੍ਰਿਪਤਾ ਸੀ। ਬਚਪਨ ਤੋਂ ਹੀ ਗੁਰੂ ਸਾਹਿਬ ਅਸਧਾਰਣ ਪ੍ਰਤਿਭਾ ਦੇ ਮਾਲਕ ਸਨ ਅਤੇ ਇਨ੍ਹਾਂ ਦੀ ਰੁਚੀ ਸੰਸਾਰਕਤਾ ਨਾਲੋਂ ਵੱਧ ਪ੍ਰਭੂ ਭਗਤੀ ਵੱਲ ਸੀ। ਉਸ ਵੇਲੇ ਦੀ ਵਿਦਿਆ ਪੱਧਤੀ

ਅਨੁਸਾਰ ਗੁਰੂ ਜੀ ਨੇ ਵਿਦਿਆ ਹਾਸਲ ਕੀਤੀ। ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਤਿੰਨ ਪੜਾਅ ਮਿੱਥੇ ਜਾ ਸਕਦੇ ਹਨ । ਪਹਿਲਾ ਪੜਾਅ ਤਲਵੰਡੀ ਰਾਇ ਭੋਇ ਵਿਚ ਗੁਜ਼ਾਰੇ ਬਚਪਨ ਅਤੇ ਸੁਲਤਾਨਪੁਰ ਲੋਧੀ ਵਿਚ ਮੋਦੀ ਦੇ ਤੌਰ 'ਤੇ ਕੀਤੀ ਸੇਵਾ ਦਾ ਬਣਦਾ ਹੈ। ਇਹ ਸਾਰਾ ਸਮਾਂ ਆਤਮ ਅਤੇ ਸਮਾਜਕ ਚਿੰਤਨ ਦਾ ਹੈ। ਦੂਜਾ ਪੜਾਅ ਉਨ੍ਹਾਂ ਦੁਆਰਾ ਕੀਤੀਆਂ ਗਈਆਂ ਯਾਤਰਾਵਾਂ ਅਥਵਾ ਉਦਾਸੀਆਂ ਦਾ ਹੈ ਜਿਸ ਵਿਚ ਉਨ੍ਹਾਂ ਗੁਰਮਤਿ ਆਸ਼ੇ ਨੂੰ ਨਾ ਕੇਵਲ ਭਾਰਤ, ਸਗੋਂ ਭਾਰਤ ਦੇ ਗੁਆਂਢੀ ਅਤੇ ਦੂਰ ਦਰਾਜ਼ ਦੇ ਮੁਲਕਾਂ ਵਿਚ ਪ੍ਰਚਾਰਿਆ। ਤੀਜਾ ਅਤੇ ਅੰਤਿਮ ਪੜਾਅ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿਚ ਵੱਸਣ ਅਤੇ ਉਨ੍ਹਾਂ ਸਾਰੀਆਂ ਗੱਲਾਂ ਨੂੰ ਅਮਲੀ ਰੂਪ ਦੇਣ ਦਾ ਹੈ ਜਿਨ੍ਹਾਂ ਦਾ ਉਹ ਸਾਰੀ ਉਮਰ ਪ੍ਰਚਾਰ ਕਰਦੇ ਰਹੇ।

ਗੁਰੂ ਨਾਨਕ ਦੇਵ ਜੀ ਦੀ ਪ੍ਰਮਾਣਿਕ ਬਾਣੀ ਨੂੰ ਮੋਟੇ ਤੌਰ 'ਤੇ ਚਾਰ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਹ ਵਰਗ ਹਨ : ਲੰਮੇਰੀਆਂ ਰਚਨਾਵਾਂ ਵਿਚ ਜਪੁ, ਸਿਧ ਗੋਸਟਿ, ਓਅੰਕਾਰ, ਪੱਟੀ, ਬਾਰਾਂਮਾਂਹ ਅਤੇ ਥਿਤੀ ਹਨ। ਛੋਟੇ ਆਕਾਰ ਦੀਆਂ ਬਾਣੀਆਂ ਵਿਚ ਪਹਰੇ, ਸੋਦਰ, ਅਲਾਹੁਣੀਆਂ, ਆਰਤੀ, ਕੁਚੱਜੀ ਅਤੇ ਸੁਚੱਜੀ ਹਨ। ਗੁਰੂ ਨਾਨਕ ਦੇਵ ਜੀ ਅਧਿਆਤਮਕ ਵਾਰਾਂ ਦੇ ਮੋਢੀ ਕਵੀ ਵੀ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੀਆਂ ਰਾਗ ਮਾਝ, ਆਸਾ ਅਤੇ ਮਲਾਰ ਵਿਚ ਤਿੰਨ ਵਾਰਾਂ ਹਨ। ਇਨ੍ਹਾਂ ਵਾਰਾਂ ਦੀ ਰਚਨਾ ਨਾਲ ਕੀਤਾ ਗਿਆ ਪ੍ਰਯੋਗ ਏਨਾ ਸਫਲ ਰਿਹਾ ਕਿ ਮਗਰਲੇ ਗੁਰੂ ਕਵੀਆਂ ਨੇ ਵੀ ਅਧਿਆਤਮਕ ਵਾਰਾਂ ਦੀ ਸਿਰਜਣਾ ਕੀਤੀ। ਫੁਟਕਲ ਰਚਨਾਵਾਂ ਵਿਚ ਚਉਪਦੇ ਅਸ਼ਟਪਦੀਆਂ, ਛੰਤ, ਸੋਹਲੇ ਅਤੇ ਸਲੋਕ ਆ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਦੇ ਵਿਚਾਰਧਾਰਾ ਦੇ ਕਈ ਪਹਿਲੂ ਹਨ। ਅਧਿਆਤਮਕ ਪਹਿਲੂ ਤੋਂ ਉਹ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ ਜਿਸਦਾ ਅਤਿ ਸੁੰਦਰ ਪ੍ਰਗਟਾਵਾ ਮੂਲ-ਮੰਤਰ ਵਿਚ ਵਰਤੇ ਗਏ ਵਿਸ਼ੇਸ਼ਣਾਂ ਤੋਂ ਹੋ ਜਾਂਦਾ ਹੈ। ਉਹ ਸਾਰੀ ਕਾਇਨਾਤ ਦੀ ਉਤਪਤੀ, ਪਰਵਰਿਸ਼ ਅਤੇ ਸੰਘਾਰ ਦਾ ਕਾਰਣ ਹੈ। ਉਹ ਓਅੰਕਾਰ, ਸ਼ਬਦ ਰੂਪ, ਅਕੱਥ, ਅਗਮ, ਅਗੋਚਰ ਅਤੇ ਸਮੇਂ ਦੇ ਦਾਇਰਿਆਂ ਤੋਂ ਮੁਕਤ ਹੈ। ਉਹ ਇਕ ਅਤੇ ਕੇਵਲ ਇਕ ਹੈ। ਗੁਰੂ ਨਾਨਕ ਦੇਵ ਜੀ ਆਤਮਾ ਅਤੇ ਪਰਮਾਤਮਾ ਵਿਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਨਹੀਂ ਮੰਨਦੇ। ਸਾਰੀ ਕਾਇਨਾਤ ਵਿਚੋਂ ਉਹ ਸ੍ਰੇਸ਼ਟ ਜੀਵ, ਮਨੁੱਖ ਨੂੰ ਮੰਨਦੇ ਹਨ ਅਤੇ ਮਨੁੱਖੀ ਜਨਮ ਨੂੰ ਦੁਰਲੱਭ ਕਹਿੰਦੇ ਹਨ। ਮਨੁੱਖ, ਮੋਟੇ ਰੂਪ ਵਿਚ, ਦੋ ਤਰ੍ਹਾਂ ਦੇ ਕਲਪੇ ਗਏ ਹਨ : ਗੁਰਮੁਖ ਅਤੇ ਮਨਮੁਖ। ਗੁਰੂ ਦੀ ਸਿਖਿਆ-ਦੀਖਿਆ ਦੇ ਅਨੁਸਾਰ ਚਲਣ ਵਾਲਾ ਗੁਰਮੁਖ ਹੈ ਅਤੇ ਮਨ ਦੀ ਇੱਛਾ ਅਨੁਸਾਰ ਚਲਣ ਵਾਲਾ ਮਨਮੁਖ ਹੈ। ਗੁਰੂ ਜੀ ਨੇ ਭਗਤੀ, ਵਿਸ਼ੇਸ਼ ਕਰਕੇ ਪ੍ਰੇਮਾਭਗਤੀ ਸਰਬੋਤਮ ਸਾਧਨਾ ਮਾਰਗ ਮੰਨਦਿਆਂ ਹੋਇਆ ਫ਼ੁਰਮਾਇਆ ਹੈ :

ਅਹਿਨਿਸਿ ਭਗਤਿ ਕਰੇ ਲਿਵ ਲਾਇ।

ਨਾਨਕੁ ਤਿਨ ਕੈ ਲਾਗਉ ਪਾਇ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਦੂਜਾ ਪਹਿਲੂ ਸਮਾਜਕ ਦਰਸ਼ਨ ਹੈ। ਅਸਲ ਵਿਚ ਅਧਿਆਤਮ-ਦਰਸ਼ਨ ਦੀ ਤਹਿ ਵਿਚ ਕਿਸੇ ਨ ਕਿਸੇ ਰੂਪ ਵਿਚ ਸਮਾਜਕ ਦਰਸ਼ਨ ਹੀ ਕਾਰਜ਼ਸ਼ੀਲ ਹੁੰਦਾ ਹੈ ਕਿਉਂਕਿ ਧਰਮ ਸਮਾਜ ਤੋਂ ਵਿਛੁੰਨ ਕੇ ਕੁਝ ਵੀ ਨਹੀਂ। ਸਗੋਂ ਇਹ ਕਹਿਣਾ ਵਧੇਰੇ ਸਾਰਥਕ ਹੈ ਕਿ ਧਰਮ, ਸਮਾਜ ਨੂੰ ਚੰਗੇ ਤੋਂ ਚੰਗੇਰਾ ਅਤੇ ਸੁੰਦਰ ਤੋਂ ਸੁੰਦਰਤਰ ਬਣਾਉਣ ਦੀ ਕ੍ਰਿਆ ਜਾਂ ਯਤਨ ਹੈ। ਗੁਰੂ ਨਾਨਕ ਸਾਹਿਬ ਦੇ ਸਮਾਜਕ ਦਰਸ਼ਨ ਨੇ ਪੰਜਾਬ ਵਿਚ ਅਮਲੀ ਰੂਪ ਵਿਚ ਅਜਿਹੇ ਸਮਾਜ ਦੀ ਉਸਾਰੀ ਕਰ ਵਿਖਾਈ ਜੋ ਬਾਕੀ ਭਾਰਤੀ ਸਮਾਜ ਨਾਲੋਂ ਸਹਿਜੇ ਹੀ ਨਿਖੇੜਿਆ ਜਾ ਸਕਦਾ ਹੈ। ਕਿਸੇ ਵੀ ਦਰਸ਼ਨ ਦੀ ਕਾਮਯਾਬੀ ਦੀ ਪਰਖ ਇਸ ਗੱਲ ਵਿਚ ਹੈ ਕਿ ਉਹ ਕਿਸ ਤਰ੍ਹਾਂ ਦੇ ਮਨੁੱਖ ਅਤੇ ਮਨੁੱਖੀ ਸਮਾਜ ਦੀ ਸਿਰਜਣਾ ਕਰ ਸਕਿਆ ਹੈ। ਗੁਰੂ ਨਾਨਕ ਦੇਵ ਜੀ ਨੇ ਨ ਕੇਵਲ ਸਿਧਾਂਤਕ ਰੂਪ ਵਿਚ ਜਾਤਪਾਤ ਦੀ ਨਿਖੇਧੀ ਕੀਤੀ, ਸਗੋਂ ਵਿਹਾਰਕ ਰਪ ਵਿਚ ਜਾਤਪਾਤ ਰਹਿਤ ਸਮਾਜ ਦੀ ਸਥਾਪਨਾ ਕਰ ਵਿਖਾਈ।

ਗੁਰੂ ਨਾਨਕ ਦੇ ਸਮਾਜਕ ਦਰਸ਼ਨ ਵਿਚ ਕੋਈ ਮਨੁੱਖ ਜਨਮ ਜਾਤ ਕਰਕੇ ਉੱਚਾ ਨਹੀਂ, ਸਗੋਂ ਕਰਮਾਂ ਕਰਕੇ ਚੰਗਾ ਮਾੜਾ ਹੈ। ਕਿਰਤ ਦੀ ਸਰਦਾਰੀ, ਲੋਕ ਕਲਿਆਣ ਲਈ ਦਾਨ ਦੇਣਾ ਭਾਵ ਵੰਡ ਛਕਣਾ ਅਤੇ ਸਰਬੱਤ ਦਾ ਭਲਾ ਮੰਗਣਾ ਗੁਰੂ ਨਾਨਕ ਦਰਸ਼ਨ ਦੇ ਹੋਰ ਪਸਾਰ ਹਨ। ਸਾਮੰਤਵਾਦੀ ਯੁੱਗ ਵਿਚ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾ ਕੇ ਗੁਰੂ ਨਾਨਕ ਦੇਵ ਨੇ ਨਾਰੀ ਕਲਿਆਣ ਦਾ ਮੁੱਢ ਬੱਧਾ। ਇਸਲਾਮ ਦੇ ਪ੍ਰਭਾਵ ਅਤੇ ਹੋਰ ਕਈਆਂ ਕਾਰਣਾਂ ਕਰਕੇ ਇਸਤਰੀ ਨੂੰ ਮਹਿਜ਼ ਭੋਗ ਵਿਲਾਸ ਦੀ ਇਕ ਵਸਤੂ ਹੀ ਸਮਝਿਆ ਜਾਂਦਾ ਸੀ ਪਰ ਗੁਰੂ ਨਾਨਕ ਨੇ ਉਸ ਨੂੰ ਰਾਜਿਆਂ ਦੀ ਜਣਨੀ ਕਹਿ ਕੇ ਸਤਿਕਾਰ ਦਿੱਤਾ। ਗੁਰੂ ਨਾਨਕ ਨੇ ਮਨੁੱਖੀ ਆਬਾਦੀ ਦੇ ਅੱਧ ਭਾਵ ਇਸਤਰੀ ਜਾਤੀ ਨੂੰ ਉਸਨੂੰ ਉਸਦੀ ਪ੍ਰਤਿਭਾ ਦੀ ਪਛਾਣ ਕਰਾ ਕੇ ਉਸਨੂੰ ਸਮਾਜਕ ਕਲਿਆਣ ਲਈ ਭਾਗੀਦਾਰ ਬਣਾਇਆ।

ਗੁਰੂ ਨਾਨਕ ਦੇਵ ਜੀ ਦੇ ਸਮਾਜਕ ਦਰਸ਼ਨ ਵਿਚ ਸਭਿਆਚਾਰ ਦਰਸ਼ਨ ਨੂੰ ਖ਼ਾਸ ਥਾਂ ਹਾਸਲ ਹੈ। ਸਭਿਆਚਾਰਕ ਦਰਸ਼ਨ ਤੋਂ ਸਾਡਾ ਭਾਵ ਆਤਮ ਪਛਾਣ ਤੋਂ ਹੈ। ਉਸ ਵੇਲੇ ਸਭ ਤੋਂ ਵੱਡਾ ਸਭਿਆਚਾਰਕ ਸੰਕਟ ਹੀ ਇਹੋ ਸੀ ਕਿ ਭਾਰਤੀ ਆਪਣੀ ਸੰਸਕ੍ਰਿਤੀ ਨੂੰ ਭੁੱਲ ਕੇ ਨਵੇਂ ਬਣੇ ਹਾਕਮਾਂ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਉਨ੍ਹਾਂ ਦੇ ਹੀ ਰੰਗ ਵਿਚ ਰੰਗੇ ਜਾ ਰਹੇ ਸਨ। ਆਪਣੀ ਜ਼ਬਾਨ, ਪਹਿਰਾਵਾ, ਖਾਣ-ਪੀਣ, ਧਰਮ ਸਭ ਕੁਝ ਤਿਆਗ ਕੇ ਨਵੇਂ ਬਣੇ ਹਾਕਮਾਂ ਦਾ ਅਪਨਾ ਰਹੇ ਸਨ। ਗੁਰੂ ਨਾਨਕ ਦੀ ਵਿਚਾਰਧਾਰਾ ਦਾ ਇਹ ਪੱਖ 'ਆਸਾ ਕੀ ਵਾਰ' ਵਿਚ ਵਿਸ਼ੇਸ਼ ਤੌਰ 'ਤੇ ਉੱਭਰਦਾ ਹੈ। ਜਿਸ ਵਿਚ ਉਨ੍ਹਾਂ ਨੇ ਭਾਰਤੀਆਂ ਨੂੰ ਇਸ ਵਰਤਾਰੇ ਉਪਰ ਲਾਹਨਤਾਂ ਪਾਈਆਂ ਹਨ। ਗੁਰੂ ਜੀ ਨੇ ਵੱਖ-ਵੱਖ ਸਮਾਜਕ ਵਰਗਾਂ, ਭੂਗੋਲਿਕ ਖੰਡਾਂ ਅਤੇ ਵਿਭਿੰਨ ਭਾਸ਼ਾਈ ਸੰਤਾਂ ਭਗਤਾਂ ਅਤੇ ਗੁਰੂ ਪੀਰਾਂ ਦੇ ਬਚਨਾਂ ਨੂੰ ਨਾ ਕੇਵਲ ਇਕੱਤਰ ਹੀ ਕੀਤਾ, ਸਗੋਂ ਮਗਰਲੇ ਗੁਰੂ ਸਾਹਿਬਾਨ ਤਕ ਪੁੱਜਦਾ ਵੀ ਕੀਤਾ ਜੋ ਮਗਰੋਂ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋਏ। ਹਿੰਦੁਸਤਾਨੀਅਤ ਦਾ ਸੰਕਲਪ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਨੇ ਹੀ ਪੇਸ਼ ਕੀਤਾ।

ਗੁਰੂ ਨਾਨਕ ਦੇਵ ਜੀ ਆਪਣੇ ਸਮਕਾਲ ਦੀਆਂ ਰਾਜਨੀਤਿਕ ਪ੍ਰਸਿਥਤੀਆਂ ਤੋਂ ਵੀ ਸੰਤੁਸ਼ਟ ਨਹੀਂ ਸਨ। ਗੁਰੂ ਜੀ ਅਨੁਸਾਰ ਰਾਜੇ ਪਰਜਾ ਦੇ ਪ੍ਰਤਿਪਾਲਕ ਹੋਣੇ ਚਾਹੀਦੇ ਹਨ, ਪਰ ਵਿਹਾਰਕ ਰੂਪ ਵਿੱਚ ਜੋ ਕੁਝ ਹੋ ਰਿਹਾ ਸੀ, ਉਹ ਇਸ

ਦੇ ਬਿਲਕੁਲ ਉਲਟ ਸੀ। ਗੁਰੂ ਜੀ ਨੇ ਰਾਜਿਆਂ ਨੂੰ ਸ਼ੇਰਾਂ ਵਾਂਗ ਖੂੰਖਾਰ ਅਤੇ ਹਿੰਸਕ ਕਿਹਾ ਅਤੇ ਉਨ੍ਹਾਂ ਦੇ ਸਹਿਯੋਗੀ ਅਧਿਕਾਰੀਆਂ ਨੂੰ ਕੁੱਤੇ ਆਖਿਆ। ਇਥੇ ਹੀ ਬੱਸ ਨਹੀਂ ਬਾਬਰ ਦੇ ਹਮਲੇ ਵੇਲੇ ਅਤੇ ਉਸਦੇ ਸਿੱਟੇ ਵਜੋਂ ਪੈਦਾ ਹੋਈ ਦਰਦਨਾਕ ਸਥਿਤੀ ਦਾ ਜੋ ਸਜੀਵ ਚਿਤ੍ਰਣ ਕੀਤਾ ਗਿਆ ਹੈ, ਉਹ ਉਨ੍ਹਾਂ ਦੀ ਇਸ ਵਿਵਸਥਾ ਤੋਂ ਉਪਰੋਕਤ ਅਸੰਤੁਸ਼ਟੀ ਦਾ ਪ੍ਰਗਟਾਵਾ ਹੀ ਮੰਨਿਆ ਜਾ ਸਕਦਾ ਹੈ। ਇਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਉਲੇਖਯੋਗ ਹੈ ਕਿ ਗੁਰੂ ਨਾਨਕ ਸਾਹਿਬ ਆਪਣੇ ਵਰਣਨ ਵਿਚ ਸੱਤਾਧਾਰੀ ਬਾਦਸ਼ਾਹਾਂ ਦਾ ਇਸ ਲਈ ਵਿਰੋਧ ਨਹੀਂ ਕਰਦੇ ਕਿ ਉਹ ਮੁਸਲਮਾਨ ਹਨ, ਸਗੋਂ ਇਸ ਲਈ ਕਰਦੇ ਹਨ ਕਿ ਉਨ੍ਹਾਂ ਨੇ ਪਰਜਾ ਪਾਲਕੀ ਦੇ ਫ਼ਰਜ਼ਾਂ ਤੋਂ ਨ ਕੇਵਲ ਅੱਖਾਂ ਹੀ ਮੀਟੀਆਂ ਹਨ, ਸਗੋਂ ਉਹ ਪਰਜਾ ਨੂੰ ਤੰਗ ਕਰਕੇ ਉਸ ਦੀ ਲੁੱਟ-ਖਸੁੱਟ ਕਰਦੇ ਹਨ।

ਵਿਚਾਰਧਾਰਕ ਪੱਖੋਂ ਜਿਥੇ ਗੁਰੂ ਨਾਨਕ ਬਾਣੀ ਅਦੁੱਤੀ ਹੈ, ਉਥੇ ਕਾਵਿ ਕਲਾ ਦੀ ਦ੍ਰਿਸ਼ਟੀ ਤੋਂ ਵੀ ਇਸ ਨੂੰ ਸਰਬੋਤਮ ਸਥਾਨ ਪ੍ਰਾਪਤ ਹੈ। ਇਸ ਦੀ ਕਲਾਤਮਕ ਸ੍ਰੇਸ਼ਟਤਾ ਦਾ ਪਹਿਲਾ ਲੱਛਣ ਇਸ ਦਾ ਰਾਗ-ਬੱਧ ਹੋਣਾ ਹੈ। ਇਹ ਬਾਣੀ ਉਨੀ ਰਾਗਾਂ ਵਿਚ ਹੈ। ਪ੍ਰਕਿਰਤੀ ਚਿਤ੍ਰਣ ਇਸ ਬਾਣੀ ਦਾ ਦੂਜਾ ਵੱਡਾ ਲੱਛਣ ਹੈ, ਵਿਸ਼ੇਸ਼ ਕਰਕੇ ਬਾਰਾਂਮਾਹ ਤੁਖਾਰੀ ਵਿਚ ਤਾਂ ਪ੍ਰਕਿਰਤਕ ਵਰਣਨ ਅੱਖਾਂ ਸਾਹਮਣੇ ਦ੍ਰਿਸ਼ ਸਾਕਾਰ ਕਰਦਾ ਹੈ। ਅਧਿਆਤਮਕ ਵਿਚਾਰਾਂ ਲਈ ਪ੍ਰਤੀਕਾਂ ਦੀ ਵਰਤੋਂ ਕੀਤੀ ਗਈ ਹੈ। ਬਾਰਾਂਮਾਂਹ, ਵਾਰ ਪੱਟੀ ਕਾਵਿ-ਰੂਪ ਹਨ ਜਦਕਿ ਦੋਹਰਾ, ਸੋਰਠਾ, ਸਵੱਈਆ ਆਦਿ ਛੰਦਾਂ ਦੀ ਵਰਤੋਂ ਹੋਈ ਹੈ, ਭਾਵੇਂ ਕਿ ਗੁਰੂ ਨਾਨਕ ਬਾਣੀ ਛੰਦ ਦੀ ਕੈਦ ਨੂੰ ਕਠੋਰਤਾ ਨਾਲ ਸਵੀਕਾਰ ਨਹੀਂ ਕਰਦੀ।

ਗੁਰੂ ਸਾਹਿਬ ਦਾ ਭਾਸ਼ਾ ਸੰਕਲਪ, ਬਾਣੀ ਸੰਕਲਪ ਨਾਲ ਹੀ ਵੇਖਣ ਦੀ ਲੋੜ ਹੈ। ਗੁਰੂ ਸਾਹਿਬ ਨੇ ਜਨ ਜਾਗਰਣ ਦੀ ਜੋ ਮੁਹਿੰਮ ਸ਼ੁਰੂ ਕੀਤੀ ਸੀ, ਉਸਦਾ ਸੰਦੇਸ਼ ਜਨ-ਭਾਸ਼ਾ ਅਰਥਾਤ ਲੋਕਾਂ ਦੀ ਭਾਸ਼ਾ ਵਿਚ ਹੀ ਦਿੱਤਾ ਜਾ ਸਕਦਾ ਸੀ। ਇਸੇ ਲਈ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਬਾਣੀ ਦੀ ਮੂਲ ਭਾਸ਼ਾ ਪੰਜਾਬੀ ਹੈ, ਬੇਸ਼ੱਕ ਇਸ ਉਪਰ ਫਾਰਸੀ ਅਤੇ ਸਾਧ ਭਾਸ਼ਾ ਦਾ ਵੀ ਕਿਧਰੇ ਕਿਧਰੇ ਪ੍ਰਭਾਵ ਹੈ। ਭਾਵ, ਪਾਤਰ ਅਤੇ ਪਰਸੰਗ ਅਨੁਸਾਰ ਭਾਸ਼ਾ ਦਾ ਮੁਹਾਂਦਰਾ ਬਦਲਦਾ ਰਹਿੰਦਾ ਹੈ। ਨਾਨਕ ਬਾਣੀ ਆਪਣੇ ਕਾਵਿ ਸੁਹਜ ਅਤੇ ਸੰਚਾਰਯੋਗਤਾ ਕਰਕੇ ਪੰਜਾਬੀ ਲੋਕ ਮਾਨਸਿਕਤਾ ਦਾ ਅੰਗ ਬਣ ਗਈ।

ਗੁਰੂ ਨਾਨਕ ਸਾਹਿਬ ਇਤਿਹਾਸ ਦੇ ਉਹ ਸਰਬਕਾਲੀ ਨਾਇਕ ਹਨ ਜਿਨ੍ਹਾਂ ਦਾ ਪ੍ਰਭਾਵ ਪਿਛਲੀਆਂ ਪੰਜ ਸਦੀਆਂ ਤੋਂ ਪੰਜਾਬ ਦੇ ਇਤਿਹਾਸ, ਸਮਾਜ, ਸਭਿਆਚਾਰ, ਸਾਹਿਤ ਅਤੇ ਕਲਾ ਉਪਰ ਗੂੜ੍ਹੀ ਤਰ੍ਹਾਂ ਵਿਆਪਤ ਚਲਿਆ ਆ ਰਿਹਾ ਹੈ। ਜਿਵੇਂ ਜਿਵੇਂ ਨਵੇਂ ਗਿਆਨ-ਸ਼ਾਸਤਰ ਸਾਹਮਣੇ ਆ ਰਹੇ ਹਨ ਜਾਂ ਕਹਿ ਲਵੋ ਕਿ ਮਨੁੱਖੀ ਬੁੱਧੀ ਵਿਕਾਸ ਕਰ ਰਹੀ ਹੈ, ਤਿਵੇਂ ਤਿਵੇਂ ਗੁਰੂ ਨਾਨਕ ਦੀ ਦੇਣ ਦੇ ਹੋਰ ਪਾਸਾਰ ਸਾਹਮਣੇ ਆ ਰਹੇ ਹਨ।

### 1.1.4 **ਗੁਰੂ ਅੰਗਦ ਦੇਵ ਜੀ** (1504-1552ਈ.)

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰਗੱਦੀ ਉਤੇ ਬੈਠਣ ਵਾਲੇ ਆਪ ਦੂਜੇ ਗੁਰੂ ਸਨ। ਗੁਰੂ ਅੰਗਦ ਦੇਵ ਜੀ ਦਾ ਜਨਮ ਪਿੰਡ ਮੱਤੇ ਦੀ ਸਰ੍ਹਾਂ (ਜ਼ਿਲ੍ਹਾ ਫ਼ਰੀਦਕੋਟ) ਵਿਚ ਫੇਰੂ ਮੱਲ ਖੱਤਰੀ ਦੇ ਘਰ ਮਾਤਾ ਦਯਾ ਕੌਰ ਦੀ ਕੁੱਖੋਂ ਹੋਇਆ।

ਗੁਰਿਆਈ ਪ੍ਰਾਪਤ ਕਰਨ ਤੋਂ ਪਹਿਲਾਂ ਇਨ੍ਹਾਂ ਦਾ ਮੂਲ ਨਾਮ ਲਹਿਣਾ ਸੀ ਅਤੇ ਇਹ ਦੇਵੀ ਦੇ ਉਪਾਸ਼ਕ ਸਨ। ਗੁਰੂ ਅੰਗਦ ਦੇਵ ਜੀ ਦੇ ਕੁੱਲ 63 ਸਲੋਕ ਮਿਲਦੇ ਹਨ ਜਿਨ੍ਹਾਂ ਵਿਚੋਂ ਕੁਝ ਤਾਂ ਬਾਕੀ ਗੁਰੂ ਸਾਹਿਬਾਨ ਦੀਆਂ ਵਾਰਾਂ ਵਿਚ ਆਉਂਦੇ ਹਨ ਅਤੇ ਕੁਝ ''ਸਲੋਕ ਵਾਰਾਂ ਤੇ ਵਧੀਕ'' ਵਾਲੇ ਪ੍ਰਕਰਣ ਵਿਚ ਹਨ। ਗੁਰੂ ਅੰਗਦ ਦੇਵ ਜੀ ਦੀ ਬਾਣੀ ਦੀ ਮੂਲ ਸੁਰ ਨਿਰਮਾਣਤਾ, ਗੁਰੂ ਮਹਿਮਾ ਅਤੇ ਗੁਰੂ ਭਗਤੀ, ਸ਼ਰਧਾ ਅਤੇ ਪ੍ਰੇਮ ਹੈ। ਕੁਝ ਬਾਣੀ ਸਤਰਾਂ ਉਦਾਹਰਣ ਵਜੋਂ ਇਥੇ ਦਿੱਤੀਆਂ ਜਾਂਦੀਆਂ ਹਨ :

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।

ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ।

... ... ...

ਨਾਲਿ ਇਆਣੇ ਦੋਸਤੀ ਕਦੇ ਨਾ ਆਵੈ ਰਾਸਿ।

ਜੇਹਾ ਜਾਣੈ ਤੇਹੋ ਵਰਤੇ ਵੇਖਹੁ ਕੋ ਨਿਰਜਾਸਿ।

... ... ...

ਜਿਸੁ ਪਿਆਰੇ ਸਿਤੁ ਨੇਹੁ, ਤਿਸੁ ਆਗੈ ਮਰਿ ਚਲੀਐ।

ਧ੍ਰਿਗੁ ਜੀਵਣੁ ਸੰਸਾਰਿ, ਤਾਕੇ ਪਾਛੈ ਜੀਵਣਾ।

... ... ...

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਣਨਾ।

ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ।

ਜੀਭੈ ਬਾਝਹੁ ਬੋਲਣਾ ਇਤੁ ਜੀਵਤ ਮਰਣਾ।

ਨਾਨਕ ਹੁਕਮੁ ਪਚਾਣਿ ਕੈ ਤਉ ਖਸਮੈ ਮਿਲਣਾ।

ਇਕ ਰਵਾਇਤ ਪ੍ਰਚਲਿਤ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਭਾਈ ਪੈੜੇ ਮੋਖੇ ਕੋਲੋਂ ਭਾਈ ਬਾਲੇ ਪਾਸੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰ ਸੁਣ ਕੇ, ਉਨ੍ਹਾਂ ਦੇ ਆਧਾਰ 'ਤੇ ਇਕ ਜਨਮਸਾਖੀ ਤਿਆਰ ਕਰਵਾਈ ਜੋ ਭਾਈ ਬਾਲੇ ਵਾਲੀ

ਜਨਮਸਾਖੀ ਕਰਕੇ ਪ੍ਰਸਿੱਧ ਹੈ। ਆਪ ਨੇ ਗੁਰਮੁਖੀ ਲਿਪੀ ਨੂੰ ਇਕ ਵਿਗਿਆਨਕ ਤਰਤੀਬ ਦੇ ਕੇ ਇਸ ਨੂੰ ਗੁਰਬਾਣੀ ਲਿਖਣ ਲਈ ਵਰਤੋਂ ਵਿਚ ਲਿਆਂਦਾ ਅਤੇ ਇਸਦੀ ਪੜ੍ਹਾਈ ਲਿਖਾਈ ਲਈ ਉਚੇਚੇ ਯਤਨ ਕੀਤੇ।

### 1.1.5 **ਗੁਰੂ ਅਮਰਦਾਸ** (1479–1574 **ਈ.**)

ਗੁਰੂ ਅਮਰਦਾਸ ਜੀ ਤੀਜੇ ਸਿੱਖ ਗੁਰੂ ਸਨ। ਇਨ੍ਹਾਂ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਬਾਸਰਕੇ ਵਿਚ ਪਿਤਾ ਤੇਜਭਾਨ ਦੇ ਘਰ ਮਾਤਾ ਲੱਖੋ ਦੀ ਕੁੱਖੋਂ ਹੋਇਆ। ਗੁਰੂ ਅੰਗਦ ਦੇਵ ਜੀ ਦੇ ਸੰਪਰਕ ਵਿਚ ਆਉਣ ਤੋਂ ਪਹਿਲੋਂ ਆਪ ਵੈਸ਼ਨੋ ਮੱਤ ਦੇ ਅਨੁਯਾਈ ਸਨ। ਆਪਣੀ ਬਾਣੀ ਰਚਣ ਤੋਂ ਇਲਾਵਾ ਇਨ੍ਹਾਂ ਦੇ ਦੋ ਹੋਰ ਬੜੇ ਮਹੱਤਵਪੂਰਨ ਕੰਮ ਹਨ। ਸਿੱਖ ਲਹਿਰ ਦੇ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਇਸਦਾ ਸੰਚਾਲਨ ਸੁਚਾਰੂ ਢੰਗ ਨਾਲ ਕਰਨ ਲਈ ਆਪ ਨੇ ਸਾਰੇ ਸਿੱਖ ਜਗਤ ਨੂੰ ਬਾਈ ਖੇਤਰਾਂ ਵਿਚ ਵੰਡ ਦਿੱਤਾ ਅਤੇ ਉਨ੍ਹਾਂ ਦੀ ਨਿਗਰਾਨੀ ਜਾਂ ਸੇਵਾ ਸੰਭਾਲ ਲਈ ਆਪਣੇ ਭਰੋਸੇ ਦੇ ਬੰਦਿਆਂ ਨੂੰ ਨਿਯੁਕਤ ਕੀਤਾ। ਸਿੱਖ ਇਤਿਹਾਸ ਵਿਚ ਇਹ ਕਰਮ ਬਾਈ ਮੰਜੀਆਂ ਦੇ ਨਾਂ ਨਾਲ ਪ੍ਰਸਿੱਧ ਹੈ। ਦੂਜਾ ਮਹੱਤਵਪੂਰਨ ਕੰਮ ਪੂਰਬਕਾਲੀ ਅਤੇ ਆਪਣੀ ਬਾਣੀ ਨੂੰ ਰਲਿਆਂ ਤੋਂ ਨਿਖੇੜਨ ਲਈ ਇਸ ਦਾ ਸੰਕਲਨ ਕਰਨਾ ਹੈ। ਬਾਣੀ ਪਰੰਪਰਾ ਵਿਚ ਕੱਚੀ ਬਾਣੀ ਦਾ ਵਿਚਾਰ ਗੁਰੂ ਅਮਰਦਾਸ ਜੀ ਦੇ ਵੇਲੇ ਹੀ ਉੱਠਿਆ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਤਿਆਰੀ ਵੇਲੇ ਇਸ ਸੰਕਲਿਤ ਬਾਣੀ ਤੋਂ ਸਹਾਇਤਾ ਲਈ ਸੀ।

ਗੁਰੂ ਅਮਰਦਾਸ ਜੀ ਨੇ ਸਮਾਜਕ ਕੁਰੀਤੀਆਂ ਦੇ ਸੁਧਾਰ ਵੱਲ ਉਚੇਚਾ ਧਿਆਨ ਦਿੱਤਾ। ਜਾਤ-ਪਾਤ ਦਾ ਖੰਡਨ ਤਾਂ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ, ਪਰ ਗੁਰੂ ਅਮਰਦਾਸ ਜੀ ਨੇ ਇਸ ਭਾਵ ਨੂੰ ਦ੍ਰਿੜ ਕਰਨ ਲਈ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਪਰੰਪਰਾ ਤੋਰੀ। ਰਵਾਇਤ ਹੈ ਕਿ ਜਦ ਗੋਇੰਦਵਾਲ ਵਿਖੇ ਅਕਬਰ ਬਾਦਸ਼ਾਹ ਗੁਰੂ-ਦਰਸ਼ਨ ਲਈ ਆਇਆ ਤਾਂ ਉਸਨੂੰ ਵੀ ਉਦੋਂ ਦਰਸ਼ਨ ਨਸੀਬ ਹੋਇਆ ਜਦੋਂ ਉਸਨੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ।

ਗੁਰੂ ਅਮਰਦਾਸ ਜੀ ਦੀ ਰਚੀ ਹੋਈ ਬਾਣੀ 18 ਰਾਗਾਂ ਵਿਚ ਮਿਲਦੀ ਹੈ ਜਿਸ ਵਿਚੋਂ ਪ੍ਰਮੁੱਖ ਰਚਨਾਵਾਂ ਹਨ : ਆਨੰਦ, ਪੱਟੀ, ਅਲਾਹੁਣੀਆਂ, ਵਾਰ ਸੱਤ ਅਤੇ ਚਾਰ ਵਾਰਾਂ। ਇਸ ਤੋਂ ਬਿਨਾਂ ਚਉਪਦੇ, ਅਸਟਪਦੀਆਂ, ਸੋਹਲੇ ਅਤੇ ਛੰਤ ਵੀ ਹਨ। ਆਨੰਦ ਸਾਹਿਬ ਆਪ ਦੀ ਸ੍ਰੇਸ਼ਟ ਅਤੇ ਪ੍ਰਤੀਨਿਧ ਰਚਨਾ ਹੈ। ਸਿੱਖ ਧਰਮ ਦੇ ਸਾਰੇ ਧਾਰਮਿਕ ਕਾਰਜਾਂ ਦੇ ਅਨੁਸ਼ਠਾਨਾਂ ਵਿਚ ਇਸ ਬਾਣੀ ਦਾ ਕੀਰਤਨ ਜਾਂ ਪਾਠ ਕੀਤਾ ਜਾਂਦਾ ਹੈ। ਭਾਵੇਂ ਗੁਰੂ ਅਮਰਦਾਸ ਜੀ ਦੀ ਵਿਚਾਰਧਾਰਾ ਦਾ ਮੂਲ ਆਧਾਰ ਗੁਰੂ ਨਾਨਕ ਦੀ ਅਧਿਆਤਮਿਕ ਵਿਚਾਰਧਾਰਾ ਹੈ ਜੋ ਆਪ ਨੂੰ ਵਿਰਸੇ ਵਿਚ ਪ੍ਰਾਪਤ ਹੋਈ, ਪਰ ਇਨ੍ਹਾਂ ਦੀ ਬਾਣੀ ਵਿਚ ਗੁਰੂ/ਸਤਿਗੁਰੂ ਅਤੇ ਸੇਵਾ ਦੀਆਂ ਥੀਮਿਕ ਇਕਾਈਆਂ ਨੂੰ ਪ੍ਰਮੁੱਖਤਾ ਹਾਸਲ ਹੈ।

ਗੁਰੂ ਅਮਰਦਾਸ ਜੀ ਵੇਲੇ ਇਸਤ੍ਰੀਆਂ ਦਾ ਆਪਣੇ ਪਤੀ ਦੀ ਮੌਤ ਉਪਰ ਉਸ ਨਾਲ ਹੀ ਸੜਨ ਮਰਨ ਦਾ ਰਿਵਾਜ ਸੀ ਜਿਸ ਨੂੰ ਸਤੀ ਦੀ ਰਸਮ ਕਿਹਾ ਜਾਂਦਾ ਸੀ। ਗੁਰੂ ਨਾਨਕ ਦਾ ਦਰ ਘਰ ਇਸਤਰੀ ਨੂੰ ਵਿਸ਼ੇਸ਼ ਮਹੱਤਵ ਦਿੰਦਾ ਹੈ, ਇਸ ਲਈ ਗੁਰੂ ਅਮਰਦਾਸ ਜੀ ਨੇ ਇਸਤਰੀ ਕਲਿਆਂਣ ਹਿਤ ਇਸ ਰਸਮ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਸਤੀ

ਨੂੰ ਮੁੜ ਪਰਿਭਾਸ਼ਤ ਕਰਦਿਆਂ ਕਿਹਾ ਕਿ ਸਤੀ ਉਹ ਨਹੀਂ ਜੋ ਪਤੀ  ਦੀ ਚਿਤਾ ਉਤੇ ਸੜ ਮਰੇ, ਸਗੋਂ ਅਸਲੀ ਸਤੀ ਉਹ ਹੈ ਜੋ ਉਸਦੀ ਯਾਦ ਵਿਚ ਸੰਤੋਖ ਧਾਰਣ ਕਰੇ ਅਤੇ ਆਪਣੇ ਪਰਿਵਾਰ ਦੇ ਉਥਾਨ ਵਿਚ ਉਸਦੀ ਸਹਾਇਤਾ ਕਰੇ :

ਸਤੀਆਂ ਏਹਿ ਨਾ ਆਖੀਅਨਿ ਜੋ ਮੜਿਆ ਲਾਗਿ ਜਲੰਨਿ।

ਨਾਨਕ ਸਤੀਆਂ ਜਾਣਅਿਨਿ ਕਿ ਬਿਰਹੇ ਚੋਟਿ ਮਰੰਨਿ ॥

...          ...          ...

ਭੀ ਸੋ ਸਤੀਆਂ ਜਾਣੀਅਨਿ ਸੀਲ ਸੰਤੋਖਿ ਰਹੰਨਿ।

ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ॥੨॥

### 1.1.6 **ਗੁਰੂ ਰਾਮਦਾਸ** (1534–1581**ਈ.**)

ਗੁਰੂ ਰਾਮਦਾਸ ਜੀ ਸਿੱਖ ਗੁਰੂ-ਪਰੰਪਰਾ ਵਿਚ ਚੌਥੇ ਗੱਦੀਦਾਰ ਹਨ। ਇਨ੍ਹਾਂ ਦਾ ਜਨਮ ਸੋਢੀ ਹਰਿਦਾਸ ਜੀ ਦੇ ਘਰ ਮਾਤਾ ਦਯਾ ਕੌਰ ਦੀ ਕੁੱਖੋਂ ਲਾਹੌਰ (ਪਾਕਿਸਤਾਨ) ਵਿਚ ਚੂਨਾ ਮੰਡੀ ਇਲਾਕੇ ਵਿਚ ਹੋਇਆ। ਇਨ੍ਹਾਂ ਦਾ ਪਹਿਲਾਂ ਨਾ ਭਾਈ ਜੇਠਾ ਸੀ। ਆਪ ਦੀ ਅਦੁੱਤੀ ਸੇਵਾ, ਨਿਮਰਤਾ ਅਤੇ ਧਾਰਮਿਕ ਸਾਧਨਾ ਵੇਖ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦੀ ਸ਼ਾਦੀ ਇਨ੍ਹਾਂ ਨਾਲ ਕਰ ਦਿੱਤੀ। ਗੁਰੂ ਰਾਮਦਾਸ ਜੀ ਦੇ ਜੀਵਨ ਕਾਲ ਦੀ ਸਭ ਤੋਂ ਪ੍ਰਮੁੱਖ ਘਟਨਾ ਅੰਮ੍ਰਿਤਸਰ ਸ਼ਹਿਰ ਵਸਾਉਣਾ ਹੈ। ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਆਪ ਨੇ ਕੁਝ ਪਿੰਡਾਂ ਦੀ ਜ਼ਮੀਨ ਖ਼ਰੀਦ ਕੇ 1574 ਈ. ਵਿਚ ਇਕ ਬਸਤੀ ਕਾਇਮ ਕੀਤੀ ਜਿਸਨੂੰ ਗੁਰੂ ਕਾ ਚੱਕ ਕਿਹਾ ਜਾਣ ਲੱਗਿਆ। ਇਥੇ ਹੀ ਇਕ ਸਰੋਵਰ ਬਣਵਾਇਆ। ਗੁਰੂ ਕਾ ਚੱਕ ਤੋਂ ਇਹ ਬਸਤੀ ਰਾਮਦਾਸਪੁਰ ਅਤੇ ਫਿਰ ਅੰਮ੍ਰਿਤਸਰ ਕਹਾਉਣ ਲੱਗੀ। ਹਰਿਮੰਦਰ ਸਾਹਿਬ, ਸਰੋਵਰ ਅਤੇ ਗੁਰੂ ਸਾਹਿਬਾਨ ਦੀ ਚਰਨ ਛੁਹ ਪ੍ਰਾਪਤ ਕਰਨ ਕਰਕੇ ਇਹ ਸ਼ਹਿਰ ਸਿੱਖ ਜਗਤ ਵਿਚ ਇਕ ਮਹਾਨ ਤੀਰਥ ਵਜੋਂ ਪ੍ਰਸਿੱਧ ਹੋਇਆ।

ਗੁਰੂ ਰਾਮਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ 31 ਰਾਗਾਂ ਵਿਚੋਂ 30 ਰਾਗਾਂ ਵਿਚ ਬਾਣੀ ਰਚੀ। ਇਸ ਬਾਣੀ ਵਿਚ ਚੌਪਦੇ, ਅਸਟਪਦੀਆਂ, ਛੰਤ, ਸੋਹਲੇ, ਸਲੋਕ, ਪਹਰੇ, ਵਣਜਾਰੇ ਅਤੇ ਕਰਹਲੇ ਤੋਂ ਬਿਨਾਂ ਅੱਠ ਵਾਰਾਂ ਸ਼ਾਮਲ ਹਨ। ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਵਿਚੋਂ ਅੱਠ ਕੇਵਲ ਗੁਰੂ ਰਾਮਦਾਸ ਜੀ ਦੀਆਂ ਹੀ ਹਨ। ਗੁਰੂ ਰਾਮਦਾਸ ਜੀ ਦੇ ਅਧਿਆਤਮਕ ਵਿਚਾਰਾਂ ਦਾ ਮੂਲ ਧੁਰਾ ਗੁਰੂ ਨਾਨਕ ਦਰਸ਼ਨ ਹੀ ਹੈ। ਮਿਸਾਲ ਵਜੋਂ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਇਕ ਅਤੇ ਕੇਵਲ ਇਕ ਹੋਣ ਦੀ ਗੱਲ ਕੀਤੀ ਹੈ ਤਾਂ ਗੁਰੂ ਰਾਮਦਾਸ ਜੀ ਵੀ ਇਸ ਤਰ੍ਹਾਂ ਫ਼ੁਰਮਾਉਂਦੇ ਹਨ :

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰ ਨਾ ਕੋਈ।

ਤੂੰ ਜੁਗ ਜੁਗ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ।

ਗੁਰੂ ਰਾਮਦਾਸ ਜੀ ਨੇ ਸਮਾਜ ਦੇ ਵਿਕਾਸ ਵਿਚ ਸੇਵਾ ਦੀ ਅਹਿਮੀਅਤ ਨੂੰ ਕਈ ਥਾਈਂ ਉਜਾਗਰ ਕੀਤਾ ਹੈ। ਗੁਰੂ ਅਮਰਦਾਸ ਜੀ ਆਪ ਕਿਉਂਕਿ ਸੇਵਾ ਦੇ ਪੁੰਜ ਸਨ, ਇਸ ਲਈ ਉਨ੍ਹਾਂ ਨੇ ਗੁਰੂ ਰਾਮਦਾਸ ਜੀ ਵਿਚਲੇ ਇਸ ਗੁਣ ਨੂੰ ਵੇਖ ਕੇ ਨ ਕੇਵਲ ਉਨ੍ਹਾਂ ਨੂੰ ਆਪਣਾ ਜਵਾਈ ਸਵੀਕਾਰ ਕੀਤਾ, ਸਗੋਂ ਆਪਣਾ ਉੱਤਰਾਧਿਕਾਰੀ ਵੀ ਥਾਪਿਆ।

ਗੁਰੂ ਰਾਮਦਾਸ ਜੀ ਦੀ ਬਾਣੀ ਦਾ ਆਧਾਰ ਵੀ ਬੱਸ਼ੱਕ ਗੁਰਮਤਿ ਕਾਵਿ ਪਰੰਪਰਾ ਦੀਆਂ ਕਾਵਿ-ਰੂੜ੍ਹੀਆਂ ਹੀ ਹਨ , ਪਰ ਕਿਧਰੇ ਕਿਧਰੇ ਮਾਤਰਾ ਜਾਂ ਗੁਣਾਂ ਕਰਕੇ ਫ਼ਰਕ ਵੀ ਹੈ। ਤੀਹਾਂ ਰਾਗਾਂ ਵਿਚ ਰਚੀ ਗਈ ਉਨ੍ਹਾਂ ਦੀ ਬਾਣੀ ਵਿਚ ਰਾਗਬੱਧਤਾ ਤਾਂ ਹੈ ਹੀ, ਲੋਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਉਨ੍ਹਾਂ ਬਾਕੀ ਗੁਰੂ ਸਾਹਿਬਾਨ ਨਾਲੋਂ ਜ਼ਿਆਦਾ ਕੀਤਾ ਹੈ। ਪਹਰੇ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ ਆਦਿ ਦੀ ਵਰਤੋਂ ਕਰਕੇ ਲੋਕ ਦਾ ਪਰਲੋਕ ਨਾਲ ਨਾਤਾ ਜੋੜਿਆ ਹੈ। ਗੁਰੂ ਰਾਮਦਾਸ ਜੀ ਨੇ ਕਈ ਥਾਵਾਂ ਤੇ ਸ਼ਬਦਾਂ ਦੇ ਦੁਹਰਾਉ ਨਾਲ ਅਜੇਹੀ ਲੈਅ ਪੈਦਾ ਕੀਤੀ ਹੈ ਕਿ ਸਾਰਾ ਪਦ ਹੀ ਇਕ ਲੈਆਤਮਕ ਇਕਾਈ ਬਣ ਨਿਬੜਦਾ ਹੈ। ਕਿਧਰੇ ਕਿਧਰੇ ਇਕ ਹੀ ਧੁਨੀ ਨਾਲ ਸ਼ੁਰੂ ਹੋਣ ਵਾਲੇ ਸ਼ਬਦਾਂ ਦੀ ਜੜਤ ਅਜੇਹੇ ਢੰਗ ਨਾਲ ਕੀਤੀ ਹੋਈ ਹੈ ਕਿ ਉਥੇ ਅਨੁਪ੍ਰਾਸ ਅਲੰਕਾਰ ਦੀ ਸਿਰਜਣਾ ਹੋਣ ਦੇ ਨਾਲ ਉਹ ਸਤਰ ਮੁਜੱਸਮ ਸੰਗੀਤ ਹੀ ਬਣ ਗਈ ਹੈ, ਜਿਵੇਂ :

ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ।

ਸਲਾਹੀ ਸਚੁ ਸਲਾਹਣਾ ਸਚੁ ਸਚੁ ਪੁਰਖ ਨਿਰਾਲੇ।

### 1.1.7 ਗੁਰੂ ਅਰਜਨ ਦੇਵ (1563–1606ਈ.)

ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ ਜੀ ਸਨ। ਆਪ ਦਾ ਜਨਮ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਦੀ ਕੁੱਖੋਂ ਗੋਇੰਦਵਾਲ ਵਿਖੇ ਹੋਇਆ। ਗੁਰੂ ਅਮਰਦਾਸ ਜੀ ਦੇ ਦੋਹਤਰੇ ਹੋਣ ਕਰਕੇ ਇਨ੍ਹਾਂ ਦੀ ਪਰਵਰਿਸ਼ ਉਨ੍ਹਾਂ ਦੀ ਦੇਖ ਰੇਖ ਹੇਠ ਹੋਈ। ਹਰਿਮੰਦਰ ਸਾਹਿਬ ਜੇਹੇ ਅਦੁੱਤੀ ਅਤੇ ਕੁਝ ਹੋਰ ਤੀਰਥ ਅਸਥਾਨਾਂ ਦੀ ਉਸਾਰੀ ਤੋਂ ਬਿਨਾਂ ਆਪ ਦੇ ਜੀਵਨ ਦੀਆਂ ਦੋ ਘਟਨਾਵਾਂ ਅਜੇਹੀਆਂ ਹਨ ਜਿਹੜੀਆਂ ਇਤਿਹਾਸ ਵਿਚ ਹਮੇਸ਼ਾ ਯਾਦ ਰੱਖੀਆਂ ਜਾਣਗੀਆਂ। ਪਹਿਲੀ ਹੈ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਦੂਜੀ ਹੈ ਉਨ੍ਹਾਂ ਦੀ ਅਦੁੱਤੀ ਸ਼ਹੀਦੀ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਇਨ੍ਹਾਂ ਨੇ ਜਿੱਥੇ ਪ੍ਰਮਾਣਿਕ ਬਾਣੀ ਨੂੰ ਕੱਚੀ ਬਾਣੀ ਨਾਲੋਂ ਹਮੇਸ਼ਾਂ ਲਈ ਨਿਖੇੜ ਲਿਆ, ਉਥੇ ਇਹ ਗ੍ਰੰਥ ਸਿੱਖ ਪੰਥ ਨੂੰ ਇਕ ਨਿਵੇਕਲਾ ਧਰਮ ਦੇ ਤੌਰ 'ਤੇ ਸਥਾਪਿਤ ਕਰਨ ਵਿਚ ਵੀ ਸਹਾਈ ਹੋਇਆ। ਇਸ ਗ੍ਰੰਥ ਵਿਚ ਗੁਰੂ ਸਾਹਿਬਾਨ, ਸੰਤਾਂ ਭਗਤਾਂ, ਸੂਫ਼ੀ ਫ਼ਕੀਰਾਂ ਅਤੇ ਭੱਟਾਂ ਆਦਿ ਦੀ ਰਚਨਾ ਦਰਜ ਹੈ ਜਿਹੜੀ ਗੁਰਮਤਿ ਦੇ ਆਸ਼ੇ ਅਨੁਕੂਲ ਸੀ। ਇਸ ਤਰ੍ਹਾਂ ਇਹ ਗ੍ਰੰਥ ਸਰਬ ਸਾਂਝਾ ਹੋਣ ਦੇ ਨਾਲ-ਨਾਲ ਉਸ ਵੇਲੇ ਦਾ ਇਕ ਪ੍ਰਤਿਨਿਧ ਕਾਵਿ ਸੰਕਲਨ ਵੀ ਹੈ ਜਿਸ ਦੀ ਆਪਣੀ

ਧਾਰਮਿਕ, ਸਾਹਿਤਕ ਅਤੇ ਸਭਿਆਚਾਰਕ ਅਹਿਮੀਅਤ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਪੰਜਾਬ ਦੇ ਇਤਿਹਾਸ ਉਪਰ ਜੋ ਪ੍ਰਭਾਵ ਪਾਇਆ ਉਹ ਸਰਬ ਵਿਖਿਆਤ ਤੱਥ ਹੈ।

ਗੁਰੂ ਅਰਜਨ ਦੇਵ ਜੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀਕਾਰਾਂ ਵਿਚੋਂ ਸਭ ਨਾਲੋਂ ਵੱਡ-ਆਕਾਰੀ ਹਨ। ਤੀਹਾਂ ਰਾਗਾਂ ਵਿਚ ਪੱਸਰੀਆਂ ਇਨ੍ਹਾਂ ਦੀਆਂ ਰਚਨਾਵਾਂ ਨੂੰ ਚਾਰ ਭਾਗਾਂ ਵਿਚ ਵੰਡਿਆਂ ਜਾ ਸਕਦਾ ਹੈ। ਵੱਡੇ ਆਕਾਰ ਵਾਲੀਆਂ ਰਚਨਾਵਾਂ ਵਿਚ ਸੁਖਮਨੀ, ਬਾਵਨ ਅੱਖਰੀ, ਬਾਰਾਮਾਂਹ, ਥਿਤੀ ਅਤੇ ਰੁਤੀ ਆਦਿ ਰਚਨਾਵਾਂ ਆਉਂਦੀਆਂ ਹਨ। ਲਘੂ ਆਕਾਰ ਵਾਲੀਆਂ ਰਚਨਾਵਾਂ ਵਿਚ ਪਹਰੈ, ਦਿਨ ਰੈਣਿ, ਬਿਰਹੜੇ, ਗੁਣਵੰਤੀ ਅਤੇ ਅੰਜੁਲੀਆਂ ਹਨ। ਵਾਰਾਂ ਦੀ ਗਿਣਤੀ ਛੇ ਹੈ। ਮੁਕਤਕ ਛੰਦਾਂ ਵਿਚ ਪਦ, ਸਲੋਕ, ਗਾਥਾ, ਸੋਹਲੇ ਅਤੇ ਫੁਨਹੇ ਆਦਿ ਰਚਨਾਵਾਂ ਦੀ ਗਿਣਤੀ ਕੀਤੀ ਜਾ ਸਕਦੀ ਹੈ। ਗੁਰੂ ਅਰਜਨ ਦੇਵ ਜੀ ਆਪਣੇ ਅਧਿਆਤਮਕ ਚਿੰਤਨ ਲਈ ਪੂਰਬਲੀ ਗੁਰੂ ਪਰੰਪਰਾ ਦੇ ਅਨੁਸਾਰੀ ਹਨ। ਉਨ੍ਹਾਂ ਦੀ ਮੌਲਿਕਤਾ, ਅਧਿਆਤਮਕਤਾ ਦੀਆਂ ਕੁਝ ਨਵੀਆਂ ਦਿਸ਼ਾਵਾਂ ਜਾਂ ਉਨ੍ਹਾਂ ਦੇ ਵਿਸ਼ਲੇਸ਼ਣ ਵਿਚ ਵੇਖੀ ਜਾ ਸਕਦੀ ਹੈ। ਬ੍ਰਹਮ ਦਾ ਸਰੂਪ, ਸ੍ਰਿਸ਼ਟੀ ਰਚਨਾ, ਭਗਤੀ ਮਾਰਗ, ਮਨੁੱਖੀ ਆਚਰਣ ਆਦਿ ਸੰਬੰਧੀ ਗੁਰੂ ਅਰਜਨ ਦੇਵ ਜੀ ਦਾ ਅਧਿਆਤਮਕ ਚਿੰਤਨ ਗੁਰੂ ਨਾਨਕ ਚਿੰਤਨ ਦਾ ਹੀ ਵਿਕਸਿਤ ਅਤੇ ਵਿਸਤ੍ਰਿਤ ਰੂਪ ਹੈ। 'ਸੁਖਮਨੀ' ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਹੈ। ਸੰਖੇਪ ਵਿਚ ਕਹਿਣਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ 'ਸੁਖਮਨੀ' ਇਕ ਜਿਗਿਆਸੂ ਦੀ ਅਧਿਆਤਮਕ ਅਵਸਥਾ ਦੀਆਂ ਉਚਿਆਈਆਂ ਦਾ ਬੋਧ ਕਰਾਉਂਦੀ ਹੈ। ਪਰਮਾਤਮਾ ਦੀ ਕਿਰਪਾ ਨਾਲ ਜਿਗਿਆਸੂ ਮਾਇਆ ਦੇ ਬੰਧਨਾਂ ਨੂੰ ਕੱਟ ਕੇ ਨਾਮ ਸਿਮਰਨ ਵਿਚ ਲੀਨ ਹੁੰਦਾ ਹੈ। ਜੋ ਉਸਦੇ ਵਿਅਕਤਿਤਵ ਨੂੰ ਵਿਕਾਸ ਦੇ ਰਾਹ ਤੇ ਤੋਰਦਾ ਹੋਇਆ ਸਾਧ-ਸੰਤ, ਬ੍ਰਹਮ ਗਿਆਨੀ ਅਤੇ ਆਖਰ ਤੇ ਜੀਵਨ-ਮੁਕਤ ਅਵਸਥਾ ਤਕ ਲੈ ਜਾਂਦਾ ਹੈ। 'ਬਾਰਹਮਾਹ ਮਾਝ' ਗੁਰੂ ਅਰਜਨ ਦੇਵ ਜੀ ਸੀ ਦੂਜੀ ਪ੍ਰਮੁੱਖ ਰਚਨਾ ਹੈ ਜਿਸ ਦਾ ਮਹੱਤਵ ਅਧਿਆਤਮਕ ਹੋਣ ਦੇ ਨਾਲ ਨਾਲ ਸੰਸਥਾਗਤ ਵੀ ਹੈ। ਬਾਰਾਮਾਹ ਮਾਝ ਦੇ ਪਹਿਲੇ ਪਦੇ ਵਿਚ ਜੀਵਾਤਮਾ ਦਾ ਪਰਤਾਤਮਾ ਨਾਲੋਂ ਵਿਯੋਗ ਦਾ ਕਾਰਣ ਦੱਸ ਕੇ ਚੇਤਰ ਮਹੀਨੇ ਤੋਂ ਲੈ ਕੇ ਮਾਘ ਦੇ ਮਹੀਨੇ ਤਕ ਸਾਧਕ ਦੀ ਵਿਯੋਗ ਅਵਸਥਾ ਦਾ ਚਿਤ੍ਰਣ ਹੈ, ਜਦਕਿ ਫੱਗਣ ਦੇ ਮਹੀਨੇ ਵਿਚ ਸੰਜੋਗ ਦੀ ਪ੍ਰਾਪਤੀ ਦਾ ਸੁਖ ਹੈ। ਹਰ ਸੰਗਰਾਂਦ ਨੂੰ ਗੁਰਦੁਆਰਿਆਂ ਵਿਚ ਇਸ ਰਚਨਾ ਵਿਚੋਂ ਸੰਬੰਧਿਤ ਮਹੀਨੇ ਨਾਲ ਸੰਬੰਧਿਤ ਸ਼ਬਦ ਦਾ ਪਾਠ ਜਾਂ ਗਾਇਨ ਕੀਤਾ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਕਾਵਿ ਨਿਪੁੰਨਤਾ ਕਈਆਂ ਰੂਪਾਂ ਵਿਚ ਪ੍ਰਗਟ ਹੋਈ ਹੈ। ਇਸ ਦਾ ਇਕ ਪੱਖ ਕਾਵਿ-ਰੂਪਾਂ ਦੀ ਚੋਣ ਦਾ ਹੈ। ਉਦਾਹਰਣ ਵਜੋਂ ਵਿਯੋਗ ਜਾਂ ਬਿਰਹਾਂ ਲਈ ਕਾਵਿ ਰੂਪ, ਬਾਰਾਂਮਾਂਹ ਅਤੇ ਬਿਰਹੜੇ ਹਨ ਜਦ ਕਿ ਸੰਜੋਗ ਅਤੇ ਵੱਸਲ ਲਈ ਛੰਤ ਅਤੇ ਘੋੜੀਆਂ ਹਨ। ਕਰੁਣਾ ਭਾਵਨਾ ਦੀ ਅਭਿਵਿਅਕਤੀ  ਲਈ ਅਲਾਹੁਣੀਆਂ ਹਨ। ਫੁਨਹੇ ਦਾ ਅਰਥ ਬਾਰ-ਬਾਰ ਹੈ। ਇਸ ਬਾਣੀ ਵਿਚ ਕਈਆਂ ਸ਼ਬਦਾਂ ਨੂੰ ਦੁਹਰਾਅ ਕੇ ਸੰਗੀਤਕ ਸੁਹਜ ਵਿਚ ਹੋਰ ਵੀ ਵਾਧਾ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਸਚਮੁੱਚ ਬਾਣੀ ਦੇ ਬੋਹਿਥ ਸਨ।

### 1.1.8 ਭਾਈ ਗੁਰਦਾਸ

ਗੁਰਮਤਿ ਕਾਵਿ ਧਾਰਾ ਦੇ ਅਗਲੇ ਪ੍ਰਮੁੱਖ ਕਵੀ ਭਾਈ ਗੁਰਦਾਸ ਜੀ ਹਨ। ਭਾਈ ਗੁਰਦਾਸ ਦਾ ਜਨਮ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਆਪ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ। ਬਚਪਨ ਤੋਂ ਹੀ ਇਨ੍ਹਾਂ ਦਾ ਸੰਬੰਧ ਗੁਰੂ ਘਰ ਨਾਲ ਰਿਹਾ। ਗੁਰੂ ਅਮਰਦਾਸ, ਗੁਰੂ ਅਰਜਨ ਦੇਵ, ਗੁਰੂ ਰਾਮਦਾਸ ਜੀ ਦੇ ਨਾ ਕੇਵਲ ਆਪ ਸਮਕਾਲੀ ਹੀ ਸਨ, ਸਗੋਂ ਗੁਰੂ ਘਰ ਦੇ ਪ੍ਰਬੰਧਕੀ, ਧਾਰਮਿਕ ਅਤੇ ਹੋਰ ਮਾਮਲਿਆਂ ਵਿਚ ਵੀ ਆਪ ਪੇਸ਼ ਸਨ। ਗੁਰੂ ਘਰ ਦੇ ਨਿਕਟਵਰਤੀ ਹੋਣ ਕਰਕੇ ਗੁਰਮਤਿ ਦੇ ਸਭ ਪੱਖਾਂ ਤੋਂ ਭਲੀ ਪ੍ਰਕਾਰ ਜਾਣੂ ਸਨ। ਇਸੇ ਲਈ ਜਦ ਗੁਰੂ ਅਰਜਨ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ ਤਾਂ ਪਹਿਲੀ ਬੀੜ ਆਪ ਦੇ ਹੱਥੀਂ ਲਿਖਵਾਈ।

ਭਾਈ ਗੁਰਦਾਸ ਜੀ ਤਿੰਨਾਂ ਭਾਸ਼ਾਵਾਂ ਵਿਚ ਕਾਵਿ ਰਚਨਾ ਮਿਲਦੀ ਹੈ : ਸੰਸਕ੍ਰਿਤ, ਬ੍ਰਜ ਭਾਸ਼ਾ ਅਤੇ ਪੰਜਾਬੀ। ਸੰਸਕ੍ਰਿਤ ਵਿਚ ਸਲੋਕਾਂ ਦੀ ਗਿਣਤੀ ਛੇ ਹੈ। ਪੰਜਾਬੀ ਵਿਚ 39 ਵਾਰਾਂ ਹਨ ਅਤੇ ਬ੍ਰਜ ਭਾਸ਼ਾ ਵਿਚ ਛੇ ਸੌ ਤੋਂ ਉਪਰ ਕਬਿੱਤ-ਸਵੱਈਏ ਹਨ। ਸਿੱਖ ਸਮਾਜ ਵਿਚ ਰਵਾਇਤ ਚਲਦੀ ਹੈ ਕਿ ਗੁਰੂ ਅਰਜਨ ਦੇਵ ਜੀ ਜਦ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨ ਲੱਗੇ ਤਾਂ ਆਪ ਨੇ ਬੜੀ ਨਿਰਮਾਣਤਾ ਨਾਲ ਜੁਆਬ ਦਿੱਤਾ ਕਿ ਅਜੇਹਾ ਕਰਕੇ ਉਹ ਗੁਰੂ ਸਾਹਿਬ ਦੀ ਬਰਾਬਰੀ ਨਹੀਂ ਕਰਨਾ ਚਾਹੁੰਦੇ। ਇਸ ਤੇ ਗੁਰੂ ਜੀ ਨੇ ਭਾਈ ਗੁਰਦਾਸ ਦੀਆਂ ਵਾਰਾਂ ਨੂੰ 'ਗੁਰੂ ਗ੍ਰੰਥ ਸਾਹਿਬ ਦੀ ਕੁੰਜੀ' ਕਹਿ ਕੇ ਸਨਮਾਨਿਆ। ਇਸ ਦਾ ਅਰਥ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਆਏ ਲਗਭਗ ਸਾਰੇ ਸੰਕਲਪਾਂ ਦੀ ਵਿਆਖਿਆ ਭਾਈ ਜੀ ਨੇ ਆਪਣੀਆਂ ਵਾਰਾਂ ਵਿਚ ਗੁਰਬਾਣੀ ਨਾਲੋਂ ਵਧੇਰੇ ਸਰਲ, ਠੇਠ ਅਤੇ ਸਾਦਾ ਬੋਲੀ ਵਿਚ ਕੀਤੀ ਹੈ।

ਪੰਜਾਬੀ ਵਿਚ ਲਿਖੀਆਂ ਗਈਆਂ ਭਾਈ ਗੁਰਦਾਸ ਦੀਆਂ 39 ਵਾਰਾਂ ਨੂੰ ਮੋਟੇ ਰੂਪ ਵਿਚ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਵਰਗ ਹੈ ਗੁਰ-ਇਤਿਹਾਸ ਅਤੇ ਸਿਖ ਇਤਿਹਾਸ ਨਾਲ ਸੰਬੰਧਿਤ ਵਾਰਾਂ ਦਾ ਅਤੇ ਦੂਜੇ ਵਰਗ ਵਿਚ ਉਹ ਵਾਰਾਂ ਆਉਂਦੀਆਂ ਹਨ ਜੋ ਗੁਰਮਤਿ ਦੇ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ ਨਾਲ ਸੰਬੰਧਿਤ ਹਨ। ਭਾਈ ਜੀ ਦੀ ਪਹਿਲੀ ਵਾਰ ਨੂੰ ਗੁਰੂ ਨਾਨਕ ਦੀ ਵਾਰ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਪ੍ਰਧਾਨਤਾ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਘਟਨਾਵਾਂ ਨੂੰ ਕਾਨੀਬੱਧ ਕਰਨ ਵਿਚ ਹੈ। ਇਸ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਨੂੰ ਪੂਰਬਕਾਲੀ ਅਤੇ ਤਤਕਾਲੀ ਪਿਛੋਕੜ ਵਿਚ ਰੱਖਕੇ ਦ੍ਰਿੜ੍ਹ ਕੀਤਾ ਗਿਆ ਹੈ। ਇਸ ਵਾਰ ਵਿਚ ਤਤਕਾਲੀ ਧਾਰਮਿਕ ਅਤੇ ਸਮਾਜਿਕ ਵਰਤਾਰੇ ਨੂੰ ਵੀ ਬੜੀ ਖੂਬੀ ਨਾਲ ਉਘਾੜਿਆ ਗਿਆ ਹੈ :

ਚਾਰਿ ਵਰਨ ਚਾਰਿ ਮਜਹਬਾਂ ਜਗ ਵਿਚ ਹਿੰਦੂ ਮੁਸਲਮਾਣੇ।

ਖੁਦੀ ਬਖੀਲ ਤਕਬਰੀ ਖਿਚੋਤਾਣ ਕਰੇਨਿ ਧਿਙਾਣੇ।

ਗੰਗ ਬਨਾਰਸਿ ਹਿੰਦੂਆਂ ਮੱਕਾ ਕਾਬਾ ਮੁਸਲਮਾਣੇ।

ਸੁੰਨਤਿ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੁਭਾਣੇ।

ਰਾਮ ਰਹੀਮ ਕਹਾਇਦੇ ਇਕ ਨਾਮੁ ਦੁਇ ਰਾਹ ਭੁਲਾਣੇ।

ਬੇਦ ਕਤੇਬ ਭੁਲਾਇਕੇ ਮੋਹੈ ਲਾਲਚ ਦੁਨੀ ਸੈਤਾਣੇ।

ਸਚ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਣੇ।

ਸਿਰੋ ਨ ਮਿਟੈ ਆਵਣ ਜਾਣੈ।

ਵਾਰਾਂ ਦੇ ਦੂਜੇ ਵਰਗ ਵਿਚ ਗੁਰਮਤਿ ਵਿਚਾਰਧਾਰਾ ਦੇ ਦਾਰਸ਼ਨਿਕ ਤੱਤਾਂ ਦੀ ਵਿਆਖਿਆਂ ਹੈ। ਇਸ ਵਿਚ ਗੁਰੂ ਤੇ ਸੰਗਤ ਦੀ ਮਹਾਨਤਾ, ਸਿੱਖ ਦਾ ਅਦਰਸ਼ਕ ਆਚਰਣ, ਸੰਸਾਰ ਦੀ ਉਤਪਤੀ, ਗੁਰਮੁਖ ਤੇ ਮਨਮੁਖ ਦੀ ਪਛਾਣ ਅਤੇ ਸਿੱਖੀ ਦੀ ਵਿਸ਼ੇਸ਼ਤਾ ਆਦਿ ਪੱਖ ਆ ਜਾਂਦੇ ਹਨ। ਪੰਜਾਬੀ ਸਾਹਿਤ ਨੂੰ ਭਾਈ ਗੁਰਦਾਸ ਦੀ ਵਿਸ਼ੇਸ਼ ਦੇਣ ਉਨ੍ਹਾਂ ਦੀਆਂ ਵਾਰਾਂ ਦੇ ਕਲਾਤਮਕ ਮਹੱਤਵ ਵਿਚ ਹੈ। ਜਿਥੇ ਦਾਰਸ਼ਨਿਕ ਅਤੇ ਅਧਿਆਤਮਕ ਵਿਸ਼ਿਆਂ ਨੂੰ ਉਨ੍ਹਾਂ ਆਪ ਬਾਰੀਕੀ ਵਿਚ ਸਮਝਿਆ ਹੈ, ਉਥੇ ਉਨ੍ਹਾਂ ਨੂੰ ਬੜੇ ਕਲਾਤਮਕ ਤਰੀਕੇ ਨਾਲ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਭਾਈ ਗੁਰਦਾਸ ਦੀਆਂ ਕਲਾਤਮਕ ਵਿਸ਼ੇਸ਼ਤਾਈਆਂ ਵਿਚ ਪੌਰਾਣਿਕ ਸੰਕੇਤ, ਲੋਕ ਸਿਆਣਪ, ਲੋਕ ਪ੍ਰਸੰਗ, ਬਿੰਬ, ਅਲੰਕਾਰ (ਰੂਪਕ, ਉਪਮਾਂ, ਦ੍ਰਿਸ਼ਟਾਂਤ ਆਦਿ), ਹਾਸ ਵਿਅੰਗ ਅਤੇ ਮੁਹਾਵਰੇਦਾਰ ਬੋਲੀ ਹੈ। ਇਨ੍ਹਾਂ ਜੁਗਤਾਂ ਨੇ ਇਨ੍ਹਾਂ ਵਾਰਾਂ ਵਿਚ ਏਨੀ ਤੀਬਰ ਲੋਕ-ਅਪੀਲ ਅਤੇ ਸੰਚਾਰਯੋਗਤਾ ਪੈਦਾ ਕਰ ਦਿੱਤੀ ਹੈ ਕਿ ਸਾਧਾਰਣ ਤੋਂ ਸਾਧਾਰਣ ਪਾਠਕ ਵੀ ਵਿਚਾਰ ਨੂੰ ਸਹਿਜੇ ਹੀ ਗ੍ਰਹਿਣ ਕਰ ਲੈਂਦਾ ਹੈ। ਕਈ ਵਾਰੀ ਤਾਂ ਇਕ ਹੀ ਪਉੜੀ ਵਿਚ ਇਕ ਤੱਥ ਦੀ ਪੁਸ਼ਟੀ ਲਈ ਕਈ ਅਜੇਹੀਆਂ ਭਿੰਨ-ਭਿੰਨ ਮਿਸਾਲਾਂ ਦਿੰਦੇ ਹਨ ਕਿ ਇਛਿੱਤ ਅਰਥ ਜਾਨਣ ਦਾ ਕੋਈ ਮਸਲਾ ਹੀ ਬਾਕੀ ਨਹੀਂ ਰਹਿ ਜਾਂਦਾ, ਜਿਵੇਂ ਕਿ ਹੇਠ ਲਿਖੀ ਉਦਾਹਰਣ ਤੋਂ ਸਪੱਸ਼ਟ ਹੈ :

ਗਿੱਦੜ ਦਾਖ ਨ ਅਪੜੇ ਆਖੇ ਥੂ ਕਾਉੜੀ।

ਨਚਣਿ ਨਚ ਨ ਆਵਈ ਆਖੇ ਭੁਇ ਸਉੜੀ।

ਬੋਲੇ ਅਗੈ ਗਾਵੀਐ ਭੈਰਉ ਸੋ ਗਉੜੀ।

ਹੰਸਾ ਨਾਲ ਟਟੀਹਰੀ ਕਿਉਂ ਪਹੁੰਚੈ ਦਉੜੀ।

ਸਾਵਣ ਵਣ ਹਰੀਆਵਲੇ ਅੱਕੇ ਜੰਮੇ ਅਉੜੀ।

ਬੇਮੁੱਖ ਸੁਖ ਨਾ ਦੇਖਈ ਜਿਉ ਛੁੱਟੜ ਛਉੜੀ।

### 1.1.9 **ਗੁਰੂ ਤੇਗ ਬਹਾਦਰ** (1621–1675 **ਈ.**)

ਗੁਰੂ ਤੇਗ ਬਹਾਦਰ ਜੀ ਸਿੱਖ ਧਰਮ-ਅੰਦੋਲਨ ਵਿਚ ਨੌਵੇਂ ਗੁਰੂ ਹਨ। ਆਪ ਦਾ ਜਨਮ ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਦੀ ਕੁੱਖੋਂ ਹੋਇਆ। ਗੁਰੂ ਅਰਜਨ ਦੇਵ ਜੀ ਤੋਂ ਮਗਰੋਂ ਤਿੰਨ ਗੁਰੂ ਸਾਹਿਬਾਨ ਨੇ ਬਾਣੀ ਨਹੀਂ ਰਚੀ, ਪਰ ਨੌਵੇਂ ਗੁਰੂ ਜੀ ਦੇ ਸ਼ਬਦਾਂ ਅਤੇ ਸਲੋਕਾਂ ਨਾਲ ਗੁਰਮਤਿ ਕਾਵਿ ਧਾਰਾ ਵਿਚ ਫਿਰ ਤੇਜ਼ੀ ਆਈ। ਬੇਸ਼ੱਕ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਪਹਿਲਾਂ ਹੋ ਚੁੱਕੀ ਸੀ ਪਰ ਸਿੱਖ ਧਾਰਮਿਕ ਰਵਾਇਤ ਅਨੁਸਾਰ ਇਹ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਤਿਆਰ ਹੋਈ ਬੀੜ ਵਿਚ ਦਰਜ ਕੀਤੀ ਗਈ। ਗੁਰੂ ਤੇਗ ਬਹਾਦਰ ਜੀ ਦੇ ਗੁਰੂ ਗ੍ਰੰਥ ਸਾਹਿਬ ਵਿਚ ਪੰਦਰਾਂ ਰਾਗਾਂ ਵਿਚ 59 ਸ਼ਬਦ ਅਤੇ 57 ਸਲੋਕ ਦਰਜ ਹਨ।

ਸਮੁੱਚੇ ਰੂਪ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪਹਿਲਾਂ ਨਿਸ਼ਚਿਤ ਹੋ ਚੁੱਕੇ ਸੰਕਲਪਾਂ ਅਤੇ ਵਿਚਾਰਾਂ ਦਾ ਹੀ ਵਿਸਤਾਰ ਕਰਦੀ ਹੈ, ਪਰ ਦੋ ਥੀਮਿਕ ਇਕਾਈਆਂ ਉਪਰ ਇਸ ਵਿਚ ਵਧੇਰੇ ਬਲ ਦਿੱਤਾ ਗਿਆ ਹੈ। ਪਹਿਲੀ ਹੈ ਵੈਰਾਗ ਭਾਵਨਾ ਅਤੇ ਦੂਜੀ ਹੈ ਭਗਤੀ ਭਾਵਨਾ। ਆਮ ਵਿਚਾਰ ਇਹ ਹੈ ਕਿ ਗੁਰੂ ਜੀ ਨੇ ਸਾਰੀ ਕਾਵਿ ਰਚਨਾ ਪਰ ਵਿਸ਼ੇਸ਼ ਕਰਕੇ 57 ਸਲੋਕ ਉਨ੍ਹਾਂ ਨੇ ਔਰੰਗਜ਼ੇਬ ਦੇ ਬੰਦੀਖਾਨੇ ਵਿਚ ਰਹਿੰਦਿਆਂ ਉਚਾਰੇ ਸਨ, ਇਸ ਲਈ ਇਨ੍ਹਾਂ ਵਿਚ ਸੰਸਾਰ ਦੀ ਅਸਥਿਰਤਾ, ਨਾਸ਼ਮਾਨਤਾ ਅਤੇ ਵੈਰਾਗ ਵਧੇਰੇ ਹੈ। ਨਾਸ਼ਮਾਨ ਜਗਤ ਦੇ ਪ੍ਰਸੰਗ ਵਿਚ ਮਨੁੱਖ ਦੀ ਮਿਟ ਜਾਣ ਦੀ ਹੋਣੀ ਦੇ ਤ੍ਰਾਸਦ ਪੱਖ ਨੂੰ ਵਿਸ਼ੇਸ਼ ਰੂਪ ਵਿਚ ਉਘਾੜਿਆਂ ਗਿਆ ਹੈ। ਨਾਸ਼ਮਾਨ ਜਗਤ ਵਿਚ ਪ੍ਰਾਣੀ ਨੂੰ ਅਮਰਤਾ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਉਸਦਾ ਅਧਿਆਤਮਕ ਅਤੇ ਨੈਤਿਕ ਜੀਵਨ ਉੱਚਾ ਤੇ ਸੁੱਚਾ ਹੋਵੇ। ਗੁਰੂ ਤੇਗ ਬਹਾਦਰ ਜੀ ਅਨੁਸਾਰ ਸੰਸਾਰਕ ਪ੍ਰਪੰਚ ਵਿਚ ਗ੍ਰਸਿਤ ਰਹਿਣ ਦਾ ਸਭ ਤੋਂ ਵੱਡਾ ਕਾਰਣ ਮਨ ਦੀ ਚੰਚਲਤਾ ਹੈ। ਮਨ ਪੰਜ ਵਿਕਾਰਾਂ ਦਾ ਮੂਲ ਹੈ। ਇਸੇ ਲਈ ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਸਭ ਤੋਂ ਵੱਧ ਸੰਬੋਧਨ ਮਨ ਪ੍ਰਤਿ ਹੀ ਹਨ , ਜਿਵੇਂ :

ਚਿੰਤਾ ਤਾ ਕੀ ਕੀਜੀਐ, ਜੋ ਅਨਹੋਨੀ ਹੋਇ।

ਇਹੁ ਮਾਰਗੁ ਸੰਸਾਰ ਕੋ, ਨਾਨਕ ਥਿਰ ਨਹੀਂ ਕੋਇ।

... ... ...

ਸੁਖ ਮੈ ਬਹੁ ਸੰਗੀ ਭਏ, ਦੁਖ ਮੈ ਸੰਗੁ ਨਾ ਕੋਇ।

ਕਹੁ ਨਾਨਕ ਹਰਿ ਭਜੁ ਮਨਾ, ਅੰਤਿ ਸਹਾਈ ਹੋਇ।

... ... ...

ਜਿਉ ਸੁਪਨਾ ਅਰ ਪੇਖਨਾ ਐਸੇ ਜਗ ਕਉ ਜਾਨਿ।

ਇਨ ਮੈਂ ਕਛੁ ਸਾਚੋ ਨਹੀਂ, ਨਾਨਕ ਬਿਨ ਭਗਵਾਨ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਆਪਣੀਆਂ ਕਲਾਤਮਕ ਵਿਸ਼ੇਸ਼ਤਾਈਆਂ ਸਦਕਾਂ ਪਾਠਕਾਂ ਦਾ ਵਿਸ਼ੇਸ਼ ਤੌਰ 'ਤੇ ਧਿਆਨ ਖਿੱਚਦੀ ਹੈ। ਵਿਚਾਰਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰਿਤ ਕਰਨ ਲਈ ਗੁਰੂ ਜੀ ਨੇ ਬਿੰਬ, ਪ੍ਰਤੀਕ, ਅਲੰਕਾਰ ਅਤੇ ਸੰਕੇਤ ਵਰਤੇ ਹਨ ਕਿ ਪਾਠਕ ਪੜ੍ਹਦਿਆਂ ਸਾਰ ਹੀ ਰਚਨਾ ਵਿਚਲਾ ਭਾਵ ਸਮਝ ਲੈਂਦਾ ਹੈ। ਉਦਾਹਰਣ ਲਈ ਸੰਸਾਰ ਦੀ ਨਾਸ਼ਮਾਨਤਾ ਨੂੰ ਦ੍ਰਿੜ੍ਹ ਕਰਨ ਲਈ ਬਾਦਰ ਕੀ ਛਾਈ, ਬਾਲੂ ਕੀ ਭੀਤ, ਬੁਲਬੁਲੇ ਦੇ ਉਪਜਣ ਬਿਨਸਣ ਦੀ ਕ੍ਰਿਆ ਆਦਿ ਅਲੰਕਾਰਾਂ ਦੁਆਰਾ ਸੁਸੱਜਿਤ ਕੀਤਾ ਗਿਆ ਹੈ ਕਿਉਂਕਿ ਇਨ੍ਹਾਂ ਚੀਜ਼ਾਂ ਦੀ ਛਿੰਨਭੰਗਰਤਾ ਤੋਂ ਹਰ ਕੋਈ ਜਾਣੂ ਹੈ। ਅਰਥਹੀਣ ਅਤੇ ਨਿਸਫਲ ਕਾਰਜ ਨੂੰ ਹਾਥੀ ਦੇ ਨਹਾਉਣ ਨਾਲ ਤੁਲਨਾਇਆ ਗਿਆ ਹੈ :

ਤੀਰਥ ਬਰਤ ਅਰੁ ਦਾਨ ਕਰਿ ਮਨ ਮੈਂ ਧਰੇ ਗੁਮਾਨੁ।

ਨਾਨਕ ਨਿਹਫਲ ਜਾਤ ਤਿਹ ਜਿਉ ਕੰਚੁਰ ਇਸਨਾਨ।

ਗੁਰੂ ਤੇਗ ਜੀ ਦੀ ਕਾਵਿ ਭਾਸ਼ਾ ਪੰਜਾਬੀ ਨਾਲੋਂ ਬ੍ਰਜ ਭਾਸ਼ਾ ਦੇ ਵਧੇਰੇ ਨੇੜੇ ਹੈ। ਇਹ ਸ਼ਾਇਦ ਗੁਰੂ ਜੀ ਦੇ ਦੇਸ਼ ਰਟਨ ਅਤੇ ਸਿੱਖ ਅਨੁਯਾਈਆਂ ਦਾ ਘੇਰਾ ਪੰਜਾਬ ਤੋਂ ਬਾਹਰ ਫੈਲਣ ਕਰਕੇ ਹੈ, ਪਰ ਇਹ ਏਹੋ ਜੇਹੀ ਵੀ ਗੂੜ੍ਹੀ ਨਹੀਂ ਪੰਜਾਬੀ ਪਾਠਕ ਨੂੰ ਸਮਝ ਨ ਪਵੇ, ਸਗੋਂ ਇਹ ਬਹੁਤ ਹੱਦ ਤਕ ਪ੍ਰਚਲਿਤ ਗੁਰਬਾਣੀ ਦੀ ਕਾਵਿ ਭਾਸ਼ਾ ਦੇ ਅਨੁਕੂਲ ਹੀ ਹੈ।

### 1.1.10 **ਗੁਰੂ ਗੋਬਿੰਦ ਸਿੰਘ** (1666-1708**ਈ.**)

ਗੁਰਮਤਿ ਕਾਵਿ ਧਾਰਾ ਵਿਚ ਗੁਰੂ ਗੋਬਿੰਦ ਸਿੰਘ ਜੀ ਅਖੀਰਲੇ ਗੁਰੂ ਕਵੀ ਹਨ। ਇਨ੍ਹਾਂ ਦਾ ਜਨਮ ਗੁਰੂ ਤੇਗ ਬਹਾਦਰ ਦੇ ਘਰ ਮਾਤਾ ਗੁਜਰੀ ਦੀ ਕੁੱਖੋਂ ਬਿਹਾਰ ਪ੍ਰਾਂਤ ਦੇ ਇਕ ਨਗਰ ਪਟਨਾ ਸਾਹਿਬ ਵਿਖੇ ਹੋਇਆ। ਗੁਰੂ ਜੀ ਦਾ ਸਾਰਾ ਜੀਵਨ ਕਾਲ ਭਰਪੂਰ ਸੰਘਰਸ਼ ਦੀ ਅਨੂਠੀ ਗਾਥਾ ਹੈ। ਪਿਤਾ ਗੁਰੂ ਤੇਗ ਬਹਾਦਰ ਜੀ ਨੇ ਧਰਮ ਰੱਖਿਆ ਲਈ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤਾ ਸਮਾਂ ਪਹਾੜੀ ਰਾਜਿਆਂ ਅਤੇ ਮੁਗਲਾਂ ਦੀਆਂ ਫ਼ੌਜਾਂ ਨਾਲ ਟੱਕਰ ਲੈਂਦਿਆਂ ਬੀਤਿਆ। ਇਨ੍ਹਾਂ ਦੇ ਚਾਰ ਸਾਹਿਬਜ਼ਾਦੇ ਵੀ ਧਰਮ ਖਾਤਰ ਜੂਝਦੇ ਸ਼ਹੀਦ ਹੋਏ। ਗੁਰੂ ਗੋਬਿੰਦ ਸਿੰਘ ਜੀ ਦੁਆਰਾ 13 ਅਪ੍ਰੈਲ 1699 ਨੂੰ ਸਾਜੇ ਗਏ ਖ਼ਾਲਸੇ ਦੇ ਰੂਪ ਵਿਚ ਇਕ ਅਜੇਹੀ ਲਹਿਰ ਉੱਭਰੀ ਜਿਸ ਨੇ ਪੰਜਾਬ ਹੀ ਨਹੀਂ, ਹਿੰਦੁਸਤਾਨ ਦੇ ਇਤਿਹਾਸ ਵੀ ਉਪਰ ਗੂੜ੍ਹਾ ਪ੍ਰਭਾਵ ਪਾਇਆ।

ਗੁਰੂ ਗੋਬਿੰਦ ਸਿੰਘ ਜੀ ਸੰਤ ਸਿਪਾਹੀ ਹੋਣ ਦੇ ਨਾਲ-ਨਾਲ ਇਕ ਬਹੁ ਪ੍ਰਕਾਰੀ ਅਤੇ ਵੱਡ ਅਕਾਰੀ ਕਵੀ ਵੀ ਸਨ। ਗੁਰੂ ਜੀ ਦੀ ਸਮੁੱਚੀ ਬਾਣੀ 'ਦਸਮ ਗ੍ਰੰਥ' ਵਿਚ ਸੰਕਲਿਤ ਹੈ ਜਿਸ ਵਿਚੋਂ ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਦੀ ਵਾਰ ਅਤੇ ਜ਼ਫ਼ਰਨਾਮਾ ਵਧੇਰੇ ਪ੍ਰਸਿੱਧ ਬਾਣੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਆਪ ਕਵੀ ਤਾਂ ਸਨ ਹੀ, ਉਹ ਕਵੀਆਂ ਅਤੇ ਲੇਖਕਾਂ ਦੇ ਵੱਡੇ ਕਦਰਦਾਨ ਵੀ ਸਨ। ਇਨ੍ਹਾਂ ਦੇ ਦਰਬਾਰ ਵਿਚ 52 ਕਵੀ ਰਹਿੰਦੇ ਸਨ ਜਿਹੜੇ ਮੌਲਿਕ

ਕਾਵਿ ਰਚਨਾ ਕਰਨ ਦੇ ਨਾਲ ਪੁਰਾਤਨ ਗ੍ਰੰਥਾਂ ਦਾ ਭਾਖਾ ਵਿਚ ਅਨੁਵਾਦ ਵੀ ਕਰਦੇ ਰਹਿੰਦੇ। ਗੁਰੂ ਗੋਬਿੰਦ ਸਿੰਘ ਜੀ ਸਮੇਂ ਆਨੰਦਪੁਰ ਸਾਹਿਤ ਰਚਨਾ ਦਾ ਇਕ ਪ੍ਰਮੁੱਖ ਕੇਂਦਰ ਬਣ ਕੇ ਉੱਭਰਿਆ। ਗੁਰੂ ਗੋਬਿੰਦ ਸਿੰਘ ਜੀ ਦੀ ਬਹੁਤੀ ਰਚਨਾ ਬ੍ਰਜ ਭਾਸ਼ਾ ਵਿਚ ਹੈ, ਜਦਕਿ ਜ਼ਫ਼ਰਨਾਮਾ ਫਾਰਸੀ ਵਿਚ ਹੈ। ਪੰਜਾਬੀ ਵਿਚ ਇਨ੍ਹਾਂ ਦੇ ਕੇਵਲ ਦੋ ਸ਼ਬਦ ਅਤੇ ਇਕ ਵਾਰ 'ਚੰਡੀ ਦੀ ਵਾਰ' ਜਾ ' ਵਾਰ ਸ੍ਰੀ ਭਗਉਤੀ ਜੀ ਕੀ' ਮਿਲਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਮੂਲ ਰੂਪ ਵਿਚ ਗੁਰਮਤਿ ਕਾਵਿ ਪਰੰਪਰਾ ਦੇ ਕਵੀ ਸਨ, ਇਸ ਲਈ ਉਨ੍ਹਾਂ ਦੀ ਸਮੁੱਚੀ ਕਾਵਿ ਰਚਨਾ ਦਾ ਕੇਂਦਰ 'ਅਧਿਆਤਮ' ਹੈ। ਉਨ੍ਹਾਂ ਦਾ ਹੇਠਾਂ ਦਿੱਤਾ ਹੋਇਆ ਸ਼ਬਦ ਉਸ ਵੇਲੇ ਦੀ ਰਚਨਾ ਹੈ ਜਦ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਬੇਸਰੋ ਸਾਮਾਨੀ ਦੀ ਹਾਲਤ ਵਿਚ, ਪਰ ਚੜ੍ਹਦੀ ਕਲਾ ਵਿਚ ਵਿਚਰ ਰਹੇ ਸਨ। ਇਸ ਸ਼ਬਦ ਵਿਚ ਅਧਿਆਤਮਕ ਸੁੱਖ ਦੇ ਟਾਕਰੇ ਵਿਚ ਦੁਨਿਆਵੀ ਸੁੱਖ ਸਹੂਲਤਾਂ ਦੀ ਤੁੱਛਤਾ ਦਰਸਾ ਕੇ, ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਨੂੰ ਹੀ ਉੱਤਮ ਕਰਮ ਕਿਹਾ ਗਿਆ ਹੈ :

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।

ਤੁਧ ਬਿਨ ਰੋਗ ਰਜਾਈਆਂ ਦਾ ਓਢਣ, ਨਾਗ ਨਿਵਾਸਾਂ ਦਾ ਰਹਿਣਾ

ਸੂਲ ਸੁਰਾਹੀ ਖੰਜਰ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ।

ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ।

### 1.1.18 ਅਭਿਆਸ ਲਈ ਪ੍ਰਸ਼ਨ

1. ਗੁਰੂ ਨਾਨਕ ਦੇ ਜੀਵਨ ਦੇ ਵਿਚਾਰਧਾਰਾਈ ਪਿਛੋਕੜ ਸਬੰਧੀ ਚਰਚਾ ਕਰੋ?
2. ਗੁਰੂ ਅੰਗਦ ਦੇ ਕਲਾਤਮਕ ਪੱਖਾਂ ਸਬੰਧੀ ਚਰਚਾ ਕਰੋ?
3. ਗੁਰੂ ਅਰਜਨ ਦੇਵ ਦੇ ਇਤਿਹਾਸਕ ਅਤੇ ਵਿਚਾਰਧਾਰਾਈ ਆਧਾਰ ਦੱਸੋ?
4. ਗੁਰੂ ਤੇਗ ਬਹਾਦਰ ਦੇ ਕਲਾਤਮਕ ਪੱਖਾਂ ਸਬੰਧੀ ਚਰਚਾ ਕਰੋ?

### 1.1.19 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


- ਡਾ. ਵਜ਼ੀਰ ਸਿੰਘ, ਸਿੱਖ ਦਰਸ਼ਨਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995
- ਡਾ. ਜਗਬੀਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ ਆਦਿ ਕਾਲ-ਭਗਤ ਕਾਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1995
- ਡਾ. ਜਗਦੀਸ਼ ਕੌਰ, ਗੁਰੂ ਗ੍ਰੰਥ ਸਾਹਿਬ ਕਾਵਿ ਦਰਸ਼ਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007
- ਡਾ. ਜਗਬੀਰ ਸਿੰਘ, ਗੁਰਮਤਿ ਕਾਵਿ ਸਿਧਾਂਤ ਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011
- ਕੁਲਵੰਤ ਕੌਰ, ਗੁਰਮਤਿ ਕਾਵਿ ਇੱਕ ਅਧਿਐਨ, ਲੋਕਾਇਤ ਪ੍ਰਕਾਸ਼ਨ, ਐਸ.ਸੀ.ਓ. 57-58-59, ਸੈਕਟਰ 17-ਸੀ, ਚੰਡੀਗੜ੍ਹ, 1984
- ਸੁਰਿੰਦਰ ਸਿੰਘ ਕੋਹਲੀ, ਗੁਰੂ ਨਾਨਕ ਸਿੰਘ ਜੀਵਨ, ਦਰਸ਼ਨ ਅਤੇ ਕਾਵਿ ਕਲਾ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, (ਹ: ਪ੍ਰੋ: ਸਾਹਿਬ ਸਿੰਘ, ਜੀਵਨ-ਬ੍ਰਿਤਾਂਤ ਦਾ ਸੰਖੇਪ), 1969

- ਡਾ. ਐਸ.ਐਸ. ਕੋਹਲੀ, ਗੁਰਮਤ ਸਾਹਿਤ, ਪੰਜਾਬੀ ਸਾਹਿਤ ਦਾ ਇਤਿਹਾਸ (ਪੁਰਾਤਨ ਕਾਲ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963
- ਡਾ.ਟੀ.ਐਸ. ਸੋਢੀ, ਗੁਰੂ ਨਾਨਕ ਦਾ ਵਿਦਿਅਕ ਫ਼ਲਸਫ਼ਾ, ਬਾਵਾ ਪਬਲਿਸ਼ਰਜ਼, ਪਟਿਆਲਾ, 1997
- ਸ੍ਰੀਮਤੀ ਵਿਦਿਆਵਤੀ, ਗੁਰੂ ਰਾਮਦਾਸ : ਜੀਵਨ ਤੇ ਬਾਣੀ, ਸੰਗਮ ਪਬਲੀਕੇਸ਼ਨਜ, ਸਮਾਣਾ, 2005
- ਹਰਜਿੰਦਰ ਸਿੰਘ ਢਿਲੋਂ, ਗੁਰੂ ਰਾਮ ਦਾਸ: ਜੀਵਨ, ਚਿੰਤਨ ਤੇ ਬਾਣੀ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1998
- ਪ੍ਰੋ. ਬ੍ਰਹਮ ਜਗਦੀਸ਼ ਅਤੇ ਰਾਜਵੀਰ ਕੌਰ, ਪੰਜਾਬੀ ਸਾਹਿਤ ਦਾ ਇਤਿਹਾਸ, ਵਾਰਿਸ਼ ਸ਼ਾਹ ਫਾਊਂਡੇਸ਼ਨ, 2013

# M.A (PUNJABI)
# SEMESTER-I
# **ਪਰਚਾ** ਪਹਿਲਾ
## ਯੂਨਿਟ-ਤੀਸਰਾ
# ਗੁਰਮਤਿ ਵਿਚਾਰਧਾਰਾ

1.1 ਪਾਠ ਤੀਸਰਾ : **ਗੁਰਮਤਿ ਵਿਚਾਰਧਾਰਾ**
1.1.1 **ਭੂਮਿਕਾ**
1.1.2 **ਪਾਠ ਦਾ ਮੰਤਵ**
1.1.3 **ਗੁਰੂ ਨਾਨਕ ਦੇਵ : ਆਸਾ ਦੀ ਵਾਰ**
1.1.18 **ਅਭਿਆਸ ਲਈ ਪ੍ਰਸ਼ਨ**
1.1.19 **ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**

1.1.1 **ਭੂਮਿਕਾ**-ਗੁਰਮਤਿ ਕਾਵਿਧਾਰਾ ਦੀ ਵਿਲੱਖਣਤਾ ਦਾ ਆਧਾਰ ਇਸ ਦੀ ਵਿਚਾਰਧਾਰਾ ਹੈ। ਵਿਚਾਰਧਾਰਾ ਦੇ ਨਾਲ-ਨਾਲ ਇਸ ਦੇ ਕਾਵਿ ਸ਼ਾਸ਼ਤਰ ਦਾ ਅਧਿਐਨ ਕਰਨਾ ਵੀ ਜਰੂਰੀ ਹੈ।ਵਿਚਾਰਧਾਰਾ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਮਾਜਿਕ, ਆਰਥਿਕ ਬਣਤਰ ਵਿਚਲੇ ਵਾਸਤਵਿਕ ਵਿਰੋਧਾਂ ਨੂੰ ਕਲਪਨਾਸ਼ੀਲ ਢੰਗ ਨਾਲ ਸੁਲਝਾਉਣ ਵੱਲ ਰੁਚਿਤ ਹੁੰਦੀ ਹੈ। ਗੁਰਮਤਿ ਕਾਵਿ ਦੀ ਵਿਚਾਰ ਸੱਤਾ ਵਿਹੂਣੇ ਵਰਗਾਂ, ਸਧਾਰਨ ਲੋਕਾਂ ਦੀ ਵਿਚਾਰਧਾਰਾ ਹੈ। ਇਹ ਪਾਰਗਾਮੀ ਹਸਤੀ ਦੇ ਸਾਹਮਣੇ ਮਨੁੱਖ ਦੀ ਬਰਾਬਰੀ ਦਾ ਸਕੰਲਪ ਸਥਾਪਿਤ ਕਰਦਾ ਹੈ।

1.1.2 **ਪਾਠ ਦਾ ਮੰਤਵ** -ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਗੁਰੂ ਨਾਨਕ ਦੇਵ ਦੀ ਬਾਣੀ ਆਸਾ ਦੀ ਵਾਰ ਨੂੰ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ।ਆਸਾ ਦੀ ਵਾਰ ਦੇ ਜ਼ਰੀਏ ਜਿੱਥੇ ਮਨੁੱਖ ਦੀਆਂ ਭਗਤੀ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ, ਉੱਥੇ ਨਾਲ਼ੋ-ਨਾਲ਼ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।ਆਸਾ ਦੀ ਵਾਰ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ, ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ ਆਸਾ ਦੀ ਵਾਰ ਦੇ ਵਿਵਹਾਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਆਸਾ ਦੀ ਵਾਰ ਨੂੰ ਸਮਝਣ ਦੇ ਕਾਬਿਲ ਹੋ ਸਕਣ।

### 1.1.3 **ਗੁਰੂ ਨਾਨਕ ਦੇਵ : ਆਸਾ ਦੀ ਵਾਰ**

ਗੁਰੂ ਨਾਨਕ ਦੇਵ ਜੀ ਰਚਿਤ ਲੰਮੇਰੀਆਂ ਬਾਣੀਆਂ ਵਿਚੋਂ ਆਸਾ ਦੀ ਵਾਰ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਦਾ ਮਹੱਤਵ ਕਈਆਂ ਗੱਲਾਂ ਕਰਕੇ ਹੈ। ਸਾਧਾਰਣ ਸ਼ਰਧਾਲੂ ਲਈ ਇਹ ਗੁਰੂ ਜੀ ਰਚਿਤ ਦੈਵੀ ਜਾਂ ਧੁਰ ਕੀ ਬਾਣੀ ਹੈ ਪਰ ਬੁੱਧੀਮਾਨ ਲੋਕਾਂ ਨੂੰ ਇਸ ਵਿਚੋਂ ਤਤਕਾਲੀ ਰਾਜਨੀਤਕ, ਸਮਾਜਕ ਅਤੇ ਸਭਿਆਚਾਰਕ ਸੰਕੇਤ ਮਿਲਦੇ ਹਨ ਜੋ ਉਸ ਸਮੇਂ ਉਪਰ ਪ੍ਰਕਾਸ਼ ਪਾਉਂਦੇ ਹਨ। ਆਸਾ ਦੀ ਵਾਰ ਦਾ ਕੀਰਤਨ ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ ਹੁੰਦਾ ਹੈ, ਇਸ ਲਈ ਇਹ ਹਰ ਰੋਜ਼ ਜਿਗਿਸੂਆਂ ਦੇ ਕੰਨਾਂ ਵਿਚ ਰਸ ਘੋਲਦੀ ਹੈ। ਧਾਰਮਿਕ ਪੱਧਰ ਉਪਰ ਇਸ ਵਿਚ ਬ੍ਰਾਹਮਣ ਦਾ ਜੋ ਦੋਗਲਾ ਕਿਰਦਾਰ ਹੈ, ਇਹ ਉਸ ਉਪਰ ਵੀ ਚਾਨਣਾ ਪਾਉਂਦੀ ਹੈ।

ਗਊ ਬ੍ਰਾਹਮਣ ਕਉ ਕਰੁ ਲਾਵਹੁ,

ਗੋਬਰਿ ਤਰਣੁ ਨਾ ਜਾਈ।

ਧੋਤੀ ਟਿਕਾ ਤੇ ਜਪਮਾਲੀ

ਧਨ ਮਲੇਛਾ ਖਾਈ।

ਅੰਤਰਿ ਪੂਜਾ ਪੜਹਿ ਕਤੇਬਾ

ਸੰਜਮੁ ਤੁਰਕਾ ਭਾਈ

ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ।

ਸਮਾਜਕ ਪੱਧਰ ਉਪਰ ਗੁਰੂ ਜੀ ਦੇ ਇਸਤਰੀ ਸੰਬੰਧੀ ਵਿਚਾਰ ਜਿਨ੍ਹਾਂ ਦੇ ਹਵਾਲੇ ਅਕਸਰ ਦਿੱਤੇ ਜਾਂਦੇ ਹਨ , ਉਹ ਆਸਾ ਦੀ ਵਾਰ ਵਿਚੋਂ ਹੀ ਹਨ। ਸੰਸਾਰ ਦੀ ਉਤਪਤੀ ਤੋਂ ਲੈ ਕੇ ਸਭਿਆਚਾਰਕ ਵਰਤਾਰਿਆਂ ਨੂੰ ਸੰਪੰਨ ਕਰਨ ਤਕ ਇਸਤਰੀ ਦਾ ਯੋਗਦਾਨ ਹਰ ਪੱਖ ਤੋਂ ਹੈ। ਏਸ ਲਈ ਗੁਰੂ ਸਾਹਿਬ ਨੇ ਇਸਦੀ ਵਡਿਆਈ ਕਰਦਿਆਂ ਲਿਖਿਆ ਹੈ :

ਭੰਡਿ ਜੰਮੀਐ ਭੰਡਿ ਨਿੰਮਿਐ ਭੰਡਿ ਮੰਗਣ ਵੀਆਹੁ

ਭੰਡਹੁ ਹੋਵੇ ਦੋਸਤੀ ਭੰਡਹੁ ਚਲਹਿ ਰਾਹੁ

ਭੰਡ ਮੂਆ ਭੰਡੁ ਭਾਲੀਐ ਭੰਡੇ ਹੋਵੇ ਬੰਧਾਨ

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ,

ਤਤਕਾਲੀ ਹਾਕਮ ਅਤੇ ਉਨ੍ਹਾਂ ਦੇ ਅਹਿਲਕਾਰ ਕਿਵੇਂ ਆਮ ਲੋਕਾਂ ਦਾ ਸ਼ੋਸ਼ਣ ਕਰ ਰਹੇ ਸਨ? ਇਸ ਦੀ ਗਵਾਹੀ ਵੀ ਸਾਨੂੰ ਆਸਾ ਦੀ ਵਾਰ ਵਿਚੋਂ ਸਹਿਜੇ ਹੀ ਮਿਲ ਜਾਂਦੀ ਹੈ। ਰਾਜਨੀਤਕ ਖੇਤਰ ਵਿਚ ਪਾਪ ਕੂੜ ਪ੍ਰਧਾਨ ਸਨ, ਲੋਭ ਲਾਲਚ ਤੇ ਕਾਮ ਦਾ ਬੋਲਬਾਲਾ ਸੀ। ਰਾਜਿਆਂ ਅਤੇ ਹੁਕਮਰਾਨਾਂ ਦਾ ਆਚਰਣ ਡਿੱਗ ਚੁੱਕਾ ਸੀ ਅਤੇ ਗਿਆਨ ਹੀਣ ਪਰਜਾ ਵਿਚ, ਜਿਸ ਨੂੰ ਗੁਰੂ ਸਾਹਿਬ ਅੰਨੀ ਕਹਿੰਦੇ ਹਨ, ਅਣਖ ਜਾਂ ਇੱਜ਼ਤ ਨਾਮ ਮਾਤਰ ਵੀ ਨਹੀਂ ਰਹਿ ਗਈ ਸੀ। ਇਸ ਦੁਰਦਸ਼ਾ ਦਾ ਚਿਤਰਣ ਇਸ ਪਉੜੀ ਵਿਚ ਇਸ ਤਰ੍ਹਾਂ ਹੋਇਆ ਹੈ।

ਲਬੁ ਪਾਪ ਦੁਇ ਰਾਜਾ ਮਹਤਾ

ਕੂੜ ਹੋਆ ਸਿਕਦਾਰੁ।

ਕਾਮੁ ਨੇਬ ਸਦਿ ਪੁਛੀਐ,

ਬਹਿ ਬਹਿ ਕਰੇ ਬੀਚਾਰੁ

ਅੰਧੀ ਰਯਤਿ ਗਿਆਨ ਵਿਹੂਣੀ,

ਭਾਰਿ ਭਰੇ ਮੁਰਦਾਰ ॥

ਗੁਰੂ ਨਾਨਕ ਦਰਸ਼ਨ ਵਿਚ ਉਨ੍ਹਾਂ ਦੇ ਸਭਿਆਚਾਰਕ ਦਰਸ਼ਨ ਨੂੰ ਇਕ ਖ਼ਾਸ ਥਾਂ ਹਾਸਲ ਹੈ। ਉਸ ਸਮੇਂ ਦਾ ਸਭ ਤੋਂ ਵੱਡਾ ਸੰਕਟ ਏਹੋ ਸੀ ਕਿਉਂਕਿ ਭਾਰਤੀ ਆਪਣੀ ਸੰਸਕ੍ਰਿਤੀ, ਭਾਸ਼ਾ, ਰਹਿਣ-ਸਹਿਣ ਅਤੇ ਜੀਵਨ ਮੁੱਲਾਂ ਨੂੰ ਭੁੱਲ ਕੇ ਹਾਕਮਾਂ ਦੀ ਖੁਸ਼ਨੂਦੀ ਹਾਸਲ ਕਰਨ ਵਿਚ ਲੱਗੇ ਹੋਏ ਸਨ। ਸਦੀਆਂ ਦੀ ਗੁਲਾਮੀ ਨੇ ਉਨ੍ਹਾਂ ਨੂੰ ਸਾਹਸੱਤਹੀਣ ਕਰ ਛੱਡਿਆ ਸੀ। ਏਸੇ ਲਈ ਉਹ ਆਪਣੀ ਭਾਸ਼ਾ (ਪੰਜਾਬੀ) ਛੱਡ ਕੇ ਹੁਕਮਰਾਨਾਂ ਦੀ ਭਾਸ਼ਾ ਅਪਨਾਉਣ ਨੂੰ ਕਦਰ ਦੀ ਨਿਗਾਹ ਨਾਲ ਨਹੀਂ ਦੇਖਦੇ ਸਨ :

ਘਰਿ ਘਰਿ ਮੀਆ ਸਭਨਾ ਜੀਆ

ਬੋਲੀ ਅਵਰੁ ਤੁਮਾਰੀ

... ... ...

ਖਤ੍ਰੀਆਂ ਤਾ ਧਰਮ ਛੋਡਿਆ,

ਮਲੇਛ ਭਾਖਿਆ ਗਹੀ।

ਸ੍ਰਿਸਟਿ ਸਭ ਇਕ ਵਰਨੁ ਹੋਈ,

ਧਰਮ ਕੀ ਗਤਿ ਰਹੀ।

ਆਸਾ ਦੀ ਵਾਰ ਇਕ ਸਭਿਆਚਾਰਕ ਪ੍ਰਵਚਨ ਹੈ। ਭਾਸ਼ਾ ਤੋਂ ਬਿਨਾਂ ਪੰਜਾਬੀਆਂ ਦੇ ਪਹਿਨ ਪਹਿਰਾਵੇ ਅਤੇ ਧਾਰਮਿਕ ਮਾਨਤਾਵਾਂ ਬਾਰੇ ਗੁਰੂ ਨਾਨਕ ਦੇਵ ਜੀ ਦਾ ਰਵੱਈਆਂ ਆਲੋਚਨਾਤਮਕ ਹੈ :

ਆਦਿ ਪੁਰਖ ਕਉ ਆਲਹੁ ਕਹੀਐ,

ਸੇਖਾ ਆਈ ਵਾਰੀ।

ਦੇਵਲ ਦੇਵਤਿਆ ਕਰੁ ਲਾਗਾ,

ਐਸੀ ਕੀਰਤਿ ਚਲੀ।

ਕੂਜਾ ਬਾਗ ਨਿਵਾਜ ਮੁਸਲਾ,

ਨੀਲ ਰੂਪ ਬਨਵਾਰੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਜਪੁਜੀ ਸਾਹਿਬ' ਵਾਂਗ ਹੀ 'ਆਸਾ ਦੀ ਵਾਰ' ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਗਤ-ਪ੍ਰਸਿੱਧ ਬਾਣੀ ਹੈ ਅਤੇ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਗ 462-475 'ਤੇ ਦਰਜ਼ ਹੈ। ਇਸ ਵਿਚ ਕੁਲ 60 ਸਲੋਕ ਅਤੇ 24 ਪਉੜੀਆਂ ਹਨ, ਜਿਨ੍ਹਾਂ ਵਿਚੋਂ 46 ਸਲੋਕ ਅਤੇ 24 ਪਉੜੀਆਂ 'ਸ੍ਰੀ ਗੁਰੂ ਨਾਨਕ ਦੇਵ ਜੀ' ਦੀਆਂ ਰਚਿਤ ਹਨ ਅਤੇ 14 ਸਲੋਕ 'ਸ੍ਰੀ ਗੁਰੂ ਅੰਗਦ ਦੇਵ ਜੀ' ਦੇ ਹਨ। ਸੰਸਾਰ ਵਿਚ ਅਜਿਹਾ ਕੋਈ ਵਿਰਲਾ ਹੀ ਮਨੁੱਖ ਹੋਵੇਗਾ, ਜਿਸ ਦੇ ਮਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਆਸਾ ਦਾ ਵਾਸਾ ਨਾ ਹੋਵੇ ਪਰ ਆਸ, ਆਸ ਵਿਚ ਅੰਤਰ ਹੈ। ਦੁਨਿਆਵੀ ਪਦਾਰਥਾਂ ਦੀ ਆਸਾ ਜੀਵਨ ਨੂੰ ਗਾਲਣ ਵਾਲੀ ਅਤੇ 'ਹਰਿ ਦਰਸਨ ਕੀ ਆਸ' ਜੀਵ ਨੂੰ ਸੰਸਾਰ ਭਵਜਲ ਤੋਂ ਤਾਰਨ ਵਾਲੀ ਹੈ। ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕਤਾ ਅਨੁਸਾਰ ਮਨੁੱਖ, ਰੁੱਖ, ਤੀਰਥ, ਤਟ (ਭਾਵ, ਨਦੀਆਂ) ਬੱਦਲ, ਖੇਤ,ਦੀਪ, ਲੋਕ, ਮੰਡਲ, ਖੰਡ, ਬ੍ਰਹਿਮੰਡ, ਸਰ, ਪਰਬਤ ਆਦਿ ਸਾਰੇ ਚਾਰੇ ਖਾਣੀਆਂ (ਅੰਡਜ, ਜੇਰਜ, ਉਤਭੁਜ, ਸੇਤਜ) ਦੁਆਰਾ ਉਤਪੰਨ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਆਪਾਰ ਕਿਰਪਾ ਨੂੰ ਸਵੀਕਾਰਦੇ ਹਨ ਤੇ ਮਨੁੱਖ ਜਾਤੀ ਨੂੰ ਸਮਝਾਉਂਦੇ ਹਨ ਕਿ ਪਰਮਾਤਮਾ ਇਨ੍ਹਾਂ ਜੀਵਾਂ ਨੂੰ ਪੈਦਾ ਹੀ ਨਹੀਂ ਕਰਦਾ ਬਲਕਿ ਇਨ੍ਹਾਂ ਦਾ ਪਾਲਣ ਪੋਸ਼ਣ ਵੀ ਕਰਦਾ ਹੈ। ਜਿਸ ਕਰਤਾਰ ਨੇ ਇਹ ਸ੍ਰਿਸ਼ਟੀ ਰਚੀ ਹੈ, ਇਸ ਦੀ ਪਾਲਨਾ ਦਾ ਫ਼ਿਕਰ ਵੀ ਉਸ ਨੂੰ ਹੀ ਹੈ। ਜਿਸ ਕਰਤਾਰ ਨੇ ਜਗਤ ਪੈਦਾ ਕੀਤਾ ਹੈ, ਉਹ ਇਹਨਾਂ ਦਾ ਖ਼ਿਆਲ ਵੀ ਰੱਖਦਾ ਹੈ।

'ਆਸਾ ਦੀ ਵਾਰ' ਗੁਰੂ ਨਾਨਕ ਦੇਵ ਜੀ ਦੀਆਂ ਮਹਾਨ ਰਚਨਾਵਾਂ ਵਿਚੋਂ ਇੱਕ ਮਹਾਨ ਰਚਨਾ ਹੈ ਜਿਸ ਵਿਚ ਮਨੁੱਖ ਜਾਤੀ ਨੂੰ ਮਨੁੱਖਤਾ ਦਾ ਪਾਠ ਸਿਖਾਇਆ ਗਿਆ ਹੈ। ਇਸ ਬਾਣੀ ਵਿਚ ਜਿੱਥੇ ਸਮਾਜਿਕ, ਆਰਥਿਕ, ਧਾਰਮਿਕ ਆਦਿ ਵਿਸ਼ਿਆਂ ਵੱਲ ਗੁਰੂ ਜੀ ਨੇ ਧਿਆਨ ਦਿਵਾਇਆ ਹੈ ਉੱਥੇ ਗੁਰੂ ਜੀ ਨੇ ਰਾਜਨੀਤਕ ਮਸਲਿਆਂ ਨੂੰ ਵੀ ਪਹਿਲ ਦੇ ਅਧਾਰ 'ਤੇ ਚਿਤਵਿਆ ਹੈ। ਆਸਾ ਦੀ ਵਾਰ ਦਾ ਕੀਰਤਨ ਸੰਗ ਵਿਚ ਹਰ ਰੋਜ਼ ਅੰਮ੍ਰਿਤ ਵੇਲੇ ਕਰਨ ਦਾ ਆਦੇਸ਼ ਹੈ ਤੇ ਹਰ ਸਿੱਖ ਨੂੰ ਆਪਣੇ ਰੋਜ਼ਾਨਾ ਜੀਵਨ ਦੀ ਦੌੜ-ਭੱਜ ਵਿਚੋਂ ਕੁੱਝ ਸਮਾਂ ਕੱਢ ਕੇ 'ਆਸਾ ਦੀ ਵਾਰ' ਬਾਣੀ ਨਾਲ ਜੁੜਨ ਦਾ ਯਤਨ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ 'ਜਪੁ ਜੀ ਸਾਹਿਬ'ਮਨੁੱਖ ਜੀਵਨ ਜਾਚ ਸਿਖਾਉਂਦੀ ਹੈ ਉਸੀ ਤਰ੍ਹਾਂ 'ਆਸਾ ਦੀ ਵਾਰ' ਬਾਣੀ ਵੀ ਮਨੁੱਖ ਨੂੰ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਸੀ ਉਣਤਾਈਆਂ ਤੋਂ ਜਾਣੂ ਕਰਵਾ ਕੇ ਇੱਕ ਸੁਹਜਮਈ

ਸੰਸਾਰ ਨੂੰ ਉਸਾਰਨ ਦਾ ਪ੍ਰੇਰਨਾ ਸਰੋਤ ਬਣਦੀ ਹੈ। ਆਸਾ ਦੀ ਵਾਰ ਵਿਚ ਇਸ ਗੱਲ ’ਤੇ ਗੁਰੂ ਨਾਨਕ ਸਾਹਿਬ ਨੇ ਬਹੁਤਾ ਜ਼ੋਰ ਦਿੱਤਾ ਹੈ ਕਿ ਇਕ ਗੁਰਸਿੱਖ ਨੂੰ ਕਿਸ ਤਰ੍ਹਾਂ ਦਾ ਜੀਵਨ ਬਿਤਾਉਣਾ ਚਾਹੀਦਾ ਹੈ। ਜਿੱਥੇ ਆਸਾ ਦੀ ਵਾਰ ਵਿਚ ਸੰਸਾਰਿਕ ਜੀਵਨ ਨੂੰ ਜਾਣਨ ਦੇ ਉਪਰਾਲੇਤੇ ਨਿਯਮ ਦੱਸੇ ਗਏ ਹਨ, ਉੱਥੇ ਨਾਲ ਹੀ ਸਦਾਚਾਰਕ ਤੇ ਆਤਮਿਕ ਜੀਵਨ ਨੂੰ ਉੱਚਿਆਂ ਕਰਨ ਦੇ ਤਰੀਕੇ ਵੀ ਅੰਕਿਤ ਕੀਤੇ ਗਏ ਹਨ। ਗੁਰੂ ਨਾਨਕ ਦੇ ਸਮੇਂ ਤੋਂ ਪਹਿਲਾਂ ਵੀ ਪੰਜਾਬ ਵਿਚ ਵਾਰਾਂ ਗਾਉਣ ਦੀ ਰਿਵਾਜ਼ ਪ੍ਰਚਲਿਤ ਸੀ। ਬੀਰ-ਰਸ ਦੀਆਂ ਵਾਰਾਂ ਬੜੇ ਚਾਓ ਮਲਾਰ ਨਾਲ ਗਾਈਆਂ ਤੇ ਸੁਣੀਆਂ ਜਾਂਦੀਆਂ ਸਨ। ਇਨ੍ਹਾਂ ਵਾਰਾਂ ਦੇ ਆਧਾਰ ’ਤੇ ਹੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੋਂ ਬਾਅਦ ਦੇ ਗੁਰੂ ਕਵੀਆਂ ਨੇ ਵਾਰਾਂ ਦੀ ਸਿਰਜਨਾ ਕੀਤੀ। ਇਨ੍ਹਾਂ ਵਾਰਾਂ ਦੇ ਰਚਣ ਵਿਚ ਗੁਰੂ ਨਾਨਕ ਸਾਹਿਬ ਦਾ ਇਕ ਵਿਸ਼ੇਸ਼ ਭਾਵ ਸੀ। ਉਹ ਭਾਵ ਇਹ ਸੀ ਕਿ ਆਤਮਿਕ ਉਨਤੀ ਲਈ ਬੀਰਤਾ ਤੇ ਹੌਂਸਲੇ ਨਾਲ ਚਲਣ ਦੀ ਲੋੜ ਹੈ ਕਿਉਂਕਿ ਕਮਜ਼ੋਰ ਤੇ ਨਿਤਾਣਾ ਮਨੁੱਖ ਇਸ ਮਾਰਗ ਵੱਲ ਸਫ਼ਲਤਾ ਨਾਲ ਅਗਾਂਹ ਵਧ ਨਹੀਂ ਸਕਦਾ। ਆਸਾ ਦੀ ਵਾਰ ਦੀ ਧੁਨੀ ਵੀ ਟੂੰਡੇ ਅਸਰਾਜੇ ਦੀ ਵਾਰ ਦੀ ਧੁਨੀ ਉੱਪਰ ਰਖੀ ਗਈ ਹੈ। ਗੁਰੂ ਨਾਨਕ ਸਾਹਿਬ ਨੇ ਤਿੰਨ ਵਾਰਾਂ ਦੀ ਰਚਨਾ ਕੀਤੀ ਹੈ। ‘ਆਸਾ ਦੀ ਵਾਰ’, ‘ਮਾਝ ਦੀ ਵਾਰ’ ਤੇ‘ਮਲਾਰ ਦੀ ਵਾਰ’। ਗੁਰੂ ਅਮਰਦਾਸ ਸਾਹਿਬ ਨੇ ਚਾਰ ਵਾਰਾਂ ਦੀ ਰਚਨਾ ਕੀਤੀ। ਗੁਰੂ ਰਾਮਦਾਸ ਸਾਹਿਬ ਨੇ ਅੱਠਵਾਰਾਂ ਅਤੇ ਗੁਰੂ ਅਰਜਨ ਸਾਹਬ ਨੇ ਛੇ ਵਾਰਾਂ ਰਚੀਆਂ। ਇਸ ਤਰ੍ਹਾਂ ਕੁੱਲ 22 ਵਾਰਾਂ ਦੀ ਰਚਨਾ ਕੀਤੀ ਗਈ ਅਤੇ ਇਹ ਸਾਰੀਆਂ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ। ਇਨ੍ਹਾਂ ਵਿਚੋਂ ਕੇਵਲ ਇਕ ਸੱਤਾ ਅਤੇ ਬਲਵੰਡ ਦੀ ਵਾਰ ਹੈ। ਬਾਕੀ ਸਾਰੀਆਂ ਵਾਰਾਂ ਗੁਰੂ ਸਾਹਿਬਾਨ ਦੀਆਂ ਹਨ। ਇਹ ਸਾਰੀਆਂ ਵਾਰਾਂ ਵੱਖ-ਵੱਖ ਰਾਗਾਂ ਵਿਚ ਹਨ। ਇਨ੍ਹਾਂ ਵਾਰ ਵਿਚ ਵਿਸਮਾਦ ਹੈ ਜਿਸ ਨੂੰ ਪੜ੍ਹਨ ਅਤੇ ਸੁਣਨ ਦਾ ਆਪਣਾ ਹੀ ਮਹੱਤਵ, ਰਸ ਤੇ ਭਗਤ ਨੂੰ ਅਗੰਮੀ ਹੁਲਾਰੇ ਵਿਚ ਲੈ ਜਾਂਦਾ ਹੈ ਤੇ ਉਸ ਦੇ ਮਨ ਅੰਦਰ ਆਤਮਿਕ ਮਾਰਗ ’ਤੇ ਚੱਲਣ ਲਈ ਬੀਰ-ਰਸ ਦਾ ਉਚਾਰਣ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੀ ‘ਆਸਾ ਦੀ ਵਾਰ’ ਅਹਿਮ ਅਤੇ ਖਾਸ ਮਹੱਤਵ ਵਾਲੀ ਵਾਰ ਹੈ। ਇਸਦੀਆਂ 24 ਪਉੜੀਆਂ ਹਨ ਤੇ ਹਰ ਪਉੜੀ ਦੇ ਨਾਲ ਦੋ ਜਾਂ ਤਿੰਨ ਸ਼ਲੋਕ ਹਨ। ਇਸ ਤਰ੍ਹਾਂ ਸਾਰੀ ਵਾਰ ਵਿਚ ਕੁਲ 83 ਪਉੜੀਆਂ ਤੇ ਸ਼ਲੋਕ ਹਨ।

ਵੀਹਵੀਂ ਸਦੀ ਦੇ ਅੰਤਲੇ ਤਿੰਨ ਦਹਾਕਿਆਂ ਵਿਚ ਸੋਚਣ,ਸਮਝਣ,ਸਮਝਾਉਣ ਦੇ ਖੇਤਰ ਵਿਚ ਵਿਰਚਨਾ ਨੇ ਜੋ ਤਹਿਲਕਾ ਮਚਾਇਆ ਉਹ ਅਚੰਭਿਤ ਕਰ ਦੇਣ ਵਾਲਾ ਸੀ। ਇਸਨੂੰ ਸਿਧਾਂਤ ਵਿਚ ਸਮੋਣ, ਪ੍ਰਵਚਨ ਵਿਚ ਵਿਸਧਾਰਣ ਅਤੇ ਪਾਠ ਵਿਚ ਢਾਲਣ ਦਾ ਸਿਹਰਾ ਸੱਭ ਤੋਂ ਵੱਧ ਦੈਰੀਦਾ (1931-2005) ਨੂੰ ਜਾਂਦਾ ਹੈ। ਇਸ ਲਫ਼ਜ਼ ਦੀ ਘਾੜਤ ਵੀ ਉਸ ਨੇ ਕੀਤੀ। ਭਾਸ਼ਿਕ ਪੱਖੋਂ ਇਸਦੀ ਘੜਤ ਹੀ ਅਸਚਰਜ ਨਹੀਂ, ਇਸਦੀ ਅਰਥਕੀ ਵੀ ਨਿਆਰੀ ਹੈ। ਅਸਚਰਜ ਘਾੜਤ ਅਤੇ ਨਿਆਰੀ ਅਰਥਕੀ ਵਾਲੇ ਇਸ ਲਫ਼ਜ਼ ਨੂੰ ਸਿਧਾਂਤ, ਪ੍ਰਵਚਨ ਅਤੇ ਪਾਠ ਦੇ ਸਪੁਰਦ ਕਰਨ ਦਾ ਪ੍ਰਯਾਸ ਦੈਰਿਦਾ ਨੇ ਛੇਵੇਂ ਦਹਾਕੇ ਦੇ ਅੰਤਲੇ ਵਰਿਆਂ ਵਿਚ ਆਰੰਭ ਕੀਤਾ। ਸੋਚਣ, ਸਮਝਣ ਅਤੇ ਸਮਝਾਉਣ ਲਈ ਉਸਨੇ ਜੁਗਤਾਂ ਦਾ ਜੋ ਨੈੱਟਵਰਕ ਸਿਰਜਿਆ, ਪੁਰਾਤਨ ਯੂਨਾਨੀ ਲਿਖਤਾਂ ਤੋਂ ਚੱਲ ਕੇ ਆਧੁਨਿਕ ਕਿਰਤਾਂ ਤੱਕ ਨੂੰ ਪਰਖਿਆ ਪੜਚੋਲਿਆ, ਦਰਸ਼ਨ, ਸਾਹਿਤ, ਵਿਚਾਰਧਾਰਾ, ਧਰਮ, ਸਿਆਸਤ, ਆਤੰਕ, ਸੱਤਾ, ਸ਼ਾਸਣ, ਸ਼ੋਸ਼ਣ, ਸਜ਼ਾ ਅਤੇ ਕਾਮ-ਬੀੜਾ ਨੂੰ ਵਿਸ਼ਾ ਵਸਤੂ ਬਣਾਇਆ, ਉਹ ਵਧੇਰੇ ਕਰਕੇ ਦੈਰੀਦਾ ਦੀ ਪ੍ਰਤਿਭਾ ਦਾ ਹੀ ਚਮਤਕਾਰ ਸੀ। ਇਸ ਦੌਰਾਨ ਉਸ ਤੋਂ ਅਵੱਗਿਆਵਾਂ

ਵੀ ਹੋਈਆਂ, ਮਾਰਗ-ਦਰਸ਼ਕ ਨੂੰ ਕੁਰਾਹੀਆਂ ਅਤੇ ਕੁਰਾਹੀਏ ਨੂੰ ਮਾਰਗ-ਦਰਸ਼ਕ ਦਰਸਾਉਣ ਦੀ ਨੌਬਤ ਵੀ ਆਈ, ਜਿਸਦਾ ਉਸਦੇ ਵਿਰੋਧੀਆਂ ਨੇ ਬੜਾ ਮਾਖੌਲ ਉਡਾਇਆ,ਕਈ ਵਾਰੀ ਲਫ਼ਾਜ਼ੀ ਹੀ ਸਭ ਕੁਝ ਹੋ ਨਿਬੜੀ। ਬਾਵਜੂਦ ਇਸਦੇ, ਹਰੇਕ ਤਰ੍ਹਾਂ ਦੀਆਂ ਪਰਦਾਪੋਸ਼ੀਆਂ ਨੂੰ ਉਦਾਲੇ ਉਸਰੇ ਪ੍ਰਭਮੰਡਲਾਂ ਨੇ ਜਿਵੇਂ ਸੁਰੱਖਿਅਤਾ ਬਖਸ਼ੀ ਹੋਈ ਸੀ, ਉਨ੍ਹਾਂ ਨੂੰ ਮੰਤਵੀ, ਇਕਪਾਸੜ, ਵੇਲਾ ਵਿਹਾ ਚੁੱਕੀਆਂ ਅਤੇ ਭੁਰ-ਭੁਰੀਆਂ ਸਿੱਧ ਕਰ ਦੇਣਾ ਦੈਰੀਦਾ ਦੀ ਘਾਲਣਾ ਦਾ ਹੀ ਪਰਿਣਾਮ ਸੀ। ਵਿਰਚਨਾ ਲਫਜ਼ ਦੇ ਪ੍ਰਚਲਿਤ ਹੋਣ ਤੋਂ ਪਹਿਲਾਂ, ਪੰਜਾਬੀ ਰਚਨਾਕਾਰੀ ਅਤੇ ਸਮੀਖਿਆ ਵਿਚ ਵਿਰੇਚਨ ਨਾਮੀਂ ਲਫ਼ਜ਼ ਪ੍ਰਗਟ ਹੋ ਚੁੱਕਾ ਸੀ ਜਿਸਦੀ ਭਾਸ਼ਿਕ ਘੜਤ ਵੀ ਅਸਚਰਜ ਅਤੇ ਅਰਥਕੀ ਨਿਆਰੀ ਸੀ। ਇਹ ਉਕਰੀ ਪਹਿਲੀ ਵਾਰ ਸੰਤ ਸਿੰਘ ਸੇਖੋਂ ਨੇ ਆਪਣੇ ਮਿੱਥ- ਆਧਾਰਤ ਨਾਟਕ ਦਮਯੰਤੀ ਦੀ ਭੂਮਿਕਾ ਵਿਚ ਵਰਤੀ ਸੀ, ਨਿਰਮਾਣਕਾਰੀ ਵਿਵੇਚਨ ਵਜੋਂ ਜੋ ਪੁਰਾਤਨ ਕਥਾ,ਕਹਾਣੀ,ਘਟਨਾ ਅਤੇ ਭਾਵ ਨੂੰ ਅਜੋਕੇ ਪ੍ਰਸੰਗ ਵਿਚ ਪਰਖਣ ਦੇ ਸਮਰੱਥ ਹੋਵੇ। ਪੰਦਰਾਂ ਕੁ ਸਾਲ ਮਗਰੋਂ ਪ੍ਰਥਪੁਰਸ਼ ਵਜੋਂ ਆਪਣੀ ਘਾਲਣਾ ਪਰਖ ਪੜਚੋਲ ਢਾਲ ਕੇ ਨਾਟਕ ਕਲਾ ਤੇ ਮੇਰਾ ਅਨੁਭਵ ਵਿਚ ਲੇਖਕ ਨੇ ਇਸਦੇ ਭਾਸ਼ਿਕ ਘੜ੍ਹਤ ਪੱਖੋਂ ਅਸਚਰਜ ਹੋਣ ਅਤੇ ਇਸਦੀ ਅਰਥਕੀ ਦੇ ਨਿਆਰੇ ਹੋਣ ਨੂੰ ਸਵੀਕਾਰ ਹੀ ਨਾ ਕੀਤਾ ਸਗੋਂ ਇਸਨੂੰ ਯੋਗ ਵੀ ਠਹਿਰਾਇਆ। ਇਸ ਸਬੰਧ ਵਿਚ ਸੇਖੋਂ ਸਾਹਿਬ ਦਾ ਕਹਿਣਾ ਸੀ, "ਸਾਡੇ ਵਿਦਵਾਨ ਸੰਸਕ੍ਰਿਤ ਧਾਤੂਆਂ ਤੋਂ ਵੀ ਨਵੇਂ ਸ਼ਬਦ ਬਣਾਉਣ ਤੋਂ ਝਿਜਕਦੇ ਹਨ ਤੇ ਮੇਰੇ ਕੁੱਝ ਮਿੱਤਰਾਂ ਨੇ ਇਸ ਸ਼ਬਦ ਤੇ ਕਿੰਤੂ ਕੀਤਾ ਹੈ ਅਤੇ ਇਸਨੂੰ ਮੇਰੇ ਸੰਸਕ੍ਰਿਤ ਦੀ ਪੜ੍ਹਾਈ ਨਾ ਕੀਤੀ ਹੋਣ ਦਾ ਸਬੂਤ ਸਮਝਿਆ ਹੈ। ਮੇਰਾ ਸੰਸਕ੍ਰਿਤ ਦਾ ਗਿਆਨ ਕੁੱਝ ਧਾਤੂਆਂ ਤੱਕ ਸੀਮਤ ਬਹੁਤ ਹੀ ਅਲਪ ਹੈ। ਪਰ ਮੇਰਾ ਸਾਹਸ ਚੋਖਾ ਵਧੇਰੇ ਹੈ"।

ਏਥੇ ਨਿਰਵੇਚਨ ਸ਼ਬਦ ਦੀ ਭਾਸ਼ਿਕ ਘੜਤ ਨੂੰ ਯੋਗ ਜਾਂ ਅਯੋਗ ਠਹਿਰਾਉਣਾ ਸਾਡਾ ਮੰਤਵ ਬਿਲਕੁਲ ਨਹੀਂ। ਮੰਤਵ ਹੈ ਸੋਚਣ ,ਸਮਝਣ ਅਤੇ ਸਮਝਾਉਣ ਲਈ ਇਸਦਾ ਜੋ ਸੰਭਾਵੀ ਪਸਮੰਜਰ ਬਣਦਾ ਹੈ ਉਸਦੀ ਤੁਲਨਾ ਆਪੇਖਿਆ ਕਰਨਾ,ਉਸ ਵਾਸਤਵਿਕ ਪਸਮੰਜਰ ਨਾਲ ਜੋ ਦੈਦੀਦਾ ਵੱਲੋਂ ਘੜੇ ਗਏ ਅਤੇ ਅਰਥਕੀ ਨਾਲ ਮਾਲਾਮਾਲ ਕੀਤੇ ਗਏ ਵਿਰਚਨਾ ਨਾਮੀਂ ਲਫਜ਼ ਦਾ ਬਣਦਾ ਹੈ। ਹੋ ਸਕਦਾ ਹੈ ਇਹ ਯਤਨ ਰੋੜ ਧਰਤੀ ਤੇ ਸਿਆੜ ਕੱਢਣ ਵਾਂਗ ਔਖਾਂ ਜਾਂ ਪਾਣੀ ਤੇ ਲੀਕ ਵਾਹੁਣ ਵਾਂਗ ਅਜਾਈਂ ਹੋ ਨਿਬੜੇ। ਤਦ ਵੀ ਇਸਦੇ ਵਿਵੇਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਸਗੋਂ ਨਾਨਕ-ਬਾਣੀ ਵਿਚ ਤਾਂ ਅਨੇਕ ਐਸੀਆਂ ਅੰਤਰ-ਦ੍ਰਿਸ਼ਟੀਆਂ ਉਪਲਬਧ ਹਨ ਜਿਨ੍ਹਾਂ ਤੋਂ ਇਹ ਯਤਨ ਪ੍ਰੇਰਣਾਦਾਇਕ ਵੀ ਲੱਗਣ ਲੱਗ ਪੈਂਦਾ ਹੈ। ਏਥੇ ਇਹ ਕਹਿਣਾ ਵੀ ਸ਼ਾਇਦ ਅਯੋਗ ਨਾ ਹੋਵੇ ਕਿ ਸੰਸਕ੍ਰਿਤ ਭਾਸ਼ਾ ਦੇ ਅਲਪ ਗਿਆਨ ਦੇ ਬਾਵਜੂਦ ਜੇ ਸੇਖੋਂ ਸਾਹਿਬ ਨੂੰ ਉਪਰੋਕਤ ਸਾਹਸ ਤੋਂ ਕੰਮ ਲੈਣਾ ਯੋਗ ਲੱਗਾ ਤਾਂ ਉਹ ਗੁਰਬਾਣੀ ਦੇ ਪ੍ਰਭਾਵ ਕਾਰਨ ਹੀ ਸੀ। ਇਸ ਬਾਰੇ ਵੀ ਉਨ੍ਹਾਂ ਦਾ ਇਹ ਕਹਿਣਾ ਹੈ, "ਮੇਰੀ ਲਿਖਤ ਉੱਥੇ ਪੰਜਾਬੀ ਪ੍ਰਭਾਵ ਹੈ ਅਤੇ ਉਹ ਹੈ ਗੁਰਬਾਣੀ ਦਾ। ਚੋਖੇ ਦਾਰਸ਼ਨਿਕ ਸ਼ਬਦ ਤਾਂ ਮੈਂ ਗੁਰਬਾਣੀ ਵਿਚੋਂ ਲੈ ਕੇ ਤਤਸਮ ਜਾਂ ਅਰਧ-ਤਤਸਮ ਰੂਪਾਂ ਵਿਚ ਪਲਟਾ ਕੇ ਵਰਤਦਾ ਹਾਂ"। ਆਖਿਰ ਇਸ ਤਰਾਂ ਕੀਤਾ ਵੀ ਕਿਉਂ ਨਾ ਜਾਵੇ? "ਗੁਰਬਾਣੀ ਵਿਚ ਵੀ ਤਾਂ ਕਈ ਸੰਸਕ੍ਰਿਤ ਸ਼ਬਦਾਂ ਨੂੰ ਤਦਭਵ ਰੂਪ ਵਿਚ ਨਵੇਂ ਅਰਥਾਂ ਵਿਚ ਵਰਤਿਆ ਗਿਆ ਹੈ। ਜਿਵੇਂ "ਵਿਗਾਸ" ਨੂੰ ਖਿੜਣ ਦੇ ਅਰਥਾਂ ਵਿਚ, "ਸੁਖਮਨੀ" ਵਿਚ ਗੁਰੂ

ਅਰਜਨ ਦੇਵ ਨੇ ਆਗਿਆਕਾਰੀ ਸ਼ਬਦ ਨੂੰ ਆਗਿਆਪਾਲਕ ਦੇ ਅਰਥਾਂ ਤੋਂ ਉਲਟ ਆਗਿਆ ਕਰਨ ਦੇ ਅਰਥਾਂ ਵਿਚ ਵਰਤਿਆ ਹੈ"।

ਵੈਸੇ ਤਾਂ ਆਪਣੀ ਉਕਤੀ ਦੀ ਭਾਸ਼ਿਕ ਘੜ੍ਹਤ ਦਾ ਹੀ ਨਹੀਂ ਸਗੋਂ ਇਸਦੇ ਅਰਥਾਪਣ ਦਾ ਆਵੇਸ਼ ਵੀ ਦੈਰੀਦਾ ਨੂੰ ਜਰਮਨ ਦਾਨਸ਼ਵਰ ਹਾਈਡੇਗਰ ਤੋਂ ਪ੍ਰਾਪਤ ਹੋਇਆ, ਜਿਸਨੇ ਇਸ ਨੂੰ ਨਿਖੇਧ ਵਜੋਂ ਵਰਤੋਂ ਵਿਚ ਲਿਆਂਦਾ। ਪਹਿਲੇ ਵਿਸ਼ਵ ਯੁੱਧ ਦੇ ਅੰਤ ਉਪਰੰਤ,ਜਰਮਨੀ ਦੇ ਢਹਿ-ਢੇਰੀ ਹੋ ਚੁੱਕੇ ਸਾਹਸ ਨੂੰ ਵਾਪਸ ਲਿਆਉਣ ਅਤੇ ਇਸਦੇ ਤਲਿਸਮੀ ਗੌਰਵ ਨੂੰ ਬਹਾਲ ਕਰਨ ਦਾ ਹਾਈਡੇਗਰ ਨੇ ਜੋ ਬੀੜਾ ਚੁੱਕਿਆ , ਆਪਣੀ ਗਹਿਰ - ਗੰਭੀਰ ਮੁਦਰਾ ਅਤੇ ਪੈਗ਼ੰਬਰੀ ਸੁਰ ਕਾਰਨ ਉਹ ਉਸਦਾ ਸਾਕਾਰ ਰੂਪ ਹੀ ਪ੍ਰਤੀਤ ਹੁੰਦਾ ਸੀ । ਪ੍ਰਤੀਤੀ ਨਾਲੋਂ ਆਤਮ ਪ੍ਰਤੀਤੀ ਦਾ ਵਧੇਰੇ ਧਾਰਨੀ ਹੋਣ ਕਾਰਨ ਉਹ ਇਸ ਅਧਿਆਤਮਕ ਦ੍ਰਿਸ਼ਟੀ ਦਾ ਵਿਸ਼ਵਾਸੀ ਸੀ ਕਿ ਆਪਣੇ ਉਦਭਵ ਤੋਂ ਸ਼੍ਰਿਸ਼ਣੀ ਨੇ ਪਾਵਨ ਸਰੂਪ ਦਾ ਜੋ ਇਕਰਾਰ ਪੇਸ਼ ਕੀਤਾ ਉਹ ਕਾਲ ਦੀਆਂ ਸਹੰਸਰਬੰਦੀਆਂ ਵਸ ਪੈ ਕੇ ਖੰਡਿਤ ਹੋ ਗਿਆ । ਖੰਡਿਤ ਹੀ ਨਹੀਂ ਆਤਮਵਿਨਾਸ਼ ਦੇ ਰਾਹ ਪੈ ਗਿਆ ਦਰਸ਼ਨ,ਸਾਹਿਤ,ਕਲਾ,ਧਰਮ ਅਤੇ ਸਿਆਸਤ ਵਿਚ ਸੋਚਣ,ਸਮਝਣ ਅਤੇ ਸਮਝਾਉਣ ਦਾ ਧੱਕਿਆ ਧਕਾਇਆ ਉਹ ਮੋੜ ਕੱਟਣ ਤੋਂ ਅਸਮਰੱਥ ਹੈ ।ਭਇਨਿਗ ਓਨਦ ਠਮਿਏ (ਪਾਵਨ ਸਰੂਪ ਅਤੇ ਕਾਲ) ਉਸਦੇ ਸਰਬ-ਸ਼੍ਰੇਸ਼ਟ ਗ੍ਰੰਥ ਵਿਚ ਦਰਸਾਇਆ ਗਿਆ ਹੈ ਕਿ ਜਦ ਤੋਂ ਕਾਲ ਨੇ ਇਤਿਹਾਸਕ ਦਿਸ਼ਾ ਗ੍ਰਹਿਣ ਕੀਤੀ ਹੈ, ਸਮਾਜ ਨੂੰ ਸਿਰਜਣ ਦੀ ਇਸ ਵਿਚ ਧੁਨ ਨਿਹਿਤ ਹੋਈ ਹੈ,ਵਿਕਾਸ ਨੂੰ ਕੇਂਦਰੀ ਸਥਾਪਨ ਮਿਲਿਆ ਹੈ, ਅੰਗ ਨਿਖੇੜ ਦਾ ਪਾਰਾਵਾਰ ਬਣਿਆ ਹੈ,ਮਾਨਵੀ ਵਜੂਦ ਖੰਡਿਤ ਅਤੇ ਇਕਹਿਰਾ ਹੁੰਦਾ ਚਲਾ ਗਿਆ ਹੈ। ਜੋ ਮਾਨਵੀ ਵਜੂਦ ਨੇ ਦੁਬਾਰਾ ਪਾਵਨ ਸਰੂਪ ਅਨੁਸਾਰੀ ਬਣਨਾ ਹੈ ਤਾਂ ਕਾਲ ਦੌਰਾਨ ਤਹਿ-ਦਰ -ਤਹਿ ਪਾ ਚੁੱਕੀ ਗੌਣਤਾ ਤੋਂ ਨਿਜਾਤ ਪਾਉਣੀ ਲਾਜ਼ਮੀ ਹੈ। ਇਹ ਨਿਜਾਤ ਵਿਨਾਸ਼ ਦੀ ਪ੍ਰਕਿਰਿਆ ਨੂੰ ਪ੍ਰਬਲ ਕਰਨ ਨਾਲ ਹੀ ਸੰਭਵ ਹੋ ਸਕਦੀ ਹੈ,ਜਿਸਦਾ ਮੁੱਡੋ-ਸੁੱਡੋ ਆਰੰਭਿਆ ਨਿਖੇਧ ਹੀ ਇਕਰਾਰ ਬੰਨ੍ਹ ਸਕਦਾ ਹੈ। ਰਾਜਸੀ ਸੁਰ ਵਾਲੀਆਂ ਲਿਖਤਾਂ ਵਿਚ ਤਾਂ ਹਾਈਡੇਗਰ ਨੇ ਨਾਜ਼ੀਵਾਦ ਨੂੰ ਇਸ ਇਕਰਾਰ ਦਾ ਦਾਅਵੇਦਾਰ ਠਹਿਰਾਇਆ ਪਰ ਦਾਰਸ਼ਨਿਕ ਲਿਖਤਾਂ ਵਿਚ ਉਸਦਾ ਚਿੰਤਨ ਉਚੇਰੇ ਮੰਡਲਾਂ ਵਿਚ ਵੀ ਵਿਚਰਦਾ ਰਿਹਾ। ਪਰ ਜਿਸ ਬੇਕਿਰਕ ਅਤੇ ਕਠੋਰ ਨਿਸ਼ਠਾ ਨਾਲ ਉਸਨੇ ਲੌਕਿਕ ਸ਼ਬਦਾਵਲੀ ਨੂੰ ਪਾਰਗਾਮੀ ਅਰਥ ਪ੍ਰਦਾਨ ਕੀਤੇ, ਕਿਸੇ ਸ਼ੰਕਾ ਅਤੇ ਸੰਵਾਦ ਤੋਂ ਮੁਕਤ ਹੋ ਇਸਦੀ ਤਲਿਸਮੀ ਵਰਤੋਂ ਕੀਤੀ , ਉਸ ਤੋਂ ਇਕ ਵਾਰ ਤਾਂ ਅਹਿਸਾਸ ਹੋਣ ਲੱਗ ਪੈਂਦਾ ਹੈ ਕਿ ਨਿਖੇਧ ਦੀ ਪ੍ਰਕਿਰਿਆ ਅਟੱਲ ਬਣ ਸਕਦੀ ਹੈ। ਇਹ ਤਾਂ ਜਦ ਅਡੋਰਨੋ ਵਰਗਾ ਪ੍ਰਤੀਦਵੰਦੀ ਇਸ ਅਡੰਬਰ ਦਾ ਖੋਖਲਾਪਣ ਦਰਸਾ ਸਕੇ ਤਾਂ ਇਸ ਭਾਸ਼ਿਕ ਵਹਾਓ ਵਿਚੋਂ ਬਾਹਰ ਆਉਣ ਦਾ ਸਾਹਸ ਬਣਦਾ ਹੈ। ਇਸ ਸਬੰਧ ਵਿਚ ਅਡੋਰਨੋ ਦਾ ਦਾਅਵਾ ਹੈ ਕਿ ਦਰਸ਼ਨ ਵਿਚ ਢਲ ਚੁੱਕੇ ਦਾਨਸ਼ਵਰ ਲਈ ਸੰਵਾਦ ਅਤੇ ਵਿਵਾਦ ਦੌਰਾਨ ਇਸ ਹਠ ਤੇ ਬਣੇ ਰਹਿਣਾ ਕਿ ਸੱਚ ਦਾ ਪੱਲਾ ਉਸ ਨੇ ਪਕੜਿਆ ਹੋਇਆ ਹੈ ਮੂਲੋਂ ਹੀ ਨਿਰਾਧਾਰ ਹੈ। ਪੇਚੀਦਾ ਤੋਂ ਪੇਚੀਦਾ ਚਿੰਤਨ ਵਿਚ ਉੱਤਰਦਾ ਵੀ ਜੋ ਉਹ ਆਤਮ-ਸੁਰੱਖਿਆ ਦੀ ਕਾਮਨਾ ਵਿਚ ਗਲਤਾਨ ਰਹਿੰਦਾ ਹੈ ਤਾਂ ਆਪਣੇ ਕਸਬ ਨੂੰ ਝੂਠਾ ਹੀ ਸਿੱਧ ਕਰ ਰਿਹਾ ਹੁੰਦਾ ਹੈ ।

ਨਾਨਕ-ਬਾਣੀ ਵਿਚ ਇਹ ਪ੍ਰਕਿਰਿਆ ਕਿਸ ਦਸ਼ਾ ਅਤੇ ਦਿਸ਼ਾ ਦੀ ਹਾਣੀ ਹੈ,ਨਿਰਮਾਣਕਾਰੀ ਵਿਵੇਚਨ ਨਾਲ ਅਭੇਦ ਹੋਇਆ ਨਿਰਵੇਚਨ ਕਿਸ ਪ੍ਰਯਾਸ ਦਾ ਧਾਰਨੀ ਹੈ, ਇਹ ਏਥੇ ਵਿਚਾਰਣ ਵਾਲੀ ਗੱਲ ਹੈ। ਜੇ ਗਿਆਨ ਜਿਸਨੂੰ 'ਵਾਰ ਆਸਾ' ਵਿਚ "ਨਾਨਕ ਸੂਤਕ ਏਵ ਨ ਉਤਰੈ ਗਿਆਨ ਉਤਾਰੈ ਧੋਇ" ਕਹਿ ਕੇ ਵਡਿਆਇਆ ਗਿਆ ਹੈ ਜਾਂ ਵਾਰ ਸਾਰੰਗ ਵਿਚ "ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨ" ਤੇ ਜ਼ੋਰ ਦਿੱਤਾ ਗਿਆ ਹੈ, ਉਹ ਫਿਰ ਵੀ ਸੀਮਾਗ੍ਰਸਤ ਤੋਂ ਨਿਬੜਦੇ ਹਨ ਤਾਂ ਸਿਮਰਣ ਦਾ ਵਾਰਿਦ ਹੋਣਾ ਅਨਿਵਾਰੀ ਹੋ ਜਾਂਦਾ ਹੈ।'ਜਪੁਜੀ' ਵਿਚ ਵੀ ਜਦ "ਕਿਵ ਸਚਿਆਰਾ ਹੋਵੀਐ ਕਿਵ ਕੂੜੈ ਤੁਟੇ ਪਾਲਿ" ਵਾਲੀ ਜਗਿਆਸਾ ਲੱਦੀ ਅਵਸਥਾ ਲਾਂਭੇ ਹੋ ਜਾਂਦੀ ਹੈ ਤਾਂ ਸੁਣਨ, ਗਾਵਣ, ਮੰਨਣ ਵਲ ਮੋੜਾ ਪੈ ਜਾਂਦਾ ਹੈ। ਕੀ ਇਹ ਵਿਸਮਾਦ ਸ੍ਰਿਸ਼ਟੀ ਦੇ ਮੁੱਢਲੇ ਪਾਵਨ ਸਰੂਪ ਵਲ ਮੁੜਣ ਦਾ ਸੰਦੇਸ਼ ਨਹੀਂ ਦਿੰਦਾ? ਦਿੰਦਾ ਹੈ, ਪਰ ਸ੍ਰਿਸ਼ਟੀ ਦਾ ਮੁੱਢਲਾ ਸਰੂਪ ਉਸ ਪ੍ਰਕਾਰ ਨਾਨਕ- ਬਾਣੀ ਵਿਚ ਪਾਵਨ ਤਾਂ ਨਹੀਂ ਜਿਵੇਂ ਵਿਰਚਨਾ ਦੇ ਪ੍ਰਥਮ ਪ੍ਰਵੱਕਤਾ ਨੇ ਇਸਨੂੰ ਦਰਸਾਇਆ ਹੈ।

ਜਿਵੇਂ 'ਮਾਰੂ ਸੋਲਹੇ' ਵਿਚ ਆਉਂਦਾ ਹੈ ਉਹ ਤਾਂ "ਅਰਬਦ ਨਰਬਦ ਧੁੰਧੂਕਾਰਾ" ਦੀ ਅਵਸਥਾ ਸੀ ਜਿਸਨੂੰ ਕਿਸੇ ਤਰ੍ਹਾਂ ਵੀ ਪਾਵਨ ਨਹੀਂ ਸੀ ਕਿਹਾ ਜਾ ਸਕਦਾ।ਕਰਤਾ ਇਸ ਵਿਚ ਵਿਦਮਾਨ ਤਾਂ ਸੀ ਪਰ ਸੁੰਨ ਸਮਾਧੀ ਅੰਦਰ, ਭਾਵ ਕਰਤਾਰੀ ਰੂਪ ਵਿਚ ਨਹੀਂ। "ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ" ਵਾਲੀ ਅਵਸਥਾ ਸੀ ਜਿਸ ਵਿਚ ਨਿਰਣਾਇਕ ਤਬਦੀਲੀ, ਗੁਣ-ਗਹੀਰੀ ਤਾਂ ਅੱਗੇ ਜਾ ਕੇ ਆਈ:

ਵਿਰਲੇ ਕਉ ਗੁਰ ਸ਼ਬਦ ਸੁਣਾਇਆ । ਕਰ ਕਰ ਦੇਖੈ ਹੁਕਮੁ ਸਬਾਇਆ ॥

ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥

ਨਿਰਮਾਣਕਾਰੀ ਵਿਵੇਚਨ ਨਾਲ ਅਭੇਦ ਹੋਏ ਵਿਰੇਚਨ ਦੇ ਪ੍ਰਸੰਗ ਵਿਚ ਨਿਰਸੰਦੇਹ ਸ਼ਿਸ਼ਟੀ ਦਾ ਜੋ ਪਾਵਨ ਸਰੂਪ ਉੱਘੜਦਾ ਹੈ ਉਹ "ਹੁਕਮ ਅਪਾਰਾ" ਦੇ "ਹੁਕਮੁ ਸਬਾਇਆ" ਵਿਚ ਤਬਦੀਲ ਹੋਣ ਨਾਲ ਹੀ ਹੈ। ਇਸ ਤੋਂ ਪਹਿਲਾਂ ਦਾ "ਅਰਬਦ ਨਰਬਦ ਧੁੰਧੂਕਾਰਾ" ਤਾਂ ਇਕ ਪ੍ਰਕਾਰ ਦਾ ਨਿਖੇਧ ਹੈ। ਇਹ ਅੰਤਿਮ ਪ੍ਰੀਤੀ ਪਈ ਵਿਸਮਾਦ ਰਾਹੀਂ ਸੰਭਵ ਹੋਵੇ ਪਰ ਜੋ ਵਿਗਾਸ ਦਾ ਇਸ ਵਿਚ ਪੱਖ ਪੂਰਿਆ ਗਿਆ ਹੈ ਉਹ ਪ੍ਰੇਣਾਦਾਇਕ ਹੀ ਨਹੀਂ ਚਿੰਤਨਮੂਲਕ ਵੀ ਹੈ। ਗੁਰੂ ਸਾਹਿਬ ਦੀ ਭਾਸ਼ਾ ਵੀ ਸੰਵਾਦ ਨੂੰ ਅਰਪਿਤ ਹੋ ਜਾਂਦੀ ਹੈ, ਜਿਸ ਵਿਚੋਂ ਆਤਮ-ਸੰਵਾਦ ਦੀ ਜੋ ਮਨੋਹਰ ਧੁਨੀ ਉੱਠਦੀ ਹੈ ਉਹ ਬੇਮਿਸਾਲ ਹੀ ਅਨੁਭਵ ਹੁੰਦੀ ਹੈ। ਜੇ " ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ" ਵਿਚ ਇਹ ਆਤਮ-ਸੰਵਾਦ ਗਿਆਨ ਦੀ ਸੀਮਾ ਨੂੰ ਜਾ ਛੂਹਦਾ ਹੈ ਅਤੇ ਅਗਾਂਹ ਵਿਗਸਣਾ ਇਸ ਲਈ ਅਸੰਭਵ ਪ੍ਰਤੀਤ ਹੁੰਦਾ ਹੈ ਤਾਂ 'ਵਡਹੰਸ' ਵਿਚਲੀਆਂ ਇਨ੍ਹਾਂ ਸਤਰਾਂ ਵਿਚ ਤਾਂ ਇਹ ਕਰਨੀ ਦਾ ਧਾਰਣੀ ਬਣ ਜਾਂਦਾ ਹੈ :

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥

ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥

ਆਧੁਨਿਕ ਦ੍ਰਿਸ਼ਟੀ ਮੁਤਾਬਿਕ ਇਹ ਪੜਯਥਾਰਥਵਾਦੀ ਬਿੰਬ ਜਾਪੇਗਾ ਜਿਸ ਦੇ ਤੁਲ ਦਾ ਸਮੁੱਚੇ ਪੰਜਾਬੀ ਕਾਵਿ ਵਿਚ ਸ਼ਾਇਦ ਕਿਤੇ ਉਪਲਬੱਧ ਹੋਵੇ । ਬਹੁਤਾ ਕਰਕੇ ਪੜਯਥਾਰਥਵਾਦੀ ਬਿੰਬ ਨੇ ਅਸੀਮ ਬੇਬਸੀ ਤੋਂ ਪੱਲੇ ਪਈ ਪੀੜਾ ਨੂੰ ਹੀ ਆਵਾਜ਼ ਦੇਣੀ ਹੁੰਦੀ ਹੈ ਜਿਸ ਵਰਗੀ ਹਾਈਡੇਗਰ ਨੂੰ ਵੀ ਪਿਕਾਸੋ ਅਤੇ ਪਾਲ ਕਲੀਅ ਦੇ ਕੁੱਝ ਚਿੱਤਰਾਂ ਵਿਚੋਂ ਸੁਣਾਈ ਦਿੰਦੀ ਹੈ। ਕਰਨੀ ਵਾਲੇ ਪ੍ਰੇਮ ਦੇ ਸਪੁਰਦ ਕਰਕੇ ਗੁਰੂ ਸਾਹਿਬ ਨੇ ਤਾਂ ਇਸ ਬੋਲ ਨੂੰ ਸੁਣਨਯੋਗ ਹੀ ਨਹੀਂ ਸਗੋਂ ਮਾਨਣਯੋਗ ਬਣਾ ਦਿੱਤਾ ਹੈ। ਕਿਸੇ ਕਰਮਾ ਮਾਰੇ ਦੀ ਬੇਬਸੀ ਨੂੰ ਦਰਸਾਉਣ ਦੀ ਥਾਂ ਇਹ ਤਾਂ ਕਿਸੇ ਕਰਨੀ ਵਾਲੇ ਦੇ ਸਾਹਸ ਨੂੰ ਦਰਸਾਉਂਦਾ ਹੈ।

ਅੰਤਰ-ਸੰਵਾਦ ਦੇ ਸਮਾਨ ਹੀ ਬਾਹਰੀ ਸੰਵਾਦ ਹੈ। ਨਾਨਕ-ਬਾਣੀ ਵਿਚ ਜਿਸਦਾ ਨਿਰਮਾਣਕਾਰੀ ਪੱਖ ਤਾਂ ਪ੍ਰੇਰਣਾ ਤੋਂ ਵੀ ਅਗਾਂਹ ਦੀ ਬਾਤ ਪਾਉਂਦਾ ਹੈ। ਤਾਨਾ, ਮਿਹਣਾ, ਮਖੌਲ, ਠੱਠਾ, ਵਿਡੰਬਣਾ, ਵਿਅੰਗ, ਨਸੀਹਤ ਅਤੇ ਉਪਦੇਸ਼ ਕੀ ਨਹੀਂ, ਜਿਸਨੂੰ ਕਰਤਾਰੀ ਰੂਪ ਵਿਚ ਉਨ੍ਹਾਂ ਦਾ ਪ੍ਰਵਚਨ ਅਰਪਿਤ ਨਹੀਂ ਜਾਪਦਾ? ਬਹੁਤ ਵਾਰੀ ਪ੍ਰਤੀਦਵੰਦੀ ਦੀਆਂ ਮਣੋਤਾਂ ਵਿਚ ਗੁਰੂ ਸਾਹਿਬ ਇਸ ਪ੍ਰਕਾਰ ਨਿਰੰਤਰ ਛਿਦਰ ਪਾਉਂਦੇ ਚਲੇ ਜਾਂਦੇ ਹਨ ਕਿ ਉਹ ਨਿਰਉੱਤਰ ਹੋ ਕੇ ਰਹਿ ਜਾਂਦਾ ਹੈ। ਏਥੇ ਸਹਿਜੇ ਹੀ "ਸਿਧ ਗੋਸ਼ਟਿ" ਦੀ ਉਦਾਹਰਣ ਲਈ ਜਾ ਸਕਦੀ ਹੈ, ਜਿਸ ਵਿਚ ਪ੍ਰਤੀਦਵੰਦੀ ਦੀ ਮਣੌਤ ਨੂੰ ਛਿਦਰਨੁਮਾ ਦਿਖਾ ਕੇ ਉਹ ਆਪਣੀ ਇਕਾਗਰ ਧਾਰਨਾ ਪੇਸ਼ ਕਰ ਦਿੰਦੇ ਹਨ। ਦੋਨਾਂ ਵਿਚਲਾ ਗੁਣਾਤਮਿਕ ਅੰਤਰ ਪ੍ਰਭਾਵ ਪਾਉਣ , ਭਾਵ ਦਰਸਾਉਣ ਤੋਂ ਬਿਨਾਂ ਨਹੀਂ ਰਹਿੰਦਾ :

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥

ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥

ਗਲੀ ਜੋਗੁ ਨ ਹੋਈ॥

ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥

ਅਜੋਕੇ ਬੁੱਧੀਜੀਵੀ ਅਦਾਰਿਆਂ ਵਿਚ ਜਿਵੇਂ ਪ੍ਰਤੀਦਵੰਦੀ ਦੀ ਗੱਲ ਨੂੰ ਧਿਆਨ ਕਰਕੇ,ਜਾਂ ਅੱਧ ਪਚੱਧ ਧਿਆਨ ਦੇ ਕੇ, ਤੋੜ- ਮਰੋੜ ਕੇ ਆਪਣੀ ਸਿਧੀ ਜਤਲਾਉਣ ਦਾ ਵਰਤਾਰਾ ਵਿਆਪਕ ਹੈ, ਉਸਦੇ ਵਿਪਰੀਤ ਗੁਰੂ ਸਾਹਿਬ ਲਈ ਕੁੱਲ-ਮੁੱਲ ਧਿਆਨ ਨਾਲ ਸੁਣਨ ਅਤੇ ਪ੍ਰਮਾਣ ਸਹਿਤ ਕਹਿਣ ਦਾ ਬਣਦਾ ਸੀ, ਜਿਵੇਂ ਅਡੋਰਨੋ ਨੇ ਹਾਈਡੇਗਰ ਬਾਰੇ ਕਿਹਾ ਹੈ ਜੋ

ਦਵੰਦੀ ਕਿੰਨਾ ਵੱਡਾ ਦਾਨਿਸ਼ਵਰ ਵੀ ਉਹ ਕਿਉਂ ਨਾ ਹੋਵੇ,ਸੁਣਦਾ ਕੁੱਝ ਨਹੀਂ, ਨੂੰ ਸੁਣਾਉਂਦਾ ਹੀ ਹੈ, ਉਸਦੀ ਤਰੁਟੀ ਉੱਤੇ ਵੀ ਗੁਰੂ ਸਾਹਿਬ ਦੀ ਉਂਗਲ ਧਰੀ ਗਈ ਲੱਗਦੀ ਹੈ:

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥

ਚਰਪਟੁ ਬੋਲੈ ਅਉਧੂ ਨਾਨਕ ਦੇਹ ਸੱਚਾ ਬੀਚਾਰੇ ॥

ਆਪੇ ਆਖੇ ਆਪੇ ਸਮਝੈ ਤਿਸ ਕਾ ਕੀਆ ਉੱਤਰ ਦੀਜੈ ॥

ਆਪਣੀ ਧਾਰਨਾ ਨੂੰ ਪ੍ਰਭਾਵਕ ਅਤੇ ਪ੍ਰੇਰਿਕ ਸਿੱਧ ਕਰਨ ਲਈ ਜੋ ਪ੍ਰਤੀਦਵੰਦੀ ਨੂੰ ਉਸਦੀ ਤੁਛ ਸੋਚ ਦਾ ਅਹਿਸਾਸ ਕਰਵਾਉਣਾ ਜ਼ਰੂਰੀ ਹੋਵੇ ਤਾਂ ਕਿੰਨਾ ਵੀ ਅਣਉਚਿਤ ਇਹ ਕਿਉਂ ਨਾ ਲੱਗੇ , ਉਹ ਇਸ ਚੋਂ ਵੀ ਉੱਕਦੇ ਨਹੀਂ:-

ਇਨ ਬਿਧਿ ਮਨ ਸਮਝਾਈਐ ਬਾਹੁੜਿ ਚੋਟਨ ਪਾਈਐ ॥

ਨਾਨਕ ਬੋਲੇ ਗੁਰਮੁਖਿ ਬੂਝੇ ਜੋਗ ਜੁਗਤਿ ਇਵ ਪਾਈਐ ॥

ਫੇਰ ਤਾਂ ਪ੍ਰਤੀਦਵੰਦੀ ਕੋਲ ਕਾਇਲ ਹੋਣ ਤੋਂ ਬਿਨਾਂ ਕੁੱਝ ਨਹੀਂ ਬਚਦਾ:-

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮ ਵਖਾਣੈ ॥

ਰਹਹਿ ਇਕਾਂਤ ਇਕੋ ਮਨਵਸਿਆ ਆਸਾ ਮਾਹਿ ਨਿਰਾਸੋ ॥

ਅਨੁਮਾਨ ਹੋ ਸਕਦਾ ਹੈ ਕਿ ਨਿਰਵੇਚਣ,ਨਿਰਮਾਣਕਾਰੀ ਵਿਵੇਚਨ ਨਾਲ ਇਸਦਾ ਨਾਤਾ,ਇਸਦੀਆਂ ਜੁਗਤਾਂ ਦਾ ਭੰਡਾਰ ਜਿਸਨੂੰ ਪੰਜਾਬੀ ਚਿੰਤਨ ਵਿਚ ਸੱਭ ਤੋਂ ਵੱਡਮੁੱਲਾ ਯੋਗਦਾਨ ਨਾਨਕ-ਬਾਣੀ ਦਾ ਹੈ,ਮੁੱਢਲੇ ਪੜਾਅ ਦੇ ਵਿਰਚਨਾ-ਸਿਧਾਂਤ ਅਤੇ ਇਸਦੇ ਵਿਹਾਰ ਨੂੰ ਅਲਪ ਦਰਸਾ ਦਿੰਦਾ ਹੈ। ਵਿਕਸਤ ਦਸ਼ਾ ਅਤੇ ਬਦਲਵੀਂ ਦਿਸ਼ਾ ਵਾਲਾ ਵਿਰਚਨਾ-ਸਿਧਾਂਤ,ਸਮੇਤ ਇਸਦੀਆਂ ਪੇਚੀਦਾ ਜੁਗਤਾਂ ਦੇ ਨੈੱਟਵਰਕ ਦੇ ਜੋ ਦੈਰੀਦਾ ਦੀਆਂ ਲਿਖਤਾਂ ਵਿਚ ਉਪਲਬਧ ਹੈ,ਉਸ ਨਾਲ ਨਿਰਵੇਚਨ ਦੀ ਕੀ ਤੁਲਨਾ/ਆਪੇਖਿਆ ਬਣਦੀ ਹੈ, ਇਹ ਅੱਗੇ ਵਿਚਾਰਣ ਵਾਲੀ ਗੱਲ ਹੈ। ਇਸ ਪ੍ਰਯਾਸ ਨਾਲ ਗੁੱਥਮ-ਗੁੱਥਾ ਹੋਣ ਦੀ ਪ੍ਰੇਰਣਾ ਉਸਨੂੰ ਹਾਈਡੇਗਰ ਤੋਂ ਮਿਲੀ,ਜਿਸਦੀ ਜਾਤੀ ਹਾਲਤ ਦੂਜੇ ਵਿਸ਼ਵ ਯੁੱਧ ਉਪਰੰਤ ਢਹਿ-ਢੇਰੀ ਹੋਏ ਜਰਮਨੀ ਵਾਲੀ ਹੀ ਸੀ। ਯੂਰਪ ਦਾ ਸਭ ਤੋਂ ਗਹਿਰ-ਗੰਭੀਰ ਦਾਨਿਸ਼ਵਰ ਹੋਣ ਦੇ ਬਾਵਜੂਦ ਉਹ ਅਧਿਆਪਨ ਤੋਂ ਅਲੱਗ ਕਰ ਦਿੱਤਾ ਗਿਆ ਸੀ। ਇਕ ਤਰ੍ਹਾਂ ਦਾ ਵਿਦਿਅਕ ਬੰਦੀਖਾਨਾ ਸੀ, ਜਿਸ ਵਿਚ ਉਸਨੂੰ ਡੱਕ ਦਿੱਤਾ ਗਿਆ ਸੀ। ਇਹ

ਅਜੇਹਾ ਬੰਦੀਖਾਨਾ ਸੀ,ਜਿਸਦੀਆਂ ਸਲਾਖਾਂ ਛੂਹਣ, ਸੁੰਘਣ, ਸੁਣਨ, ਦੇਖਣ ਅਤੇ ਰੱਖਣ ਤੱਕ ਦੀਆਂ ਦੇਹਮੂਲਕ ਕਿਰਿਆਵਾਂ ਲਈ ਵੀ ਨਰਕ ਬਣੀਆਂ ਹੋਈਆਂ ਸਨ।

ਦੂਜੇ ਪਾਸੇ ਦੈਰੀਦਾ ਲਈ ਨਾਜ਼ੀ ਕਬਜ਼ੇ ਤੋਂ ਆਜ਼ਾਦ ਹੋਇਆ ਫਰਾਂਸ ਪੇਸ਼ੀ ਤੋਂ ਘੱਟ ਨਹੀਂ ਸੀ। ਉਹ ਜੰਮਪਲ ਤਾਂ ਅਲਜੇਰੀਆ ਦਾ ਸੀ ਪਰ ਵਾਸੀ ਆਪਣੇ ਆਪ ਨੂੰ ਫਰਾਂਸ ਦਾ ਮੰਨਦਾ ਸੀ। ਯਹੂਦੀ ਹੋਣ ਕਾਰਨ ਫਰਾਂਸ ਵਿਚ ਵੀ ਉਹ ਵਿਤਕਰੇ ਦਾ ਭਾਗੀ ਸੀ, ਵਿਦਿਅਕ ਵਾਤਾਵਰਣ ਵਿਚ ਤਾਂ ਖਾਸ ਕਰਕੇ ਉਸਨੂੰ ਹਰੇਕ ਨਿਰਣਾਇਕ ਪ੍ਰੀਖਿਆ ਵਿਚ ਅਸਫਲਤਾ ਦੇ ਤਲਖ਼ ਅਨੁਭਵ ਵਿਚੋਂ ਲੰਘਣ ਤੇ ਮਜਬੂਰ ਕੀਤਾ ਸੀ। ਇਹ ਮੁੱਢ ਸੀ ਜੋ ਕਿ ਉਸ ਅੰਤਰ-ਪ੍ਰੇਰਣਾ ਦਾ ਜੋ ਹਾਈਡੇਗਰ ਨਾਲ ਜੁੜੀ ਪ੍ਰੇਰਣਾ ਤੋਂ ਬਲ ਪ੍ਰਾਪਤ ਕਰਕੇ ਲੈਵੀ ਸੱਤਰਾਸ ਵੱਲੋਂ ਪੇਸ਼ ਹੋਏ। ਸੰਰਚਨਾਵਾਦ ਨੂੰ ਵੰਗਾਰਣ ਦੇ ਸਮਰੱਥ ਬਣਾਉਂਦੀ ਸੀ। ਸੰਰਚਨਾਵਾਦ ਦੀ ਧਾਰਨਾ ਸੀ ਕਿ ਕਿਰਤੀ ਹੀ ਨਹੀਂ, ਸੰਸਕਿਤੀ ਵੀ ਅਜਿਹੀ ਸੰਰਚਨਾ ਵਿਚ ਬੱਝੀ ਹੋਈ ਹੈ, ਜਿਸਦੇ ਵਿਰੋਧੀ ਜੁੱਟ ਇਤਿਹਾਸ ਤੋਂ ਪਾਰ ਜਾਣ ਵਾਲਾ ਸੰਤੁਲਣ ਬਣਾਈ ਰੱਖਦੇ ਹਨ ।ਧਰਤੀ-ਅਕਾਸ਼,ਅਗਨੀ-ਪਾਣੀ,ਕਾਲਾ-ਗੋਰਾ,ਔਰਤ-ਮਰਦ ਆਦਿ ਵਿਰੋਧੀ ਜੁਟ,ਆਪੋ ਆਪਣੇ ਚਿੰਨ੍ਹਾਂ ਨਾਲ ਲਾਮਬੰਦ ਹੋ ਕੇ ਸਦੀਵੀ ਸੰਰਚਨਾਵਾਂ ਵਿਚ ਢਲੇ ਰਹਿੰਦੇ ਹਨ।

ਮਾਤਭੂਮੀ ਤੋਂ ਵਿਜੋਗ, ਦੇਸ਼ ਨਾਲ ਅਣਜੋੜ, ਵਰਤਾਰੇ ਤੋਂ ਵਾਰਿਦ ਵਿਤਕਰਾ ਉਸਨੂੰ ਕਿਵੇਂ ਵੀ ਇਸ ਦ੍ਰਿਸ਼ਟੀ ਦਾ ਅਨੁਸਾਰੀ ਨਹੀਂ ਸੀ ਬਣਨ ਦੇ ਸਕਦੇ।ਸੋ 1968 ਵਿਚ ਲਿਖੇ ਆਪਣੇ ਪ੍ਰਮ ਲੇਖ 'ਸਰੰਚਨਾ, ਚਿੰਨ੍ਹ ਅਤੇ ਮਾਨਵ-ਵਿਗਿਆਨ ਦੇ ਪ੍ਰਵਚਨ ਵਿਚ ਖੇਡ ਦਾ ਸਥਾਨ, ਵਿਚ ਉਸਦਾ ਸਾਰਾ ਜ਼ੋਰ ਇਹ ਸਿੱਧ ਕਰਨ ਲੱਗ ਗਿਆ ਕਿ ਜੋ ਚਿੰਨ੍ਹ ਸੰਰਚਨਾ ਦੇ ਤੱਥ ਸੱਚ ਨੂੰ ਉਘਾੜਣ ਦਾ ਇਕੋਂ-ਇਕ ਮਾਧਿਅਮ ਸਵੀਕਾਰੇ ਜਾਂਦੇ ਹਨ। ਉਨ੍ਹਾਂ ਵਿਚ ਸਥਿੱਰਤਾ ਨਾਂ ਦੀ ਕੋਈ ਗੱਲ ਨਹੀਂ ਹੁੰਦੀ। ਉਹ ਮੁੱਢ ਸੁੰਢੋਂ ਹੀ ਅਸਥਿਰ ਹੁੰਦੇ ਹਨ। ਜਿਸ ਜੁੜਣ ਜੋੜਣ ਦੀ ਜ਼ਿੰਮੇਵਾਰੀ ਤੋਂ ਉਨ੍ਹਾਂ ਨੂੰ ਸੁਰਖਰੂ ਨਹੀਂ ਸਮਝਿਆ ਜਾ ਸਕਦਾ,ਉਸ ਤੋਂ ਬੱਚਣਾ,ਉਸਨੂੰ ਟਾਲਣਾ,ਭੁਲਾਵਾ ਦੇਣਾ, ਤਿਲ੍ਹਕਣਾ ਹੀ ਉਨ੍ਹਾਂ ਦਾ ਕਰਤੱਵ ਹੁੰਦਾ ਹੈ। ਇਸ ਤਰ੍ਹਾਂ ਸੰਰਚਨਾ ਦਾ ਤੱਥ-ਸੱਚ ਇਸਦੇ ਕੇਂਦਰ ਵਿਚੋਂ ਚੱਲ ਕੇ ਇਸਦੇ ਖੇਤਰਫ਼ਲ ਵਿਚ ਫੈਲਿਆ ਹੋਇਆ ਨਹੀਂ ਹੁੰਦਾ। ਹਾਸ਼ੀਏ ਤੋਂ ਬਾਹਰ,ਤ੍ਰੇੜਾਂ ਅਤੇ ਝੀਥਾਂ ਤੋਂ ਹੀ ਇਹ ਝਾਤੀਆਂ ਮਾਰ ਰਿਹਾ ਹੁੰਦਾ ਹੈ।ਉਹੀ ਇਸਦੀ ਛੁਪਣਗਾਹ ਹੁੰਦੇ ਹਨ। ਉਨ੍ਹਾਂ ਦੇ ਵਿਚ ਵਿਚਾਲਿਓਂ ਵੀ ਇਨ੍ਹਾਂ ਦੇ ਅੰਸ਼ਕ ਜਹੇ ਦੀਦਾਰ ਹੀ ਹੋ ਸਕਦੇ ਹਨ। ਰਚਿੱਤ ਦੀ ਥਾਂ ਵਿੱਰਚਿਤ, ਸਥਾਪਿਤ ਦੀ ਥਾਂ ਵਿਸਥਾਪਤ,ਭਿੰਨ੍ਹ,ਅਲੱਗ ਅਤੇ ਵਿਖਮ ਬਣੇ ਰਹਿਣਾ ਇਨ੍ਹਾਂ ਦੀ ਹੋਣੀ ਬਣੀ ਰਹਿੰਦੀ ਹੈ ।

ਗੱਲ ਕੀ ਜੀਵਨ ਵਿਚ ਹੀ ਨਹੀਂ ਬਲਕਿ ਇਸਦਾ ਚਿਤਰਣ ਅਤੇ ਚਿਤਵਣ ਕਰਨ ਵਾਲੇ ਹਰੇਕ ਵਿਧਾਨ ਵਿਚ ਤ੍ਰੇੜਾਂ, ਦੁਫਾੜਾਂ, ਮਘੋਰਿਆਂ ਅਤੇ ਵਿਸੰਗਤੀਆਂ ਦੀ ਹੀ ਭਰਮਾਰ ਹੁੰਦੀ ਹੈ।ਪਰੰਪਰਾਵਾਂ,ਮਾਣਤਾਵਾਂ,ਨਿਸ਼ਚਿਆਂ ਅਤੇ ਸਥਾਪਨਾਵਾਂ ਤੋਂ ਅਨੁਭਵ, ਵਿਚਾਰ, ਭਾਵ, ਮਨੋਭਾਵ ਇਨ੍ਹਾਂ ਵਿਚੋਂ ਹੀ ਝਾਤੀਆਂ ਮਾਰਦੇ ਰਹਿੰਦੇ ਹਨ। ਕਿਵੇਂ ਭਾਸ਼ਾ, ਸਭਿਆਚਾਰ, ਸਮਾਜ, ਸਾਹਿਤ, ਵਿਚਾਰਧਾਰਾ ਏਥੋਂ ਤੱਕ ਕਿ ਧਰਮ ਅਤੇ ਕਾਮ-ਕ੍ਰੀੜਾ ਵੀ ਇਨ੍ਹਾਂ ਦੀਆਂ ਛੁਪਣਗਾਹਾਂ ਹਨ,ਇਸਨੂੰ ਧਰਮ ਦਰਸਾਉਂਣ ਲਈ ਘਾਲੀ ਗਈ ਦੈਰੀਦਾ ਦੀ ਘਾਲਣਾ ਇਕ ਵਾਰ ਤਾਂ ਚੁੰਧਿਆ ਦੇਣ ਵਾਲੀ ਪ੍ਰਤੀਤ ਹੁੰਦੀ

ਹੈ। ਸਭ ਕੁਝ ਪ੍ਰਵਚਨ ਅਤੇ ਪਾਠ ਵਿਚ ਢਾਲਣ ਖਾਤਰ ਜੋ ਉਸਨੇ ਜੁਗਤਾਂ ਦਾ ਪੇਚੀਦਾ ਨੈਟਵਰਕ ਸਿਰਜਿਆ ਜਿਨ੍ਹਾਂ ਵਿਚ ਪਦ-ਚਿੰਨ੍ਹ, ਵਿਧੀਕਰਣ, ਕੁਆਰ-ਪਰਦਾ,ਸਮਪੂਰਕ,ਅੰਤਰ-ਸਥਗਨ ਦਾ ਇਨ੍ਹਾਂ ਵਿਚ ਪ੍ਰਮੁੱਖ ਸਥਾਨ ਬਣਦਾ ਹੈ। ਅੱਗੇ ਇਨ੍ਹਾਂ ਦੀ ਆਪਣੀ ਪੇਚੀਦਗੀ ਹੈ, ਜੋ ਵਿਭਿੰਨ ਖੇਤਰਾਂ ਵਿਚ ਦੈਰੀਦਾ ਦੇ ਚਿੰਤਨ ਦਾ ਮੁੱਢ ਹੀ ਨਹੀਂ ਬੰਨ੍ਹ ਦਿੰਦੀ ਸਗੋਂ ਮੌਲਿਕ ਹੋਣ ਦੇ ਇਕਰਾਰ ਨੂੰ ਵੀ ਦ੍ਰਿੜ੍ਹ ਕਰ ਦਿੰਦੀ ਹੈ । ਰੋਲ ਘਚੋਲ ਦਾ ਖਦਸ਼ਾ ਵੀ ਖੜਾ ਕਰ ਦਿੰਦੀ ਹੈ, ਜਿਸ ਨੂੰ ਘੱਟੋਂ-ਘੱਟ ਐਡਵਰਡ ਸਾਈਦ ਨੇ ਇਹ ਕਹਿ ਕੇ ਧਿਆਨਗੋਚਰ ਕੀਤਾ ਕਿ ਵੱਖ- ਵੱਖ ਖੇਤਰਾਂ ਵਿਚੋਂ ਪ੍ਰਾਪਤ ਹੋਈਆਂ ਹੋਣ ਕਾਰਨ ਇਹ ਜੁਗਤਾਂ ਵਿਚੋਲਗੀ ਤੋਂ ਵਾਂਝੀਆਂ ਰਹਿ ਗਈਆਂ ਹਨ। ਦੈਰੀਦਾ ਦੇ ਵਿਰਚਨਾ-ਸਿਧਾਂਤ,ਇਸਨੂੰ ਸਕਰਮਕ ਕਰਨ ਵਾਲੀਆਂ ਜੁਗਤਾਂ ਸੰਸਾਰਕਤਾ ਨੂੰ ਜੀਵਨ ਦਾ ਵਿਸ਼ਾ ਵਸਤੂ ਜਾਣ ਕੇ ਪਰਖ-ਪੜਚੋਲ ਨੂੰ ਇਸਦਾ ਤੱਥ-ਸੱਚ ਦਰਸਾ ਦਿੰਦੀਆਂ ਹਨ ਕਿਉਂਕਿ ਇਸ ਪਰਖ ਪੜਚੋਲ ਦੀ ਮੁੱਖ ਸੁਰ ਅਸਵਕ੍ਰਿਤੀ ਵਾਲੀ ਹੈ।ਇਸ ਲਈ ਬੇਪਰਦਗੀ ਹੀ ਇਸਦਾ ਅੰਤਿਮ ਪੜਾਅ ਹੋ ਨਿਬੜਦਾ ਹੈ।ਇਸ ਤੋਂ ਕਿਸੇ ਨਿਰਮਾਣ ਦੀ ਸੰਭਾਵਨਾ ਬਣਦੀ ਹੋਵੇ,ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ। ਹੈਰਾਨੀ ਦੀ ਗੱਲ ਨਹੀਂ ਕਿ ਨੱਵੇਵਿਆਂ ਤੋਂ ਮਾਰਕਸਵਾਦ, ਸਿਆਸਤ, ਧਰਮ ਅਤੇ ਆਤੰਕ ਦੀ ਜੋ ਇਸ ਵਿਰਚਨਾ-ਸਿਧਾਂਤ ਦੀ ਲੈਅ ਵਿਚ ਦੈਰੀਦਾ ਨੇ ਬੇਪਰਦਗੀ ਕੀਤੀ,ਉਹ ਅਕਰਮਤਾ ਦਾ ਹੀ ਪੱਖ ਪੂਰਦੀ ਲੱਗਦੀ ਹੈ । (ਮਾਰਕਸ ਦੇ ਪ੍ਰੇਤ) ਤੋਂ ਅਨੁਮਾਨ ਇਹੋ ਬਣਦਾ ਹੈ ਕਿ ਵਿਸ਼ਵੀਕਰਣ,ਉਦਾਰੀਕਰਣ ਅਤੇ ਮੰਡੀਕਰਣ ਦੀ ਦਲਦਲ ਵਿਚ ਦਾਖਿਲ ਹੋਣ ਤੋਂ ਸੰਸਾਰ ਨੂੰ ਮੋੜਿਆ ਨਹੀਂ ਜਾ ਸਕਦਾ। ਪਰ ਮਾਰਕਸਵਾਦ ਵਿਚੋਂ ਕ੍ਰਾਂਤੀ ਦਾ ਜੋ ਸੰਦੇਸ਼ ਬੁਲੰਦ ਹੁੰਦਾ ਹੈ,ਉਸਦਾ ਪ੍ਰੇਤਨੁਮਾ ਮਹੱਤਵ ਜ਼ਰੂਰ ਹੈ,ਇਸ ਦਲਦਲ ਵਿਚ ਗਰਕ ਹੋਣ ਤੋਂ ਬਚਣ ਦਾ,ਜਿਸਦੀ ਚਿਤਾਵਨੀ ਨੂੰ ਨਿਗੂਣੀ ਵੀ ਨਹੀਂ ਕਿਹਾ ਜਾ ਸਕਦਾ । ਪਰ ਇਸ ਨੂੰ ਨਿਰਮਾਣ ਦਾ ਕੁੱਲ ਇਕਰਾਰ ਮੰਨਣਾ ਵੀ ਸੁਪਨਸਾਜ਼ੀ ਹੀ ਹੋਵੇਗੀ,ਇਸ ਨਾਲ ਸਬੰਧਤ ਲਿਖਤਾਂ ਵਿਚ ਵੀ ਉਸਨੇ ਇਸੇ ਤਰ੍ਹਾਂ ਦੀ ਦ੍ਰਿਸ਼ਟੀ ਅਪਣਾਈ ਹੈ,ਅੰਤਰ ਕੇਵਲ ਇਹ ਹੈ ਕਿ ਮਾਰਕਸਵਾਦ ਦੇ ਪ੍ਰੇਤਨੁਮਾ ਭੈਆਂ ਦੀ ਥਾਂ ਫਰਿਸ਼ਤਾਨੁਮਾ ਉਮੀਦ ਦਾ ਪੱਲਾ ਪਕੜਦਾ ਹੈ, ਜਦੋਂ ਮਸੀਹੀਅਤ ਦੀ ਸੰਭਾਵਨਾ ਬਣਾਏ ਰੱਖਣ ਨੂੰ ਉਹ ਮਾਨਵੀ ਤਦਬੀਰ ਅਤੇ ਤਰਕੀਬ ਦੇ ਅਨੁਕੂਲ ਦਰਸਾਉਂਦਾ ਹੈ । ਦਿਲਚਸਪ ਗੱਲ ਇਹ ਹੈ ਕਿ ਹਾਈਡੇਗਰ ਤੋਂ ਹੱਟ ਕੇ ਵਾਲਟਰ ਬੈਂਜਾਮਿਨ ਦੀ ਧਾਰਮਿਕ ਦ੍ਰਿਸ਼ਟੀ ਨਾਲ ਜੁੜਣ ਦਾ ਇਹ ਮਨਮੋਹਕ ਯਤਨ ਹੈ । ਵਾਲਟਰ ਬੈਂਜਾਮਿਨ ਨਾਲੋਂ ਦੂਰੀ ਬਣਾਉਣ ਦੇ ਯਤਨ ਵਿਚ ਉਹ ਇਸ ਮਸੀਹੀਅਤ ਨੂੰ ਧਰਮ-ਨਿਰਪੇਖ ਪ੍ਰਸਤੁਤ ਕਰਨ ਦਾ ਅਭਿਲਾਸ਼ੀ ਹੈ, ਜਿਸ ਨਾਲ ਉਸ ਪ੍ਰਤੀ ਹੁੰਗਾਰੇ ਦਾ ਖੇਤਰ ਤਾਂ ਵਿਸਤ੍ਰਿਤ ਹੋ ਜਾਂਦਾ ਹੈ ਪਰ ਉਹ ਸੰਵੇਦਨਾ ਜੋ ਵਾਲਟਰ ਬੈਂਜਾਮਿਨ ਦੀ ਅੰਤਿਮ ਲਿਖਤ ਵਿਚ ਵਿਦਮਾਨ ਸੀ,ਉਹ ਅਲੋਪ ਹੋ ਜਾਂਦੀ ਹੈ ।

ਸਿਆਸਤ ਨਾਲ ਸਬੰਧਤ ਲਿਖਤ ( ਦੋਸਤੀ ਦੀ ਸਿਆਸਤ ) ਵਿਚ ਪ੍ਰੇਤਨੁਮਾ ਭੈਅ ਅਤੇ ਫਰਿਸ਼ਤਾਨੁਮਾ ਉਮੀਦ ਦਾ ਮਿਸ਼ਰਣ ਪੇਸ਼ ਹੈ।ਪਰਮ ਬਿਰਤਾਂਤ ਨਾਲ ਓਤ-ਪੋਤ ਉਸ ਅਨੁਸਾਰ ਸਿਆਸਤ ਦੇ ਵੇਲਾ ਵਿਹਾ ਜਾਣ ਦਾ ਵਕਤ ਆ ਚੁੱਕਾ ਹੈ । ਵਿਚਾਰਧਾਰਾ,ਨੀਤੀ,ਸੱਤਾ ਅਤੇ ਸ਼ਾਸਣ ਨੇ ਪਹਿਲਾਂ ਵਾਂਗ ਵਿਚਰਦੇ ਨਹੀਂ ਰਹਿਣਾ । ਇਨ੍ਹਾਂ ਦੀ ਥਾਂ ਅਲਪ ਬਿਰਤਾਂਤ ਵਾਲੀਆਂ ਸੰਸਥਾਵਾਂ ,ਸਭਾਵਾਂ,ਦਲਾਂ ਅਤੇ ਜੋੜ ਮੇਲਿਆਂ ਨੇ ਪ੍ਰਚਲਿਤ ਹੋ ਜਾਣਾ ਹੈ । ਦੇਸ਼ ਵਾਸੀਆਂ ਨੇ ਵੀ ਨਾਗਰਿਕਾਂ ਵਿਚ ਤਬਦੀਲ ਹੋ ਜਾਣਾ ਹੈ,ਜਿਨ੍ਹਾਂ ਦੀ ਵਿਚਾਰਧਾਰਾ,ਨੀਤੀਆਂ ਆਦਿ ਤੋਂ ਅਲਕਤ ਹੀ ਅਨੁਭਵ ਹੋਵੇਗੀ ।

ਉਨ੍ਹਾਂ ਲਈ ਤ੍ਰਿਪਤੀ ਦਾ ਸੂਤਰ ਇਹ ਅਲਪ ਬਿਰਤਾਂਤ ਦੀਆਂ ਧਾਰਨੀ ਸਭਾਵਾਂ ਹੀ ਬਣ ਜਾਣਗੀਆਂ । ਪਰ ਜਦੋਂ ਦੋਨਾਂ ਲਈ ਖਲਲ ਦਾ ਕਾਰਨ ਬਣੇ ਆਤੰਕ ਵਲ ਦੈਰੀਦਾ ਦੀ ਨਜ਼ਰ ਜਾਂਦੀ ਹੈ ਤਾਂ ਮਜ਼ਹਬੀ ਸੰਗਠਨਾਂ ਤੱਕ ਉਹ ਇਸਦੇ ਵਰਤਾਰੇ ਨੂੰ ਸੀਮਤ ਨਹੀਂ ਰੱਖਦਾ । ਸੱਤਾ ਅਤੇ ਸ਼ਾਸਣ ਨੂੰ ਵੀ ਇਸ ਦੇ ਫੈਲਣ ਲਈ ਕਸੂਰਵਾਰ ਠਹਿਰਾਉਂਦਾ ਹੈ ਪਰ ਬਹੁਤਾ ਕਰਕੇ ਆਤੰਕ ਸ਼ਬਦ ਦੀਆਂ ਭਾਸ਼ਿਕ ਗੁੰਝਲਾਂ ਨੂੰ ਸੁਲਝਾਉਣ ਵਿਚ ਵਧੇਰੇ ਦਿਲਚਸਪੀ ਦਿਖਾਉਣ ਲੱਗ ਪੈਂਦਾ ਹੈ।ਦੈਰੀਦਾ ਦੀਆਂ ਲਿਖਤਾਂ ਵਿਚ ਪੇਸ਼ ਸੰਸਾਰਕਤਾ ਦੀ ਬੇਪਰਦਗੀ ਵੀਹਵੀਂ ਸਦੀ ਦੇ ਆਖ਼ਰੀ ਚਿੰਨ੍ਹ ਦਹਾਕਿਆਂ ਨੂੰ ਝੰਜੋੜ ਦੇਣ ਵਾਲੀ ਪ੍ਰਾਪਤੀ ਸੀ।ਇੱਕਾ-ਦੁੱਕਾ ਅਵੱਗਿਆਵਾਂ ਦੇ ਬਾਵਜੂਦ,ਤਰੁੱਟੀਆਂ ਦੇ ਹੁੰਦਿਆਂ-ਸੁੰਦਿਆਂ,ਸ਼ਾਇਦ ਹੀ ਕਿਸੇ ਹੋਰ ਚਿੰਤਕ ਨੇ ਨਿਠ ਕੇ ਐਨੀ ਲਗਨ ਨਾਲ ਅਜਿਹਾ ਪਰਿਆਸ ਸਰਅੰਜ਼ਾਮ ਦਿੱਤਾ ਹੋਵੇ । ਜੋ ਉਸਦੇ ਪਿਛੋਕੜ,ਅਧਿਐਨ ਘਾਲਣਾ ਅਤੇ ਅਖੰਡ ਸਿਰੜ ਨੂੰ ਲਾਂਭੇ ਕਰਕੇ ਉਸਦੇ ਵਜੂਦ ਨੂੰ ਹੀ ਇਸਦਾ ਸਿਹਰਾ ਦੇਣਾ ਹੋਵੇ,ਉਸੇ ਦੀ ਇਸ ਨੂੰ ਅਮਾਨਤ ਜਾਨਣਾ ਹੋਵੇ ਤਾਂ ਉਸ ਤੇ ਕਿਸੇ ਦੇਵੀ ਸ਼ਕਤੀ ਦੀ ਕਿਰਪਾ ਦਾ ਭਰਮ ਪਾਲਣ ਨੂੰ ਦਿਲ ਕਰ ਆਉਂਦਾ ਹੈ ।

ਗੁਰੂ ਨਾਨਕ ਦੇਵ ਨੂੰ ਤਾਂ ਖੁੱਲ੍ਹਮ-ਖੁੱਲਾ ਹੀ ਦੇਵੀ ਕਿਰਪਾ ਦਾ ਭਾਗੀ ਮੰਨ ਕੇ ਸਮਝਿਆ ਜਾਂਦਾ ਕਿ ਉਸ ਅਟੁੱਟ ਸ਼ਰਧਾ ਦਾ ਕੁੱਝ ਨਾ ਕੁੱਝ ਰਿਣ ਚੁੱਕਾ ਦਿੱਤਾ ਗਿਆ ਹੈ ਜਿਸਦੇ ਅਧਿਕਾਰੀ ਬਣਾ ਅਕਾਲ ਪੁਰਖ ਨੇ ਉਨ੍ਹਾਂ ਨੂੰ ਇਸ ਧਰਤੀ ਤੇ ਭੇਜਿਆ ਸੀ । ਪਰ ਜੋ ਉਨ੍ਹਾਂ ਦੀ ਰਚਨਾ ਨੂੰ ਆਧਾਰ ਬਣਾ ਗੁਰੂ ਸਾਹਿਬ ਦੀ ਪ੍ਰਤਿਭਾ ਦਾ ਤਸੱਵਰ ਕੀਤਾ ਜਾਵੇ ਤਾਂ ਅਕਾਲ ਪੁਰਖ ਦੀ ਕਿਰਪਾ ਦੇ ਅਧਿਕਾਰੀ ਕਹਿਣਾ ਅਟੁੱਟ ਸ਼ਰਧਾ ਵਿਚ ਖੋਟ ਪਾਉਣ ਦੇ ਤੁਲ ਹੋਵੇਗਾ।ਸੋ ਉਨ੍ਹਾਂ ਦੇ ਪਿਛੋਕੜ,ਅਨੁਭਵ,ਅਧਿਐਨ,ਘਾਲਣਾ ਦੀ ਲੋਅ ਵਿਚ ਹੀ ਉਨ੍ਹਾਂ ਵੱਲੋਂ ਵਿੱਢੀ ਵੇਲੇ ਦੀ ਸੰਸਾਰਕਤਾ ਦੀ ਬੇਪਰਦਗੀ,ਨਿਰਮਾਣਕਾਰੀ ਪ੍ਰਯੋਜਨ ਲਈ ਇਸਦੀ ਬਾਵਸਤਗੀ ਦਾ ਯੋਗ ਮੁੱਲ ਪਾਇਆ ਜਾ ਸਕਦਾ ਹੈ ।

ਪੰਦਰਵੀਂ ਸਦੀ ਦੇ ਪੰਜਾਬ ਵਿਚ ਜਿਸ ਬੁੱਧ-ਵਿਵੇਕ ਰਾਹੀਂ ਉਨ੍ਹਾਂ ਅਨੇਕ ਅਲਪ ਬਿਰਤਾਂਤਾਂ ਨਾਲ ਹੁੰਦੇ ਪਰਮ ਬਿਰਤਾਂਤ ਦਾ ਆਪਣੇ ਜੀਵਨ-ਅਨੁਭਵ ਨੂੰ ਧਾਰਨੀ ਬਣਾਇਆ, ਉਹ ਬਿਲਕੁਲ ਅਸੰਭਵ ਤਾਂ ਨਹੀਂ ਸੀ । ਇਸਦੀ ਸੰਭਵਤਾ ਅਤੇ ਅਸੰਭਵਤਾ ਵਿਚਲਾ ਅੰਤਰ ਅਤਿ ਮਹੀਨ ਜ਼ਰੂਰ ਸੀ।ਇਸ ਮਹੀਨ ਅੰਤਰ ਨੂੰ ਅਲੋਪ ਕਰਕੇ ਗੁਰੂ ਸਾਹਿਬ ਨੇ ਪਰਤੱਖ ਹੀ ਅਸੰਭਵ ਨੂੰ ਸੰਭਵ ਕਰ ਦਿਖਾਇਆ । ਉਨ੍ਹਾਂ ਦੇ ਪ੍ਰਯਾਸ ਦਾ ਮਾਧਿਅਮ ਸੀ, ਸੰਵਾਦ ਜਿਸ ਵਿਚ ਵਿਭਿੰਨ ਪੱਧਰਾਂ ਤੇ,ਅਨੇਕਾਂ ਦਿਸ਼ਾਵਾਂ ਵੱਲੋਂ ਆਉਂਦੀਆਂ ਆਵਾਜ਼ਾਂ ਨੂੰ ਕੁੱਲ ਇਕਾਗਰਤਾ ਸਹਿਤ ਸੁਣਨਾ ਸ਼ਾਮਿਲ ਸੀ ।

ਜਬ ਲਗੁ ਦੁਨੀਆ ਰਹੀਏ ਨਾਨਕ ਕਿੱਛ ਸੁਣੀਐ,ਕਿੱਛ ਕਹੀਏ ॥

ਭਾਲਿ ਰਹੇ ਹਮ ਰਹਣੁ ਨ ਪਾਇਆ,ਜੀਵਤਿਆ ਮਰਿ ਰਹੀਐ ॥

ਜੇ ਕਿਸੇ ਨੂੰ ਇਹ ਜੀਵਨ-ਅਨੁਭਵ ਬੇਖਿਆਲੀ ਦਾ ਮਾਰਿਆ ਲੱਗਾ,ਕਿਸੇ ਹੋਰ ਨੂੰ ਸ਼ੁਦਾਈਪੁਣੇ ਦਾ ਅਤੇ ਹੋਰ ਕਿਸੇ ਨੂੰ ਬੇਚਾਰਗੀ ਦਾ ਤਾਂ ਇਸ ਦੀ ਖ਼ਬਰ ਤਾਂ ਲਾਜ਼ਮੀ ਸੀ ਪਰ ਇਸ ਤੋਂ ਬੇਜ਼ਾਰ ਹੋਣ ਦੀ ਉਨ੍ਹਾਂ ਨੂੰ ਕੋਈ ਲੋੜ ਨਹੀਂ ਸੀ :

ਕੋਈ ਆਖੈ ਭੂਤਨਾ ਕੋਈ ਬੇਤਾਲਾ॥ਕੋਈ ਆਖੈ ਨਾਨਕ ਬੰਦਾ ਬੇਚਾਰਾ ॥

ਕਿਛ ਸੁਣੀਐ,ਕਿਛ ਕਹੀਐ ਵਿਚਲੀ ਵਿੱਥ ਨਾਲ ਗੁਰੂ ਸਾਹਿਬ ਨੇ ਜਿਵੇਂ ਸਿੱਝਣ ਦਾ ਪਰਿਆਸ ਕੀਤਾ,ਉਸ ਨੂੰ ਵੀ ਧਿਆਨਗੋਚਰ ਲਿਆਉਂਣਾ ਜ਼ਰੂਰੀ ਹੈ।ਆਧੁਨਿਕ ਯੁੱਗ ਵਿਚ ਇਹ ਇੱਕ ਐਨੀ ਦੀਰਘ ਹੋ ਗਈ ਹੈ ਕਿ ਵਰਤਮਾਨ ਦੇ ਸਰੋਕਾਰਾਂ ਬਾਰੇ ਮੁੱਲਵਾਨ ਧਾਰਨਾ ਬਣਾਉਂਣ ਲਈ ਅਤੀਤ ਦੇ ਸਰੋਕਾਰਾਂ ਨੂੰ ਅਣਸੁਣਿਆ ਕਰ ਦੇਣਾ ਪੈਂਦਾ ਹੈ।ਇਸੇ ਕਾਰਨ ਆਧੁਨਿਕਤਾਵਾਦ ਨੇ ਅਤੀਤ ਅਤੇ ਵਰਤਮਾਨ ਦੇ ਸਰੋਕਾਰਾਂ ਵਿਚ ਅਮਿੱਟ ਵਿੱਥ ਨੂੰ ਸਦੀਵੀ ਜਾਣ ਕੇ ਪ੍ਰਵਾਨ ਕਰ ਲਿਆ ਹੈ।ਉੱਤਰ-ਆਧੁਨਿਕਤਾਵਾਦ ਦਾ ਜੋ ਇਸ ਵਿੱਥ ਨੂੰ ਮਿਟਾਉਣ ਹਿੱਤ ਅਤੀਤ ਦੀਆਂ ਕਨਸੋਆਂ ਸੁਣਨ ਦਾ ਦਾਅਵਾ ਹੈ ਤਾਂ ਬਹੁਤ ਵਾਰ ਉਹ ਮੂਕ ਹੋ ਨਿਬੜਦੀਆਂ ਹਨ । ਚਿੰਤਨ ਦੇ ਖੇਤਰ ਵਿਚ ਦੈਰੀਦਾ ਤੋਂ ਵੀ ਇਹ ਵਿੱਥ ਸੰਪੰਨ ਰੂਪ ਵਿਚ ਮਿਟਾਈ ਨਹੀਂ ਸੀ ਜਾ ਸਕੀ । ਪ੍ਰਮਾਣ ਇਸਦਾ ਇਹ ਹੈ ਕਿ ਉਸਦੀ ਭਾਸ਼ਾ ਸ਼ੈਲੀ,ਜ਼ਬਾਨੀ ਚੱਲ ਰਹੇ ਪ੍ਰਵਚਨ ਨੂੰ ਲਿਖਤੀ ਪਾਠ ਵਿਚ ਢਾਲਣ ਸਮੇਂ ਵਿਰੋਧਾਭਾਸ ਉਲਝਣ,ਅੜਾਉਣੀ 'ਤੇ ਕੇਂਦਰਿਤ ਹੋ ਕੇ ਰਹਿ ਜਾਂਦੀ ਹੈ । ਪੰਜ ਸਦੀਆਂ ਪਹਿਲਾਂ ਦੇ ਪੰਜਾਬ ਵਿਚ ਇਸ ਵਿੱਥ ਤੋਂ ਪਾਰ ਜਾਣਾ ਸ਼ਾਇਦ ਐਨਾ ਮੁਹਾਲ ਨਹੀਂ ਸੀ । ਪਰ ਇਤਿਹਾਸਕ ਪ੍ਰਸਥਿਤੀਆਂ ਨੇ ਇਸ ਨੂੰ ਸਹਿਜ-ਭਾਵੀ ਵੀ ਨਹੀਂ ਸੀ ਰਹਿਣ ਦਿੱਤਾ।ਸਰਹੱਦ ਪਾਰ ਦੇ ਹਮਲਾਵਰਾਂ ਦੀਆਂ ਜਿੱਤਾਂ ਨਾਲ ਵਿਦੇਸ਼ੀ ਸੱਤਾ ਵੱਲੋਂ ਸ਼ਾਸਨ ਸੰਭਾਲਣ,ਸ਼ੋਸ਼ਣ ਦੇ ਡਰੋਂ ਦੇਸ਼ਵਾਸੀਆਂ ਸਮੇਤ ਸਭਿਆਚਾਰ,ਧਰਮ ਦੀ ਸੁਰੱਖਿਆ ਦੇ ਜ਼ਾਮਨ ਬ੍ਰਾਹਮਣਾਂ,ਕਸ਼ਤਰੀਆਂ ਦਾ ਉਸ ਰਾਜਪਾਟ ਨੂੰ ਕਬੂਲ ਕਰ ਲੈਣਾ,ਅਤੀਤ ਤੋਂ ਆਉਣ ਵਾਲੀਆਂ ਕਨਸੋਆਂ,ਵੇਦਾਂ,ਉਪਨਿਸ਼ਦਾਂ ਅਤੇ ਹੋਰ ਧਾਰਮਿਕ ਗ੍ਰੰਥਾਂ ਤੋਂ ਬੁਲੰਦ ਹੋਣ ਵਾਲੀਆਂ ਕਦਰਾਂ ਕੀਮਤਾਂ ਨੂੰ ਢਾਹ ਲਾਉਂਣ ਦੇ ਬਰਾਬਰ ਸੀ । ਇਸ ਨੂੰ ਇਕਬਾਲ ਕਰਨ ਦਾ ਵੀ ਉਨ੍ਹਾਂ ਦੇ ਕਥਿੱਤ ਸਮਰੱਥਕਾਂ ਵਿਚ ਜੋਗ ਨਹੀਂ ਸੀ ਅਤੇ ਆਪਣੀ ਬੁਜ਼ਦਿਲੀ ਨੂੰ ਢੱਕਣ ਖਾਤਰ ਅਤੀਤ ਤੋਂ ਸੁਣਨ ਦਾ ਜੋ ਉਹ ਦਾਵਾ ਕਰਦੇ ਸਨ,ਉਹ ਵਹਿਮਾਂ ਭਰਮਾਂ, ਪਾਖੰਡਾਂ ਆਦਿ ਦਾ ਪੁਲੰਦਾ ਹੈ ਤਾਂ ਹੁੰਦਾ ਸੀ।ਇਸ ਪੁਲੰਦੇ ਨੂੰ ਬੇਪਰਦ ਕਰਨ ਲਈ ਗੁਰੂ ਸਾਹਿਬ ਕਈ ਜੁਗਤਾਂ ਅਪਣਾਉਂਦੇ ਹਨ । ਪਹਿਲੀ ਤਾਂ ਹੈ ਕਿ ਇਸ ਪੁਲੰਦੇ ਨੂੰ ਮੁੱਲਵਾਨ ਸਿੱਧ ਕਰਨ ਹਿੱਤ ਪੰਡਤ ਜੋ ਅਧਿਐਨ ਦਾ ਢੌਂਗ ਰਚਾਉਂਦੇ ਹਨ,ਉਹ ਉਨ੍ਹਾਂ ਅਨੁਸਾਰ ਨਿਰਮੂਲ ਸੀ । ਵਾਰ ਆਸਾ ਵਿਚ ਜਿਵੇਂ ਆਉਂਦਾ ਹੈ:-

ਪੜਿ ਪੜਿ ਗਡੀ ਲਦੀ ਅਹਿ ਪੜਿ ਪੜਿ ਭਰੀਅਹਿ ਸਾਥ ॥

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥

ਪੜੀਅਹਿ ਜੇਤੇ ਬਰਸ ਪੜੀਅਹਿ ਜੇਤੇ ਮਾਸ ॥

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

ਕੀ ਇਸ ਝਖਣਾ ਝਾਖ ਦਾ ਕਾਰਨ ਇਨ੍ਹਾਂ ਅਖੌਤੀ ਬੁੱਧੀਜੀਵੀਆਂ ਦੀਆਂ ਅਜਾਈਂ ਟਕਰਾਂ ਹੀ ਸਨ ਜਾਂ ਪੁਰਾਤਨ ਗ੍ਰੰਥਾਂ ਵਿਚ ਵੀ ਕੋਈ ਕਚਿਆਈ ਸੀ ਕਿ ਪਰਿਣਾਮ ਇਸ ਪ੍ਰਕਾਰ ਵਿਅਰਥ ਨਿਕਲਦਾ ਸੀ । ਪੁਰਾਤਨ ਗ੍ਰੰਥਾਂ ਵਿਚ ਕਚਿਆਈ ਹੋਣ ਨੂੰ ਵੀ ਗੁਰੂ ਸਾਹਿਬ ਅਸਵੀਕਾਰ ਨਹੀਂ ਕਰਦੇ ਭਾਵੇਂ ਅਜਿਹੀ ਧਾਰਨਾ ਬਣਾਉਣ ਵਲੋਂ ਉਹ ਪਰੋਖ ਕਥਨ ਦਾ ਸਹਾਰਾ ਲੈਂਦੇ ਸਨ :-

ਅਸੰਖ ਜਪ ਅਸੰਖ ਭਾਉ

ਅਸੰਖ ਪੂਜਾ ਅਸੰਖ ਤਪ ਤਾਉ

ਅਸੰਖ ਗਰੰਥ ਮੁਖਿ ਵੇਦ ਪਾਠ

ਅਸੰਖ ਜੋਗ ਮਨਿ ਰਹਹਿ ਉਦਾਸ ॥

ਪਰ ਬਹੁਤਾ ਵਾਸਤਾ ਗੁਰੂ ਸਾਹਿਬ ਦਾ ਪੁਰਾਤਨ ਗ੍ਰੰਥਾਂ ਦੀ ਕਚਿਆਈ ਨੂੰ ਐਨਾ ਉਚਾਰਨਾ ਨਹੀਂ :-

ਅਖੌਤੀ ਬੁੱਧੀਜੀਵੀਆਂ ਦੀ ਅਗਿਆਨਤਾ ਨੂੰ ਦਰਸਾਉਂਣਾ ਸੀ :-

ਪੰਡਿਤ ਵਾਚਹਿ ਪੋਥੀਆ,ਨਾ ਬੂਝਹਿ ਵੀਚਾਰੁ

ਪੀਰ ਪੈਗਾਬਰ ਸਾਲਕ ਸਾਦਕ ਸੁਹਦੇ ਅਉਰ ਸਹੀਦ

ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਤਬੀਬ ॥

ਸਿੱਧ ਹੈ ਕਿ ਕਿਸੇ ਸਮਾਜਕ ਜਾਂ ਰਾਜਸੀ ਸੰਸਥਾ ਦੇ ਮੋਢੀ ਬਣਨ ਦੀ ਥਾਂ ਗੁਰੂ ਸਾਹਿਬ ਪ੍ਰਚਲਿਤ ਵਿਹਾਰ ਦੇ ਅਜਿਹੇ ਆਲੋਚਕ ਬਣਨ ਦੇ ਅਭਿਲਾਖੀ ਸਨ, ਜੋ ਬੇਲਿਹਾਜ਼ ਹੋਣ ਦੇ ਬਾਵਜੂਦ ਨਿਰਣਾਇਕ ਵੀ ਹੋਵੇ । ਇਹ ਦੇਖਕੇ ਕਿ ਜਿਸ ਲੋਕਾਈ ਦਾ ਪੱਖ ਪੂਰਣ ਖਾਤਰ ਉਨ੍ਹਾਂ ਰਾਜ ਪ੍ਰਬੰਧ ਤੋਂ ਬਿਲਕੁਲ ਨਿਵੇਕਲਾ ਪੈਂਤੜਾ ਅਪਣਾਇਆ ਹੋਇਆ ਸੀ, ਉਹ ਵੀ ਵਹਿਮਾਂ-ਭਰਮਾਂ ਵਿਚ ਉਲਝ ਗਈ ਹੈ ਤਾਂ ਉਸਦਾ ਕੋਈ ਲਿਹਾਜ਼ ਕਰਨ ਦੇ ਵੀ ਉਹ ਪਾਬੰਦ ਨਹੀਂ ਸਨ :-

ਲਬੁ ਪਾਪੁ ਦੁਇ ਰਾਜਾ ਮਹਤਾ ਕੂੜ ਹੋਆ ਸਿਰਦਾਰੁ ॥

ਕਾਮੁ-ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ ॥

ਵਾਰ ਰਾਮਕਲੀ ਅਤੇ ਵਾਰ ਸਾਰੰਗ ਵਿਚ ਤਾਂ ਜਿਵੇਂ ਝੂਠ ਅਤੇ ਭੇਖ ਨਰ-ਨਾਰੀ ਦੇ ਪ੍ਰਸਪਰ ਜੀਵਨ ਵਿਚ ਜਾ ਲੱਥਾ ਹੈ ਉਸਨੂੰ ਬੇਪਰਦਾ ਕਰਨ ਤੋਂ ਵੀ ਉਨ੍ਹਾਂ ਨੂੰ ਕੋਈ ਸੰਕੋਚ ਨਹੀਂ:-

ਇਸਤਰੀ ਪੁਰਖੈ ਖਟਿਐ ਭਾਉ।ਭਾਵੈ ਆਵਉ ਭਾਵੈ ਜਾਉ॥

ਰੰਨਾ ਹੋਈਆ ਬੋਧੀਆ ਪੁਰਸ ਹੋਇ ਸਈਆਦ॥

ਸੀਲ ਸੰਜਮੁ ਸੁਚ ਭੰਨੀ ਖਾਣਾ ਖਾਜ ਅਖਾਜੁ॥

ਸਰਮ ਗਇਆ ਘਰ ਆਪਣੇ ਪਤਿ ਉਠਿ ਚਲੀ ਨਾਲਿ ॥

ਗੱਲ ਕੀ ਤਿੰਨੇ ਤਰ੍ਹਾਂ ਦੇ ਬੁਧੀਜੀਵੀ ਕੁੱਲ ਸਮਾਜ ਨੂੰ ਲੈ ਢੁੱਬੇ ਹਨ :-

ਕਾਜੀ ਕੂੜ ਬੋਲ ਮਲੁ ਖਾਇ।

ਬ੍ਰਾਹਮਣ ਨਾਵੈ ਜੀਆ ਘਾਇ।

ਜੋਗੀ ਜੁਗਤਿ ਨ ਜਾਣੈ ਅੰਧੁ ।

ਤੀਨੇ ਉਜਾੜੇ ਕਾ ਬੰਧੁ।

ਇਸ ਪਾਬੰਦੀ ਦੇ ਬਾਵਜੂਦ,ਬਾਬਰ ਦੇ ਹਮਲੇ ਨਾਲ ਸਬੰਧਤ ਸ਼ਬਦਾਂ ਵਿਚ ਜਦ ਉਹ ਆਮ ਲੋਕਾਈ ਦੀ ਬੇਹੁਰਮਤੀ ਦੇ ਚਸ਼ਮਦੀਦ ਗਵਾਹ ਬਣਦੇ ਹਨ ਤਾਂ ਅਕਾਲ ਪੁਰਖ ਦੀ ਮਰਜ਼ੀ ਵਿਚ ਛਿਦਰ ਦੇਖਣ ਤੋਂ ਵੀ ਸੰਕੋਚ ਨਹੀਂ ਕਰਦੇ ।

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ॥

ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨਿ ਰੋਸੁ ਨ ਹੋਈ ॥

ਸਕਤਾ ਸੀਹ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥

ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ ॥

ਇਸ ਛਿਦਰ ਨੂੰ ਦੇਖ ਕੇ ਇਕ ਵਾਰ ਤਾਂ ਇਹ ਕਹਿਣ ਨੂੰ ਦਿਲ ਕਰ ਆਉਂਦਾ ਹੈ ਕਿ ਆਪਣੀ ਕੁੱਲ ਸਰਬ-ਸ਼ਕਤੀ,ਸਰਬ- ਗਿਆਨ ਸਮੇਤ ਅਕਾਲ ਪੁਰਖ ਗੁਰੂ ਸਾਹਿਬ ਦੇ ਆਪਣੇ ਸਹਿਕ-ਸਕਦੰੜੇ ਹਿਰਦੇ ਦੇ ਮੇਚ ਦਾ ਨਹੀਂ ਜੋ

ਮਾਨਵਤਾ ਲਈ ਡੂੰਘੇ ਦਰਦ, ਪਿਆਰ ਅਤੇ ਹਮਦਰਦੀ ਨਾਲ ਭਰਪੂਰ ਸੀ । ਜਦ ਅਗਲੀਆਂ ਸਤਰਾਂ ਪੜ੍ਹਦੇ ਹਾਂ ਤਾਂ ਗੁਰੂ ਸਾਹਿਬ ਦੇ ਹਿਰਦੇ ਵਿਚ ਵੀ ਛਿਦਰ ਦੇਖੇ ਬਿਨਾਂ ਨਹੀਂ ਰਿਹਾ ਜਾ ਸਕਦਾ :-

ਆਪੇ ਜੋੜ ਵਿਛੋੜੇ ਆਪ ਵੇਖ ਤੇਰੀ ਵਡਿਆਈ ॥

ਜੋ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਵੇ ॥

ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੇ ਦਾਣੇ ॥

ਮਰਿ ਮਰਿ ਜੀਵੈ ਤਾਂ ਕਿਛੁ ਪਾਏ ਨਾਨਕ ਨਾਮੁ ਵਖਾਣੇ ॥

ਇਸ ਤਰ੍ਹਾਂ ਦੇ ਛਿਦਰ ਦੇਖਣ ਦਾ ਪਰਿਣਾਮ ਇਹ ਵੀ ਹੋ ਸਕਦਾ ਕਿ ਧੁਰ ਕੀ ਬਾਣੀ ਰਾਹੀਂ ਅੰਤਿਮ ਸੱਚ ਅਲਾਪਣ ਵਾਲੇ ਪੈਗੰਬਰ ਦੀ ਥਾਂ ਅਸੀਂ ਗੁਰੂ ਸਾਹਿਬ ਵਿਚ ਅਜਿਹੇ ਮਾਨਵ ਦੇ ਦੀਦਾਰ ਕਰੀਏ ਜੋ ਗਿਆਨ ਵੱਲੋਂ ਸੱਤਾ ਵਿਰੁੱਧ ਵਿੱਢੇ ਸੰਘਰਸ਼ ਵਿਚ ਗਿਆਨ ਨਾਲ ਖੜੇ ਸਨ । ਸੰਸਾਰਕ ਸੱਤਾ ਦਾ ਪੱਖ ਤਾਂ ਉਹ ਕਦੇ ਵੀ ਨਹੀਂ ਸਨ ਪੂਰਦੇ । ਦੈਵੀ ਸੱਤਾ ਦਾ ਪੱਖ ਉਹ ਵੀ ਅਕਾਲ ਪੁਰਖ ਨਾਲ ਅਭੇਦ ਸੱਤਾ ਦਾ ਉਹ ਗਿਆਨ ਦੇ ਸੀਮਾਗ੍ਰਸਤ ਹੋ ਜਾਣ ਦੀ ਸੂਰਤ ਵਿਚ ਹੀ ਪੂਰਦੇ ਸਨ । ਨਿਰਵੇਚਨ ਦਾ ਪ੍ਰਮਾਣ ਪ੍ਰਤੀਮਾਨ ਜੇ ਇਹ ਹੋਵੇ ਤਾਂ ਦੈਰੀਦਾ ਦੇ ਵਿਰਚਨਾ ਸਿਧਾਂਤ ਤੋਂ ਨਿਰੀ ਪੁਰੀ ਸੇਧ ਲੈਣ ਦੀ ਸ਼ਾਇਦ ਬਹੁਤੀ ਤੁਕ ਨਹੀਂ ਰਹਿੰਦੀ।ਇਸ ਤੋਂ ਭਾਵ,ਉਸਨੂੰ ਨਕਾਰਣ ਦਾ ਬਿਲਕੁਲ ਨਹੀਂ ਹੈ । ਸਾਡੇ ਆਪਣੇ ਵਿਰੇਚਨ ਸਿਧਾਂਤ ਨਾਲ ਇਸਦੀ ਅੰਤਰ-ਕਿਰਿਆ ਬਣਾਉਣ ਦਾ ਹੈ ।

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਇਕ ਰੱਬ ਦੀ ਪੂਜਾ 'ਤੇ ਜ਼ੋਰ ਦੇ ਕੇ ਕਰਮ ਕਾਂਡ ਦਾ ਖੰਡਨ ਕੀਤਾ ਹੈ। ਗੁਰੂ ਜੀ ਨੇ ਇਕ ਰੱਬੀ ਹੁਕਮ ਦੀ ਪਾਲਣਾ ਕਰਨ ਦਾ ਬਾਰ-ਬਾਰ ਆਦੇਸ਼ ਦਿਤਾ ਹੈ। ਉਨ੍ਹਾਂ ਨੇ ਹਉਮੈਂ ਤੇ ਪੰਡਤਾਊ ਪੁਣੇ ਦੀ ਡੱਟ ਕੇ ਨਿਖੇਧੀ ਕੀਤੀ ਹੈ ਅਤੇ ਇਸਤਰੀ ਜਾਤੀ ਦੀ ਮਹਾਨਤਾ ਨੂੰ ਵਿਸਤਾਰ ਸਹਿਤ ਦੱਸਿਆ ਹੈ। ਗਿਆਨ, ਵਿਗਿਆਨ ਤੇ ਦਾਰਸ਼ਨਿਕ ਪਹਿਲੂਆਂ ਤੋਂ ਗੁੜੀ ਵਿਚਾਰ ਆਸਾ ਦੀ ਵਾਰ ਵਿਚ ਦਰਜ ਹੈ। ਬਾਬਾ ਨਾਨਕ ਇਸ ਵਾਰ ਵਿਚ ਦੱਸਦੇ ਹਨ ਕਿ ਉਸ ਕਾਦਰ ਦੀ ਕੁਦਰਤ ਕਮਾਲ ਦੀ ਹੈ। ਇਸ ਕੁਦਰਤ ਵਿਚ ਕਈ ਪ੍ਰਕਾਰ ਦੇ ਜੀਵ ਹਨ, ਧਰਤੀ ਤੇ ਆਕਾਸ਼ ਹੈ, ਵੇਦ, ਪੁਰਾਣ ਤੇ ਕੁਰਾਨ ਸਭ ਉਸ ਦੀ ਕੁਦਰਤ ਹਨ। ਖਾਣਾ, ਪੀਣਾ, ਪਹਿਨਣਾ ਅਤੇ ਪ੍ਰੇਮ ਕਰਨਾ ਵੀ ਉਸਦੀ ਕਦਰਤ ਹੈ। ਨੇਕੀ ਅਤੇ ਬਦੀ ਵੀ ਉਸ ਦੀ ਕੁਦਰਤ ਹੈ। ਪੌਣ, ਪਾਣੀ, ਅਗਨੀ ਤੇ ਪੰਜ ਤੱਤ, ਸਭ ਉਸ ਕਾਦਰ ਦੀ ਕੁਦਰਤ ਦਾ ਕਰਿਸ਼ਮਾ ਹਨ। ਕੁਦਰਤ ਤੋਂ ਭਾਵ ਰੱਬੀ ਨਿਯਮ ਜਾਂ ਉਹ ਅਟੱਲ ਕਾਨੂੰਨ ਹਨ ਜੋ ਹਰ ਸਮੇਂ ਉਸ ਦੇ ਹੁਕਮ ਵਿਚ ਚੱਲਦੇ ਹਨ। ਸਤਿ, ਸੰਤੋਖ, ਸੰਜਮ, ਦਇਆ, ਧਰਮ, ਮਿਠਤ, ਨਿਮਰਤਾ ਅਤੇ ਸੇਵਾ ਜਿਹੇ ਮਹਾਨ ਗੁਣਾਂ ਦਾ ਆਸਾ ਦੀ ਵਾਰ ਵਿਚ ਵਿਸਥਾਰ ਸਹਿਤ ਵਰਨਣ ਕੀਤਾ ਗਿਆ ਹੈ। ਇਨ੍ਹਾਂ ਗੁਣਾਂ ਨੂੰ ਧਾਰਨ ਕਰਨ ਵਾਲਾ ਜਗਿਆਸੂ ਹੀ ਸਦਾਚਾਰਿਕ ਤੌਰ 'ਤੇ ਅਤੇ ਆਤਮਿਕ ਤੌਰ 'ਤੇ ਉਨਤੀ ਕਰ ਸਕਦਾ ਹੈ। ਗੁਰੂ ਜੀ ਆਖਦੇ ਹਨ :

ਮਿੱਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤੱਤ

ਧਰਿ ਤਾਰਾਜੂ ਤੋਲੀਐ ਨਿਵੈ ਸੋ ਗਉਰਾ ਹੋਇ॥

ਦਯਾ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵੱਟ

ਗੁਰੂ ਨਾਨਕ ਆਸਾ ਦੀ ਵਾਰ ਵਿਚ ਸਦਗੁਣਾਂ ਨੂੰ ਧਾਰਨ ਕਰਨ ਲਈ ਤੇ ਉਨ੍ਹਾਂ ਨੂੰ ਅਮਲੀ ਜੀਵਨ ਵਿਚ ਅਪਨਾਉਣ ਲਈ ਬਹੁਤ ਜ਼ੋਰ ਦਿੰਦੇ ਹਨ।

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥

ਮਲੇਛ ਧਾਨ ਲੇ ਪੂਜਹਿ ਪ੍ਰਵਾਣੁ॥

ਅਭਾਖਿਆ ਕਾ ਕੁਠਾ ਬਕਰਾ ਖਾਣਾ॥

ਚਉਕੇ ਉਪਰ ਕਿਸੇ ਨਾ ਜਾਣਾ

ਦੇ ਕੈ ਚਉਕਾ ਕਢੀ ਕਾਰ

ਉਪਰਿ ਆਇ ਬੈਠੇ ਕੂੜਿਆਰ॥

ਮਤੁ ਭਿਟੈ ਵੇ ਮਤੁ ਭਿਟੈ ਇਹੁ ਅੰਨੁ ਅਸਾਡਾ ਫਿਟੈ॥

ਤਨਿ ਫਿਟੈ ਫੇੜ ਕਰੇਨਿ ਮਨਿ ਜੂਠੈ ਚੁਲੀ ਭਰੇਨਿ॥

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆਂ ਅੰਦਰਿ ਫੈਲ

ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲ਼

ਆਸਾ ਦੀ ਵਾਰ ਵਿੱਚ ਗੁਰੂ ਦੀ ਮਹਾਨਤਾ ਦੀ ਵਧੇਰੇ ਮਹੱਤਤਾ ਹੈ। ਗੁਰੂ ਚਾਨਣ ਹੈ, ਗੁਰੂ ਸਮੁੰਦਰ ਹੈ, ਸਿੱਖ ਨਦੀ ਹੈ। ਗੁਰੂ ਹੀ ਸਿੱਖ ਦਾ ਪਾਰ ਉਤਾਰਾ ਕਰ ਸਕਦਾ ਹੈ। ਗੁਰੂ ਤੋਂ ਬਿਨਾਂ ਅਗਿਆਨਤਾ ਦਾ ਅੰਧੇਰਾ ਦੂਰ ਨਹੀਂ ਹੋ ਸਕਦਾ। ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਦੀ ਸ਼ੁਰੂਆਤ ਵੀ ਅਜਿਹੇ ਵਿਚਾਰਾਂ ਦੀ ਤਰਜ਼ਮਾਨੀ ਕਰਦੇ ਹੋਏ ਸ਼ਲੋਕ ਨਾਲ ਕਰਦੇ ਹਨ :

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥

ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ॥

ਗੁਰੂ ਹੀ ਸਤਿ ਦੇ ਪ੍ਰਕਾਸ਼ ਦਾ ਅਨੁਭਵ ਕਰਵਾਉਂਦਾ ਹੈ ਤੇ ਹਉਮੈਂ ਨੂੰ ਤੋੜਦਾ ਹੈ। ਪਰ ਗੁਰੂ ਨੂੰ ਲੱਭਣ ਲਈ ਭਾਰੀ ਸੋਚ, ਸਮਝ ਤੋਂ ਕੰਮ ਲੈਣਾ ਚਾਹੀਦਾ ਹੈ। ਸਵਾਰਥੀ, ਦੰਭੀ ਤੇ ਪਾਖੰਡੀ ਸਾਧੂ ਮਹਾਤਮਾ ਦਾ ਨਾਮ ਧਾਰਨ ਕਰਨ ਵਾਲੇ ਗੁਰੂ ਨਹੀਂ ਹੋ ਸਕਦਾ। ਗੁਰੂ ਉਹ ਹੈ, ਜਿਸ ਦੀ ਅੰਮ੍ਰਿਤ ਦ੍ਰਿਸ਼ਟੀ ਨਾਲ ਹੀ ਮਨੁੱਖ ਦਾ ਮਨ ਬਦਲ ਜਾਏ ਕਿਉਂਕਿ ਉਸ ਦੀ ਸ਼ਖ਼ਸੀਅਤ ਵਿਚ ਖਿੱਚ ਤੇ ਆਕਰਸ਼ਣ ਸ਼ਕਤੀ ਹੁੰਦੀ ਹੈ। ਗੁਰੂ ਜੀ ਆਖਦੇ ਹਨ :

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭ ਨਾ ਹੋਇ॥

ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨ ਗਿਆਨ ਨਾ ਹੋਇ॥

ਆਸਾ ਦੀ ਵਾਰ ਵਿਚ ਗੁਰੂ ਨਾਨਕ ਸਾਹਿਬ ਜਗਿਆਸੂ ਨੂੰ ਆਤਮਿਕ ਉਨਤੀ ਦੇ ਰਸਤੇ ’ਤੇ ਲੈ ਜਾਣ ਲਈ ਤਿੰਨ ਤਰ੍ਹਾਂ ਦੇ ਯੋਗ ਦਸਦੇ ਹਨ- ਗਿਆਨ ਯੋਗ ਪਹਿਲੇ ਭਾਗ ਵਿਚ, ਕਰਮ ਯੋਗ ਦੂਜੇ ਭਾਗ ਵਿਚ ਤੇ ਭਗਤੀ ਯੋਗ ਤੀਸਰੇ ਜਾਂ ਵਾਰ ਦੇ ਅੰਤਲੇ ਭਾਗ ਵਿਚ। ਇਨ੍ਹਾਂ ਤਿਨਾਂ ਯੁੱਗਾਂ ਦੇ ਮੇਲ ਨਾਲ ਹੀ ਇਨਸਾਨ ਸੰਸਾਰਿਕ, ਸਦਾਚਾਰਿਕ ਤੇ ਆਤਮਿਕ ਉਨਤੀ ਕਰਦਿਆਂ ਹੋਇਆ ਹੌਲੀ-ਹੌਲੀ ਆਪਣੇ ਅਸਲੇ ਅਕਾਲ ਪੁਰਖ ਦੀ ਹਸਤੀ ਨਾਲ ਇਕ-ਮਿਕ ਹੋ ਜਾਂਦਾ ਹੈ। ਉਹ ਅਕਾਲ ਪੁਰਖ ਬੇਅੰਤ ਹੈ ਤੇ ਉਸ ਦੀ ਲੀਲਾ ਵੀ ਬੇਅੰਤ ਹੈ। ਉਹ ਬੇਅੰਤ ਵਡਿਆਈਆਂ ਦਾ ਮਾਲਕ ਹੈ। ਉਸ ਦੇ ਭੈਅ ਵਿਚ ਤਮਾਮ ਬ੍ਰਹਿਮੰਡ ਵਿਚਰ ਰਿਹਾ ਹੈ। ਉਸ ਦਾ ਅੰਤ ਕੋਈ ਨਹੀਂ ਪਾ ਸਕਦਾ। ਗੁਰੂ ਜੀ ਆਖਦੇ ਹਨ :

ਵਡੇ ਕੀਆਂ ਵਡਿਆਈਆਂ ਕਿਛ ਕਹਿਣਾ ਕਹਿਣ ਨਾ ਜਾਇ॥

ਸੋ ਕਰਤਾ ਕਾਦਰ ਕਰੀਮ ਦੇ ਜੀਆਂ ਰਿਜਕੁ ਸੰਬਾਹਿ॥

ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ॥

ਸੌ ਕਰੇ ਜਿ ਤਿਸੈ ਰਜਾਇ॥

ਗੁਰੂ ਨਾਨਕ ਦੇਵ ਜੀ ਦੀ ਆਸਾ ਦੀ ਵਾਰ ਜਿੱਥੇ ਮਨੁੱਖ ਨੂੰ ਜੀਵਨ ਜਾਚ ਸਿਖਾਉਂਦੀ ਹੈ ਉੱਥੇ ਇਹ ਬਾਣੀ ਮਨੁੱਖ ਨੂੰ ਸਮਾਜਿਕ, ਰਾਜਨੀਤਕ, ਧਾਰਮਿਕ, ਆਰਥਿਕ ਅਤੇ ਸਭਿਆਚਾਰ ਨਾਲ ਵੀ ਜੋੜਦੀ ਹੈ। ਇਹ ਬਾਣੀ ਆਪਣੇ ਵਿਚ ਬਹੁਤ ਸਾਰੇ ਸਰੋਕਾਰਾਂ ਨੂੰ ਸਮੋਈ ਰੱਖਦੀ ਹੈ ਜੋ ਸਮਕਾਲੀ ਤੇ ਤਤਕਾਲੀ ਵਰਤਾਰਿਆਂ ਨੂੰ ਬਹੁਤ ਹੀ ਸੂਖ਼ਮਤਾ ਨਾਲ ਸਮਝਣ ਲਈ ਮਦਦਗਾਰ ਸਾਬਿਤ ਹੋਈ ਹੈ।

ਬਾਬਾ ਨਾਨਕ ਵਲੋਂ ਲੋਕਾਂ ਨਾਲ ਜੁੜੀ ਹੋਈ ਹਰ ਵਿਧਾ ਰਾਹੀਂ ਉਨ੍ਹਾਂ ਤੱਕ ਪਹੁੰਚਣ ਦੀ ਓਸੇ ਤਰ੍ਹਾਂ ਕੋਸ਼ਿਸ਼ ਕੀਤੀ ਗਈ ਸੀ ਜਿਵੇਂ ਉਹ ਲੋੜਵੰਦ ਤੱਕ ਪਹੁੰਚਕੇ ਕਰਿਆ ਕਰਦੇ ਸਨ। ਉਨ੍ਹਾਂ ਦੀ ਬਾਣੀ ਦੀ ਬੋਲੀ, ਮੁਹਾਵਰਾ ਅਤੇ ਕਾਵਿ ਰੂਪ ਲੋਕ ਮਾਨਸਿਕਤਾ ਨਾਲ ਪਹਿਲਾਂ ਹੀ ਪ੍ਰੀਚਿਤ ਸਨ। ਇਸ ਕਰਕੇ ਬਾਬਾ ਨਾਨਕ ਆਮ ਲੋਕਾਂ ਨੂੰ ਆਪਣੇ ਲੱਗਦੇ ਸਨ ਅਤੇ ਗੁਰੂ ਰੂਪ 'ਚ ਉਹ ਆਮ ਬੰਦੇ ਦੇ ਗੁਰੂ ਨਾਨਕ ਦੇਵ ਜੀ ਹੋ ਗਏ ਸਨ। ਵਾਰ ਸਾਹਿਤ ਦੀ ਲੋਕ ਪ੍ਰੰਪਰਾ ਨਾਲ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਨੇੜਿਉਂ ਜੁੜੀਆਂ ਹੋਈਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ 22 ਵਾਰਾਂ 'ਚ ਆਸਾ ਦੀ ਵਾਰ ਦਾ ਅਹਿਮ ਸਥਾਨ ਇਸ ਕਰਕੇ ਹੈ, ਕਿਉਂਕਿ ਇਸ ਵਾਰ 'ਚ ਕਿਸੇ ਸਮਕਾਲ ਦੇ ਸੰਪੂਰਨ ਜੀਵਨ ਦਾ ਆਲੋਚਨਾਤਮਕ ਵਿਸ਼ਲੇਸ਼ਣ ਆ ਗਿਆ ਹੈ। ਸਿੱਖ ਭਾਈਚਾਰੇ 'ਚ ਇਸਦੇ ਸਦਾ ਸਨਮੁਖ ਰਹਿਣ ਲਈ ਇਸ ਬਾਣੀ ਦਾ ਅੰਮ੍ਰਿਤ ਵੇਲੇ ਕੀਰਤਨ ਲਗਾਤਾਰ ਹੁੰਦਾ ਆ ਰਿਹਾ ਹੈ। ਇਹ ਬਾਣੀ ਸਮੁੱਚੇ ਜੀਵਨ ਦੇ ਸਾਰੇ ਪਹਿਲੂਆਂ ਨਾਲ ਜੁੜੀ ਹੋਈ ਹੈ। ਇਸ ਵਾਰ ਨੂੰ ਟੁੰਡੇ ਅਸ ਰਾਜੇ ਦੀ ਧੁਨੀ 'ਤੇ ਗਾਉਣ ਦੀ ਹਦਾਇਤ ਨਾਲ ਪ੍ਰਾਪਤ ਨੂੰ ਨਾਲ ਲੈ ਕੇ ਤੁਰਨ ਦਾ ਪਹਿਲੂ ਸਾਹਮਣੇ ਆ ਗਿਆ ਹੈ। ਲੋਕ ਸਿਮਰਤੀ ਅਨੁਸਾਰ ਰਾਜਾ ਸਾਰੰਗ ਦੇ ਪੁੱਤਰ ਅਸਿਰਾਜ ਨੂੰ ਦੋਖੀਆਂ ਨੇ ਆਪਣੇ ਵਲੋਂ ਮਾਰ ਕੇ ਖੂਹ 'ਚ ਸੁੱਟ ਦਿੱਤਾ ਸੀ। ਜਿਸ ਨੂੰ ਰੱਬ ਰੱਖੇ ਉਸ ਨੂੰ ਕੌਣ ਮਾਰ ਸਕਦਾ ਹੈ। ਉਥੋਂ ਉਸ ਨੂੰ ਵਣਜਾਰੇ ਕੱਢ ਕੇ ਲੈ ਗਏ ਸਨ ਅਤੇ ਉਸ ਨੂੰ ਵਣਜਾਰਿਆਂ ਦਾ ਰਾਜਾ ਹੋ ਜਾਣ ਦਾ ਮਾਣ ਪ੍ਰਾਪਤ ਹੋ ਗਿਆ ਸੀ।

ਆਪਣੇ ਦੋਖੀਆਂ ਨਾਲ ਯੁੱਧ ਕਰ ਕੇ ਉਸ ਨੇ ਆਪਣੀ ਵਿਰਾਸਤੀ ਗੱਦੀ ਹਾਸਲ ਕਰ ਲਈ ਸੀ। ਹੱਕ ਸੱਚ ਅਤੇ ਖੋਹਾ ਖਿੰਝੀ ਵਿਚਕਾਰ ਯੁੱਧ ਵਾਂਗ ਢਾਡੀ ਗਾ ਕੇ ਇਸ ਸੱਚ ਨੂੰ ਸਥਾਪਤ ਕਰਨ ਦਾ ਯਤਨ ਕਰਦੇ ਰਹੇ ਸਨ ਕਿ ਮਿਹਰ ਦੇ ਪਾਤਰ ਸਦਾ ਜਿੱਤਦੇ ਰਹੇ ਹਨ। ਜਿਸ ਤਰ੍ਹਾਂ ਬਾਬਾ ਨਾਨਕ ਆਪਣੇ ਆਪ ਨੂੰ ਸ਼ਾਇਰ ਅਤੇ ਢਾਡੀ ਕਹਿੰਦੇ ਰਹੇ ਹਨ, ਇਸ ਦਾ ਇਸ ਤਰ੍ਹਾਂ ਪ੍ਰਗਟਾਵਾ ਕਿਸੇ ਅਵਤਾਰ ਜਾਂ ਪੈਗੰਬਰ ਨੇ ਕੀਤਾ ਹੋਵੇ, ਮੇਰੇ ਧਿਆਨ 'ਚ ਨਹੀਂ। ਆਸਾ ਦੀ ਵਾਰ ਦਾ ਆਰੰਭ ਮਾਨਸ ਨੂੰ ਦੇਵਤਾਪਨ ਦੇ ਰਾਹ ਪਾਉਣ ਵਾਲੀ ਨਾਨਕ-ਸਿਧਾਂਤਕੀ ਤੋਂ ਹੁੰਦਾ ਹੈ। ਇਸ ਸਿਧਾਂਤਕੀ ਦੀ ਚੂਲ ਗੁਰੂ ਹੈ। ਗੁਰਮਤਿ 'ਚ ਸ਼ਬਦ-ਗੁਰੂ ਹੀ ਗੁਰੂ ਹੈ। ਮਾਰਗ ਦਰਸ਼ਨ ਕਰਨ ਵਾਲੀ ਚੇਤਨਾ ਨਾਲੋਂ ਟੁੱਟਾ ਹੋਇਆ ਬੰਦਾ ਅਫਲੇ ਹੋਏ ਤਿਲਾਂ ਦੇ ਬੂਟੇ ਵਰਗਾ ਬੰਦਾ ਹੈ। ਅਜਿਹਾ ਬੰਦਾ ਕਿਸੇ ਦੇ ਕੰਮ ਨਹੀਂ ਆ ਸਕਦਾ। ਇਹੋ ਜਿਹੇ ਬੰਦੇ ਨੂੰ ਸਰਬ ਵਿਆਪਕਤਾ ਵਰਗੀ ਸੂਖਮਤਾ ਦੀ ਸਮਝ ਕਿਥੋਂ ਆਉਣੀ ਹੈ। ਇਸੇ ਬੇ-ਸਮਝੀ ਕਰ ਕੇ ਸੱਚ ਦਾ ਪਾਸਾਰਾ ਅੱਖੋਂ ਓਹਲੇ ਹੋਇਆ ਰਹਿੰਦਾ ਹੈ। ਇਸ ਸਮਝ ਵੱਲ ਪਹਿਲਾ ਪੈਰ ਇਹ ਸਮਝਕੇ ਪੁੱਟਿਆ ਜਾ ਸਕਦਾ ਹੈ ਕਿ ਜੋ ਜੰਮਣ ਮਰਨ ਦੇ ਗੇੜ 'ਚ ਫਸਿਆ ਹੋਇਆ ਹੈ, ਉਹ ਸੱਚ ਨਹੀਂ ਹੋ ਸਕਦਾ।

ਇਸ ਤਰ੍ਹਾਂ ਦਿਸਦੇ ਸੱਚ (ਸਰਗੁਣ) ਅਤੇ ਨ ਦਿਸਣ ਵਾਲੇ ਸੱਚ (ਨਿਰਗੁਣ) 'ਚ ਫਰਕ ਸਮਝਣ ਦੀ ਸੋਝੀ ਗੁਆਚੀ ਰਹਿੰਦੀ ਹੈ। ਇਸ ਅਹਿਸਾਸ ਨਾਲ ਜੁੜ ਕੇ 'ਕੀਤਾ ਕਰਣਾ ਸਰਬਰ ਜਾਇ' ਵਾਲੇ ਮਾਰਗ ਦਾ ਪਾਂਧੀ ਬਣਿਆ ਜਾ ਸਕਦਾ ਹੈ। ਇਥੇ ਇਹ ਨਹੀਂ ਭੁੱਲਣਾ ਚਾਹੀਦਾ ਕਿ 'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ'। ਇਸ ਤੋਂ ਘੁੱਥਿਆਂ ਨੂੰ ਹੁਕਮ ਦੀ ਸਮਝ ਅਤੇ ਭਾਣੇ ਦੀ ਸਕਰਮਕਤਾ ਨਾਲ ਜੁੜਨਾ ਪੈਂਦਾ ਹੈ। ਇਸ ਵਰਤਾਰੇ ਨਾਲ ਜੁੜੀਆਂ

ਹੋਈਆਂ ਵਿਧੀਆਂ ਨੂੰ ਧਰਮ ਕਿਹਾ ਗਿਆ ਹੈ। ਇਨ੍ਹਾਂ ਵਿਧੀਆਂ ਨੂੰ ਵਰਤ ਕੇ ਜੋ ਨਾਮ ਦੇ ਰੰਗ 'ਚ ਰੰਗੇ ਜਾਂਦੇ ਹਨ, ਉਹੀ ਨਾਨਕ ਨਾਮਲੇਵਾ ਹੋ ਗਏ ਹਨ (ਪਉੜੀ 2)। ਪ੍ਰਾਪਤ ਨੂੰ ਬੁੱਝਣ ਅਤੇ ਹੰਢਾਉਣ ਦੀ ਵਿਧੀ ਨੂੰ ਗੁਰਮਤਿ ਕਿਹਾ ਹੋਇਆ ਹੈ ਅਤੇ ਇਸ ਨਾਲ ਵਿਸਮਾਦੀ ਵਰਤਾਰਿਆਂ ਨਾਲ ਜੁੜ ਸਕਣ ਦੇ ਵਿਸਮਾਦ ਦੀ ਗੱਲ ਕੀਤੀ ਹੋਈ ਹੈ। ਜੋ ਮਿਲਿਆ ਹੋਇਆ ਹੈ, ਉਹ ਸਭ ਕਾਦਰ ਦੀ ਕੁਦਰਤ ਹੈ ਅਤੇ ਉਸ ਨੂੰ ਹੁਕਮੀ ਬੰਦੇ ਵਾਂਗ ਜਿਊਣ ਵਾਲਾ ਸਿੱਖ ਹੈ। ਇਸ ਨਿਰਲੇਪ ਮਾਨਸਿਕਤਾ ਵਿਚ ਮਾਇਆਧਾਰੀ ਦਖਲ ਨਾਲ ਦੁਸ਼ਵਾਰੀਆਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਇਹ ਜਨਮ ਦੇ ਅਜਾਈਂ ਜਾਣ ਦਾ ਮਾਰਗ ਹੈ (ਪਉੜੀ 3)। ਜੇ ਸਾਰੀ ਕੁਦਰਤ ਦਿੱਤੇ ਹੋਏ ਨਿਯਮਾਂ (ਹੁਕਮ) ਅਨੁਸਾਰ ਚੱਲ ਰਹੀ ਹੈ ਤਾਂ ਬੰਦੇ ਨੂੰ ਨਿਯਮਤ ਜੀਵਨ ਜਿਊਣ ਦਾ ਧਰਮ ਪਾਲਣਾ ਚਾਹੀਦਾ ਹੈ। ਕਿਸੇ ਵੀ ਕਾਰਨ ਜੋ ਅਜਿਹਾ ਨਹੀਂ ਕਰਦਾ ਉਹ ਰੱਬ ਦੇ ਸ਼ਰੀਕ ਵਾਂਗ ਜਿਊਣ ਦੀ ਹਉਮੈ ਦਾ ਸ਼ਿਕਾਰ ਹੋ ਕੇ ''ਹੋਰ ਹਿਕਮਤਿ ਹੁਕਮੁ ਖੁਆਰੁ'' ਵੱਲ ਤੁਰਿਆ ਹੋਇਆ ਸਮਝਣਾ ਚਾਹੀਦਾ ਹੈ। ਇਸ 'ਚੋਂ ਮਿਹਰ ਦੁਆਰਾ ਨਿਕਲਣਾ ਸੰਭਵ ਹੈ ''ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ''। ਅਜਿਹਾ ਇਸ ਲਈ ਕਿਹਾ ਰਿਹਾ ਹੈ ਕਿਉਂ ਕਿ ਪ੍ਰਾਪਤ ਧਰਮ ਦੇ ਸਮਕਾਲ ਨੂੰ ਮਿਥਹਾਸਕਤਾ ਨਾਲ ਢਕਣ ਦੀ ਕੋਸ਼ਿਸ਼ ਸਦਕਾ ਆਮ ਬੰਦਾ ਧਰਮ ਨਾਲੋਂ ਟੁੱਟਿਆ ਹੋਇਆ ਸੀ। ਇਸਦਾ ਨਤੀਜਾ ''ਵਾਇ ਨਿਚੇਲੇ ਨਚਨਿ ਗੁਰ'' ਅਤੇ ''ਰੋਟੀਆਂ ਕਾਰਣਿ ਪੂਰਹਿ ਤਾਲ'' 'ਚ ਸਭ ਦੇ ਸਾਹਮਣੇ ਸੀ। ਏਸੇ ਨੂੰ ਬਾਬਾ ਜੀ ਨੇ ਇਸ ਸੱਚ ਨਾਲ ਜੋੜਨ ਦੀ ਮੁਹਿੰਮ ਚਲਾਈ ਸੀ- ''ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ''। ਏਸੇ ਨੂੰ ਨੇਕੀ ਕਰਨ ਅਤੇ ਨਿਮਰ ਰਹਿਣ ਦੀ ਗੁਰਮਤਿ ਵਜੋਂ ਸਾਹਮਣੇ ਲਿਆਂਦਾ ਜਾ ਰਿਹਾ ਸੀ।

ਬੰਦੇ ਦੇ ਦਖਲ ਨਾਲ ਪੈਦਾ ਹੋਈ ਹਉਮੈ ਨਾਲ ਧਰਮ ਵੀ ਧੰਦਾ ਹੋ ਜਾਂਦਾ ਹੈ। ਹਉਮੈ ਦੀਆਂ ਗਿਆਨੀ ਪਰਤਾਂ ਕਿਸੇ ਕੰਮ ਨਹੀਂ ਆਉਂਦੀਆਂ। ਇਹ ਪ੍ਰਸੰਗ ''ਇਕਿ ਮੂਲੁ ਨ ਬੁਝਨਿ ਆਪਣਾ ਅਣਹੋਂਦਾ ਆਪੁ ਗਣਾਇਦੇ'' ਵਰਗਾ ਹੈ ਅਤੇ ਇਸ 'ਚੋਂ ਨਿਕਲਣ ਦਾ ਰਾਹ ''ਹਉਮੈ ਸਬ ਦਿਜ ਲਾਏ'' ਹੈ। ਇਹ ਮਾਰਗ ''ਸਹ ਜੇਹੀ ਸਚਿ ਸਮਾਇਆ'' ਦਾ ਹੈ। ਇਸ ਰਾਹ ਤੁਰਾਂਗੇ ਤਾਂ ਸਮਝ ਸਕਾਂਗੇ ਕਿ ਦੁੱਖ ਦਾਰੂ ਹੋ ਸਕਦਾ ਹੈ ਅਤੇ ਸੁਖ ਰੋਗ ਹੋ ਸਕਦਾ ਹੈ। ਜਿਵੇਂ ਜਲ ਨੂੰ ਸੰਭਾਲਣ ਲਈ ਘੜਾ ਚਾਹੀਦੈ, ਉਵੇਂ ਹੀ ਮਨ ਨੂੰ ਸੰਭਾਲਣ ਲਈ ਗਿਆਨ/ਸੋਝੀ/ਚੇਤਨਾ ਚਾਹੀਦੀ ਹੈ। ਇਸ ਤਰ੍ਹਾਂ ਪੈਦਾ ਹੋਈ ਮਾਨਸਿਕਤਾ ''ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ'' ਦੀ ਧਾਰਨੀ ਹੋ ਸਕਦੀ ਹੈ। ਰਹਿਤਨੁਮਾ ਧਰਮ ਨਾਲ ਸ਼ੁਰੂ ਤਾਂ ਕੀਤਾ ਜਾ ਸਕਦਾ ਹੈ, ਮੁਕਾਇਆ ਨਹੀਂ ਜਾ ਸਕਦਾ। ਤਾਂ ਤੇ ਕਹਿ ਸਕਦੇ ਹਾਂ ਕਿ ਰਹਿਤ ਨਾਲ ਐਬਾਂ ਨੂੰ ਢਕਣ ਵਾਲੇ ਧਰਮੀ ਕਿਵੇਂ ਹੋ ਸਕਦੇ ਹਨ? ਸੁੱਚਮ, ਦਿੱਭਤਾ ਦੇ ਰੰਗ 'ਚ ਰੰਗੇ ਜਾਣ ਵਿਚ ਹੈ (ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ)। ਧਰਮ, ਵੰਡੀਆਂ ਨਹੀਂ ਪਾਉਂਦਾ। ਤਾਂ ਤੇ ਇਹ ਨਹੀਂ ਭੁਲਣਾ ਚਾਹੀਦਾ ਕਿ ਦਾਤੇ ਨਾਲ ਮਰਜ਼ੀ ਨਹੀਂ ਚੱਲਦੀ ਕਿਉਂਕਿ ਉਥੇ ਤਾਂ ਬੇਨਤੀ ਹੀ ਚੱਲ ਸਕਦੀ ਹੈ- ''ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ''। ਇਸ ਤਰ੍ਹਾਂ ਆਸਾ ਦੀ ਵਾਰ ਰਾਹੀਂ ਦਿੱਭ ਵਰਤਾਰਿਆਂ 'ਚ ਵਿਚਰਦੇ ਭਾਈਵਾਲਾਂ ਨੂੰ ਸਮਝਾਇਆ ਹੋਇਆ ਹੈ ਕਿ ਸੰਤੋਖੀ ਸੁਭਾ, ਚੇਤਨਾ ਦੀ ਅਗਵਾਈ 'ਚ ਪ੍ਰਾਪਤ ਨਾਲ ਨਿਭਣ ਦਾ ਬਿਰਦ ਪਾਲ ਸਕਦਾ ਹੈ।

ਸਿੱਖ ਧਰਮ ਹੋਰ ਧਰਮਾਂ ਵਾਂਗ ਇੱਕ ਇਲਹਾਮੀ ਧਰਮ ਹੈ, ਪਰ ਇਸ ਦੇ ਇਲਹਾਮ ਦੀ ਵਿਲੱਖਣਤਾ ਇਸ ਤੱਥ ਵਿਚ ਹੈ ਕਿ ਇਹ ਪਹਿਲੇ ਗੁਰੂ ਨਾਨਕ ਦੇਵ ਤੋਂ ਲੈ ਕੇ ਦਸਵੇਂ ਅਤੇ ਆਖਰੀ ਸਰੀਰਕ ਗੁਰੂ, ਗੁਰੂ ਗੋਬਿੰਦ ਸਿੰਘ ਤੱਕ ਇੱਕ ਨਿਰੰਤਰ ਅਮਲ ਹੈ। ਇਸ ਇਲਹਾਮ ਦਾ ਮਾਧਿਅਮ ਗੁਰੂ ਜੋਤਿ ਤੇ ਗੁਰੂ ਜੁਗਤਿ ਨੂੰ ਪ੍ਰਵਾਨ ਕੀਤਾ ਗਿਆ ਹੈ ਅਤੇ ਸਾਰੇ ਗੁਰੂ ਸਾਹਿਬਾਨ ਵਿਚ ਇੱਕੋ ਹੀ ਜੋਤਿ ਤੇ ਇੱਕੋ ਹੀ ਗੁਰੂ ਜੁਗਤਿ ਨੂੰ ਮੰਨਿਆ ਗਿਆ ਹੈ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥" (ਪੰਨਾ 966)

ਇਸੇ ਲਈ ਸਾਰੇ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ 'ਨਾਨਕ' ਸੰਬੋਧਨ ਨਾਲ ਮੁਖ਼ਾਤਿਬ ਕੀਤਾ ਹੈ। ਗੁਰੂ ਜੋਤਿ ਨੂੰ ਪਰਮਾਤਮਾ ਨਾਲ ਇਕਸੁਰਤਾ ਦੇ ਪਲਾਂ ਵਿਚ ਸਤਿ ਦਾ ਜੋ ਅਨੁਭਵ ਹੋਇਆ, ਉਸ ਨੂੰ ਉਨ੍ਹਾਂ ਨੇ ਸ਼ਬਦ ਦੇ ਮਾਧਿਅਮ ਰਾਹੀਂ, ਬਾਣੀ ਰਾਹੀਂ ਪ੍ਰਗਟ ਕੀਤਾ। ਇਸੇ ਲਈ ਬਾਣੀ ਨੂੰ 'ਖਸਮਿ ਕੀ ਬਾਣੀ', 'ਧੁਰਿ ਕੀ ਬਾਣੀ' ਕਿਹਾ ਗਿਆ ਹੈ। ਸਤਿ ਦੇ ਇਸ ਅਨੁਭਵ ਨੂੰ ਉਨ੍ਹਾਂ ਨੇ ਪਰਮਾਤਮਾ ਦੇ ਹੁਕਮ ਅੰਦਰ ਹੋਇਆ ਮੰਨਿਆ ਹੈ, "ਹਉ ਆਪਹੁ ਬੋਲਿ ਨ ਜਾਣਦਾ ਮੈਂ ਕਹਿਆ ਸਭੁ ਹੁਕਮਾਉ ਜੀਉ॥" (ਪੰਨਾ 763)

ਗੁਰੂ ਨਾਨਕ ਸਾਹਿਬ ਨੇ ਤਾਂ ਆਪਣੇ ਆਪ ਨੂੰ ਉਸ ਪਰਵਦਗਾਰ ਦਾ ਢਾਡੀ ਕਿਹਾ ਹੈ, ਜਿਨ੍ਹਾਂ ਨੂੰ ਅਕਾਲ ਪੁਰਖ ਵੱਲੋਂ ਲੋਕਾਂ ਤੱਕ ਸੰਦੇਸ਼ ਦੇਣ ਦਾ ਕੰਮ ਸੌਂਪਿਆ ਗਿਆ ਹੈ, "ਹਉ ਢਾਢੀ ਵੇਕਾਰੁ ਕਾਰੈ ਲਾਇਆ॥" (ਪੰਨਾ 150) ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹੋਰ ਸੂਫੀ ਸੰਤਾਂ ਅਤੇ ਭਗਤਾਂ ਦੀ ਬਾਣੀ, ਜਿਨ੍ਹਾਂ ਦੀ ਵਿਚਾਰਧਾਰਾ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ, 'ਗ੍ਰੰਥ' ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਸੰਕਲਿਤ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਿਸ਼ਾਹ ਦੀ ਬਾਣੀ ਦਰਜ ਕਰਕੇ 'ਗ੍ਰੰਥ ਸਾਹਿਬ' ਨੂੰ ਗੁਰਗੱਦੀ ਸੌਂਪ ਕੇ ਆਉਣ ਵਾਲੇ ਸਰਬ ਸਮਿਆਂ ਲਈ 'ਸ਼ਬਦ ਗੁਰੂ' ਦਾ ਦਰਜਾ ਦੇ ਦਿੱਤਾ।

ਧਰਮ ਸ਼ਾਸਤਰ ਦੀ ਜੀਵਨ ਜਾਚ ਨਾਲ ਇੱਕਸੁਰਤਾ ਹੀ ਕਿਸੇ ਧਰਮ ਦੀ ਪਰਖ ਦੀ ਕਸਵੱਟੀ ਹੈ। ਕਿਸੇ ਵੀ ਧਰਮ ਦੇ ਇਲਹਾਮ ਦੀ ਵਿਲੱਖਣਤਾ ਇਸ ਗੱਲ ਵਿਚ ਨਿਹਿਤ ਹੈ ਕਿ ਉਹ ਮਨੁੱਖ ਦੇ ਸਾਹਮਣੇ ਕਿਸ ਕਿਸਮ ਦਾ ਆਦਰਸ਼ ਅਤੇ ਨਿਸ਼ਾਨਾ ਰੱਖਦਾ ਹੈ, ਜਿਸ ਦੀ ਮਨੁੱਖ ਨੇ ਪ੍ਰਾਪਤੀ ਕਰਨੀ ਹੈ ਤੇ ਉਸ ਇਲਹਾਮ ਰਾਹੀਂ ਮਨੁੱਖ ਦੇ ਕਿਹੋ ਜਿਹੇ ਵਿਅਕਤੀਤਵ ਦੀ ਘਾੜਤ ਘੜੀ ਜਾਣੀ ਹੈ। ਬਾਣੀ ਵਿਚ ਮਨੁੱਖ ਦੇ ਸਾਹਮਣੇ ਆਦਰਸ਼ ਆਪਣੇ ਆਤਮ ਨੂੰ, ਆਪਣੇ ਅਸਲੇ ਨੂੰ ਪਛਾਣਨ ਦਾ ਰੱਖਿਆ ਗਿਆ ਹੈ, "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥" (ਪੰਨਾ 441) ਬਾਣੀ ਵਿਚ ਮਨੁੱਖ ਦੇ ਦੈਵੀ ਅੰਸ਼ ਹੋਣ ਨੂੰ ਮੂਲ ਵਿਚਾਰ ਮੰਨਿਆ ਗਿਆ ਹੈ, ਇਸ ਲਈ ਪਰਮਾਤਮਾ ਦੀ ਨਿਗਾਹ ਵਿਚ ਸਾਰੇ ਮਨੁੱਖ ਬਰਾਬਰ ਹਨ। ਕੋਈ ਵੀ ਮਨੁੱਖ ਜਨਮ, ਲਿੰਗ, ਜਾਤਿ, ਜਮਾਤ ਜਾਂ ਸੰਪਰਦਾ ਕਰਕੇ ਉਚਾ ਜਾਂ ਨੀਵਾਂ ਨਹੀਂ ਹੈ, ਕਿਉਂਕਿ ਸਾਰੇ ਮਨੁੱਖਾਂ ਵਿਚ ਉਸੇ ਇੱਕ ਦੀ ਜੋਤਿ ਜਗ ਰਹੀ ਹੈ। ਇਸ ਜੋਤਿ ਦਾ ਅਨੁਭਵ ਕਿ ਸਾਰੇ ਮਨੁੱਖ ਉਸੇ ਇੱਕ ਅਕਾਲ ਪੁਰਖ ਦੀ ਜੋਤਿ ਨਾਲ ਰੁਸ਼ਨਾਏ ਹਨ, ਗੁਰੂ ਦੀ ਸਿੱਖਿਆ 'ਤੇ ਚੱਲਣ ਨਾਲ ਹੁੰਦਾ ਹੈ, "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥" (ਪੰਨਾ 13) ਇਸ ਲਈ ਆਪਣੇ

ਅੰਦਰ ਜੋਤਿ ਸਰੂਪ ਹੋਣ ਦਾ ਅਨੁਭਵ ਕਰਨ ਵਾਸਤੇ ਮਨੁੱਖ ਨੂੰ ਕਿਸੇ ਪੁਜਾਰੀ ਜਾਂ ਅਜਿਹੇ ਕਿਸੇ ਆਸਰੇ ਦੀ ਲੋੜ ਨਹੀਂ। ਮਨੁੱਖਾ ਜਨਮ ਨੂੰ ਆਪਣੇ ਜਗਦੀਸ਼ੈ ਅੰਸ਼ ਹੋਣ ਦਾ ਅਨੁਭਵ ਕਰਨ ਲਈ ਮਿਲਿਆ ਇੱਕ ਮੌਕਾ ਮੰਨਿਆ ਗਿਆ ਹੈ, "ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥" (ਪੰਨਾ 378)

ਜਦੋਂ ਧਾਰਮਿਕ ਅਮਲ ਅਤੇ ਅਭਿਆਸ ਦੀ ਗੱਲ ਆਉਂਦੀ ਹੈ ਤਾਂ ਨੈਤਿਕ ਸਰੋਕਾਰਾਂ ਨੂੰ ਕੇਂਦਰੀ ਸਥਾਨ ਦਿੱਤਾ ਗਿਆ ਹੈ। ਭਾਈ ਗੁਰਦਾਸ ਨੇ ਇਸ ਦੀ ਨਿਸ਼ਾਨਦੇਹੀ ਕਰਦਿਆਂ ਕਿਹਾ ਹੈ, "ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ? ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।" (ਵਾਰਾਂ ਭਾਈ ਗੁਰਦਾਸ, 1233) ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਹੀ ਮਨੁੱਖ ਦੇ ਸਾਹਮਣੇ ਨਿਸ਼ਾਨਾ 'ਸਚਿਆਰ' ਹੋਣ ਜਾਂ ਸਚਿਆਰ ਪਦ ਨੂੰ ਪ੍ਰਾਪਤ ਕਰਨ ਦਾ ਰੱਖਿਆ ਹੈ। ਸੱਚ ਪਰਮਾਤਮਾ ਦਾ ਗੁਣ ਹੈ, ਪਰਮਾਤਮਾ ਨੂੰ ਉਚਤਮ ਸਤਿ, ਪਰਮਸਤਿ ਮੰਨਿਆ ਹੈ ਅਤੇ ਉਸ ਪਰਮਸਤਿ ਨੂੰ ਆਪਣੇ ਅੰਦਰ ਅਨੁਭਵ ਕਰ ਲੈਣ ਪਿਛੋਂ ਹੀ ਮਨੁੱਖ ਸਚਿਆਰ ਬਣ ਸਕਦਾ ਹੈ। ਬਾਣੀ ਅਨੁਸਾਰ ਸਤਿ ਜਾਂ ਸੱਚ ਸਭ ਚੀਜ਼ਾਂ ਤੋਂ ਉਪਰ ਹੈ, ਪਰ ਸੱਚ ਤੋਂ ਵੀ ਉਪਰ ਸੱਚੀ ਰਹਿਣੀ, ਅਰਥਾਤ ਸੱਚ+ਅਚਾਰ ਨੂੰ ਮੰਨਿਆ ਗਿਆ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" (ਪੰਨਾ 62) ਗੁਰੂ ਅਨੁਸਾਰ ਮਨੁੱਖ ਦਾ ਵਿਅਕਤੀਤਵ ਉਹੋ ਜਿਹਾ ਹੀ ਘੜਿਆ ਜਾਂਦਾ ਹੈ, ਜਿਸ ਕਿਸਮ ਦੇ ਇਸ਼ਟ ਨੂੰ ਉਹ ਧਿਆਉਂਦਾ ਹੈ, "ਜੈ ਸਿਉ ਰਾਤਾ ਤੈਸੋ ਹੋਵੈ॥" (ਪੰਨਾ 411)

ਗੁਰੂ ਅਮਰਦਾਸ ਜੀ ਨੇ ਵੀ ਦ੍ਰਿੜ ਕਰਵਾਇਆ ਹੈ ਕਿ ਜਿਸ ਕਿਸਮ ਦੇ ਇਸ਼ਟ ਨੂੰ ਮਨੁੱਖ ਸੇਵਦਾ ਹੈ, ਉਹ ਉਸੇ ਕਿਸਮ ਦਾ ਬਣ ਜਾਂਦਾ ਹੈ, "ਜੈਸਾ ਸੇਵੈ ਤੈਸੋ ਹੋਇ॥" ਇਸ ਆਦਰਸ਼ ਜਾਂ ਟੀਚੇ ਦੀ ਪ੍ਰਾਪਤੀ ਲਈ ਮਨੁੱਖ ਲਈ ਜ਼ਰੂਰੀ ਹੈ ਕਿ ਉਹ ਕੁਦਰਤਿ ਅੰਦਰ ਵਰਤ ਰਹੇ 'ਹੁਕਮ' ਨੂੰ ਸਮਝੇ, ਜੋ ਕੁੱਲ ਬ੍ਰਹਿਮੰਡ ਵਿਚ ਵਿਆਪਕ ਹੈ ਅਤੇ ਇਸ ਅਨੁਸਾਰ ਚੱਲਣ ਦੀ ਕੋਸ਼ਿਸ਼ ਕਰੇ। ਬਾਣੀ ਵਿਚ ਹੁਕਮ ਮੁੱਖ ਸਰੋਕਾਰ ਹੈ, ਜਿਸ ਅਨੁਸਾਰ ਇਹ ਸ੍ਰਿਸ਼ਟੀ ਨਿਯਮਿਤ ਰੂਪ ਵਿਚ ਚੱਲ ਰਹੀ ਹੈ; ਇਹ ਕੁਦਰਤੀ ਨਿਯਮ ਹੈ, ਜੋ ਸਾਰੀ ਕਾਇਨਾਤ ਵਿਚ ਵਿਆਪਕ ਰੂਪ ਵਿਚ ਵਰਤ ਰਿਹਾ ਹੈ। ਹੁਕਮ ਗਿਆਨ ਹੈ ਅਤੇ ਹੁਕਮ ਦੇ ਉਲਟ ਹਉਮੈ ਹੈ, ਜੋ ਅਗਿਆਨ ਹੈ।

'ਵਾਰ ਆਸਾ ਕੀ' ਵਿਚ ਗੁਰੂ ਨਾਨਕ ਸਾਹਿਬ ਸਮਕਾਲੀਨ ਹਿੰਦੁਸਤਾਨੀ ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਹਾਲਾਤ ਦੀ ਆਲੋਚਨਾ ਕਰਦੇ ਹਨ। ਕਿਸੇ ਵੀ ਸਮਾਜ ਦੀ ਉਦੋਂ ਗਿਰਾਵਟ ਸ਼ੁਰੂ ਹੋ ਜਾਂਦੀ ਹੈ, ਜਦੋਂ ਉਸ ਸਮਾਜ ਦੇ ਲੋਕ ਜਾਂ ਉਸ ਪਰੰਪਰਾ ਨੂੰ ਮੰਨਣ ਵਾਲੇ ਆਪਣੇ ਸਭਿਆਚਾਰ ਜਾਂ ਧਰਮ ਅੰਦਰ ਨਿਹਿਤ ਉਸ ਦੇ ਰੂਹਾਨੀ ਸਾਰ ਤੱਤ ਨੂੰ ਅੱਖੋਂ ਪਰੋਖੇ ਕਰਕੇ ਮਹਿਜ ਰਸਮਾਂ ਅਤੇ ਕਰਮ-ਕਾਂਡ ਵਿਚ ਪੈ ਜਾਂਦੇ ਹਨ। ਜਦੋਂ ਪੁਜਾਰੀ ਜਮਾਤ ਆਪਣੇ ਆਪ ਨੂੰ ਧਰਮ ਦੀ ਇੱਕ ਵਾਹਦ ਰੱਖਿਅਕ ਸਮਝਣ ਲੱਗ ਪੈਂਦੀ ਹੈ, ਤਾਂ ਆਮ ਲੋਕਾਈ ਦਾ ਸੋਸ਼ਣ ਹੀ ਉਸ ਦਾ ਧਰਮ ਬਣ ਜਾਂਦਾ ਹੈ।

ਜਿਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ, ਉਦੋਂ ਹਿੰਦੁਸਤਾਨ ਵਿਚ ਹਿੰਦੂ ਅਤੇ ਇਸਲਾਮ- ਦੋ ਪ੍ਰਮੁੱਖ ਧਰਮ ਪਰੰਪਰਾਵਾਂ ਪ੍ਰਚਲਿਤ ਸਨ; ਬੁੱਧ ਮੱਤ ਕਰੀਬ ਅਲੋਪ ਹੀ ਹੋ ਗਿਆ ਸੀ ਤੇ ਕੁਝ ਅਜਿਹਾ ਹੀ ਹਾਲ ਜੈਨ ਧਰਮ ਦਾ ਸੀ, ਬੇਸ਼ੱਕ ਇਨ੍ਹਾਂ ਦੋਹਾਂ ਧਾਰਮਿਕ ਪਰੰਪਰਾਵਾਂ ਦੇ ਹਵਾਲੇ ਵੀ ਸਾਨੂੰ ਬਾਣੀ ਵਿਚ ਮਿਲ ਜਾਂਦੇ ਹਨ। ਇਹ ਦੋਵੇਂ ਮੱਤ ਸੁਤੰਤਰ ਮੱਤ ਹਨ, ਜਿਨ੍ਹਾਂ ਨਾਲ ਗੁਰੂ ਨਾਨਕ ਸਾਹਿਬ ਨੇ ਵੱਖਰੇ ਤੌਰ 'ਤੇ ਨਿਪਟਿਆ ਹੈ। ਹਿੰਦੂ ਧਰਮ, ਜੋ ਮੁੱਖ ਧਰਮ ਸੀ, ਨੇ ਆਪਣੇ ਆਪ ਨੂੰ ਰਸਮਾਂ, ਰੀਤਾਂ ਨਿਭਾਉਣ ਅਤੇ ਕਰਮ ਕਾਂਡ ਤੱਕ ਮਹਿਦੂਦ ਕਰ ਲਿਆ ਸੀ। ਇਸ ਦਾ ਬਹੁਤ ਸਪੱਸ਼ਟ ਬਿਰਤਾਂਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਿਲ ਜਾਂਦਾ ਹੈ।

ਗੁਰੂ ਨਾਨਕ ਦੇਵ ਆਸਾ ਦੀ ਵਾਰ ਵਿਚ ਸਭ ਤੋਂ ਪਹਿਲਾਂ ਗੁਰੂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਦੱਸਦੇ ਹਨ ਕਿ ਗੁਰੂ ਵਿਚ ਮਨੁੱਖ ਨੂੰ ਦੇਵਤਵ ਦੇ ਮੁਕਾਮ ਤੱਕ ਲੈ ਜਾਣ ਦੀ ਸਮਰੱਥਾ ਹੁੰਦੀ ਹੈ, ਅਰਥਾਤ ਗੁਰੂ ਮਨੁੱਖ ਨੂੰ ਆਪਣੇ ਅੰਦਰ ਨਿਹਿਤ ਜਗਦੀਸ਼ੇ-ਅੰਸ਼ ਹੋਣ ਨੂੰ ਅਨੁਭਵ ਕਰਾ ਸਕਣ ਦੀ ਸਮਰੱਥਾ ਰੱਖਦਾ ਹੈ, "ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥" (ਪੰਨਾ 462-63) ਗੁਰੂ ਨਾਨਕ ਦੇਵ ਜੀ ਅਨੁਸਾਰ ਜੋ ਮਨੁੱਖ ਆਪਣੇ ਆਪ ਨੂੰ ਗਿਆਨਵਾਨ ਸਮਝ ਕੇ ਗੁਰੂ ਦੀ ਮਹੱਤਤਾ ਨੂੰ ਨਹੀਂ ਸਮਝਦੇ, ਉਹ ਤਿਲ ਦੇ ਉਨ੍ਹਾਂ ਬੂਟਿਆਂ ਵਾਂਗ ਹਨ, ਜੋ ਫਲ ਵਿਹੂਣੇ ਰਹਿ ਜਾਂਦੇ ਹਨ ਅਤੇ ਫਸਲ ਕੱਟਣ ਵੇਲੇ ਕਿਸਾਨ ਉਨ੍ਹਾਂ ਨੂੰ ਖੇਤ ਵਿਚ ਹੀ ਛੱਡ ਦਿੰਦਾ ਹੈ, "ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥" (ਪੰਨਾ 463)

ਗੁਰੂ ਸਾਹਿਬ ਨੇ 'ਸਿਧ ਗੋਸਟਿ' ਵਿਚ ਸਪੱਸ਼ਟ ਕੀਤਾ ਹੈ ਕਿ ਸ਼ਬਦ ਹੀ ਗੁਰੂ ਹੈ, "ਸਬਦੁ ਗੁਰੂ ਸੁਰਤਿ ਧੁਨਿ ਚੇਲਾ॥" (ਪੰਨਾ 943) ਇਸ ਤੱਥ ਨੂੰ ਗੁਰੂ ਸਾਹਿਬਾਨ ਨੇ ਵਾਰ ਵਾਰ ਦ੍ਰਿੜ ਕਰਵਾਇਆ ਹੈ ਕਿ ਸ਼ਬਦ ਅਰਥਾਤ ਬਾਣੀ ਹੀ ਗੁਰੂ ਹੈ; ਬਾਣੀ ਜਾਂ ਸ਼ਬਦ ਦੇ ਰੂਪ ਵਿਚ ਗੁਰੂ ਸਦੀਵੀ ਹੈ, ਜਦ ਕਿ ਸਰੀਰ ਬਿਨਸਣਹਾਰ ਹੈ। ਆਸਾ ਦੀ ਵਾਰ ਦੀ ਪਹਿਲੀ ਪਉੜੀ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕੀਤਾ ਹੈ ਕਿ ਪਰਮਾਤਮਾ ਸੈਭੰ ਹੈ, ਜਿਸ ਨੇ ਆਪਣੇ-ਆਪ ਦੀ ਸਿਰਜਣਾ ਦੋਤਰਫਾ ਪਹਿਲੂਆਂ 'ਨਾਮ' ਅਤੇ 'ਰੂਪ' ਵਿਚ ਕੀਤੀ ਹੈ। ਉਸ ਨੇ ਆਪਣੇ ਸਵੈ ਦੀ ਸਿਰਜਣਾ ਕਰਕੇ ਆਪਣੇ ਦੂਸਰੇ ਪਹਿਲੂ ਕੁਦਰਤਿ ਦੀ ਰਚਨਾ ਕੀਤੀ ਤੇ ਆਪਣੀ ਕੁਦਰਤਿ ਵਿਚ 'ਨਾਮ' ਵਜੋਂ ਬਿਰਾਜਮਾਨ ਹੋ ਗਿਆ ਅਤੇ ਸਮੇਂ ਤੇ ਸਥਾਨ ਵਿਚ ਕੁਦਰਤਿ ਦੇ ਫੈਲਾਉ ਨੂੰ ਦੇਖ ਕੇ ਨਿਹਾਲ ਹੋ ਰਿਹਾ ਹੈ, "ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥" (ਪੰਨਾ 463)

ਗੁਰੂ ਨਾਨਕ ਮਨੁੱਖ ਦੇ ਸਾਹਮਣੇ ਅੰਤਿਮ ਮੰਜ਼ਿਲ ਪਰਮਸਤਿ ਦੀ ਪ੍ਰਾਪਤੀ ਅਰਥਾਤ ਮਨੁੱਖੀ ਮਨ ਜਾਂ ਸੁਰਤਿ ਦਾ ਪਰਮਾਤਮ-ਸੁਰਤਿ ਨਾਲ ਇੱਕਸੁਰ ਹੋਣਾ ਰੱਖਦੇ ਹਨ, ਜਿਸ ਨੂੰ ਸਤਿ ਦੀ ਪ੍ਰਾਪਤੀ ਵੀ ਕਿਹਾ ਜਾਂਦਾ ਹੈ। ਪਰਮਾਤਮਾ ਨਾਮ ਅਤੇ ਰੂਪ-ਦੋਵੇਂ ਹੈ ਅਤੇ ਪਰਮਾਤਮਾ ਦੇ ਸਮੁੱਚ ਵਿਚ ਉਸ ਦਾ ਪ੍ਰਗਟ ਰੂਪ ਭਾਵ ਕੁਦਰਤਿ ਤੇ ਉਸ ਵਿਚ ਸਮਾਇਆ ਨਾਮ-ਦੋਵੇਂ ਸ਼ਾਮਲ ਹਨ। ਨਾਮ ਉਸ ਦਾ ਨਿਰਗੁਣ ਸਰੂਪ ਹੈ, ਜੋ ਉਸ ਦੇ ਕਰਤਾ ਹੋਣ ਦਾ ਲਖਾਇਕ ਹੈ ਅਤੇ ਉਸ ਦਾ

ਪ੍ਰਗਟ ਰੂਪ ਸਮੇਂ ਤੇ ਸਥਾਨ ਵਿਚ ਉਸ ਦੀ ਕੁਦਰਤਿ ਦਾ ਪਸਾਉ ਹੈ, "ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥" (ਪੰਨਾ 463)

ਇਸੇ ਲਈ ਇਸ ਜੱਗ ਨੂੰ ਸੱਚੇ ਦੀ ਕੋਠੜੀ ਕਿਹਾ ਹੈ। ਉਸ ਸੱਚੇ ਦਾ ਪ੍ਰਗਟ ਰੂਪ ਉਸ ਦੀ ਰਚਨਾ ਵੀ ਸੱਚ ਹੈ। ਤਾਤਵਿਕ ਪਰਮਾਤਮਾ ਨੂੰ ਅਭੂਤਪੁਰਬ ਰਚਨਾਤਮਕਤਾ ਵਿਚ ਪ੍ਰਗਟ ਕਰਨ ਦੀ ਇਸ ਸਹਿਜ ਪ੍ਰਕ੍ਰਿਆ ਦਾ ਕੋਈ ਅੰਤ ਨਹੀਂ ਹੈ। ਉਸ ਦੀ ਕੁਦਰਤਿ ਬੇਅੰਤ ਹੈ। ਕੁਦਰਤਿ ਦੀ ਇਸ ਰਚਨਾ ਨੂੰ ਗੁਰੂ ਨਾਨਕ ਦੇਵ ਜੀ ਨੇ ਕਰਤੇ ਦਾ ਖੇਲ ਕਿਹਾ ਹੈ। ਇਹ ਸਾਰੀ ਰਚਨਾ ਉਸੇ ਤੋਂ ਵਿਕਾਸ ਕਰਦੀ ਹੈ ਅਤੇ ਅੰਤ ਵਿਚ ਉਸੇ ਵਿਚ ਸਮਾ ਜਾਂਦੀ ਹੈ। ਕੁਦਰਤਿ ਦਾ ਇਹ ਨਿਕਾਸ ਅਤੇ ਵਿਕਾਸ ਤੇ ਅੰਤ ਵਿਚ ਉਸੇ ਵਿਚ ਸਮਾਉਣਾ ਨਿਯਮ ਅਨੁਸਾਰ ਵਾਪਰ ਰਿਹਾ ਹੈ, ਜਿਸ ਨੂੰ ਹੁਕਮ ਕਿਹਾ ਹੈ।

ਗੁਰੂ ਨਾਨਕ ਵਾਰ ਵਾਰ ਇਹ ਦ੍ਰਿੜ ਕਰਵਾਉਂਦੇ ਹਨ ਕਿ ਸੱਚਾ ਧਰਮ ਉਸ ਵਾਸਤਵਿਕ ਦੀ ਵਿਆਪਕ ਚੇਤਨਾ 'ਚ ਜਿਉਣ ਵਿਚ ਹੈ। ਅਭੂਤਪੂਰਵ ਅਸਤਿੱਤਵ ਪਰਮਾਤਮਾ ਨਾਲ ਇਸ ਦੇ ਸੰਯੋਜਨ ਵਿਚ ਵਾਸਤਵਿਕ ਹੈ, ਕਿਸੇ ਵਿਸ਼ੇਸ਼ ਘਟਨਾ ਦੇ ਰੂਪ ਵਿਚ ਨਹੀਂ। ਪ੍ਰਗਟ ਸੰਸਾਰ ਪਰਮਾਤਮਾ ਨਾਲ ਸੰਯੁਕਤ ਹੋਣ ਕਰਕੇ ਅਸਲੀ ਹੈ, ਕਿਸੇ ਖਾਸ ਘਟਨਾ ਦੇ ਰੂਪ ਵਿਚ ਨਹੀਂ। ਗੁਰੂ ਨਾਨਕ ਅੰਤਰ ਨਿਹਿਤ ਇਸ ਨੁਕਤੇ 'ਤੇ ਜ਼ੋਰ ਦਿੰਦੇ ਹਨ ਕਿ ਜੇ ਪਰਮਾਤਮਾ ਆਪਣੀ ਕੁਦਰਤਿ ਵਿਚ ਜ਼ਰੂਰੀ ਪ੍ਰਗਟ ਹੈ, ਤਾਂ ਧਾਰਮਿਕ ਵਿਅਕਤੀ ਨੂੰ ਇਸ ਤੱਥ ਦੀ ਰੋਸ਼ਨੀ ਵਿਚ ਜਿਉਣਾ ਚਾਹੀਦਾ ਹੈ। ਉਸ ਨੂੰ ਸੰਸਾਰਕ ਕਾਰਜਾਂ ਵਿਚ ਆਪਣੀ ਸ਼ਮੂਲੀਅਤ ਇਨਸਾਨਾਂ ਅਤੇ ਸਮਾਜ ਦੀ ਸੇਵਾ ਤੇ ਦਇਆ ਰਾਹੀਂ ਕਰਨੀ ਚਾਹੀਦੀ ਹੈ; ਸੇਵਾ ਅਤੇ ਦਇਆ ਰਾਹੀਂ ਇਹ ਸਾਧਨਾ ਇਸ ਨਜ਼ਰੀਏ ਤੋਂ ਕਰਨੀ ਚਾਹੀਦੀ ਹੈ ਕਿ ਇਹ ਅਕਾਲ ਪੁਰਖ ਦੀ ਅਰਾਧਨਾ ਹੈ। ਜਗਿਆਸੂ ਵਿਚ ਇਹ ਚੇਤਨਾ ਜਗਾਉਣ ਲਈ ਗੁਰੂ ਨਾਨਕ ਪਰਮਾਤਮਾ ਦੀ ਰਚਨਾ ਦੀ ਅਦਭੁਤਤਾ ਨੂੰ ਬਿਆਨ ਕਰਦੇ ਹਨ, "ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥...ਵੇਖਿ ਵਿਡਾਣੁ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥" (ਪੰਨਾ 463-64)

ਇਸ ਤਰ੍ਹਾਂ ਇਹ ਸੰਸਾਰ ਸਾਧਨਾ ਅਤੇ ਧਾਰਮਿਕ ਸੰਸਕਾਰਾਂ ਦੇ ਪਾਲਣ ਕਰਨ ਦਾ ਆਧਾਰ ਬਣ ਜਾਂਦਾ ਹੈ। ਕੁਦਰਤਿ ਦੇ ਵਿਸਮਾਦੀ ਹੋਣ ਨੂੰ ਸਾਹਮਣੇ ਲਿਆਉਣ ਦਾ ਮਕਸਦ ਗੁਰੂ ਨਾਨਕ ਸਾਹਿਬ ਵੱਲੋਂ ਧਾਰਮਿਕ ਮਨੁੱਖ ਨੂੰ ਇਸ ਤੱਥ ਤੋਂ ਚੇਤੰਨ ਕਰਾਉਣਾ ਹੈ ਕਿ ਪਰਮਾਤਮਾ ਸਵੈ-ਸਿਰਜਿਤ ਕਰਤਾ ਹੈ ਅਤੇ ਬਾਕੀ ਸਭ ਦਿਸਦਾ ਸੰਸਾਰ ਉਸ ਦੀ ਸਿਰਜਣਾ ਹੈ। ਗੁਰੂ ਅਨੁਸਾਰ ਸਤਿ ਨੂੰ ਅਨੁਭਵ ਕਰਨ ਦੇ ਰਸਤੇ ਵਿਚ ਸਭ ਤੋਂ ਵੱਡਾ ਅੜਿੱਕਾ ਹਉਮੈ ਹੈ। ਮਨੁੱਖ ਇਸ ਹਉਮੈ ਤੋਂ ਤਾਂ ਹੀ ਛੁਟਕਾਰਾ ਪਾ ਸਕਦਾ ਹੈ ਜੇ ਕੁਦਰਤਿ ਦੇ ਇਸ ਸਾਰੇ ਪਸਾਰੇ ਨੂੰ ਸਮਝੇ ਅਤੇ ਗੁਰੂ ਦੀ ਸਿੱਖਿਆ ਅਰਥਾਤ ਸ਼ਬਦ ਦਾ ਅਨੁਸਾਰੀ ਹੋ ਕੇ ਆਪਣੇ ਆਪ ਨੂੰ ਉਸ ਕਰਤੇ ਦਾ ਰਚਿਆ ਤੁੱਛ ਜੀਵ ਹੋਣ ਦਾ ਅਹਿਸਾਸ ਕਰਾਵੇ। ਧਰਮ ਆਪਣੇ ਤੱਤ ਸਾਰ ਵਿਚ ਉਸ ਕਰਤਾ ਪੁਰਖ ਦੇ ਰਸਤੇ 'ਤੇ ਚੱਲਣ ਦਾ ਨਾਮ ਹੈ, ਆਪਣੇ ਅੰਦਰ ਇਹ ਅਹਿਸਾਸ ਜਗਾਉਣਾ ਹੈ ਕਿ ਇਹ ਪਸਾਰ ਉਸੇ ਦਾ ਪ੍ਰਗਟ ਰੂਪ ਹੈ।

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਇਸ ਵਿਚਾਰ ਨੂੰ ਦ੍ਰਿੜ ਕਰਾਉਂਦੇ ਹਨ ਕਿ ਜਿਨ੍ਹਾਂ ਦੀ ਸਾਡੇ ਵਿਚੋਂ ਬਹੁਤ ਸਾਰੇ ਲੋਕ ਪੂਜਾ ਕਰਦੇ ਹਨ, ਬੇਸ਼ੱਕ ਉਹ ਆਪਣੇ ਸਮਿਆਂ ਵਿਚ ਮਹਾਨ ਮਨੁੱਖ ਹੋਣਗੇ, ਪਰ ਉਹ ਜਨਮ-ਮਰਨ ਵਿਚ ਆਉਣ ਵਾਲੇ ਨਾਸ਼ਵਾਨ ਮਨੁੱਖ ਸਨ, ਜਿਨ੍ਹਾਂ ਦੀ ਪੂਜਾ ਕਰਨੀ ਨਹੀਂ ਬਣਦੀ, ਅਰਾਧਨਾ ਸਿਰਫ ਉਸ ਇੱਕ ਅਕਾਲ ਪੁਰਖ ਦੀ ਕਰਨੀ ਚਾਹੀਦੀ ਹੈ, ਜੋ ਜਨਮ-ਮਰਨ ਤੋਂ ਉਤੇ ਅਬਿਨਾਸ਼ੀ ਹੈ, "ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥ ਕੇਤੀਆ ਕੰਨ ਕਹਾਣੀਆ ਕੇਤੇ ਬੇਦ ਬੀਚਾਰ॥" (ਪੰਨਾ 463-64)

ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਦੀ ਪੂਜਾ ਕਰਨ ਜਾਂ ਉਨ੍ਹਾਂ ਦੀ ਰਾਸ ਰਚਾਉਣ ਵਾਲਿਆਂ ਬਾਰੇ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਇਸ ਕਲਿਜੁਗ ਦੇ ਸਮੇਂ ਵਿਚ ਚੇਲੇ ਭਾਂਤ ਭਾਂਤ ਦੇ ਸਾਜ ਵਜਾਉਂਦੇ ਹਨ ਅਤੇ ਉਨ੍ਹਾਂ ਦੇ ਗੁਰੂ ਉਨ੍ਹਾਂ ਦੇ ਸਾਜਾਂ ਦੀ ਧੁਨੀ 'ਤੇ ਨੱਚਦੇ ਹਨ। ਲੋਕ ਉਨ੍ਹਾਂ ਰਾਸ-ਲੀਲ੍ਹਾ ਪਾਉਣ ਵਾਲਿਆਂ ਦਾ ਤਮਾਸ਼ਾ ਦੇਖਦੇ ਹਨ ਅਤੇ ਘਰ ਜਾ ਕੇ ਹੱਸਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਇਹ ਸਭ ਉਹ "ਰੋਟੀਆ ਕਾਰਣਿ ਪੂਰਹਿ ਤਾਲ" ਭਾਵ ਰੋਟੀ-ਰੋਜ਼ੀ ਲਈ ਕਰਦੇ ਹਨ। ਇਸ ਤਰ੍ਹਾਂ ਇਹ ਸਵਾਂਗ ਤਮਾਸ਼ਾ ਦੇਖਣ ਵਾਲਿਆਂ ਦੇ ਮਨ ਵਿਚ ਕਿਸੇ ਤਰ੍ਹਾਂ ਦੇ ਅਧਿਆਤਮਕ ਜਾਂ ਪਵਿੱਤਰਤਾ ਦੇ ਅਹਿਸਾਸ ਜਗਾਉਣ ਦੀ ਥਾਂ ਹਾਸੇ ਦੀ ਵਜ੍ਹਾ ਬਣਦੇ ਹਨ, "ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨਿ ਸਿਰ॥ ਉਡਿ ਉਡਿ ਰਾਵਾ ਝਾਟੇ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥" (ਪੰਨਾ 465)

ਗੁਰੂ ਨਾਨਕ ਦੇਵ ਵੱਖ ਵੱਖ ਫਿਰਕਿਆਂ ਦੀਆਂ ਰਸਮਾਂ ਅਤੇ ਕਰਮਕਾਂਡ ਦਾ ਹਵਾਲਾ ਸਾਨੂੰ ਇਹ ਅਹਿਸਾਸ ਕਰਾਉਣ ਲਈ ਦਿੰਦੇ ਹਨ ਕਿ ਪਰਮਾਤਮਾ ਅਸੀਮ ਅਤੇ ਬੇਅੰਤਤਾ ਦਾ ਸੋਮਾ ਹੈ। ਮਿਸਾਲ ਵਜੋਂ ਮੁਸਲਮਾਨਾਂ ਵਲੋਂ ਸ਼ਰੀਅਤ ਨੂੰ ਮੰਨਣਾ, ਹਿੰਦੂਆਂ ਵੱਲੋਂ ਸ਼ਾਸਤਰ ਦੁਆਰਾ ਪਰਮਾਤਮਾ ਨੂੰ ਸਲਾਹੁਣਾ, ਤੀਰਥਾਂ 'ਤੇ ਇਸ਼ਨਾਨ ਕਰਨਾ, ਮੂਰਤੀਆਂ ਅੱਗੇ ਭੇਟਾ ਚੜ੍ਹਾਉਣੀਆਂ ਤੇ ਧੂਫ, ਦੀਪ ਤੇ ਚੰਦਨ ਦੇ ਟਿੱਕੇ ਲਾ ਕੇ ਮੂਰਤੀਆਂ ਦੀ ਪੂਜਾ ਕਰਨੀ, ਦਾਨੀਆਂ ਵਲੋਂ ਦਾਨ ਕਰਕੇ ਰੱਬ ਕੋਲੋਂ ਉਸ ਤੋਂ ਦੁਗਣਾ-ਚੌਗੁਣਾ ਮੰਗਣਾ, ਯੋਗੀਆਂ ਦੁਆਰਾ ਇਹ ਮੰਨਣਾ ਕਿ ਯੋਗ-ਸਮਾਧੀ ਰਾਹੀਂ ਮਾਇਆ ਤੋਂ ਦੂਰ ਰਹਿ ਕੇ ਉਸ ਦੇ ਦਰਸ਼ਨ ਸੰਭਵ ਹਨ ਆਦਿ; ਇਨ੍ਹਾਂ ਸਾਰੇ ਧਾਰਮਿਕ ਕਰਮਾਂ ਨਾਲ ਮਨੁੱਖ ਦੇ ਅੰਦਰ ਖਾਸ ਕਿਸਮ ਦੀ ਹਉਮੈ ਵੀ ਪੈਦਾ ਹੁੰਦੀ ਹੈ ਅਤੇ ਇੱਥੇ ਹੀ ਗੁਰੂ ਦਾ ਅਹਿਮ ਰੋਲ ਆਉਂਦਾ ਹੈ ਕਿ ਉਹ ਮਨੁੱਖ ਨੂੰ ਹਉਮੈ ਰੂਪੀ ਰੋਗ ਤੋਂ ਛੁਟਕਾਰਾ ਪਾਉਣ ਦਾ ਰਸਤਾ ਦਿਖਾਵੇ, "ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪ ਅਪਾਰੁ॥" (ਪੰਨਾ 465)

ਗੁਰੂ ਨਾਨਕ ਦੇਵ ਜੀ ਦਾ ਮਕਸਦ ਇਹ ਚੇਤਨਾ ਜਗਾਉਣਾ ਹੈ ਕਿ ਇਸ ਸਭ ਵਿਭਿੰਨ ਰਚਨਾ ਦਾ ਸੋਮਾ ਇੱਕ ਪਰਮਾਤਮਾ ਹੈ। ਜੇ ਕੋਈ ਧਾਰਮਿਕ ਫਿਰਕਾ ਜਾਂ ਜਾਤ ਦੇ ਲੋਕ ਇਹ ਸਮਝਦੇ ਹਨ ਕਿ ਉਨ੍ਹਾਂ ਨੂੰ ਪਰਮਾਤਮਾ ਨੇ ਖਾਸ ਪੈਦਾ ਕੀਤਾ ਹੈ ਜਾਂ ਉਹ ਕੋਈ ਪਰਮਾਤਮਾ ਦੇ ਚੁਣੇ ਹੋਏ ਲੋਕ ਹਨ, ਇਹ ਇੱਕ ਮਹਿਜ ਭਰਮ ਅਤੇ ਝੂਠ ਹੈ। ਧਾਰਮਿਕ ਹਉਮੈ ਤੋਂ ਰਹਿਤ ਸੇਵਾ ਉਹ ਹੈ, ਜੋ ਸੰਤੋਖੀ ਮਨੁੱਖ ਉਸ ਸੱਚ ਨਾਲ ਜੁੜ ਕੇ, ਨੇਕ ਕਮਾਈ ਨਾਲ ਕਰਦੇ ਹਨ।ਗੁਰੂ ਨਾਨਕ ਦੇਵ ਵਲੋਂ ਸਥਾਪਤ ਕੀਤੀ ਗਈ ਵਿਚਾਰਧਾਰਾ ਵਿਚ ਨੈਤਿਕ ਗੁਣਾਂ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਇਸ ਵਿਚਾਰ ਨੂੰ ਉਨ੍ਹਾਂ

ਨੇ ਵੱਖ ਵੱਖ ਧਾਰਮਿਕ ਰਸਮਾਂ ਅਤੇ ਕਰਮ ਕਾਂਡਾਂ, ਧਾਰਮਿਕ ਚਿੰਨ੍ਹਾਂ, ਧਰਮ ਨਾਲ ਜੁੜੇ ਅਲੱਗ ਅਲੱਗ ਵਹਿਮਾਂ ਅਤੇ ਭਰਮਾਂ ਦੀਆਂ ਮਿਸਾਲਾਂ ਤੇ ਆਲੋਚਨਾ ਰਾਹੀਂ ਸਪੱਸ਼ਟ ਕੀਤਾ ਹੈ। ਧਾਰਮਿਕ ਭੇਖ ਕਰਨੇ, ਤੀਰਥਾਂ 'ਤੇ ਜਾਣਾ, ਮੌਨ ਵਰਤ ਰੱਖਣੇ, ਮੜ੍ਹੀਆਂ-ਮਸਾਣਾਂ ਵਿਚ ਰਹਿਣਾ, ਪਿੰਡੇ 'ਤੇ ਸੁਆਹ ਮਲਣੀ, ਅੰਨ ਦਾ ਤਿਆਗ ਕਰਨਾ ਅਤੇ ਅਜਿਹੇ ਹੋਰ ਸਭ ਕਰਮ ਬੇਕਾਰ ਹਨ, ਕਿਉਂਕਿ ਮਨੁੱਖ ਦਾ ਧਾਰਮਿਕ ਜਾਂ ਗੈਰ-ਧਾਰਮਿਕ ਹੋਣਾ ਉਸ ਦੀ ਨੇਕ ਕਮਾਈ ਅਤੇ ਉਸ ਦੀ ਜੀਵਨ ਜੁਗਤਿ ਤੋਂ ਪ੍ਰਗਟ ਹੁੰਦਾ ਹੈ।

ਇਸ ਜੁਗਤਿ ਵਿਚ ਸ਼ਾਮਲ ਨੈਤਿਕ ਗੁਣ ਸਤਿ, ਸੰਤੋਖ, ਗਿਆਨ, ਦਇਆ, ਹਲੀਮੀ, ਪਰਉਪਕਾਰ, ਸੇਵਾ ਆਦਿ ਹਨ, ਜਿਸ ਦੀ ਸਮਝ ਗੁਰੂ ਤੋਂ ਮਿਲਦੀ ਹੈ। ਇਨ੍ਹਾਂ ਗੁਣਾਂ ਦੀ ਅਹਿਮੀਅਤ ਨੂੰ ਧਾਰਮਿਕ ਹੋਣ ਦੇ ਚਿੰਨ੍ਹ ਜਨੇਊ ਪਹਿਨਣ ਦੀ ਮਿਸਾਲ ਰਾਹੀਂ ਸਮਝਾਇਆ ਹੈ ਕਿ ਧਾਰਮਿਕ ਹੋਣ ਲਈ ਮਨੁੱਖ ਅੰਦਰ ਦਇਆ, ਸੰਤੋਖ, ਜਤ, ਸਤ ਦਾ ਹੋਣਾ ਲਾਜ਼ਮੀ ਹੈ, ਨਹੀਂ ਤਾਂ ਧਾਰਮਿਕ ਚਿੰਨ੍ਹ ਪਹਿਨਣ ਦਾ ਕੋਈ ਲਾਭ ਨਹੀਂ ਹੈ, "ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥ ਨਾ ਏਹੁ ਤੁਟੈ ਮਲੁ ਲਗੈ ਨਾ ਏਹੁ ਜਲੈ ਨ ਜਾਇ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥" (ਪੰਨਾ 471)

ਆਸਾ ਦੀ ਵਾਰ ਵਿਚ ਗੁਰੂ ਨਾਨਕ ਸਾਹਿਬ ਨੇ ਹਰ ਤਰ੍ਹਾਂ ਦੇ ਧਾਰਮਿਕ ਕਰਮਕਾਂਡ ਦੀ ਤਰਕ ਅਤੇ ਦਲੀਲ ਦੇ ਆਧਾਰ 'ਤੇ ਆਲੋਚਨਾ ਕਰਦਿਆਂ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਨੈਤਿਕ ਗੁਣਾਂ ਤੋਂ ਵਿਹੂਣੀਆਂ ਸਭ ਧਾਰਮਿਕ ਰਸਮਾਂ ਅਤੇ ਰੀਤਾਂ ਮਹਿਜ ਪਖੰਡ ਤੇ ਦਿਖਾਵਾ ਮਾਤਰ ਬਣ ਜਾਂਦੀਆਂ ਹਨ, ਜਿਨ੍ਹਾਂ ਦਾ ਅਧਿਆਤਮਕਤਾ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੁੰਦਾ। ਇਥੇ ਸਿਰਫ ਇਸ਼ਾਰਾ ਹੀ ਕੀਤਾ ਜਾ ਸਕਦਾ ਹੈ, ਕਿਉਂਕਿ ਵਿਸਥਾਰ ਵਿਚ ਜਾਣ ਦੀ ਇਥੇ ਗੁੰਜਾਇਸ਼ ਨਹੀਂ ਹੈ। ਇਨ੍ਹਾਂ ਸਭ ਗੁਣਾਂ ਦਾ ਆਧਾਰ ਸੱਚ ਜਾਂ ਸਤਿ ਨੂੰ ਬਣਾਇਆ ਗਿਆ ਹੈ, ਜਿਸ ਦਾ ਸਿੱਟਾ "ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥" (ਪੰਨਾ 468) ਵਿਚ ਨਿਕਲਦਾ ਹੈ। ਗੁਰੂ ਨਾਨਕ ਦੇਵ ਜੀ ਨੇ ਉਸ ਵੇਲੇ ਦੀ ਸਮਾਜਕ, ਸਭਿਆਚਾਰਕ ਅਤੇ ਰਾਜਨੀਤਕ ਗਿਰਾਵਟ ਦਾ ਕਾਰਨ ਮਨੁੱਖ ਦਾ ਸੱਚ ਕੋਲੋਂ ਦੂਰ ਹੋ ਜਾਣਾ ਮੰਨਿਆ ਹੈ, ਜਿਸ ਨੂੰ "ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਦਾਲਿ॥" (ਪੰਨਾ 468) ਕਿਹਾ ਹੈ।

ਗੁਰੂ ਨਾਨਕ ਉਸ ਵੇਲੇ ਦੀ ਰਾਜਸੀ ਹਾਲਤ ਤੋਂ ਭਲੀ ਭਾਂਤ ਚੇਤੰਨ ਹਨ, ਜਿਸ ਵਿਚ ਲਾਲਚ, ਝੂਠ, ਜ਼ੁਲਮ, ਵਾਸ਼ਨਾ, ਬੇਇਨਸਾਫੀ ਆਦਿ ਦਾ ਬੋਲਬਾਲਾ ਹੈ ਅਤੇ ਇਸ ਅਵਸਥਾ ਤੋਂ ਮਨੁੱਖ ਨੂੰ ਚੇਤੰਨ ਵੀ ਕਰਾਉਂਦੇ ਹਨ ਕਿ ਅਜਿਹੇ ਹਾਲਾਤ ਲਈ ਅਗਿਆਨ ਕਾਰਨ ਪਰਜਾ ਵੀ ਕੁਝ ਹੱਦ ਤੱਕ ਜਿੰਮੇਵਾਰ ਹੁੰਦੀ ਹੈ, ਕਿਉਂਕਿ ਉਹ ਆਪਣੇ ਹੱਕਾਂ ਪ੍ਰਤੀ ਚੇਤੰਨ ਨਹੀਂ ਹੁੰਦੀ ਅਤੇ ਮੁਰਦਿਆਂ ਵਾਂਗ ਵਫਾਦਾਰੀ ਕਰਦੀ ਹੈ, "ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰ॥ ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥" (ਪੰਨਾ 468-69)

ਉਸ ਵੇਲੇ ਦੇ ਹਾਕਮਾਂ, ਜਿਨ੍ਹਾਂ ਦਾ ਧਰਮ ਇਸਲਾਮ ਸੀ, ਜੋ ਨਮਾਜ਼ ਵੀ ਪੜ੍ਹਦੇ ਹਨ, ਬਾਕੀ ਧਾਰਮਿਕ ਰਸਮਾਂ ਵੀ ਕਰਦੇ ਹਨ ਅਤੇ ਉਨ੍ਹਾਂ ਦੇ ਕਾਰਿੰਦਿਆਂ, ਜੋ ਧਰਮ ਵਜੋਂ ਹਿੰਦੂ ਹੋਣ ਕਰਕੇ ਧੋਤੀ, ਟਿੱਕਾ, ਮਾਲਾ, ਜਨੇਊ ਪਹਿਨਣ ਤੋਂ ਲੈ ਕੇ ਪੂਜਾ ਤੱਕ ਸਾਰੇ ਧਾਰਮਿਕ ਕਰਮ ਕਰਦੇ ਹਨ, ਦੋਹਾਂ ਦੀ ਅਸਲੀਅਤ ਨੂੰ ਸਪੱਸ਼ਟ ਕੀਤਾ ਹੈ ਕਿ ਕਿਸ ਤਰ੍ਹਾਂ ਉਹ ਮਿਲੀਭੁਗਤ ਨਾਲ ਲੋਕਾਂ ਦੀ ਲੁੱਟ-ਖਸੁੱਟ ਕਰਦੇ ਹਨ, "ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨ ਤਿਨ ਗਲਿ ਤਾਗ॥" (ਪੰਨਾ 471)

ਗੁਰੂ ਜੀ ਨੇ ਇਸ ਸਾਰੀ ਮਿਲੀਭੁਗਤ ਨੂੰ 'ਕੂੜਾ ਵਾਪਾਰ' ਕਹਿ ਕੇ ਨਿੰਦਿਆ ਹੈ, ਜਿਨ੍ਹਾਂ ਦੇ ਅੰਦਰ ਖੋਟ ਹੈ, ਪਰ ਬਾਹਰੋਂ ਧਾਰਮਿਕ ਹੋਣ ਦਾ ਪਖੰਡ ਕਰਦੇ ਹਨ। ਇੱਕ ਪਾਸੇ ਮੁਸਲਮਾਨ ਹਾਕਮਾਂ ਨੂੰ ਮਲੇਛ ਕਹਿੰਦੇ ਹਨ ਤੇ ਦੂਜੇ ਪਾਸੇ ਮੁਸਲਮਾਨਾਂ ਦਾ ਧਾਨ ਖਾਂਦੇ ਹਨ, "ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥" (ਪੰਨਾ 472) ਇਸ ਦੇ ਨਾਲ ਹੀ ਮਨੁੱਖ ਨੂੰ ਹੱਕ-ਸੱਚ ਦੀ ਸੱਚੀ ਸੁੱਚੀ ਕਮਾਈ ਕਰਨ ਅਤੇ ਉਸ ਨੂੰ ਲੋੜਵੰਦਾਂ ਨਾਲ ਵੰਡ ਕੇ ਖਾਣ ਦੀ ਪ੍ਰੇਰਨਾ ਕੀਤੀ ਹੈ, ਕਿਉਂਕਿ ਅਜਿਹੀ ਕਮਾਈ ਹੀ ਸਾਰਥਕ ਹੁੰਦੀ ਹੈ, "ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥" (ਪੰਨਾ 472) ਗੁਰੂ ਨਾਨਕ ਦੇਵ ਵੱਲੋਂ ਸਥਾਪਤ ਕੀਤਾ ਗਿਆ ਧਰਮ ਸਮਾਜਕ ਅਤੇ ਸਮੁੱਚੇ ਜੀਵਨ ਨਾਲ ਸਬੰਧਿਤ ਧਰਮ ਹੈ, ਜਿਸ ਵਿਚ ਪਰਿਵਾਰ, ਸਮਾਜ ਅਤੇ ਇਸਤਰੀ ਦੇ ਤਿਆਗ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ। ਜਿਵੇਂ ਸ਼ੁਰੂ ਵਿਚ ਹੀ ਸੰਕੇਤ ਕੀਤਾ ਸੀ ਕਿ ਧਾਰਮਿਕ ਮਨੁੱਖ ਨੂੰ ਸੰਸਾਰ ਵਿਚ ਸ਼ਮੂਲੀਅਤ ਸਮਾਜ ਵਿਚ ਦਇਆ ਅਤੇ ਸੇਵਾ ਰਾਹੀਂ ਕਰਨੀ ਚਾਹੀਦੀ ਹੈ, ਇਸ ਲਈ ਗੁਰੂ ਨਾਨਕ ਅਨੁਸਾਰ ਇਸਤਰੀ ਸਮਾਜ ਦਾ ਅਹਿਮ ਅੰਗ ਹੈ। ਇਸਤਰੀ ਸਮਾਜ ਦੀ ਚੂਲ ਹੈ, ਜਿਸ ਤੋਂ ਬਿਨਾ ਸਮਾਜ ਦੀ ਹੋਂਦ ਹੀ ਸੰਭਵ ਨਹੀਂ ਹੈ। ਇਸਤਰੀ ਤੋਂ ਹੀ ਸਮਾਜ ਅੱਗੇ ਚਲਦਾ ਹੈ। ਵੱਡੇ ਤੋਂ ਵੱਡਾ, ਮਹਾਨ ਤੋਂ ਮਹਾਨ ਪੁਰਸ਼ ਵੀ ਇਸ ਸੰਸਾਰ 'ਤੇ ਇਸਤਰੀ ਤੋਂ ਹੀ ਜਨਮ ਲੈਂਦਾ ਹੈ। ਇੱਕ ਅਕਾਲ ਪੁਰਖ ਹੀ ਹੈ, ਜਿਸ ਦੀ ਹੋਂਦ ਆਪਣੇ ਆਪ ਤੋਂ ਹੈ; ਫਿਰ ਇਸਤਰੀ ਨੂੰ ਦੁਰਕਾਰਿਆ ਜਾਂ ਛੁਟਿਆਇਆ ਕਿਵੇਂ ਜਾ ਸਕਦਾ ਹੈ? "ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥" (ਪੰਨਾ 473) ਉਸ ਨੂੰ ਵੀ ਪੁਰਸ਼ ਵਾਂਗ ਹੀ ਸਮਾਜਕ ਅਤੇ ਅਧਿਆਤਮਕ ਸਾਰੇ ਹੱਕ ਪ੍ਰਾਪਤ ਹਨ। ਪਰਮਾਤਮਾ ਦੀ ਨਜ਼ਰ ਵਿਚ ਕੋਈ ਵੀ ਇਸਤਰੀ ਜਾਂ ਪੁਰਸ਼ ਛੋਟਾ ਜਾਂ ਵੱਡਾ, ਉਚਾ ਜਾਂ ਨੀਵਾਂ ਨਹੀਂ ਹੈ। ਮਨੁੱਖ ਦੀ ਉਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਹੋਣ ਦੀ ਪਛਾਣ ਇਸ ਤੱਥ ਤੋਂ ਹੋਣੀ ਹੈ ਕਿ ਉਹ ਜੀਵਨ ਵਿਚ ਕਿੰਨਾ ਕੁ ਸੱਚ ਦਾ ਅਨੁਸਾਰੀ ਹੋ ਕੇ, ਉਸ ਦੇ ਹੁਕਮ ਦੀ ਪਛਾਣ ਕਰਕੇ ਜਿਉਂ ਰਿਹਾ ਹੈ।

ਗੁਰੂ ਨਾਨਕ ਸਾਹਿਬ ਵੱਲੋਂ ਇਹ ਕੋਈ ਦੂਜੇ ਧਰਮਾਂ ਬਾਰੇ ਦਿੱਤੇ ਬਿਆਨ ਨਹੀਂ ਹਨ, ਪਰ ਇਹ ਉਨ੍ਹਾਂ ਦੇ ਆਪਣੇ ਧਾਰਮਿਕ ਅਤੇ ਅਧਿਆਤਮਕ ਦ੍ਰਿਸ਼ਟੀਕੋਣ ਬਾਰੇ ਬਿਆਨ ਹੈ। ਇਥੋਂ ਤੱਕ ਕਿ ਜੇ ਗੁਰੂ ਨਾਨਕ ਦੇਵ ਦੇ ਆਪਣੇ ਸਿੱਖ ਵੀ ਸਿੱਖ ਧਰਮ ਪ੍ਰਤੀ ਕੱਟੜਵਾਦੀ ਪਹੁੰਚ ਦੀਆਂ ਸੱਤਾਤਮਕ ਹੋਂਦ ਸਬੰਧੀ ਰੁਕਾਵਟਾਂ ਭੁਗਤਦੇ ਹਨ, ਸਿਧਾਂਤ ਉਨ੍ਹਾਂ ਨੂੰ ਇਸ ਦੀ ਆਗਿਆ ਨਹੀਂ ਦਿੰਦਾ। ਭਾਵ ਆਸਾ ਦੀ ਵਾਰ ਵਿਚ ਧਰਮ ਪ੍ਰਤੀ ਦਿੱਤਾ ਹੋਇਆ ਸਿਧਾਂਤ ਸਿੱਖ ਧਰਮ ਨੂੰ ਮੰਨਣ

ਵਾਲਿਆਂ 'ਤੇ ਵੀ ਉਵੇਂ ਹੀ ਲਾਗੂ ਹੁੰਦਾ ਹੈ। ਰਹਿਤ ਮਰਿਆਦਾ ਦੀ ਪ੍ਰਮਾਣਕ ਵਿਆਖਿਆ ਅਧਿਆਤਮਕਤਾਹੀਣ ਚਿੰਨ੍ਹਾਂ ਦੀ ਆਗਿਆ ਨਹੀਂ ਦਿੰਦੀ। ਧਾਰਮਿਕ ਚਿੰਨ੍ਹ ਦਾ ਪਹਿਨਣਾ ਮਨੁੱਖ ਦੇ ਅੰਦਰਲੀ ਅਧਾਰਮਿਕਤਾ ਦਾ ਕਵਚ ਨਹੀਂ ਹੈ। ਮਨੁੱਖ ਦੀ ਅਸਲੀ ਯੋਗਤਾ, ਉਤਮੱਤਾ ਉਸ ਅੰਦਰਲੇ ਗੁਣਾਂ ਦਇਆ, ਸੰਤੋਖ, ਸੰਜਮ, ਪਰਉਪਕਾਰ ਆਦਿ ਦੀ ਵਰਤੋਂ ਰਾਹੀਂ ਹੀ ਮਾਪੀ ਜਾਣੀ ਹੈ। ਗੁਰੂ ਨਾਨਕ ਵੱਲੋਂ ਦਿੱਤਾ ਸਿਧਾਂਤ ਕਿਸੇ ਵੀ ਧਾਰਮਿਕ ਪਰੰਪਰਾ, ਧਾਰਮਿਕ ਕਹੇ ਜਾਣ ਵਾਲੇ ਮਨੁੱਖ ਅਤੇ ਹਰ ਸਮੇਂ ਤੇ ਸਥਾਨ 'ਤੇ ਲਾਗੂ ਹੁੰਦਾ ਹੈ।

ਗੁਰੂ ਨਾਨਕ ਦੇਵ ਵਿਚ ਪ੍ਰਾਪਤੀ ਲਈ, ਮੀਰਾਂ ਬਾਈ ਵਾਲੀ ਤ੍ਰਾਸਦੀ ਨਹੀਂ। ਉਨ੍ਹਾਂ ਵਿਚ ਜਤਨ ਦਾ ਮਾਨਵੀਕਰਨ ਹੈ, ਵਿਅਕਤੀਕਰਨ ਨਹੀਂ। ਮਨੁੱਖੀ ਜਤਨ ਵਿਚ ਮਾਧਿਅਮ ਜਦੋਂ ਇੱਕ ਵਿਅਕਤੀ ਹੀ ਰਹੇ, ਦੂਜੇ ਵਿਅਕਤੀਆਂ ਨਾਲ ਰਲ ਕੇ ਪ੍ਰਾਪਤੀ ਦੀ ਇੱਛਾ ਨਾ ਉਭਾਰੀ ਜਾਵੇ, ਜਤਨ ਦਾ ਮਾਨਵੀਕਰਨ ਅਧੂਰਾ ਰਹਿ ਜਾਂਦਾ ਹੈ ਤੇ ਇਹ ਵਿਅਕਤੀਕਰਨ ਵੱਲ ਝੁਕ ਜਾਂਦਾ ਹੈ। ਗੁਰੂ ਨਾਨਕ ਦੇਵ ਵਿਚ, ਬਾਕੀ ਭਗਤਾਂ ਨਾਲੋਂ ਵਿਸ਼ੇਸ਼ਤਾ ਇਹ ਰਹੀ ਹੈ ਕਿ ਉਹ ਜਤਨ ਦੀ ਪੂਰਨਤਾ ਇਸ ਵਿਚ ਮੰਨਦੇ ਹਨ ਕਿ 'ਸਾਧੂ ਜਨ' ਜਾਂ 'ਸੰਗਤ' ਵਿਚ ਰਲਿਆ ਜਾਵੇ :

ਹਰਿ ਜੀਉ ਆਗੈ ਕਰੀ ਅਰਦਾਸਿ।

ਸਾਧੂ ਜਨ ਸੰਗਤਿ ਹੋਇ ਨਿਵਾਸੁ।

ਕਿਲਵਿਖ ਦੁਖ ਕਾਟੇ ਹਰਿਨਾਮੁ ਪ੍ਰਗਾਸੁ।

(ਰਾਗੁ ਆਸਾ, ਪੰ : 415)

'ਸਾਧੂ-ਜਨ' ਜਾਂ 'ਸੰਗਤ' ਤੋਂ ਬਿਨ੍ਹਾਂ ਸ੍ਰਿਸ਼ਟੀਆਰਥੀ ਯਥਾਰਥ ਤੱਕ ਅੱਪੜਨ ਦੀ ਸੰਭਾਵਨਾ ਨਹੀਂ। ਸਪੱਸ਼ਟ ਹੈ ਕਿ ਗੁਰੂ ਨਾਨਕ ਦੇ ਇਹ ਸਾਧੂ-ਜਨ, ਸਹਿਜ-ਪਰਵਿਰਤਕ ਵਿਰੱਕਤਿਤਾ ਤੋਂ ਬਣੇ ਅਖੌਤੀ ਸਾਧੂ ਤਾਂ ਹੋ ਨਹੀਂ ਸਕਦੇ ਕਿਉਂਕਿ ਅਸੀਂ ਪਿੱਛੇ ਦੇਖ ਆਏ ਕਿ ਗੁਰੂ ਦੇਵ ਨਿਆਇ-ਰੂਪ ਦੇ ਟਿਕਣ ਲਈ ਮੂਲ ਨੂੰ ਤਿਆਗਣ ਦੇ ਅਸੰਭਵ ਕਰਮ ਲਈ ਨਹੀਂ ਪ੍ਰੇਰਦੇ, ਸਗੋਂ 'ਸਾਧੂ' ਸਮਾਜਕ ਪੱਧਰ ਤੇ ਅਜਿਹੇ ਵਿਅਕਤੀ ਹੀ ਹਨ, ਜੋ ਸ੍ਰਿਸ਼ਟੀਆਰਥੀ ਯਥਾਰਥ ਦੀ ਪ੍ਰਾਪਤੀ ਲਈ ਆਪਣੇ-ਆਪ ਨੂੰ ਤਿਆਰ ਕਰ ਚੁੱਕੇ ਹਨ, ਅਤੇ ਇਸ ਤਿਆਰੀ ਵਿਚ ਅੱਗੋਂ ਸਹਾਇਤਾ ਕਰ ਸਕਦੇ ਹਨ। ਅਸਲ ਵਿਚ ਪ੍ਰਾਪਤੀ ਲਈ ਹੋਰ ਚੇਤੰਨ ਸਮਾਜਕ-ਸਦੱਸਾਂ ਦੀ ਸਹਾਇਤਾ ਲੱਭਣ ਲਈ ਮਨੁੱਖੀ ਮਨ ਨੂੰ ਪ੍ਰੇਰਨਾ, ਪ੍ਰਾਪਤੀ ਨੂੰ ਇੱਕ ਵਿਅਕਤੀ ਤੱਕ ਅੰਤ ਬਨਾਉਣ ਦੀ ਪ੍ਰਚੱਲਿਤ ਪ੍ਰੰਪਰਾ ਨੂੰ ਤੋੜ ਕੇ ਇੱਕ 'ਸਰਬ ਸਾਂਝ' ਵੱਲ ਕਦਮ ਰੱਖਣਾ ਹੈ। ਇਸ ਹਾਲਤ ਵਿਚ ਵਿਅਕਤੀ ਦੀ ਆਪਣੀ ਸ਼ਖ਼ਸੀਅਤ ਇਕੱਠੀ ਨਾ ਰਹਿ ਕੇ ਬਾਕੀ ਹਮਰਾਹੀਆਂ ਦੀ ਸ਼ਖ਼ਸੀਅਤ ਵਿਚ ਘੁਲ ਜਾਂਦੀ ਹੈ ਅਤੇ ਉਸ ਦੀ ਲਗਨ ਸਾਂਝਾ ਹੋਣਾ ਸਿੱਖਦੀ ਹੈ। ਇਸ ਪ੍ਰਕਾਰ ਪ੍ਰਾਪਤੀ ਲਈ ਜੋ ਮਨ ਤਿਆਰ ਹੁੰਦਾ ਹੈ, ਉਸ ਵਿਚ ਨਿਸ਼ਚੇ ਹੀ ਸਮੂਹੀ ਭਾਵਨਾ ਆ ਜਾਵੇਗੀ ਅਤੇ ਮੱਧ-ਕਾਲੀਨ ਚਿੰਤਨ ਦੇ ਪ੍ਰਸੰਗ ਵਿਚ, ਸ੍ਰਿਸ਼ਟੀਆਰਥੀ ਸੱਚ ਨੂੰ

ਜਾਣਨ ਲਈ ਮਨ ਦੀ ਅਜਿਹੀ ਸਮੂਹਕਤਾ ਨੂੰ ਆਰ. ਬੀ. ਕੈੱਟਲ 'ਬੀਉਸਾਈਕ' ਕਹਿੰਦਾ ਹੈ। ਉਸ ਦੇ ਵਿਚਾਰ ਵਿਚ ਵਿਅਕਤੀ ਦਾ, ਸ੍ਰਿਸ਼ਟੀਆਰਥੀ ਯਥਾਰਥ ਦੀ ਪ੍ਰਾਪਤੀ ਲਈ ਬਣਿਆ ਸਮੂਹੀ ਮਨ, ਜਦੋਂ ਸ੍ਰਿਸ਼ਟੀਆਰਥੀ ਯਥਾਰਥ ਵੱਲ ਵਧਦਾ ਹੈ ਤਾਂ ਇੱਕ ਸਥਿਤੀ ਅਜਿਹੀ ਆਉਂਦੀ ਹੈ ਜਦੋਂ ਉਹ ਵਿਸ਼ਾਲ ਏਕਤਾ ਨਾਲ ਇੱਕਸੁਰ ਹੋ ਜਾਂਦਾ ਹੈ। ਇਸ ਹਾਲਤ ਵਿਚ ਮਨੁੱਖ ਅੰਦਰ ਸਿਰਜਨਾਤਮਕ ਕੀਮਤਾਂ ਦਾ ਉਬਾਲ ਆਉਂਦਾ ਹੈ ਅਤੇ ਉਹ ਕਰਤਾਰੀ ਹਾਲਤ ਦਾ ਅਨੁਭਵ ਕਰਦਾ ਹੈ। ਕੈੱਟਲ ਦੇ ਵਿਚਾਰ ਵਿਚ ਇਹ ਇੱਕਸੁਰਤਾ ਦੀ ਪ੍ਰਾਪਤੀ ਹੀ 'ਪਰਮਾਤਮਾ' ਹੈ।1 ਇਸ ਤਰ੍ਹਾਂ ਗੁਰੂ ਨਾਨਕ ਦੀ 'ਸੰਗਤ' ਤੇ 'ਸਾਧੁ ਜਨਾਂ' ਵਿਚ ਰਲ ਕੇ 'ਨਾਮ' ਪ੍ਰਾਪਤ ਕਰਨ ਵਾਲਾ ਮਨੁੱਖੀ ਮਨ, ਪ੍ਰਾਪਤੀ ਲਈ ਇੱਕਸੁਰ ਹੋਇਆ ਸਮੂਹਕ ਮਨ ਹੈ, ਜੋ ਸਮਾਜਕ ਪੱਧਰ ਤੇ ਅੰਤਰੀਵ ਏਕਤਾ ਨਾਲ ਨਵੀਂ ਲੱਭ ਲਈ ਤਿਆਰ ਹੋ ਰਿਹਾ ਹੈ। ਨਵੀਂ ਲੱਭ ਹਮੇਸ਼ਾ ਪਰਕਿਰਤੀ ਤੇ ਉਸ ਦੇ ਅੰਦਰਲੇ ਪ੍ਰਬੰਧ ਨੂੰ ਫਰੋਲਣ ਤੋਂ ਆਰੰਭ ਹੁੰਦੀ ਹੈ। ਇਸ ਲਈ ਗੁਰੂ ਨਾਨਕ ਦੇਵ, ਮਨੁੱਖੀ ਮਨ ਨੂੰ ਸਮਾਜਕ ਪੱਧਰ ਤੇ ਅੰਤਰੀਵ ਕਰਕੇ, ਪਰਕਿਰਤੀ ਅਤੇ ਇਸ ਦੇ ਅੰਦਰਲੇ ਪ੍ਰਬੰਧ ਨੂੰ ਫਰੋਲਣ ਤੋਂ ਆਰੰਭ ਹੁੰਦੀ ਹੈ। ਇਸ ਲਈ ਗੁਰੂ ਨਾਨਕ ਦੇਵ, ਮਨੁੱਖੀ ਮਨ ਨੂੰ ਸਮਾਜਕ ਪੱਧਰ ਤੇ ਅੰਤਰੀਵ ਕਰਕੇ, ਪਰਕਿਰਤੀ ਅਤੇ ਇਸ ਦੇ ਅੰਦਰਲੇ ਪ੍ਰਬੰਧ ਨੂੰ ਸਜੀਵ ਬਣਾ ਕੇ, ਇਸ ਨਾਲ ਜੋੜਨ ਲਈ ਪੇਸ਼ ਕਰਦੇ ਹਨ। ਜੇ ਅਸੀਂ ਇਰਿਚ ਫ਼ਰੌਮ ਦਾ ਖ਼ਿਆਲ ਵਰਤ ਲਈਏ ਤਾਂ ਗੁਰੂ ਨਾਨਕ ਵਿਚ ਪਰਕਿਰਤੀ ਅਤੇ ਇਸ ਦੇ ਅੰਦਰਲੇ ਪ੍ਰਬੰਧ ਦੀ ਪੇਸ਼ਕਾਰੀ, ਪਰਮਾਤਮਾ ਜਾਂ ਪਰਕਿਰਤੀ ਦੀ ਆਪਣੇ ਆਪ ਨਿਰੰਕੁਸ਼ ਸਮੱਸਿਆ ਨਹੀਂ, ਸਗੋਂ ਮਨੁੱਖ ਦੀ ਨਵੀਂ ਪ੍ਰਾਪਤੀ ਵੱਲ ਵਧਣ ਦੀ ਆਪਣੀ ਸਮੱਸਿਆ ਹੀ ਹੈ।ਇਸ ਦਾ ਅਨੁਭਵ ਦੇ ਤੌਰ ਤੇ ਮਹੱਤਵ ਇਸ ਦੇ ਪੂਰਨ ਆਪੇ ਤੋਂ ਹੀ ਜਾਣਿਆ ਜਾ ਸਕਦਾ ਹੈ।

ਪਰਕਿਰਤੀ, ਗੁਰੂ ਨਾਨਕ ਅਨੁਸਾਰ ਸਾਰੀ ਸਿਰਜਨਾ ਹੈ, ਜਿਸ ਵਿਚ ਦੇਸ-ਕਾਲ ਵਿਚੋਂ ਲੰਘਦਾ ਆ ਰਿਹਾ ਪਦਾਰਥ ਅਤੇ ਇਸ ਤੋਂ ਉਪਜਿਆ ਮਨੁੱਖੀ ਗਿਆਨ ਵੀ ਸ਼ਾਮਲ ਹਨ। ਇਸ ਤਰ੍ਹਾਂ ਗੁਰੂ ਨਾਨਕ ਦੀ ਪਰਕਿਰਤੀ, ਸ੍ਰਿਸ਼ਟੀ ਵਿਚ ਵਿਸਤ੍ਰਿਤ ਉਹ ਮੂਲ ਤੱਤ ਹਨ ਜਿਨ੍ਹਾਂ ਦੇ ਆਧਾਰ ਤੇ ਜ਼ਿੰਦਗੀ ਉੱਸਰੀ ਹੋਈ ਹੈ :

ਕੁਦਰਤਿ ਦਿਸੈ ਕੁਦਰਤਿ ਸੁਣੀਐ

ਕੁਦਰਤਿ ਭਉ ਸੁਖ ਸਾਰੁ।

ਕੁਦਰਤਿ ਪਾਤਾਨੀ ਆਕਾਸੀ

ਕੁਦਰਤਿ ਸਰਬ ਆਕਾਰੁ।

ਕੁਦਰਤਿ ਵੇਦ ਪੁਰਾਣ ਕਤੇਬਾ

---

ਕੁਦਰਤਿ ਸਰਬ ਵੀਚਾਰੁ।

--------------

ਕੁਦਰਤਿ ਨੇਕੀਆ ਕੁਦਰਤਿ ਬਦੀਆ

ਕੁਦਰਤਿ ਮਾਨੁ ਅਭਿਮਾਨੁ।

ਕੁਦਰਤਿ ਪਉਣੁ ਪਾਣੀ ਬੈਸੰਤਰੁ

ਕੁਦਰਤਿ ਧਰਤੀ ਖਾਕੁ।

(ਆਸਾ ਕੀ ਵਾਰ, ਪੰ : 464)

ਪਰ ਇਸ ਕੁਦਰਤ ਨੂੰ ਚਲਾਉਣ ਵਾਲਾ 'ਕਾਦਰ' ਹੈ, ਜੋ ਇਸ ਵਿਚ ਸਮਾਇਆ ਹੋਇਆ ਹੈ ਅਤੇ ਪਰਕਿਰਤੀ ਦਾ ਵਿਸਤਾਰ ਉਸ ਦੇ ਹੁਕਮ ਨਾਲ ਹੁੰਦਾ ਹੈ:

ਸਭ ਤੇਰੀ ਕੁਦਰਤਿ ਤੂੰ ਕਾਦਿਰ

ਕਰਤਾ ਪਾਕੀ ਨਾਈ ਪਾਕੁ।

ਨਾਨਕ ਹੁਕਮੈ ਅੰਦਰਿ ਪੇਖੈ

ਵਰਤੈ ਤਾਕੋ ਤਾਕੁ।

(ਆਸਾ ਕੀ ਵਾਰ, ਪੰ : 464)

ਇਸ ਤਰ੍ਹਾਂ 'ਕਾਦਰ' ਜਾਂ 'ਪਰਮਾਤਮਾ' ਅਤੇ ਉਸ ਦਾ ਹੁਕਮ ਇੱਕ ਹੀ ਹਨ ਜਿਨ੍ਹਾਂ ਦੇ ਆਧਾਰ ਤੇ ਪਰਕਿਰਤੀ ਚੱਲਦੀ ਹੈ। ਜਾਂ ਅਸੀਂ ਹੋਰ ਸਪੱਸ਼ਟ ਰੂਪ ਵਿਚ ਇਹ ਕਹਿ ਸਕਦੇ ਹਾਂ ਕਿ ਪਰਕਿਰਤੀ ਦਾ ਅੰਦਰਲਾ ਪ੍ਰਬੰਧ ਜਿਸ ਦੇ ਆਧਾਰ ਤੇ ਉਸ ਦਾ ਫੈਲਾਉ ਹੁੰਦਾ ਹੈ, ਗੁਰੂ ਨਾਨਕ ਦਾ ਪਰਮਾਤਮਾ ਹੈ। ਗੁਰੂ ਨਾਨਕ ਅਨੁਸਾਰ ਸਿਰਜਣਹਾਰ ਥਿਰ ਹੈ ਤੇ ਬਾਕੀ ਪਰਕਿਰਤੀ ਅਣਥਿਰ :

ਨ ਸੂਰ ਸਸਿ ਮੰਡਲੋ

ਨ ਸਪਤ ਦੀਪ ਨ ਜਲੋ।

ਅੰਨੁ ਪਉਣ ਥਿਰੁ ਨ ਕੋਈ।

ਏਕੁ ਤੁਈ ਏਕੁ ਤੁਈ।

(ਮਾਝ ਕੀ ਵਾਰ, ਪੰ : 144)

ਇਸੇ ਗੱਲ ਨੂੰ ਅਸੀਂ ਇਸ ਤਰ੍ਹਾਂ ਵੀ ਸਮਝ ਸਕਦੇ ਹਾਂ ਕਿ ਪਰਕਿਰਤੀ ਵਿਚ ਤੱਤਾਂ ਦਾ ਆਪਣਾ ਆਪਾ ਅਟੱਲ ਹੈ। ਉਨ੍ਹਾਂ ਦੇ ਹੁਕਮ ਵਿਚ ਬੱਝੇ ਰਹਿਣ ਨੂੰ ਕੋਈ ਨਹੀਂ ਮਿਟਾ ਸਕਦਾ, ਪਰ ਪਰਿਵਰਤਨ ਕਾਰਨ ਉਨ੍ਹਾਂ ਦਾ ਰੂਪ ਹਮੇਸ਼ਾ ਬਦਲਦਾ ਹੈ। ਇਸ ਵਿਚਾਰ ਰਾਹੀਂ ਗੁਰੂ ਨਾਨਕ ਦੇਵ ਵਿਅਕਤੀ ਨੂੰ, ਪਰਕਿਰਤੀ ਦੀ ਨਿਯਮ-ਬੱਧ ਏਕਤਾ ਸੁਝਾ ਰਹੇ ਹਨ ਅਤੇ ਉਸ ਵਿਚੋਂ ਪਰਕਿਰਤੀ ਦੇ ਬਾਹਰਲੇ ਸੁਭਾ ਦੇ ਪਰਿਵਰਤਨਸ਼ੀਲ ਆਪੇ ਨੂੰ ਜਗਾ ਰਹੇ ਹਨ। ਇਸ ਨਾਲ ਕਾਲ ਦਾ ਕਲਪ ਉਪਜਦਾ ਹੈ ਕਿਉਂਕਿ ਕਾਲ, ਪਰਕਿਰਤੀ ਦੀ ਇੱਕ ਹਾਲਤ ਤੋਂ ਦੂਜੀ ਹਾਲਤ ਵਿਚ ਜਾਣ ਦੀ ਇਤਿਹਾਸਕ ਪ੍ਰਕ੍ਰਿਆ ਹੀ ਹੈ। ਗੁਰੂ ਨਾਨਕ ਦੀ ਪਰਕਿਰਤੀ ਤੇ 'ਪਰਮਾਤਮਾ' ਇਸ ਪ੍ਰਕਾਰ, ਬੁੱਧ ਧਰਮ ਦੇ ਨਿਰਵਾਣ ਸੰਕਲਪ ਵਾਂਗ ਕਾਲ ਨੂੰ ਮਿਟਾਉਣ ਅਤੇ ਕਾਲ-ਹੀਣਤਾ ਵਿਚ ਪਰਵੇਸ਼ ਕਰਨਾ ਨਹੀਂ, ਸਗੋਂ ਬਦਲਣ ਵਾਲੀ ਪਰਕਿਰਤੀ ਅਤੇ ਉਸ ਦੇ ਪ੍ਰਬੰਧ ਬਾਰੇ ਚੇਤੰਨਤਾ ਦੇ ਕੇ ਕਾਲ ਦਾ ਚਰਿੱਤਰ ਉਘਾੜਨ ਦਾ ਮਾਧਿਅਮ ਹੈ।

ਗੁਰੂ ਨਾਨਕ ਦਾ ਕਾਦਰ ਸ੍ਰਿਸ਼ਟੀ ਦੀ ਅਣਜਿੱਤੀ ਅਤੇ ਅਣਜਾਣੀ ਵਿਸਮਾਦ-ਉਪਜਾਊ ਸੁੰਦਰਤਾ ਦਾ ਪ੍ਰਤੀਕ ਹੈ। ਉਹ ਬੇ-ਅੰਤ ਹੈ ਅਤੇ ਉਸ ਦੇ ਆਕਾਰ ਨੂੰ ਕਲਪਿਆ ਨਹੀਂ ਜਾ ਸਕਦਾ :

ਅੰਤੁ ਨ ਸਿਫਤੀ ਕਹਣਿ ਨ ਅੰਤੁ

ਅੰਤੁ ਨ ਕਰਣੈ ਦੇਣਿ ਨ ਅੰਤੁ।

ਅੰਤੁ ਨ ਵੇਖਣਿ ਸੁਣਣਿ ਨ ਅੰਤੁ।

ਅੰਤੁ ਨ ਜਾਪੈ ਕਿਆ ਮਨਿ ਮੰਤੁ।

ਅੰਤੁ ਨ ਜਾਪੈ ਕੀਤਾ ਆਕਾਰੁ।

ਅੰਤੁ ਨ ਜਾਪੈ ਪਾਰਵਾਰੁ।

(ਜਾਪੁਜੀ, ਪੰ : 5)

ਪ੍ਰਗਟ ਹੈ ਕਿ ਗੁਰੂ ਨਾਨਕ ਦੇਵ ਪਰਕਿਰਤੀ ਅਤੇ ਉਸ ਦੇ ਨਿਆਇ-ਪਰਮਾਤਮਾ ਨਾਲ ਵਿਅਕਤੀ ਨੂੰ ਜੋੜ ਕੇ ਪਰਕਿਰਤੀ ਦੇ ਪ੍ਰਬੰਧ ਅਤੇ ਉਸ ਦੀ ਵਿਸ਼ਾਲਤਾ ਬਾਰੇ ਸਾਡਾ ਉਹ ਵਿਸਮਾਦੀ ਭਾਵ ਜਗਾ ਰਹੇ ਹਨ ਜੋ ਸਮੇਂ ਦੇ ਪਰਿਵਰਤਨ ਤੋਂ ਉਪਜੇ ਚਰਿੱਤਰ ਨਾਲ ਸਾਰੇ ਸ੍ਰਿਸ਼ਟੀਆਰਥੀ ਸੱਚ ਨੂੰ ਇਸ ਦੀ ਦੇਸਵਾਚੀ ਵਿਸ਼ਾਲਤਾ ਵਿਚ ਸਮਝ ਸਕੇ। ਇਸ ਲਈ ਪਰਕਿਰਤੀ ਤੇ ਪਰਮਾਤਮਾ ਦਾ ਰੂਪ ਇੱਥੇ ਇੱਕ ਪਰਾਸੀਰਕਤਾ ਨਹੀਂ, ਸਗੋਂ ਦੇਸਵਾਚੀ ਪਾਸਾਰ ਦੀ ਉਹ ਸਾਪੇਖ ਏਕਤਾ ਹੈ ਜੋ ਆਪਣੇ ਵਿਸ਼ਾਲ ਤੇ ਸੁੰਦਰ ਆਪੇ ਨਾਲ ਮਨੁੱਖ ਨੂੰ ਨਵੀਂ ਲੱਭ ਲਈ ਵੰਗਾਰਨ ਦੀ ਸਮਰੱਥਾ ਰੱਖਦੀ ਹੈ। ਏ. ਐਨ. ਵਾਈਟਹੈੱਡ ਪਰਮਾਤਮਾ ਦੇ ਸੰਕਲਪ ਨੂੰ ਪਰਾਸਰੀਰਕ ਕਰਨ ਵਾਲੀਆਂ ਤਿੰਨ ਗੱਲਾਂ ਮੰਨਦਾ ਹੈ :

1. ਸੰਕਲਪ ਦਾ ਦੇਸ-ਪਾਸਾਰੀ ਕ੍ਰਮਤਵ ਨਾਲ ਨਾ ਬੱਝੇ ਹੋਣਾ।
2. ਬਣਤਰ ਦਾ ਇੱਕੋ ਸਮੇਂ ਵਿਚ ਰੰਗਿਆ ਹੋਣਾ।
3. ਸੀਮਾ-ਬੱਧਤਾ ਦੇ ਨਿਯਮ ਵਿਚ ਕਲਪਿਆ ਹੋਣਾ।

ਗੁਰੂ ਨਾਨਕ ਦੇ ਸੰਕਲਪ ਵਿਚ, ਪਰਮਾਤਮਾ ਨੂੰ, ਪਰਿਵਰਤਨ ਦੇ ਆਧਾਰ ਤੇ ਬਣੇ ਸਮੇਂ ਨੂੰ 'ਹੁਕਮ' ਅਨੁਸਾਰ ਚਲਾਉਣ ਦਾ ਵਿਸ਼ਾਲਤਾ ਉੱਤੇ ਆਧਾਰਿਤ ਪ੍ਰਤੀਕ ਬਣਾ ਕੇ, ਪੇਸ਼ ਕਰਨਾ ਉਸ ਤੋਂ ਪਰਾਸਰੀਰਕ ਹੋਣ ਦੀਆਂ ਸਾਰੀਆਂ ਸੰਭਾਵਨਾਵਾਂ ਸਹਿਜੇ ਹੀ ਖੋਹ ਲੈਂਦਾ ਹੈ।

ਜੇ ਅਸੀਂ ਉਪਰੋਕਤ ਸਤਰਾਂ ਨੂੰ ਗਹੁ ਨਾਲ ਪੜ੍ਹੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦਾ ਪਰਮਾਤਮਾ ਵੱਡੀ ਪੱਧਰ ਤੇ ਦਾਤਾ ਹੈ ਅਤੇ ਉਸ ਦੀ ਦਾਤ ਵਿਚ ਸ੍ਰਿਸ਼ਟੀ ਦੇ ਸਾਰੇ ਨਿਯਮਾਂ ਨੂੰ ਚੱਲਦੇ ਰੱਖਣ ਦੀ ਵਿਸ਼ੇਸ਼ਤਾ ਜ਼ਾਹਿਰ ਹੁੰਦੀ ਹੈ, ਜਿੱਥੋਂ ਇਹ ਸਿੱਟਾ ਸਿਹਜੇ ਹੀ ਨਿਕਲਦਾ ਹੈ ਕਿ ਇਹ 'ਦਾਤਾਰਤਾ' ਦਰਅਸਲ 'ਹੁਕਮ' ਦਾ ਹੀ ਦੂਜਾ ਨਾਂ ਹੈ। ਸ੍ਰਿਸ਼ਟੀਆਰਥੀ ਨਿਯਮ ਨੂੰ ਬੌਧਿਕ ਪੱਧਰ ਤੇ 'ਹੁਕਮ' ਆਖਿਆ ਗਿਆ ਹੈ, ਪਰ ਨਿਰੋਲ 'ਹੁਕਮ' ਸਿਧਾਂਤ ਜਨ-ਸਾਧਾਰਨ ਨੂੰ ਭਾਵੁਕ ਪ੍ਰੇਰਨਾ ਨਹੀਂ ਸੀ ਪ੍ਰਦਾਨ ਕਰ ਸਕਦਾ, ਇਸ ਲਈ ਹੁਕਮ ਦੇ ਤਾਰਕਿਕ ਸੰਕਲਪ ਨੂੰ ਹੀ ਭਾਵੁਕ ਰੂਪ ਵਿਚ 'ਦਾਤਾਰਤਾ' ਵਿਚ ਬਦਲ ਦਿੱਤਾ ਹੈ। ਇਹ ਕੋਈ ਦੋ ਆਤਮ-ਵਿਰੋਧੀ ਪਰਿਭਾਸ਼ਿਕ ਸ਼ਬਦ ਨਹੀਂ ਹਨ। ਇਹ ਕਲਪ, ਗੁਰੂ ਨਾਨਕ ਦੇ ਸੰਕਲਪ ਨੂੰ ਅਸਲੋਂ ਨਿਰਗੁਣ ਨਹੀਂ ਰਹਿਣ ਦਿੰਦਾ, ਅਵਤਾਰਵਾਦੀ ਸਗੁਣਤਾ ਨਾਲੋਂ ਬਿਲਕੁਲ ਵਿਲੱਖਣ ਰੱਖਦਾ ਹੈ। ਭਗਤੀ ਦੇ ਗੁਰੂ ਨਾਨਕ ਤੋਂ ਪਹਿਲਾਂ ਤੱਕ ਦੇ ਸਾਰੇ ਸਮਰਥਕਾਂ ਨੇ ਕਮਜ਼ੋਰੀ ਇੱਥੇ ਹੀ ਦਿਖਾਈ ਸੀ, ਜਦੋਂ ਕਿ ਉਨ੍ਹਾਂ ਨੇ ਨਿਰੋਲ ਤਰਕ ਤੋਂ ਉਪਜੇ ਸਵਵਿਅੱਕਤੀਕਰਨ ਤੇ 'ਮਾਇਆਵਾਦ' ਨੂੰ ਤੋੜਨ ਲਈ ਸ੍ਰਿਸ਼ਟੀਆਰਥੀ ਯਥਾਰਥ ਤੇ ਇਸ ਦੇ ਨਿਯਮ ਨੂੰ, ਅਵਤਾਰਾਂ ਰਾਹੀਂ ਸਥਾਪਿਤ ਕਰਨ ਦਾ ਜਤਨ ਕੀਤਾ। ਇਸ ਨਾਲ ਵਿਸ਼ਾਲ ਬ੍ਰਹਿਮੰਡਕ ਏਕਤਾ ਨਾਲ ਇੱਕਸੁਰ ਹੋਣ ਦੀ ਬੁਨਿਆਦੀ ਗੱਲ ਹੱਥੋਂ ਛੁਟਕ ਗਈ ਅਤੇ ਸ਼ਖ਼ਸੀ ਉਪਭਾਵੁਕ ਪੂਜਾ ਬਾਕੀ ਰਹਿ ਗਈ। ਨਤੀਜਾ ਇਹ ਹੋਇਆ ਕਿ ਜਿਸ ਗਿਣਾਤਮਕ ਨਵੀਨਤਾ ਵਾਲੇ ਚਰਿੱਤਰ ਦਾ ਰੂਪ ਕਲਪਿਆ ਜਾ ਰਿਹਾ ਸੀ, ਅਧੂਰਾ ਰਹਿ ਗਿਆ। ਸਾਡੇ ਵਿਚਾਰ ਵਿਚ ਗੁਰੂ ਨਾਨਕ ਦੇਵ ਦਾ ਸ਼ਕਤੀ ਨੂੰ 'ਦਾਤਾ' ਬਨਾਉਣ ਦਾ ਕਲਪ, ਅਵਤਾਰਵਾਦ ਨੂੰ ਤੋੜ ਕੇ, ਜਿਸ ਬੌਧਿਕ ਨਿਯਮ ਨੂੰ ਮਨੁੱਖੀ ਭਾਵ ਨਾਲ ਸੰਬੰਧਿਤ ਕਰਦਾ ਹੈ, ਇਹ ਤਾਰਕਿਕ-ਸੰਕਲਪ ਦੇ ਅਮਲ ਬਣਨ ਦੀ ਪ੍ਰਕ੍ਰਿਆ ਹੈ, ਜੋ ਵਿਅਕਤੀ ਵਿਚ

ਦੁਨਿਆਵੀ ਸ਼ਖ਼ਸੀਅਤਾਂ ਤੋਂ ਕਿਨਾਰਾ ਕਰਕੇ ਨਵਾਂ ਨਾਇਕੀ ਭਾਵ ਉਭਾਰਨ ਦੀ ਸੰਭਾਵਨਾ ਨਾਲ ਭਰਪੂਰ ਹੈ। ਭਗਤੀ ਲਹਿਰ ਇੱਥੇ ਅੱਪੜ ਕੇ ਇੱਕ ਪੂਰਨਤਾ ਦੇ ਨੇੜੇ ਪਹੁੰਚਦੀ ਪ੍ਰਤੀਤ ਹੁੰਦੀ ਹੈ।

ਪਰ ਗੁਰੂ ਨਾਨਕ ਦੇਵ ਪ੍ਰਾਪਤੀ ਦੀ ਪ੍ਰਕ੍ਰਿਆ ਵਿਚੋਂ, ਕਿਸੇ ਪ੍ਰਕਾਰ ਦੀ ਵਿਗੜੀ ਹਉਮੈਂ ਜਾਂ ਮੰਦ-ਮੋੜ ਦੇ ਉਪਜਣ ਬਾਰੇ ਇੰਨੇ ਚੇਤੰਨ ਹਨ ਕਿ ਉਹ ਗੁਰੂ ਦੀ ਸਹਾਇਤਾ ਲੱਭਣ ਲਈ ਵਿਅਕਤੀ ਦੀ ਉਤਸੁਕਤਾ ਨੂੰ ਵੀ ਸਵੈ-ਜਾਗੀ ਕਹਿਣ ਲਈ ਤਿਆਰ ਨਹੀਂ, ਸਗੋਂ ਸ਼ਕਤੀ ਦੇ ਨਿਯਮ-ਪਾਸਾਰ ਦਾ ਅੰਗ ਬਣਾ ਕੇ ਦ੍ਰਿਸ਼ਟੀਗਤ ਕਰਦੇ ਹਨ :

ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ।

ਨਾਨਕ ਸਿਰ ਦੇ ਛੂਟੀਐ ਦਰਗਾਹ ਪਤਿ ਪਾਏ।

(ਰਾਗੁ ਆਸਾ, ਪੰ : 421)

ਇਹ ਗੁਰੂ ਕੋਈ ਸਾਧਾਰਨ ਸਮਰੱਥਾ ਵਾਲਾ ਪੁਰਸ਼ ਨਹੀਂ, ਕਿਉਂਕਿ ਗੁਰੁਵਰ 'ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ' (ਸਿਰੀ ਰਾਗੁ, ਪੰ : 55) ਕਹਿ ਕੇ, ਗੁਰੂ ਨੂੰ ਕਾਲ ਦੇ ਨਿਸ਼ਾਧਾਰਥਕ ਪ੍ਰਭਾਵ ਨੂੰ ਤੋੜਨ ਤੱਕ ਦੀ ਸਮਰਥਾ ਵਾਲਾ ਵਿਅਕਤੀ ਬਣਾ ਕੇ ਪ੍ਰਗਟ ਕਰਦੇ ਹਨ। ਜ਼ਰੂਰੀ ਹੈ ਕਿ ਇਹ ਕਲਪ ਆਮ ਬੁੱਧੀ ਵਾਲੇ ਪ੍ਰਭਾਵ ਦਾ ਨਹੀਂ, ਸਗੋਂ ਅਜਿਹੀ ਸ਼ਖ਼ਸੀਅਤ ਦਾ ਹੈ, ਜੋ ਆਪ ਸ੍ਰਿਸ਼ਟੀਆਰਥੀ ਯਥਾਰਥ ਅਤੇ ਮਨੁੱਖੀ ਮਾਨਸਿਕਤਾ ਨੂੰ ਸਮਝ ਕੇ ਇਸ ਉੱਤੇ ਅਧਿਕਾਰ ਪ੍ਰਾਪਤ ਕਰ ਚੁੱਕੀ ਹੋਵੇ ਅਤੇ ਆਪਣੀ ਪ੍ਰਾਪਤੀ ਨੂੰ ਵੰਡ ਸਕੇ। ਇਸ ਤਰ੍ਹਾਂ ਗੁਰੂ ਇੱਕ ਗਿਆਨਵਾਦ ਵਿਅਕਤੀ ਹੈ, ਸੁਗਿਆਨਕ ਹੋਣ ਵਿਚ ਜਿਸ ਦੀ ਸਹਾਇਤਾ ਬਿਨ੍ਹਾਂ ਗੱਲ ਨਹੀਂ ਬਣ ਸਕਦੀ।

ਗਿਆਨਵਾਨ ਪੁਰਸ਼ ਦੀ ਸਹਾਇਤਾ ਨਾਲ ਦੇਸ-ਕਾਲ ਵਿਚ ਪੱਸਰੇ ਵੱਡੇ ਯਥਾਰਥ ਨਾਲ ਇੱਕਸੁਰ ਹੋ ਕੇ ਵਿਸ਼ਾਲ ਸ੍ਰਿਸ਼ਟੀਆਰਥੀ ਏਕਤਾ ਬਣਨ ਦੀ ਅਵਸਥਾ, ਗੁਰੂ ਨਾਨਕ ਦੇਵ ਦੇ ਸ਼ਬਦਾਂ ਵਿਚ, ਮਨੁੱਖੀ ਬੁੱਧੀ ਦੇ ਵਡੇਰੇ ਗਿਆਨ ਦੇ ਚਾਨਣ ਵਿਚ ਰਲਣ ਦੀ ਅਵਸਥਾ ਹੈ, ਜਿਸ ਨੂੰ ਉਹ 'ਜੋਤ ਵਿਚ ਜੋਤ ਮਿਲਣ' ਦੀ ਹਾਲਤ ਆਖਦੇ ਹਨ:

ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ।

ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ।

ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰ ਸੰਜੋਗੁ।

(ਸਿਰੀ ਰਾਗੁ, ਪੰ : 21)

ਇਸ ਹਾਲਤ ਲਈ ਗੁਰੂ ਨਾਨਕ ਦੇਵ ਇੱਕ ਵਿਸ਼ੇਸ਼ ਸ਼ਬਦ 'ਸਹਜ' ਵਰਤਦੇ ਹਨ।2 'ਸਹਜ' ਦਾ ਸਾਧਾਰਨ ਅਰਥ, ਵਿਚਿੱਤਰਤਾ ਦੇ ਵਿਰੁੱਧ ਉਹ ਸਾਧਾਰਨਤਾ ਹੈ ਜਦੋਂ ਵਿਅਕਤੀ ਵਿਚ, ਆਪਣੀ ਵਿਸ਼ੇਸ਼ਤਾ ਬਾਰੇ ਲੋਕ ਤੋਂ ਵੱਧ ਚੇਤੰਨਤਾ ਨਹੀਂ ਹੁੰਦੀ। ਪਰ ਗੁਰੂ ਨਾਨਕ ਦੇ ਸਾਰੇ ਸੰਕਲਪ ਵਿਚ 'ਸਹਜ' ਵਿਅਕਤੀ ਦੀ ਪ੍ਰਾਪਤੀ ਦੀ ਉਹ ਪੂਰਨਤਾ ਹੈ ਜਿੱਥੇ ਆ ਕੇ ਉਹ ਆਪਣੀ ਸਾਰੀ ਪ੍ਰਾਪਤੀ ਕਾਰਨ ਇੱਕ ਆਨੰਦ ਵਿਚ ਹੈ, ਪਰ ਆਪਣੀ ਵਿਸ਼ੇਸ਼ਤਾ ਦੀ ਹਉਮੈ ਤੋਂ ਬਚਿਆ ਹੋਇਆ ਹੈ। ਇਸ ਲਈ 'ਸਹਜ' ਗਿਆਨ ਤੋਂ ਉਪਜਿਆ ਉਹ ਸੰਤੁਲਨ ਹੈ, ਜਿੱਥੇ ਵਿਅਕਤੀ ਸਾਰੇ ਸ੍ਰਿਸ਼ਟੀਆਰਥੀ ਨਿਯਮਾਂ ਵਿਰੁੱਧ ਜਾਣ ਵਾਲੇ ਸਾਰੇ ਨਿਸ਼ੇਧਾਰਥਕ ਅੰਸ਼ ਉਸ ਦੇ ਵਿਅਕਤਿਤਵ ਨਾਲੋਂ ਝੜ ਜਾਂਦੇ ਹਨ।

ਗੁਰੂ ਦੀ ਸਹਾਇਤਾ ਨਾਲ, ਸ੍ਰਿਸ਼ਟੀਆਰਥੀ-ਵਾਸਤਵ ਨਾਲ ਇੱਕਸੁਰ ਹੋ ਸਕਣ ਵਾਲੇ ਸਹਜ-ਪ੍ਰਾਪਤ ਵਿਅਕਤੀ ਨੂੰ ਗੁਰੂ ਨਾਨਕ ਨੇ 'ਗੁਰਮੁਖ' ਆਖਿਆ ਹੈ ਅਤੇ ਆਪਣੀ ਸ਼ਖ਼ਸੀਅਤ ਉੱਤੇ ਨਯੰਤਰਨ ਨਾ ਰੱਖ ਸਕਣ ਵਾਲੇ ਪ੍ਰਾਪਤੀ-ਹੀਣ ਪੁਰਸ਼ ਨੂੰ 'ਮਨਮੁੱਖ'। ਕੋਈ ਵਿਸਤਾਰ ਪ੍ਰਗਟ ਨਹੀਂ। ਗੁਰੂ ਨਾਨਕ ਅਨੁਸਾਰ ਵੱਡੇ ਸੱਚ ਨਾਲ ਇੱਕ-ਮਿੱਕ ਹੋ ਸਕਣ ਵਾਲਾ ਵਿਅਕਤੀ ਗੁਰਮੁਖ, 'ਤਤੁ ਬੀਚਾਰਨ' ਵਾਲਾ ਮਨੁੱਖ ਹੈ ਜੋ ਸੱਚ ਨੂੰ ਪਛਾਨਣ ਤੇ ਜਿਊਣ ਦੇ ਸਮਰਥ ਹੁੰਦਾ ਹੈ :

ਗੁਰਮੁਖਿ ਬੂਝੈ ਤਤੁ ਬੀਚਾਰਾ।

ਆਵਣੁ ਜਾਣਾ ਠਾਕਿ ਰਹਾਏ।

ਸਚੈ ਨਾਮਿ ਸਮਾਵਣਿਆ।

ਗੁਰਮੁਖਿ ਬੂਝੇ ਅਕੁਥ ਕਹਾਵੈ।

ਸਚੇ ਠਾਕੁਰ ਸਾਚੋ ਭਾਵੈ।

ਨਾਨਕੁ ਸਚੁ ਕਹੈ ਬੇਨੰਤੀ

ਸਚੁ ਮਿਲੈ ਗੁਣ ਗਾਵਣਿਆ।

(ਰਾਗੁ ਮਾਝ, ਪੰ : 109)

ਵੱਡੇ ਸੱਚ ਨਾਲ ਇਕਸੁਰਤਾ ਦੀ ਪ੍ਰਾਪਤੀ, ਨਿਡਰ ਹੋਣ ਦੀ ਅਵਸਥਾ ਹੈ। ਇਸ ਲਈ ਗੁਰੂ ਨਾਨਕ ਦਾ ਗੁਰਮੁਖ ਆਪਣੇ ਸੱਚ ਦੀ ਜਿੱਤ ਨਾਲ ਨਾਇਕੀ ਨਿਡਰਤਾ ਦਾ ਮਾਲਕ ਬਣਦਾ ਹੈ ; ਉਹ ਸਾਰੇ ਨਿਯਮ ਨੂੰ ਇੱਕ ਨਿਆਇ ਵਿਚ ਬੱਝਾ ਹੋਇਆ ਦੇਖ ਲੈਂਦਾ ਹੈ।3 'ਖਾਨੁ' 'ਮਾਲਕ' ਅਤੇ 'ਰਾਜੇ' ਇਸ ਏਕਤਾ ਵਿਚ ਆਪਣੀ ਥਾਂ ਨਹੀਂ ਲੱਭ ਸਕਦੇ। ਗੁਰੂ ਨਾਨਕ ਅਨੁਸਾਰ ਉਹ ਗੁਰੂ ਦੇ, ਏਕਤਾ ਵਿਚ ਆਪਣੀ ਥਾਂ ਨਿਸ਼ਚਿਤ ਕਰਨ ਲਈ, ਸਹਾਇਕ ਸ਼ਬਦ ਨੂੰ ਪ੍ਰਾਪਤ ਨਹੀਂ ਹੁੰਦੇ, ਇਸ ਲਈ ਗੁਰਮੁਖਾਂ ਵਿਚ ਸ਼ਾਮਲ ਨਹੀਂ ਹੋ ਸਕਦੇ। ਗੁਰੂ ਸਾਹਿਬ ਇਸ ਵਰਗ ਵਿਚ ਏਕਤਾ ਦੀ ਥਾਂ 'ਦੂਹੁ ਅੰਤਰਿ' ਜਾਂ ਦਵੈਤ ਦੇਖਦੇ ਹਨ। ਸਪੱਸ਼ਟ ਹੈ ਕਿ ਗੁਰੂਵਰ, ਆਪਣੇ ਸਮਕਾਲੀ ਰਾਜ ਵਰਗ ਦੀ ਖੱਲ ਵਿਚ ਮਸਤੀ, ਸਾਰਥ, ਸਿਤਮ ਅਤੇ ਅੱਯਾਸ਼ੀ ਉੱਤੇ ਆਧਾਰਿਤ ਉਸ ਚਰਿੱਤਰਹੀਣਤਾ ਦਾ ਜ਼ਿਕਰ ਕਰ ਰਹੇ ਹਨ ਜਿਨ੍ਹਾਂ ਨੇ ਉਨ੍ਹਾਂ ਦੀ ਸ਼ਖ਼ਸੀਅਤ ਵਿਚ, ਉਹ ਹਉਮੈ ਉਪਜਾ ਦਿੱਤੀ ਸੀ, ਜੋ ਪਰਕਿਰਤਕ-ਨਿਯਮ ਦੇ ਵਿਰੁੱਧ ਸੀ। ਸ੍ਰਿਸ਼ਟੀ ਵਿਚ ਆਪਣੇ ਆਪ ਨੂੰ ਕੇਂਦਰ ਬਣਾ ਕੇ, ਆਪਣੇ ਬਾਕੀ ਸਾਥੀਆਂ ਦੀ ਸ਼ਖ਼ਸੀਅਤ ਨੂੰ ਵਧਣ ਫੁੱਲਣ ਦਾ ਮੌਕਾ ਦੇਣੋਂ ਇਨਕਾਰ ਕਰਨਾ, ਪਰਕਿਰਤੀ ਦੇ ਵਿਕਾਸ-ਨਿਯਮ ਦਾ ਬੁਨਿਆਦੀ ਵਿਰੋਧ ਕਰਨਾ ਹੈ ਅਤੇ ਇਸ ਵਿਰੋਧ ਨਾਲ ਭਰਪੂਰ ਰਾਜ-ਵਰਗ ਦੀ ਸ਼ਖ਼ਸੀਅਤ ਨੂੰ ਗੁਰੂ ਦੇਵ 'ਦਵੈਤਮਈ' ਅਤੇ ਬਿਨਸਹਾਰ ਵਿਅਕਤੀ ਕਹਿੰਦੇ ਹਨ, ਜੋ ਸ੍ਰਿਸ਼ਟੀਆਰਥੀ ਵਿਕਾਸ ਦਾ ਅੰਗ ਬਣ ਚੁੱਕੇ 'ਗੁਰਮੁਖ' ਨਾਲ ਨਹੀਂ ਜੋੜੇ ਜਾ ਸਕਦੇ :

ਲੋਕਾਂ ਤੋਂ ਵੱਢੀ ਲੈ ਕੇ ਉਗਾਹੀਆਂ ਦੇਣ ਵਾਲੇ, ਮਨੁੱਖੀ ਹਿੱਤ ਦੇ ਵਿਰੋਧੀਆਂ ਅਤੇ ਰਾਜਾ-ਨਿਰਾਚਾਰ ਦੇ ਸਹਾਇਕਾਂ ਨੂੰ ਵੀ ਗੁਰੂਵਰ ਖਿਮਾ ਕਰਨ ਲਈ ਤਿਆਰ ਨਹੀਂ। ਉਨ੍ਹਾਂ ਦਾ ਮਨੁੱਖ-ਵਿਰੋਧੀ ਅਤੇ ਨਿਸ਼ੇਧਾਰਥਿਕ ਨੂੰ ਵੀ ਗੁਰੂ ਨਾਨਕ ਅਨੁਸਾਰ 'ਦੁਰਮਤਿ ਦਾ ਗਲ ਫਾਹਾ' ਹੈ। ਇਸ ਲਈ ਉਨ੍ਹਾਂ ਨੂੰ ਉਹ ਅਜਿਹੇ 'ਮਨਮੁਖ' ਜਾਂ ਨਿਸ਼ੇਧਾਰਥਕ ਵਿਅਕਤੀਆਂ ਵਿਚ ਸ਼ਾਮਿਲ ਕਰਦੇ ਹਨ ਜਿਨ੍ਹਾਂ ਨੂੰ ਵੱਡੇ ਸੱਚ ਵਿਚ ਏਕਤਾ ਲੱਭ ਰਹੀ ਜ਼ਿੰਦਗੀ ਦੀ ਜੁਗਤ ਦਾ ਕੋਈ ਗਿਆਨ ਨਹੀਂ :

ਪੜਹਿ ਮਨਮੁਖੁ ਪਰੁ ਬਿਧਿ ਨਹੀ ਜਾਨਾ।

ਨਾਮੁ ਨ ਬੂਝਹਿ ਭਰਮਿ ਭੁਲਾਨਾ।

ਲੈ ਕੇ ਵਢੀ ਦੇਨਿ ਉਗਾਹੀ

ਦੁਰਮਤਿ ਕਾ ਗਲ ਫਾਹਾ ਹੇ।

(ਰਾਗੁ ਮਾਰੂ, ਪੰ : 1032)

---

ਗੁਰੂ ਨਾਨਕ ਅਨੁਸਾਰ 'ਮਨਮੁਖ' ਮਾਇਆ ਦੇ ਜੱਗ ਦੇ ਮੋਹੇ ਵਿਅਕਤੀ ਹਨ। ਮਾਇਆ ਦਾ ਜੱਗ, ਇੱਥੋਂ ਵਿਰੱਕਤਤਾ ਦਾ ਸੰਕਲਪ ਨਹੀਂ। ਸਗੋਂ ਮਨੁੱਖੀ ਚਰਿੱਤਰ ਨੂੰ ਵਿਸ਼ਾਲ ਏਕਤਾ ਨਾਲੋਂ ਤੋੜਨ ਵਾਲੀਆਂ ਹਉਮੈ-ਉਪਜਾਊ ਸ਼ਕਤੀਆਂ ਲਈ ਵਰਤਿਆ ਗਿਆ ਸ਼ਬਦ ਹੈ।4 ਉਹ ਸੰਨਿਆਸੀ ਜੋਗੀਆਂ ਅਤੇ ਬ੍ਰਾਹਮਣਾਂ ਨੂੰ ਵੀ ਇਸ ਜੱਗ ਵਿਚ ਉਲਝੇ ਹੋਏ ਵਿਅਕਤੀ ਮੰਨਦੇ ਹਨ। ਉਨ੍ਹਾਂ ਵਿਚ ਬਾਹਰਲੇ ਰੂਪਵਾਦ ਅਤੇ ਸੱਚ ਲਈ, ਸ਼ਖ਼ਸੀਅਤ ਉੱਤੇ ਅੰਕੁਸ ਦੀ ਘਾਟ ਆ ਚੁੱਕੀ ਹੋਣ ਕਾਰਨ, ਗੁਰੂ ਨਾਨਕ ਦੇਵ ਉਨ੍ਹਾਂ ਨੂੰ ਵੀ ਸੱਚ ਵਿਚ ਥਾਂ ਲੱਭ ਕੇ ਨਿਜਾਤ-ਪ੍ਰਾਪਤ 'ਗੁਰਮੁਖ' ਦੀ ਕਤਾਰ ਵਿਚ ਸ਼ਾਮਲ ਕਰਨ ਲਈ ਤਿਆਰ ਨਹੀਂ।

ਗੁਰੂ ਨਾਨਕ ਦਾ ਗੁਰਮੁਖ, ਅੰਕੁਸ਼-ਗ੍ਰਹਿਣਿਤ ਅਤੇ ਸ੍ਰਿਸ਼ਟੀਆਰਥੀ-ਨਿਯਮ ਵਿਚ ਨਿਸ਼ਚਿਤਤਾ ਲੱਭ ਚੁੱਕਾ, ਚਰਿੱਤਰਹੀਣਤਾ-ਵਿਰੋਧੀ ਅਜਿਹਾ ਆਤਮ-ਵਿਸ਼ਵਾਸੀ ਪੁਰਸ਼ ਹੈ, ਜੋ ਅਨਿਆਂ ਅਤੇ ਏਕਤਾ ਤੋੜਨ ਵਾਲੀ ਨਿਸ਼ੇਧਾਰਥਿਕਤਾ ਵਿਰੁੱਧ ਰੋਗ ਪ੍ਰਗਟ ਕਰਨ ਵਿਚ ਇੰਨਾ ਯਕੀਨ ਰੱਖਣ ਵਾਲਾ ਵਿਅਕਤੀ ਨਹੀਂ, ਜਿੰਨਾ ਏਕਤਾ ਨੂੰ ਜਿਵਾਲਣ ਵਾਲੀ ਅੰਮ੍ਰਿਤ-ਪ੍ਰਕ੍ਰਿਆ ਨੂੰ ਕਾਲ ਦੀ ਅਥਿਰਤਾ ਅਤੇ ਗੁਰੂ 'ਸਬਦ' ਰਾਹੀਂ ਪ੍ਰਾਪਤ ਕਰਨ ਦਾ ਅਭਿਲਾਸ਼ੀ ਹੈ।5 ਸਪੱਸ਼ਟ ਹੈ ਕਿ ਗੁਰੂ ਨਾਨਕ ਦਾ ਗੁਰਮੁਖ ਸੱਚ ਦੀ ਪੂਰਨਤਾ ਨੂੰ 'ਸਹਜ' ਅਵਸਥਾ ਵਿਚ ਆਪਣੇ ਅੰਦਰ ਪ੍ਰਤਿਬਿੰਬਿਤ ਕਰਕੇ ਬ੍ਰਹਿਮੰਡਕ ਨਿਯਮ ਦੀ ਪੂਰਨਤਾ ਵਿਚ ਸਮਾਉਣ ਲਈ ਉਤਸੁਕ ਉਹ ਵਿਅਕਤੀ ਹੈ, ਜੋ ਅੰਤਰੀਵ ਏਕਤਾ ਰਾਹੀਂ ਬਾਹਰਲੀ ਏਕਤਾ ਪ੍ਰਾਪਤ ਕਰਕੇ, ਸ਼ਖ਼ਸੀਅਤ ਦਾ ਸੰਗਠਨ ਪ੍ਰਾਪਤ ਕਰਨ ਦੇ ਰਾਹ ਤੇ ਜਾ ਰਿਹਾ ਹੈ।ਇਸ ਲਈ 'ਗੁਰਮੁਖ'ਗੁਰੂ ਨਾਨਕ ਦਾ ਆਦਰਸ਼ਕ ਵਿਅਕਤੀ ਜੋ ਉਨ੍ਹਾਂ ਦੇ ਸੰਕਲਪਿਤ ਸੰਗਠਨ ਦਾ ਪ੍ਰਤੀਕ ਹੈ। ਉਸ ਦੇ ਸਾਰੇ ਪ੍ਰਾਪਤੀ-ਸੰਗਠਨ ਦਾ ਆਧਾਰ, ਸ੍ਰਿਸ਼ਟੀਆਰਥੀ-ਏਕਤਾ ਦੇ ਬੌਧਿਕ ਨਿਆਇ ਅਤੇ ਸਿਰਜਨਾਤਮਕ ਪੱਖ ਦਾ, 'ਦਾਤਾ' ਕਲਪ ਰਾਹੀਂ ਭਾਵਕਰਨ ਕਰਕੇ, ਉਤਪੰਨ ਕੀਤਾ ਗਿਆਨਸ਼ੀਲ ਭਾਵ ਹੈ, ਜੋ ਉਸ ਦੀ ਸ਼ਖ਼ਸੀਅਤ ਨੂੰ ਨਾ ਨਿਰੋਲ ਗਿਆਨ ਦੇ ਵਿਸ਼ਾਦ ਉਪਜਾਊ ਖਲਾ ਵਿਚ ਹੀ ਸੁੱਟ ਸਕਦਾ ਹੈ ਅਤੇ ਨਾ ਹੀ ਨਿਰੋਲ ਸਗੁਣ-ਪੂਜਾ ਦੇ ਏਕਤਾ ਵਿਰੋਧੀ ਕਰਮ ਵਿਚ ; ਪਰੰਤੂ ਵਿਸ਼ੇਸ਼ਤਾ ਇਹ ਹੈ ਕਿ ਗੁਰੂ ਨਾਨਕ ਦਾ ਇਹ ਆਤਮ-ਵਿਸ਼ਵਾਸ ਅਤੇ ਚਰਿੱਤਰਸ਼ੀਲਤਾ ਨਾਲ ਭਰਪੂਰ 'ਗੁਰਮੁਖ' ਨਿਯਮ ਦਾ ਅੰਗ ਬਣ ਕੇ ਜ਼ਰੂਰ ਪ੍ਰਗਟ ਹੁੰਦਾ ਹੈ, ਪਰ ਜਮਾਂਦਰੂ ਨਹੀਂ। ਗੁਰੂ ਨਾਨਕ ਅਨੁਸਾਰ ਮਨੁੱਖੀ ਸਰੀਰ 'ਪੰਚ ਤਤੁ' ਤੋਂ ਹੀ ਬਣਦਾ ਹੈ, ਪਰ ਇਸ ਦੀ ਸੇਧਾਰਥਿਕਤਾ ਜਾਂ ਨਿਸ਼ੇਧਾਰਥਿਕਤਾ ਆਪਣੇ 'ਕਰਮ' ਜਾਂ 'ਅਮਲ' ਅਤੇ 'ਧਰਮ' ਜਾਂ ਕਰਤੱਵ ਨੂੰ ਪਰਵਾਨ ਤੇ ਹੀ ਆਧਾਰਿਤ ਹੈ:

ਇਹ ਮਨੁ ਕਰਮਾ ਇਹ ਮਨੁ ਧਰਮਾ।

ਇਹ ਮਨ ਪੰਚ ਤਤੁ ਤੇ ਜਨਮਾ।

ਸਾਕਤੁ ਲੋਭੀ ਇਹੁ ਮਨੁ ਮੂੜਾ।

ਗੁਰਮੁਖਿ ਨਾਮੁ ਜਪੈ ਮਨ ਰੂੜਾ।

(ਰਾਗੁ ਆਸਾ, ਪੰ : 415)

ਗੁਰੂ ਨਾਨਕ ਦੇ ਆਦਰਸ਼ ਦਾ ਉਪਰੋਕਤ ਸਰਵੇਖਣ ਇਹ ਪ੍ਰਗਟ ਕਰਦਾ ਹੈ ਕਿ ਉਹ ਦੇਸ-ਕਾਲ ਦੇ ਵਿਸ਼ਾਲ ਯਥਾਰਥ ਨਾਲ ਮਨੁੱਖੀ ਆਤਮਾ ਦੀ ਸਾਂਝ ਲੱਭ ਰਹੇ ਹਨ ਅਤੇ ਅਜਿਹੇ ਵਿਅਕਤੀ ਦਾ ਤਸੱਵਰ ਕਰ ਰਹੇ ਹਨ ਜੋ ਸਵੈ-ਕੇਂਦਰਨ ਨੂੰ ਤੋੜ ਕੇ ਸ੍ਰਿਸ਼ਟੀਆਰਥੀ-ਯਥਾਰਥ ਦੀ ਵਿਸ਼ਾਲਤਾ ਵਿਚ ਆਪਣਾ ਆਪਾ ਸੁੱਟ ਸਕੇ। ਇਸ ਕਰਮ ਲਈ ਉਹ ਵਿਅਕਤੀ ਨੂੰ ਸਵੈ-ਕੇਂਦਰਿਤ ਕਰਨ ਵਾਲੀਆਂ ਸਾਰੀਆਂ ਸ਼ਕਤੀਆਂ ਤੋਂ ਮੁਕਤ ਕਰਦੇ ਹਨ ਅਤੇ ਪਰਕਿਰਤੀ ਦੇ ਨਿਆਇ ਨੂੰ ਵਿਸ਼ਵਾਸ ਬਨਾਉਣ ਤੱਕ ਸਾਧਾਰਨ ਕਰਕੇ ਸਾਹਮਣੇ ਲਿਆਉਂਦੇ ਹਨ। ਜਦੋਂ ਵੀ ਕਿਸੇ ਸਮਾਜ ਵਿਚ ਸੰਕਟ ਆਉਂਦਾ ਹੈ, ਉਸ ਦਾ ਮੂਲ ਕਾਰਨ ਉਸ ਦੇ ਵਿਅਕਤੀਆਂ ਦਾ ਵੱਡੇ ਯਥਾਰਥ ਦੇ ਸੱਚ ਨਾਲੋਂ ਟੁੱਟ ਜਾਣਾ ਹੁੰਦਾ ਹੈ।

ਮਨੁੱਖ ਨੂੰ ਅਜਿਹੇ ਸਮੇਂ ਆਪਣੇ ਆਪ ਵਿਚ ਸੁੰਗੜਨ ਦੀ ਬਿਮਾਰੀ ਲੱਗ ਜਾਂਦੀ ਹੈ। ਉਸ ਲਈ ਪਰਕਿਰਤੀ ਅਤੇ ਇਸ ਦਾ ਰਹੱਸਮਈ ਆਪਾ ਨਵੇਂ ਰਹੱਸ ਖੋਲ੍ਹਣ ਅਤੇ ਉਨ੍ਹਾਂ ਨੂੰ ਜ਼ਿੰਦਗੀ ਵਿਚ ਲਿਆਉਣ ਲਈ ਸੋਮਾ ਨਹੀਂ ਰਹਿ ਜਾਂਦੇ, ਜਿਸ ਦਾ ਨਤੀਜਾ ਜ਼ਿੰਦਗੀ ਦੇ ਸੰਕਲਪ ਬਹੇ ਅਤੇ ਕਰਮ ਪਰਿਵਰਤਨ ਪੈਦਾ ਕਰਨ ਤੋਂ ਅਸਮਰਥ ਹੋ ਜਾਂਦੇ ਹਨ। ਇਸ ਲਈ ਹਰ ਸਮਾਜਕ ਪਰਿਵਰਤਨ ਲਈ ਮਨੁੱਖ ਨੂੰ ਵਿਸ਼ਾਲ ਪਰਕਿਰਤਕ ਯਥਾਰਥ ਦੇ ਰਹੱਸ-ਭਰਪੂਰ ਆਪੇ ਨਾਲ ਜੋੜਨਾ ਜ਼ਰੂਰੀ ਹੁੰਦਾ ਹੈ। ਡਾ. ਰਾਧਾਕ੍ਰਿਸ਼ਨਨ6 ਸਾਡੇ ਅੱਜ ਦੇ ਜੁਗ ਵਿਚ ਆਏ ਸੰਕਟ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਯੋਗ ਸਮਾਜਕ ਜ਼ਿੰਦਗੀ ਦਾ ਉਭਾਰ ਸਮੁੱਚੇ ਸ੍ਰਿਸ਼ਟੀਆਰਥੀ ਆਪੇ ਸੰਬੰਧੀ ਦਾਰਸ਼ਨਿਕ ਚੇਤੰਨਤਾ ਨਾਲ ਹੀ ਆਉਂਦਾ ਹੈ ਅਤੇ ਜਦੋਂ ਪਰਕਿਰਤੀ ਦੇ ਬੁਨਿਆਦੀ ਨਿਯਮ-ਏਕਤਾ ਨੂੰ ਦਬਾ ਦਿੱਤਾ ਜਾਵੇ, ਨਫ਼ਰਤ, ਬਿਸਿੰਖਲਾ ਅਤੇ ਜੰਗ ਤੋਂ ਬਿਨ੍ਹਾਂ ਹੋਰ ਕੁੱਝ ਨਹੀਂ ਉਪਜਦਾ।

ਸਾਡੇ ਬਿਸਿੰਖਲ ਜੁਗ ਦੇ ਸੰਕਟ ਦਾ ਅਧਾਰ ਹੀ ਇਹੀ ਹੈ ਕਿ ਇੱਕ ਪਾਸੇ ਵਿਗਿਆਨ ਦੀ ਪ੍ਰਗਤੀ ਨੂੰ ਵਡੇਰੇ ਯਥਾਰਥ ਦੀ ਸਾਡੀ ਜ਼ਿੰਦਗੀ ਵਿਚ ਏਕਤਾ ਪੈਦਾ ਕਰਨ ਲਈ ਵਰਤੋਂ ਦੀ ਥਾਂ ਸਵਾਰਥ ਅਤੇ ਘਟੀਆ ਪ੍ਰਕਾਰ ਦੀਆਂ ਪਦਾਰਥਕ ਕੀਮਤਾਂ ਦੇ ਫੈਲਾਉ ਲਈ ਵਰਤਿਆ ਗਿਆ ਹੈ ਜਿਸ ਦੇ ਪ੍ਰਤਿਕਰਮ ਵਜੋਂ ਮਨੁੱਖ ਕੋਲ ਇੱਕ ਅਜਿਹਾ

ਸ੍ਰਿਸ਼ਟੀਆਰਥੀ ਸੱਚ ਨਹੀਂ ਰਿਹਾ ਜਿਸ ਵਿਚ ਉਹ ਮਨੁੱਖ ਦੇ ਜਿਉਂਦੇ ਵਿਅਕਤਿਤਵ ਨੂੰ ਲੱਭ ਸਕੇ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਉਹ ਇੱਕ ਪਾਸੇ ਆਪਣੇ ਅਣਸ੍ਰਿਸ਼ਟੀਆਰਥੀ ਨਿੱਜ ਉੱਤੇ ਵਿਸ਼ਾਦ-ਗ੍ਰੱਸਿਤ ਹੋ ਕੇ ਸਿਮਟ ਗਿਆ ਹੈ ਜਿਸ ਦਾ ਪਰਤੱਖ ਪਰਮਾਣ ਅਸੀਂ ਕੀਰਕਿਗਾਰਦ, ਮਾਰਟਿਨ ਹੀਦਿਗੇਰ ਅਤੇ ਜੀਨ ਪਾਲ ਸਾਰਤਰੇ ਦੇ ਹੋਂਦਵਾਦ7 ਵਿਚ ਦੇਖ ਸਕਦੇ ਹਾਂ। ਉਹ ਮਨੁੱਖੀ ਹੋਂਦ ਨੂੰ ਸਾਰੀ ਅਸਲੀਅਤ ਮੰਨਣ ਵਾਲੇ ਚਿੰਤਕ ਹਨ, ਜੋ ਸਾਡੇ ਜੁਗ ਦੇ ਸੁੰਗੜ ਰਹੇ ਦਸਤਕਾਰੀ ਪੋਚ ਨੂੰ ਪ੍ਰਤਿਨਿਧਤਾ ਦਿੰਦੇ ਹਨ। ਮਨੁੱਖ ਦੇ ਅੰਦਰਲੇ ਨੂੰ ਸਾਰੇ ਬ੍ਰਹਿਮੰਡਕ ਯਥਾਰਥ ਦਾ ਧੁਰਾ ਮੰਨਣਾ, ਮਨੁੱਖੀ ਜ਼ਿੰਦਗੀ ਨੂੰ ਵੱਡੇ ਯਥਾਰਥ ਨਾਲੋਂ ਤੋੜ ਲੈਣਾ ਹੈ ਅਤੇ ਅਜਿਹੀ ਸਥਿਤੀ ਦਾ ਉਲੇਖ ਹੈ ਜਿੱਥੇ ਮਨੁੱਖ ਵਿਚ ਕੋਈ ਨਵੀਆਂ ਕੀਮਤਾਂ ਦਾ ਸੰਕਲਪ ਘੜਨ ਦੀ ਸਮਰਥਾ ਬਾਕੀ ਨਹੀਂ ਰਹਿੰਦੀ, ਸਿਵਾਇ ਇਸ ਦੇ ਕਿ ਉਹ ਆਪਣੇ ਅੰਦਰ ਘੁਲ ਕੇ ਅਜਿਹੀ ਮਨੁੱਖੀ-ਵਿਰੋਧੀ ਸ਼ਖ਼ਸੀਅਤ ਨੂੰ ਜਨਮ ਦੇ ਲੈਂਦਾ ਹੈ ਜੋ ਅਸਲੀਅਤ ਵਿਚ ਜ਼ਿੰਦਗੀ ਦੇ ਨਿਯਮਾਂ ਦਾ ਵਿਰੋਧ ਹੁੰਦੀ ਹੈ। ਇਸ ਵਿਰੋਧ ਨੂੰ ਤੋੜਨ ਲਈ ਕਾਰਲ-ਮਰਕਸ ਨੇ ਸਮੂਹਵਾਦੀ ਪ੍ਰਬੰਧ ਦਾ ਸੰਕਲਪ ਦਿੱਤਾ। ਉਸ ਦਾ ਇਹ ਮੱਤ ਹੈ ਕਿ ਜ਼ਿੰਦਗੀ ਦਵੰਦਵਾਦੀ ਨਿਯਮਾਂ ਤੇ ਚੱਲਦੀ ਹੈ, ਮਨੁੱਖ ਦਾ ਸੁਭਾ ਵਰਗਗਤ ਹੁੰਦਾ ਹੈ ਅਤੇ ਜ਼ਿੰਦਗੀ ਦਾ ਸਾਰਾ ਵਿਸ਼ਾਦ ਵਰਗਗਤ ਦਵੰਦ ਵਿਚੋਂ ਉਪਜਦਾ ਹੈ, ਇਸ ਲਈ ਪ੍ਰਾਲੀਤਾਰੀ ਸਮੂਹ ਦਾ ਇੱਕ-ਪੁਰਖੀ ਪ੍ਰਬੰਧ ਕਾਇਮ ਕਰਨ ਨਾਲ ਇਹ ਸਾਰਾ ਦਵੰਦ ਮਿਟ ਸਕਦਾ ਹੈ ਪਰ ਸਾਡੇ ਜੁਗ ਦਾ ਸੰਕਟ ਇਸ ਨਾਲ ਟੁੱਟਿਆ ਨਹੀਂ। ਇੱਕ ਪਾਸੇ ਜਿੱਥੇ ਵਿਗਿਆਨਕ ਪ੍ਰਗਤੀ ਦੀ ਮੰਦ-ਵਰਤੋਂ ਤੋਂ ਉਪਜਿਆ ਵਿਸ਼ਾਦੀ ਅਤੇ ਨਿਸ਼ੇਧਿਤ ਮਨੁੱਖ ਨਿੱਜਤਵ ਹੈ, ਦੂਜੇ ਪਾਸੇ ਵਿਗਿਆਨਕ ਪ੍ਰਗਤੀ ਦੀ ਯੋਗ ਵਰਤੋਂ ਦੇ ਆਧਾਰ ਤੇ ਕਲਪਿਆ ਅਜਿਹਾ ਸਮੂਹਵਾਦੀ ਪ੍ਰਬੰਧ ਹੋਂਦ ਵਿਚ ਆਇਆ ਹੈ ਜੋ ਸਾਡੇ ਇਤਿਹਾਸ ਵਿਚ ਇੱਕ ਨਵਾਂ ਤਜਰਬਾ ਤਾਂ ਹੈ ਅਤੇ ਇਸ ਦੀ ਬਣਤਰ ਵਿਚ ਪੂਰਨ ਸੁਹਿਦਰਤਾ ਵੀ ਹੈ, ਪਰ ਜਿਸ ਵਿਚ ਮਨੁੱਖ ਦਾ ਵਿਅਕਤੀ ਦੇ ਰੂਪ ਵਿਚ ਸ੍ਰਿਸ਼ਟੀਆਰਥੀ ਆਪਾ ਅਜੇ ਤੱਕ ਨਹੀਂ ਲੱਭਿਆ ਜਾ ਸਕਿਆ। ਵਿਗਿਆਨ ਦੀ ਸਾਂਝੀ ਵਰਤੋਂ ਨਾਲ ਮਨੁੱਖ ਨੇ ਆਰਥਿਕ ਸ਼ਕਤੀਆਂ ਦੇ ਵਿਅਕਤੀ-ਮਾਰੂ ਆਪੇ ਨੂੰ ਅੰਕੁਸ ਵਿਚ ਲੈ ਲਿਆ ਹੈ ਪਰ ਇਸ ਨਾਲ ਸਵੈ-ਕੇਂਦਰਨ ਤੋਂ ਪੱਲਾ ਨਹੀਂ ਛੁਡਾਇਆ ਜਾ ਸਕਿਆ। ਮਾਰਕਸੀ ਸਮੂਹਵਾਦ, ਵਰਗਗਤ ਪੱਧਰ ਤੇ ਸਵੈ-ਕੇਂਦਰਨ ਹੋਣ ਲਈ ਪ੍ਰੇਰਦਾ ਹੈ।8 ਮਨੁੱਖ ਦੀ ਸਮੱਸਿਆ ਇੱਕ ਸਵੈ-ਕੇਂਦਰਨ ਨੂੰ ਤੋੜ ਕੇ ਵੱਡਾ ਸਵੈ-ਕੇਂਦਰਨ ਪੈਦਾ ਕਰਨਾ ਨਹੀਂ, ਸਗੋਂ ਆਪਣੇ ਆਪ ਨੂੰ ਟੱਪ ਕੇ ਵਿਸ਼ਾਲਤਾ ਵਿਚ ਚੱਲਣਾ ਹੈ, ਪਰ ਇਸ ਚਾਲ ਵਿਚ ਮਨੁੱਖ ਦਾ ਭਾਗ, ਇੱਕ ਵਿਅਕਤੀ ਦੇ ਤੌਰ ਤੇ ਬੜਾ ਮਹੱਤਵ ਰੱਖਦਾ ਹੈ। ਮਾਰਕਸ ਦਾ ਸਾਰੇ ਇਤਿਹਾਸ ਨੂ ਕੇਵਲ 'ਵਰਗ-ਸੰਘਰਸ਼' ਬਨਾਉਣ ਦਾ ਸੰਕਲਪ, ਮਨੁੱਖ ਨੂੰ ਵਿਅਕਤੀ ਦੇ ਤੌਰ ਤੇ ਦੇਖਣ ਦੀ ਸੰਭਾਵਨਾ ਨਹੀਂ ਰਹਿਣ ਦਿੰਦਾ ਅਤੇ ਭਵਿਖਾਰਥੀ ਇਤਿਹਾਸ ਵਿਚੋਂ ਮਨੁੱਖ ਕੇਵਲ ਸਮੂਹ ਦੀ ਮਸ਼ੀਨ ਦਾ ਪਰਜ਼ਾ ਹੀ ਲੱਗਦਾ ਹੈ।

ਇਸ ਪ੍ਰਕਾਰ ਸਾਡੇ ਜੁਗ ਵਿਚ ਇੱਕ ਪਾਸੇ ਵਿਅਕਤੀ ਦੇ ਅੰਦਰਲੇ ਤੋਂ ਸਾਰੇ ਜਹਾਨ ਨੂੰ ਕਲਪਣ ਨੂੰ ਦੇਖਣ ਦੀ ਉਪਰ-ਉਤਸ਼ਾਹੀ ਇੱਛਾ। ਮਨੁੱਖ ਸਵਸਥ ਵਿਅਕਤੀ ਦੇ ਰੂਪ ਵਿਚ ਉੱਘੜਨ ਲਈ ਉਡੀਕ ਰਿਹਾ ਹੈ। ਇਸ ਹਾਲਤ ਵਿਚ ਆਪਣੇ ਸਹਿਜ ਪਰਵਿਰਤਕ ਅੰਸ਼ਾਂ ਨੂੰ ਤੋੜ ਕੇ, ਪਰਕਿਰਤੀ ਦੀ ਵਿਸ਼ਾਲਤਾ ਨੂੰ ਯਾਦ ਕਰਉਣ ਵਾਲੇ 'ਸਬਦ' ਤੇ 'ਨਾਮ' ਰਾਹੀਂ ਸਾਧੀ ਚੇਤੰਨਤਾ ਨਾਲ, ਸ੍ਰਿਸ਼ਟੀਆਰਥੀ ਯਥਾਰਥ ਵਿਚ ਆਪਣੀ ਥਾਂ ਲੱਭਣ ਵਾਲਾ ਗੁਰੂ ਨਾਨਕ ਦਾ 'ਗੁਰਮੁਖ' ਜੋ ਸੰਗਠਿਤ ਵਿਅਕਤੀ ਹੈ ਅਤੇ ਜਿਸ ਦਾ ਸਿਧਾਂਤ ਤੇ ਅਮਲ ਮਨੁੱਖੀ ਵਿਵੇਕ ਹੈ, ਸਾਡੀਆਂ ਪ੍ਰੇਰਨਾਤਮਕ ਤੇ ਸਿਰਜਨਾਤਮਕ ਸ਼ਕਤੀਆਂ ਨੂੰ ਨਵੇਂ ਸਿਰਿਉਂ ਜਿਵਾਲਣ ਦੀ ਸਮਰਥਾ ਰੱਖਦਾ ਹੈ। ਇਸ ਦਾ ਵਿਸ਼ਾਲ ਸ੍ਰਿਸ਼ਟੀਆਰਥੀ ਸੱਚ ਦੀ ਲੱਭ ਨੂੰ, ਜ਼ਿੰਦਗੀ ਦਾ ਮੰਤਵ ਅਤੇ ਵਿਸ਼ਵਾਸ ਬਣਾ ਕੇ ਪੇਸ਼ ਕਰਨਾ, ਭਾਰਤੀ ਸਮਾਜਕ-ਚਿੰਤਨ ਦੇ ਇਤਿਹਾਸ ਵਿਚ ਇੱਕ ਨਵਾਂ ਮੋੜ ਹੈ। ਸਾਡੇ ਇਤਿਹਾਸ ਵਿਚ ਪਹਿਲੀ ਵਾਰ, ਸ਼ੰਕਰ ਦੇ ਭਾਵ-ਹੀਣ ਤਰਕ ਅਤੇ ਬੁੱਧ-ਧਰਮ ਦੇ ਗਿਆਨ-ਹੀਣ ਭਾਵ ਅਤੇ ਭਗਤੀ ਲਹਿਰ ਦੇ ਵਿਸ਼ਿਸ਼ਟਾਦਵੈਤ ਨੂੰ ਵਿਸ਼ਵਾਸ ਬਣਾ ਸਕਣ ਦੀ ਅਸਮਰੱਥਾ ਤੋਂ ਉਪਜੇ ਉਪਭਾਵੁਕ ਅਵਤਾਰਵਾਦ ਤੋਂ ਪੈਦਾ ਹੋ ਰਹੀ ਅਣਇਕਾਗਰ ਮਨੁੱਖੀ ਸ਼ਖ਼ਸੀਅਤ ਨੂੰ ਇਕਾਗਰਤਾ ਦਿੱਤੀ ਗਈ ਹੈ। ਗੁਰੂ ਨਾਨਕ ਦੇ ਗੁਰਮੁਖ ਨੂੰ ਵੱਡੇ ਸੱਚ ਨੂੰ ਲੱਭ ਦਾ ਮੰਤਵ ਲੈ ਕੇ ਜਿਉਣ ਲਈ ਕਿਸੇ ਵਿਅਕਤੀ-ਪੂਜਾ ਦੀ ਲੋੜ ਨਹੀਂ, ਸਗੋਂ ਉਸ ਦੇ ਨਿਯਮ-ਪਾਸਾਰ ਵਿਚੋਂ ਸਿਰਜਨਾ ਜਾਂ ਦਾਤਾਰਤਾ ਦਾ ਗੁਣ ਜਾਣ ਕੇ, ਆਪਣੇ ਆਪ ਨੂੰ ਅਦੈਤ ਵਿਚੋਂ ਖੋਰ ਕੇ ਉਸਰੱਈਆ ਬਣਨ ਦੀ ਅਭਿਲਾਸ਼ਾ ਹੈ। ਗੁਰੂ ਨਾਨਕ ਦਾ 'ਗੁਰਮੁਖ' ਆਪਣੇ ਛੋਟੇ ਨਿੱਜ ਨੂੰ ਤੋੜ ਕੇ, ਜਿਸ ਆਸ਼ਚਰਯ-ਉਪਜਾਊ ਪਰਕਿਰਤਕ ਵਿਸਤਾਰ ਵੱਲ ਵਧਦਾ ਹੈ, ਉਹ ਮਨੁੱਖ ਨੂੰ ਇੱਕ ਵਿਅਕਤੀ ਦੇ ਤੌਰ ਤੇ ਵਿਸ਼ਾਲਤਾ ਵਿਚ ਸੁੱਟਣ ਦਾ ਇੱਕ ਅਜਿਹਾ ਆਦਰਸ਼ ਹੈ, ਜਿੱਥੇ ਮਨੁੱਖੀ ਆਤਮਾ ਸਮੁੱਚੇ ਯਥਾਰਥ ਵਿਚ ਜੇਤੂ-ਭਾਵੀ ਚਰਿੱਤਰ ਨਾਲ ਸੁਲਗ ਉੱਠਦੀ ਹੈ। ਇਹ ਜੇਤੂ-ਭਾਵਨਾ ਮਨੁੱਖ ਦੇ ਵਿਕਾਸ ਲਈ ਸਭ ਤੋਂ ਵੱਡੀ ਲੋੜ ਹੈ। ਵਾਈਟਹੈੱਡ ਇਸ ਨੂੰ "ਐਡਵੈਂਚਰਜ਼ ਔਫ਼ ਦੀ ਐਸਥੈਟਿਕ ਐਕਸਪੀਰੀਅਸ" ਆਖਦਾ ਹੈ।9

ਸ਼ਖ਼ਸੀਅਤ ਦੀ ਇਕਾਗਰਤਾ ਅਤੇ ਕਰਤਾਰ ਬਣਨ ਦੀ ਅਭਿਲਾਸ਼ਾ ਤੋਂ ਲਿਆ ਜ਼ਿੰਦਗੀ ਪ੍ਰਤੀ ਸੁਹਜ-ਅਨੁਭਵ ਮਨੁੱਖ ਨੂੰ ਜ਼ਿੰਦਗੀ ਦੀ ਪ੍ਰਚੱਲਿਤ ਹਰ ਅਸਵਰਥ ਪ੍ਰੰਪਰਾ ਅਤੇ ਸਮਾਜਕ-ਅਨਿਆਂ ਵਿਰੁੱਧ ਸਾਪੇਖ ਹੋ ਕੇ ਸੰਗਰਾਮ ਲੜਨ ਲਈ, ਤਿਆਰ ਕਰਦਾ ਹੈ। ਇਸ ਲਈ ਗੁਰੂ ਨਾਨਕ ਦਾ ਆਦਰਸ਼ਕ ਵਿਅਕਤੀ, ਵਿਅਕਤੀ ਰਹਿ ਕੇ ਪਰਕਿਰਤੀ ਦੇ ਵੰਗਾਰ-ਪਾਊ ਆਪੇ ਨੂੰ ਲੱਭਣ ਅਤੇ ਇਸ ਦੇ ਸੁਹਜ ਨੂੰ ਜ਼ਿੰਦਗੀ ਦਾ ਕੌੜ ਤੋੜ ਕੇ, ਜ਼ਿੰਦਗੀ ਵਿਚ ਪ੍ਰਤਿਬਿੰਬਿਤ ਕਰਨ ਲਈ ਸ਼ਕਤੀਵਾਨ ਪੁਰਖ ਹੈ, ਜਿਸ ਦੀਆਂ ਅਨਿਕ-ਪੱਖੀ ਤੇ ਮਨੁੱਖਾਰਥੀ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਗੁਰੂ ਨਾਨਕ ਦੇਵ ਬਹੁ-ਪੱਖੀ ਅਨੁਭਵ ਵਾਲੇ ਕਵੀ ਹਨ। ਬਹੁ-ਪੱਖੀ ਅਨੁਭਵ ਤੋ ਭਾਵ ਇਹ ਹੈ ਕਿ ਉਹ ਜ਼ਿੰਦਗੀ ਦੇ ਸਾਧਾਰਨ ਅਤੇ ਸਦੀਵ ਵਿਕਾਸ ਦੇ ਕਵੀ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਨਿਰੋਲ ਦੇਸਗਤ ਨਹੀਂ ਹੋਣ ਦਿੰਦੇ।

ਜ਼ਿੰਦਗੀ ਦੀ ਸਾਧਾਰਨਤਾ ਅਤੇ ਸਦੀਵਤਾ ਦੇ ਕਵੀ ਬਣਨ ਲੱਗਿਆਂ ਅਜਿਹੀ ਵਿਸ਼ਾਲਤਾ ਵਿਚ ਮੁਗਧ ਹੋ ਜਾਣਾ ਬੜੀ ਸੋਖੀ ਗੱਲ ਹੁੰਦੀ ਹੈ ਜਿਸ ਉੱਤੇ ਕਾਲ ਦੀ ਮੁਹਰ ਨਾ ਹੋਵੇ। ਬਹੁਤੀ ਵਾਰ ਕਵੀ ਨਿਰੋਲ ਵਿਸ਼ਾਲਤਾ ਵਿਚ ਨਾ ਗੁੰਮ ਹੋਣ ਦੇ ਬਾਵਜੂਦ ਵੀ ਕਾਲਗਤ ਨਹੀਂ ਹੋ ਸਕਦਾ। ਜਿਵੇਂ ਸੂਰਦਾਸ ਅਤੇ ਮੀਰਾਂਬਾਈ ਦੀ ਰਚਨਾ ਹੈ। ਸੂਰਦਾਸ ਦਾ ਮਹੱਤਵ ਆਪਣੇ ਵਾਤਸ਼ਲ ਚਿੱਤਰ ਅਤੇ ਰਾਧਾ ਦੇ ਨਿਰਛਲ ਅਤੇ ਸ਼ੁੱਧ ਤੀਬਰਤਾ ਵਿਚ ਚਿਤ੍ਰਿਤਾ ਪ੍ਰੇਮਿਕਾ-ਸਰੂਪ ਅਤੇ ਮੀਰਾਂਬਾਈ ਦੀ ਰਚਨਾ ਦਾ ਮਹੱਤਵ ਆਪਣੇ ਆਦਰਸ਼ ਅੱਗੇ ਆਤਮ-ਸਮਰਪਣ ਤੋਂ ਉਪਜੀ ਤੀਖਣ ਭਾਵੁਕਤਾ ਕਾਰਨ ਤਾਂ ਹੈ, ਪਰ ਜੇ ਅਸੀਂ ਜ਼ਰਾ ਕੁ ਨੀਝ ਨਾਲ ਦੇਖੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਸੂਰਦਾਸ ਅਤੇ ਮੀਰਾਂਬਾਈ ਆਪਣੇ ਆਦਰਸ਼ ਅਤੇ ਉਸ ਪ੍ਰਤੀ ਆਤਮ-ਭਾਵ ਵਿਚ ਹੀ ਮੁਗਧ ਹਨ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਵਿਚ ਕਾਲਗਤ ਵਿਸ਼ੇਸ਼ਤਾ ਨਹੀਂ ਆਉਂਦੀ। ਉਨ੍ਹਾਂ ਦੇ ਆਪਣੇ ਪ੍ਰਿਯ ਪ੍ਰਤੀ ਪ੍ਰਗਟਾਏ ਭਾਵ ਨੂੰ ਕਿਸੇ ਕਾਲਗਤ ਵਿਸ਼ੇਸ਼ਤਾ ਨਹੀਂ ਆਉਂਦੀ। ਉਨ੍ਹਾਂ ਦੇ ਆਪਣੇ ਪ੍ਰਿਯ ਪ੍ਰਤੀ ਪ੍ਰਗਟਾਏ ਭਾਵ ਨੂੰ ਕਿਸੇ ਸਮਾਜਕ ਬਣਤਰ ਵਿਚ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਇਸ ਲਈ ਉਨ੍ਹਾਂ ਦਾ ਆਦਰਸ਼ ਅਤੇ ਆਤਮ-ਭਾਵ-ਪ੍ਰਗਟਾਉ ਆਪਣੇ ਆਪ ਵਿਚ ਦੇਸਗਤ ਵਿਸ਼ੇਸ਼ਤਾ ਹੀ ਹੈ ਅਤੇ ਉਹ ਵੀ ਆਦਰਸ਼ ਦੇ ਸਗੁਣ ਰੂਪ ਕਾਰਨ ਹਰ ਜੁਗ ਵਿਚ ਖਿੱਲਰ ਸਕਣ ਦੀ ਸਮਰਥਾ ਨਾਲ ਭਰਪੂਰ ਨਹੀਂ, ਇਸ ਲਈ ਸੰਕੀਰਨ ਹੈ। ਇਸ ਦ੍ਰਿਸ਼ਟੀ ਤੋਂ ਸੂਰਦਾਸ ਅਤੇ ਮੀਰਾਂਬਾਈ ਸੰਕੀਰਨ ਰੂਪ ਵਿਚ ਦੇਸਗਤ ਕਵੀ ਹਨ, ਜਿਨ੍ਹਾਂ ਦੇ ਭਾਵ ਵਿਚ ਕਾਲ ਦੀ ਪ੍ਰਤਿਨਿਧਤਾ ਕਰਨ ਦੀ ਸ਼ਕਤੀ ਨਹੀਂ।

ਗੁਰੂ ਨਾਨਕ ਦੇਵ ਨੇ ਆਪਣੇ ਆਤਮ ਨੂੰ ਅਨਾਤਮ ਦੀ ਕੀਮਤ ਉੱਤੇ ਬਲਵਾਨ ਨਹੀਂ ਹੋਣ ਦਿੱਤਾ, ਇਸ ਲਈ ਆਪਣੇ ਵਿਸ਼ਾਲ ਦੇਸ ਦੀਆਂ ਗੱਲਾਂ ਕਰਦੇ ਹੋਏ, ਆਪਣੇ ਆਪ ਰਾਹੀਂ ਕਾਲਗਤ ਭਾਵ ਨੂੰ ਪ੍ਰਤਿਨਿਧਤਾ ਦਿੰਦੇ ਹਨ। ਵਿਸ਼ੇਸ਼ਟਤਾ ਇਹ ਹੈ ਕਿ ਕਾਲਗਤ ਹੋਣ ਲੱਗਿਆਂ ਉਨ੍ਹਾਂ ਦਾ ਭਾਵ ਆਪਣੀ ਦੇਸਗਤ ਵਿਸ਼ਾਲਤਾ ਦੇ ਅਧੀਨ ਰਹਿੰਦਾ ਹੈ, ਜਿਸ ਨਾਲ ਉਹ ਕੇਵਲ ਸਾਮਿਅਕ ਹੋਣ ਤੱਕ ਨਹੀਂ ਰਹੇ। ਕਾਲਗਤ ਭਾਵ ਉਨ੍ਹਾਂ ਵਿਚ ਇੱਕ ਮਾਧਿਅਮ ਦੀ ਥਾਂ ਸਗੋਂ ਸਾਧਯ ਬਣਦਾ ਹੈ, ਇਸ ਲਈ ਉਨ੍ਹਾਂ ਦੀ ਬਾਣੀ ਦਾ ਬੁਨਿਆਦੀ ਭਾਵ ਦੇਸ-ਕਾਲ ਨਿਰੰਤਰਤਾ ਵਿਚ ਨਿਸ਼ਚਿਤ ਕੀਤਾ ਜਾਣ ਵਾਲਾ ਵੀ ਹੈ ਅਤੇ ਇਸ ਨੂੰ ਚੀਰ ਕੇ ਅੱਗੇ ਲੰਘ ਜਾਣ ਵਾਲਾ ਵੀ। ਉਨ੍ਹਾਂ ਦੀ ਇਹ ਵਿਸ਼ੇਸ਼ਤਾ ਉਨ੍ਹਾਂ ਨੂੰ ਬਹੁ-ਪੱਖੀ ਅਨੁਭਵ ਵਾਲਾ ਕਵੀ ਸਿੱਧ ਕਰਦੀ ਹੈ, ਜਿਸ ਵਿਚ ਦੇਸ-ਕਾਲ ਨਿਰੰਤਰਤਾ ਦੀ ਇੱਕ ਖਾਸ ਅਵਸਥਾ ਵਿਚ ਨਿਸ਼ਚਿਤ ਹੋ ਸਕਣ ਦ ਸਮਰਥਾ ਹੋਣ ਕਾਰਨ ਉਨ੍ਹਾਂ ਦੀ ਕਵਿਤਾ ਸੁਚੇਤ ਅਤੇ ਅਚੇਤ ਦੋਹਾਂ ਰੂਪਾਂ ਵਿਚ ਕਿਸੇ ਨਾ ਕਿਸੇ ਪੱਖ ਤੋਂ ਸਮਾਜਕ ਕਰਮ ਨਾਲ ਜੁੜੀ ਹੋਈ ਹੈ। ਇਹ ਕਰਮ ਵੀ ਕਿਧਰੇ ਸੁਚੇਤ ਹੈ ਅਤੇ ਕਿਧਰੇ ਅਚੇਤ। ਸੁਚੇਤ-ਕਰਮ ਉਨ੍ਹਾਂ ਦੇ ਵਸਤੂ ਵਿਚ ਵਧੇਰੇ ਹੈ ਅਤੇ ਅਚੇਤ ਉਨ੍ਹਾਂ ਦੇ ਕਾਵਿ-ਰੂਪ ਵਿਚ ਵਧੇਰੇ।

### 1.1.18 ਅਭਿਆਸ ਲਈ ਪ੍ਰਸ਼ਨ

1. ਗੁਰੂ ਨਾਨਕ ਬਾਣੀ ਦੇ ਵਿਚਾਰਧਾਰਾਈ ਪਿਛੋਕੜ ਸਬੰਧੀ ਚਰਚਾ ਕਰੋ?
2. ਗੁਰੂ ਨਾਨਕ ਬਾਣੀ ਦੇ ਕਲਾਤਮਕ ਪੱਖਾਂ ਸਬੰਧੀ ਚਰਚਾ ਕਰੋ?
3. ਗੁਰੂ ਨਾਨਕ ਬਾਣੀ ਦੇ ਇਤਿਹਾਸਕ ਅਤੇ ਵਿਚਾਰਧਾਰਾਈ ਆਧਾਰ ਦੱਸੋ?
4. ਗੁਰੂ ਨਾਨਕ ਬਾਣੀ ਦੇ ਕਲਾਤਮਕ ਪੱਖਾਂ ਸਬੰਧੀ ਚਰਚਾ ਕਰੋ?

### 1.1.19 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

- ਕੁਲਵੰਤ ਕੌਰ, ਗੁਰਮਤਿ ਕਾਵਿ ਇੱਕ ਅਧਿਐਨ, ਲੋਕਾਇਤ ਪ੍ਰਕਾਸ਼ਨ, ਐਸ.ਸੀ.ਓ. 57-58-59, ਸੈਕਟਰ 17-ਸੀ, ਚੰਡੀਗੜ੍ਹ
- ਸੁਰਿੰਦਰ ਸਿੰਘ ਕੋਹਲੀ, ਗੁਰੂ ਨਾਨਕ ਸਿੰਘ ਜੀਵਨ, ਦਰਸ਼ਨ ਅਤੇ ਕਾਵਿ ਕਲਾ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, (ਹ: ਪ੍ਰੋ: ਸਾਹਿਬ ਸਿੰਘ, ਜੀਵਨ-ਬ੍ਰਿਤਾਂਤ ਦਾ ਸੰਖੇਪ), 1969

## M.A (PUNJABI)

## SEMESTER-I

### ਪਰਚਾ ਪਹਿਲਾ

ਯੂਨਿਟ-ਚੌਥਾ

# ਗੁਰੂ ਅਰਜਨ ਦੇਵ-ਸੁਖਮਨੀ ਸਾਹਿਬ

1.1 ਪਾਠ ਚੌਥਾ : **ਗੁਰੂ ਅਰਜਨ ਦੇਵ**

1.1.1 **ਭੂਮਿਕਾ**

1.1.2 **ਪਾਠ ਦਾ ਮੰਤਵ**

1.1.3 **ਗੁਰੂ ਅਰਜਨ ਦੇਵ-ਸੁਖਮਨੀ ਸਾਹਿਬ**

1.1.18 **ਅਭਿਆਸ ਲਈ ਪ੍ਰਸ਼ਨ**

1.1.19 **ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**

1.1.1 **ਭੂਮਿਕਾ-** ਸੁਖਮਨੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਡੀ ਰਚਨਾ ਹੈ।ਗੁਰੂ ਸਾਹਿਬ ਜੀ ਨੇ ਜਦੋਂ ਇੱਕ ਦੁਖੀ ਵਿਅਕਤੀ ਦੀ ਪੁਕਾਰ ਸੁਣੀ ਤਾਂ ਉਸ ਦੀ ਸਰੀਰਕ ਤੇ ਮਾਨਸਿਕ ਦੁੱਖ ਨੂੰ ਦੂਰ ਕਰਨ ਲਈ ਇਸ ਬਾਣੀ ਦੀ ਰਚਨਾ ਕੀਤੀ। ਇਥੋਂ ਤੱਕ ਕਿ ਇਸ ਦੇ ਪਾਠ ਕਰਨ ਨਾਲ ਲਾਹੌਰ ਦੇ ਹਾਕਮ ਅਲਾਇਮ-ਉਦ-ਦੀਨ ਦੀ ਜਾਨਲੇਵਾ ਪੇਟ ਦਾ ਦਰਦ ਵੀ ਠੀਕ ਹੋ ਗਿਆ।ਇਸ ਤੋ ਬਾਅਦ ਉਹ ਇਸ ਦਾ ਰੋਜ਼ ਪਾਠ ਕਰਨ ਲੱਗਾ।ਸੁਖਮਨੀ ਸਾਹਿਬ ਵਿੱਚ ਸੰਰਚਾਤਮਕ ਏਕਤਾ ਹੈ ਤੇ ਇਸ ਦੇ 24 ਸਲੋਕ ਹਨ ਤੇ ਇਸ ਵਿੱਚ 8 ਛੰਦ ਹਨ ਤੇ ਹਰੇਕ ਛੰਦ ਦੀਆਂ ਦਸ ਸਤਰਾਂ ਹਨ।

1.1.2 **ਪਾਠ ਦਾ ਮੰਤਵ** -ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸੁਖਮਨੀ ਸਾਹਿਬ ਦੀ ਨੂੰ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ।ਸੁਖਮਨੀ ਸਾਹਿਬ ਦੇ ਜ਼ਰੀਏ ਜਿੱਥੇ ਮਨੁੱਖ ਦੀਆਂ ਭਗਤੀ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ, ਉੱਥੇ ਨਾਲ਼ੋ-ਨਾਲ਼ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।ਸੁਖਮਨੀ ਸਾਹਿਬ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ, ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ ਸੁਖਮਨੀ ਸਾਹਿਬ ਦੇ ਵਿਵਹਾਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਸੁਖਮਨੀ ਸਾਹਿਬ ਨੂੰ ਸਮਝਣ ਦੇ ਕਾਬਿਲ ਹੋ ਸਕਣ।

### 1.1.3 ਗੁਰੂ ਅਰਜਨ ਦੇਵ-ਸੁਖਮਨੀ ਸਾਹਿਬ

ਗੁਰੂ ਅਰਜਨ ਦੇਵ ਜੀ ਗੁਰਮਤਿ ਕਾਵਿ ਦੇ ਸਭ ਤੋਂ ਵੱਡ-ਆਕਾਰੀ ਕਵੀ ਹਨ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਵਿਚ ਸਭ ਤੋਂ ਵੱਧ ਬਾਣੀ ਇਨ੍ਹਾਂ ਦੀ ਹੈ। ਕੁਲ ਇਕੱਤੀ ਰਾਗਾਂ ਵਿਚੋਂ ਤੀਹ ਰਾਗਾਂ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੈ। ਸੁਖਮਨੀ ਉਨ੍ਹਾਂ ਦੀ ਸਭ ਤੋਂ ਪ੍ਰਸਿੱਧ ਰਚਨਾ ਹੈ। ਇਸ ਵਿਚ ਗੁਰਮਤਿ ਫਲਸਫੇ ਦੇ ਮੂਲ ਸਿਧਾਤਾਂ ਦੀ ਵਿਆਖਿਆਂ ਹੈ ਅਤੇ ਨਾਲ ਹੀ ਸੰਤ, ਬ੍ਰਹਮ ਗਿਆਨੀ ਅਤੇ ਸਹਿਜ ਸੁਖ ਬਾਰੇ ਹੋਰ ਵੀ ਵੱਧ ਵਿਸਥਾਰ ਹੈ। ਮਿਸਾਲ

ਵਜੋਂ ਗੁਰਮਤਿ ਵਿਚ ਗੁਰੂ ਦੇ ਸੰਕਲਪ ਨੂੰ ਪ੍ਰਮੁੱਖਤਾ ਹਾਸਲ ਹੈ ਅਤੇ ਸੁਖਮਨੀ ਦਾ ਆਰੰਭ ਹੀ ਗੁਰੂ ਦੀ ਮਹਿਮਾ ਨਾਲ ਹੁੰਦਾ ਹੈ।

ਆਦਿ ਗੁਰਏ ਨਮਹ, ਜੁਗਾਦਿ ਗੁਰਏ ਨਮਹ।

ਸਤਿਗੁਰਏ ਨਮਹ, ਸ੍ਰੀ ਗੁਰਦੇਵਏ ਨਮਹ।

ਇਸ ਤੋਂ ਬਾਅਦ ਰਚਨਾ ਆਪਣੇ ਕੇਂਦਰੀ ਵਿਚਾਰਾਂ ਵੱਲ ਪਰੇਰਦੀ ਹੈ ਨਾਮ ਅਤੇ ਨਾਮ ਸਿਮਰਨ ਇਸ ਰਚਨਾ ਦੇ ਕੇਂਦਰੀ ਥੀਮ ਹਨ ਕਿਉਂਕਿ ਨਾਮ ਹੀ ਸੁੱਖ ਦਾ ਆਧਾਰ ਹੈ। ਨਾਮ ਵਿਹੂਣਾ ਮਨੁੱਖ ਤੜਪ, ਲੁੱਛਣੀ ਅਤੇ ਬੇਕਰਾਰੀ ਦੇ ਆਲਮ ਵਿਚ ਰਹਿੰਦਾ ਹੈ। ਸੁਖਮਨੀ ਦੀ ਦੂਜੀ ਵਿਸ਼ੇਸ਼ਤਾ ਆਦਰਸ਼ ਮਨੁੱਖ ਨੂੰ ਸਾਧ, ਸੰਤ, ਬ੍ਰਹਮ ਗਿਆਨੀ ਅਤੇ ਜੀਵਨ-ਮੁਕਤ ਵਿਅਕਤੀ ਦੇ ਰੂਪ ਵਿਚ ਪਰਿਭਾਸ਼ਤ ਕਰਨਾ ਹੈ। ਬ੍ਰਹਮ ਗਿਆਨੀ ਦੇ ਕੀ ਲੱਛਣ ਜਾਂ ਵਿਸ਼ੇਸ਼ਤਾਵਾਂ ਹਨ? ਇਨ੍ਹਾਂ ਵੱਲ ਸੰਕੇਤ ਕਰਦੇ ਗੁਰੂ ਸਾਹਿਬ ਲਿਖਦੇ ਹਨ :

ਮਨਿ ਸਾਚਾ ਮੁਖਿ ਸਾਚਾ ਹੋਇ।

ਅਵਰੁ ਨਾ ਪੇਖੇ ਏਕਸੁ ਬਿਨੁ ਕੋਇ।

ਨਾਨਕ ਇਹ ਲੱਛਣ ਬ੍ਰਹਮ ਗਿਆਨੀ ਹੋਇ।

ਹਉਮੈ ਜਾਂ ਹੰਕਾਰ ਗੁਰਮਿਤ ਕਾਵਿ ਵਲੋਂ ਦਰਸਾਏ ਗਏ ਪੰਜ ਵਿਕਾਰਾਂ ਵਿਚ ਸ਼ਾਮਲ ਹੈ। ਹੰਕਾਰ ਧਨ, ਜੋਬਨ, ਸੁੰਦਰਤਾ ਜਾਂ ਹੋਰ ਦੁਨਿਆਵੀ ਪਦਾਰਥਾਂ ਦਾ ਹੋ ਸਕਦਾ ਹੈ ਪਰ ਇਹ ਸਭ ਕੁਝ ਨਾਸ਼ਮਾਨ ਹੈ। ਮਨੁੱਖ ਜਿਨ੍ਹਾਂ ਵਸਤਾਂ ਦਾ ਮਾਣ ਕਰ ਸਕਦਾ ਹੈ, ਸੁਖਮਨੀ ਵਿਚ ਉਸਨੂੰ ਇਕੱਲੇ ਇਕੱਲੇ ਨੂੰ ਮਿਥ ਕੇ ਉਨ੍ਹਾਂ ਦੀ ਹਕੀਕਤ ਬਿਆਨ ਕੀਤੀ ਗਈ ਹੈ :

ਧਨਵੰਤਾ ਹੋਇ ਕਰਿ ਗਰਬਾਵੈ।

ਤ੍ਰਿਣ ਸਮਾਨਿ ਕਛੁ ਸੰਗਿ ਨਾ ਜਾਵੈ।

ਬਹੁ ਲਸ਼ਕਰ ਮਨੁੱਖ ਉਪਰ ਕਰੈ ਆਸ।

ਪਲ ਭੀਤਰਿ ਤਾ ਕਾ ਹੋਇ ਬਿਨਾਸ।

ਸਭ ਤੇ ਆਪ ਜਾਨੈ ਬਲਵੰਤੁ।

ਖਿਨ ਮਹਿ ਹੋਇ ਜਾਇ ਭਸਮੰਤ।

ਕਿਸੈ ਨ ਬਦੈ ਆਪਿ ਅਹੰਕਾਰੀ।

ਧਰਮ ਰਾਇ ਤਿਸ ਕਰੇ ਖੁਆਰੀ।

ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ।

ਸੋ ਜਨੁ ਨਾਨਕ ਦਰਗਹ ਪਰਵਾਨ।

ਸਮੁੱਚੇ ਗੁਰਮਤਿ ਕਾਵਿ ਵਿਚ ਸਭ ਤੋਂ ਵੱਧ ਬਖਾਨ ਬ੍ਰਹਮ ਜਾਂ ਅਕਾਲ ਪੁਰਖ ਦੇ ਸਰੂਪ ਦਾ ਹੈ। ਗੁਰਮਤਿ ਵਿਚ ਬ੍ਰਹਮ ਦਾ ਨਿਰਗੁਣ ਸਰੂਪ ਹੀ ਪ੍ਰਵਾਨ ਕੀਤਾ ਗਿਆ ਹੈ। ਸੁਖਮਨੀ ਸਾਹਿਬ ਵਿਚ ਵੀ ਬ੍ਰਹਮ ਨੂੰ ਵਿਸ਼ਿਸ਼ਟ ਨਾਵਾਂ ਤੋਂ ਬਿਨਾਂ ਅਨੇਕਾਂ ਸਿਫਤੀ ਨਾਵਾਂ ਨਾਲ ਵੀ ਸੰਬੋਧਨ ਕੀਤਾ ਗਿਆ ਹੈ ਜਿਨ੍ਹਾਂ 'ਚੋਂ ਉਨ੍ਹਾਂ ਦੇ ਗੁਣ, ਲੱਛਣ, ਵਡਿਆਈ ਅਤੇ ਸ਼ਕਤੀ ਦਾ ਬੋਧ ਹੁੰਦਾ ਹੈ। ਇਕ ਉਦਾਹਰਣ ਵੇਖੋ :

ਸਲੋਕ : ਰੂਪੁ ਨ ਰੇਖ ਨ ਰੰਗੁ ਕਿਛੁ,

ਤ੍ਰਿਹ ਗੁਣ ਤੇ ਪ੍ਰਭ ਭਿੰਨ।

ਤਿਸਹਿ ਬੁਝਾਵੇ ਨਾਨਕਾ,

ਜਿਸੁ ਹੋਵੈ ਸੁਪ੍ਰਸੰਨ।

ਅਸਟਪਦੀ : ਅਬਿਨਾਸੀ ਪ੍ਰਭੁ ਮਨਿ ਮਹਿ ਰਾਖੁ।

ਮਾਨੁਖ ਕੀ ਤੂੰ ਪ੍ਰੀਤਿ ਤਿਆਗ ।

ਤਿਸ ਤੇ ਪਰੈ ਨਾਹੀ ਕਿਛੁ ਹੋਇ ।

ਸਰਬ ਨਿਰੰਤਰਿ ਏਕੋ ਸੋਇ।

ਆਪੇ ਬੀਨਾ ਆਪੇ ਦਾਨਾ।

ਗਹਿਰ ਗੰਭੀਰ ਗਹੀਰੁ ਸੁਜਾਨਾ।

ਪਾਰਬ੍ਰਹਮ ਪਰਮੇਸ਼ਰ ਗੋਬਿੰਦ।

ਕ੍ਰਿਪਾ ਨਿਦਾਨ ਦਇਆਲ ਬਖਸੰਦ।

ਧਰਮ ਮਨੁੱਖ ਨੂੰ ਔਗੁਣਾ ਦਾ ਤਿਆਗ ਕਰਨ ਅਤੇ ਸਦਗੁਣ ਧਾਰਨ ਕਰਨ ਦਾ ਵੱਲ ਸਿਖਾਉਂਦਾ ਹੈ। ਏਹੋ ਨੈਤਿਕਤਾ ਹੈ। ਸੁਖਮਨੀ ਸਾਹਿਬ ਵਿਚ ਵੀ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਜਿਹੜਾ ਮਨੁੱਖ ਆਪਣੇ ਆਪ ਨੂੰ ਸਭ ਤੋਂ ਹੀਣਾ ਕਹਿੰਦਾ ਹੈ, ਅਸਲ ਵਿਚ ਉਹੋ ਹੀ ਸਭ ਤੋਂ ਉੱਚਾ ਹੈ । ਸਮਦਰਸੀ ਹੋਣਾ ਵੀ ਨੈਤਿਕਤਾ ਦੇ ਗੁਣਾਂ ਵਿਚ ਸ਼ੁਮਾਰ ਹੁੰਦਾ ਹੈ।

ਆਪਸ ਕਉ ਜੋ ਜਾਣੈ ਨੀਚਾ, ਸੋਉ ਗਨੀਐ ਸਭ ਤੇ ਊਚਾ।

ਜਾ ਕਾ ਮਨੁ ਹੋਇ ਸਗਲ ਕੀ ਰੀਨਾ, ਹਰਿ ਹਰਿ ਨਾਮ ਤਿਨਿ ਘਟਿ ਘਟਿ ਚੀਨਾ।

ਸੂਖ ਦੂਖ ਜਨ ਸਮ ਦ੍ਰਿਸਟੇਤਾ, ਨਾਨਕ ਪਾਪੁ ਪੁੰਨ ਨਹੀ ਲੇਪਾ।

**ਗੁਰੂ ਅਰਜਨ ਦੇਵ ਜੀ : ਜੀਵਨ ਅਤੇ ਰਚਨਾ**

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ। ਆਪ ਇੱਕ ਮਹਾਨ ਸ਼ਖਸ਼ੀਅਤ ਦੇ ਮਾਲਕ ਸਨ। ਜਿਨ੍ਹਾਂ ਦੇ ਪਵਿੱਤਰ ਚਰਨ ਪੰਜਾਬ ਵਰਗੀ ਪਵਿੱਤਰ ਧਰਤੀ ਉੱਤੇ ਪਏ ਅਤੇ ਉਸ ਸਮੇਂ ਦੀ ਸਥਿਤੀ ਵਿੱਚ ਸੁਧਾਰ ਲਿਆਂਦਾ। ਗੁਰੂ ਜੀ ਦੁਆਰਾ ਹੀ ਸਿੱਖ ਕੌਮ ਵਿੱਚ ਸ਼ਹੀਦੀ ਦੀ ਪ੍ਰਥਾ ਸ਼ੁਰੂ ਹੋਈ। ਇਸ ਕਰਕੇ ਗੁਰੂ ਜੀ ਨੂੰ ਸ਼ਹੀਦਾਂ ਦਾ ਸਿਰਤਾਜ ਵੀ ਕਿਹਾ ਜਾਂਦਾ ਹੈ। ਗੁਰੂ ਜੀ ਨੇ ਸਮਾਜ ਦੇ ਕਲਿਆਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਤਾਂ ਜੋ ਸਮਾਜ ਅੰਦਰ ਕ੍ਰਾਂਤੀ ਆ ਸਕੇ। ਇਸ ਲਈ ਸਾਨੂੰ ਇਨ੍ਹਾਂ ਦੇ ਮਹਾਨ ਕਾਰਜਾਂ ਨੂੰ ਨਹੀਂ ਭੁੱਲਣਾ ਚਾਹੀਦਾ। ਇਸ ਮਹਾਨ ਸ਼ਖਸ਼ੀਅਤ ਨੂੰ ਆਪਣੇ ਜੀਵਨ ਅੰਦਰ ਢਾਲਣਾ ਚਾਹੀਦਾ ਹੈ, ਤਾਂ ਜੋ ਅਸੀਂ ਇਨ੍ਹਾਂ ਦੀ ਪਵਿੱਤਰ ਬਾਣੀ ਨੂੰ ਪੜ੍ਹ ਕੇ ਆਪਣਾ ਜੀਵਨ ਸਫ਼ਲਾ ਕਰ ਸਕੀਏ।

ਵੱਖ-ਵੱਖ ਸਾਹਿਤਕਾਰਾਂ ਨੇ ਵੀ ਗੁਰੂ ਜੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ:-

ਜਗਬੀਰ ਸਿੰਘ ਅਨੁਸਾਰ:-

"ਗੁਰੂ ਅਰਜਨ ਦੇਵ ਜੀ ਨੇ ਸਿੱਖ ਸੰਸਥਾ ਨੂੰ ਮਜ਼ਬੂਤ ਕਰਨ ਲਈ ਜਿਹੜਾ ਸਭ ਤੋਂ ਮਹੱਤਵਪੂਰਨ ਉਪਰਾਲਾ ਕੀਤਾ ਉਹ ਆਦਿ ਗ੍ਰੰਥ ਦੀ ਰਚਨਾ ਦੇ ਰੂਪ ਵਿੱਚ ਸਾਹਮਣੇ ਆਇਆ। ਇਹ ਗ੍ਰੰਥ ਸਿੱਖ ਧਰਮ ਵਿੱਚ ਪਾਵਨ ਗ੍ਰੰਥ ਦਾ ਦਰਜ਼ਾ ਰੱਖਦਾ ਹੈ ਪਰ ਇਹ ਇੱਕ ਅਜਿਹਾ ਅਦੁੱਤੀ ਗ੍ਰੰਥ ਹੈ ਜਿਸ ਦਾ ਮਹੱਤਵ ਸਿੱਖਾਂ ਲਈ ਹੀ ਨਹੀ ਸਗੋਂ ਸਮੁੱਚੇ ਭਾਰਤ ਲਈ ਵੀ ਹੈ, ਕਾਰਨ ਇਹ ਹੈ ਕਿ ਇਸ ਵਿੱਚ 12 ਵੀਂ ਸਦੀ ਤੋਂ ਲੈ ਕੇ 14ਵੀਂ ਸਦੀ ਤੱਕ ਦੇ ਪ੍ਰਮੁੱਖ ਧਰਮ ਪ੍ਰਵਰਤਕਾਂ ਦੀ ਰਚਨਾ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।ਇਸ ਵਿੱਚ ਧਰਮ, ਕੌਮ, ਜਾਤ, ਬਿਰਾਦਰੀ, ਫ਼ਿਰਕੇ, ਭਾਸ਼ਾ ਜਾਂ ਖਿੱਤੇ ਦੇ

ਆਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਗਿਆ। ਸਗੋਂ ਉਦਾਰ ਭਾਵਨਾ ਨਾਲ ਸਭ ਨੂੰ ਇੱਕ ਹੀ ਮੰਨਿਆ ਗਿਆ ਹੈ।ਇਸ ਤਰ੍ਹਾਂ ਇਹ ਗ੍ਰੰਥ ਸਮੁੱਚੀ ਮਾਨਵ ਜ਼ਾਤੀ ਨੂੰ ਸਾਂਝੀਵਾਲਤਾ ਦੇ ਸੂਤਰ ਵਿੱਚ ਪ੍ਰੋਣ ਵਾਲਾ ਗ੍ਰੰਥ ਹੋ ਨਿਬੜਦਾ ਹੈ।"10

ਗੁਰੂ ਜੀ ਨੇ ਆਪਣਾ ਜੀਵਨ ਸਮਾਜ ਕਲਿਆਣ ਲਈ ਲਗਾਇਆ।ਉਨ੍ਹਾਂ ਦੇ ਜੀਵਨ ਤੋਂ ਸਾਨੂੰ ਚੰਗਾ ਸੇਵਕ ਬਣਨਾ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਰਹਿਣ ਦੀ ਸਿੱਖਿਆ ਮਿਲਦੀ ਹੈ, ਆਪ ਨੇ ਹਰ ਮੁਸ਼ਕਿਲ ਤੋਂ ਮੁਸ਼ਕਿਲ ਸਮੇਂ ਵਿੱਚ ਹਾਲਾਤਾਂ ਦਾ ਸਾਹਮਣਾ ਕੀਤਾ ਅਤੇ ਪਰਮਾਤਮਾ ਦੇ ਭਾਣੇ ਨੂੰ ਮਿੱਠਾ ਮੰਨਿਆ।ਇਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਪਰਮਾਤਮਾ ਦੀ ਰਜ਼ਾ ਵਿੱਚ ਰਹਿਣਾ ਚਾਹੀਦਾ ਹੈ ਅਤੇ ਆਪਣੇ ਜੀਵਨ ਨੂੰ ਪਰਮਾਤਮਾ ਦੇ ਸਿਮਰਨ ਵਿੱਚ ਲਗਾ ਕੇ ਸਫਲਾ ਕਰਨਾ ਚਾਹੀਦਾ ਹੈ।

ਗੁਰੂ ਜੀ ਨੇ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਅਧਿਆਤਮਕ ਰੰਗਣ ਵਿੱਚ ਰੰਗਿਆ ਹੈ। ਜਿਸ ਦਾ ਅਨੁਮਾਨ ਅਸੀਂ ਗੁਰੂ ਜੀ ਦੀ ਪਵਿੱਤਰ ਬਾਣੀ ਸੁਖਮਨੀ ਸਾਹਿਬ ਤੋਂ ਲਗਾ ਸਕਦੇ ਹਾਂ। ਗੁਰੂ ਜੀ ਨੇ ਪੂਰੀ ਬਾਣੀ ਨੂੰ ਇਕੱਤਰ ਕੀਤਾ ਹੈ ਅਤੇ ਸਦੀਆਂ ਲਈ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਿਆ ਹੈ। ਗੁਰੂ ਜੀ ਨੇ ਵੱਖ-ਵੱਖ ਢੰਗਾਂ ਰਾਹੀਂ ਬਾਣੀ ਨੂੰ ਇਕੱਤਰ ਕੀਤਾ ਅਤੇ ਉਸ ਦੀ ਕਾਂਟ-ਛਾਂਟ ਕਰਕੇ ਪ੍ਰਮਾਣਿਕ ਨਮੂਨੇ ਤਿਆਰ ਕੀਤੇ। ਗੁਰੂ ਜੀ ਨੇ ਲੋੜ ਅਨੁਸਾਰ ਬਾਣੀ ਦੀ ਭਾਸ਼ਾ ਨੂੰ ਸਰਲ ਅਤੇ ਸਾਦੀ ਬਣਾਇਆ।ਇਸ ਨੂੰ ਚੰਗੇ ਅਤੇ ਸ਼ੁੱਧ ਰੂਪ ਵਿੱਚ ਪ੍ਰਕਾਸ਼ਿਤ ਕੀਤਾ।ਸੁਖਮਨੀ ਬਾਣੀ ਵਿੱਚ ਸ਼ਬਦ ਜੋੜਾਂ ਦੀ ਇਕੱਤਰਤਾ ਤਾਂ ਅਜਿਹੀ ਹੈਰਾਨ ਕਰਨ ਵਾਲੀ ਹੈ ਕਿ ਕਿਸੇ ਵੀ ਜੀਵ ਦਾ ਸਿਰ ਆਪਣੇ-ਆਪ ਹੀ ਸਤਿਕਾਰ ਨਾਲ ਹੇਠਾਂ ਝੁਕ ਜਾਂਦਾ ਹੈ। "ਗੁਰੂ ਅਰਜਨ ਦੇਵ ਜੀ ਦਾ ਇਸ ਲੋੜ ਨੂੰ ਅਨੁਭਵ ਕਰਨਾ ਕਿ ਮਹਾਂਪੁਰਸ਼ਾਂ ਦੀ ਮਿਲਦੀ ਰਚਨਾ ਨੂੰ ਇਕੱਤਰ ਕਰਕੇ ਪ੍ਰਮਾਣਿਕਤਾ ਸਹਿਤ ਥਾਂ ਸਿਰ ਸੰਕਲਿਤ ਕਰ ਦਿੱਤਾ ਜਾਵੇ ਆਪਣੇ ਆਪ ਵਿੱਚ ਹੀ ਇੱਕ ਬੜਾ ਮਹਾਨ ਆਦਰਸ਼ ਸੀ।ਹਰ ਜ਼ਿਉਂਦੀ ਜਾਗਦੀ ਕੌਮ ਨੂੰ ਧਾਰਮਿਕ ਅਤੇ ਸਮਾਜਿਕ ਅੰਦੋਲਨਾ ਦੀ ਅਗਵਾਈ ਲਈ ਕਿਸੇ ਨਾ ਕਿਸੇ ਸਿਧਾਂਤ ਦੀ ਸਾਹਿਤ ਦੀ ਲੋੜ ਹੁੰਦੀ ਹੈ ਅਤੇ ਸਾਹਿਤਕਾਰਾਂ ਨੇ ਉਨ੍ਹਾਂ ਦੀ ਇਸ ਇਸ ਲੋੜ ਨੂੰ ਪੂਰਾ ਕੀਤਾ ਹੈ।"11

ਗੁਰੂ ਸਹਿਬਾਨਾਂ ਵਿਚੋਂ ਸਾਡੀ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੇ ਗੁਰਮਤਿ ਕਾਵਿ ਧਾਰਾ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ। ਗੁਰੂ ਅਰਜਨ ਦੇਵ ਜੀ ਚੌਥੇ ਗੁਰੂ ਗੁਰੂ ਰਾਮਦਾਸ ਜੀ ਦੇ ਸਪੁੱਤਰ ਸਨ। ਆਪ ਦਾ ਜਨਮ 15 ਅਪ੍ਰੈਲ 1563 ਈ. ਨੂੰ ਮਾਤਾ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਸਾਹਿਬ ਵਿਖੇ ਹੋਇਆ। "ਆਪ ਨੇ ਮੁੱਢਲੀ ਵਿਦਿੱਆ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਹੀ ਇਕ ਕੇਸੋ ਗੁਪਾਲ ਪੰਡਤ ਰਹਿੰਦਾ ਸੀ। ਉਸ ਕੋਲੋਂ ਗੁਰੂ ਜੀ ਨੇ ਮੁੱਢਲੀ ਵਿਦਿੱਆ ਪ੍ਰਾਪਤ ਕੀਤੀ। ਆਪ ਜੀ ਦੀ ਬਾਣੀ ਤੋਂ ਵੀ ਸਪਸ਼ਟ ਹੈ ਕਿ ਆਪ ਕੇਂਦਰੀ ਪੰਜਾਬੀ ਤੇ ਕਈ ਹੋਰ ਦੁਆਬੀ, ਮੁਲਤਾਨੀ ਆਦਿ ਉਪ ਬੋਲੀਆਂ ਨੂੰ ਛੱਡ ਕੇ ਸੰਸਕ੍ਰਿਤੀ, ਫ਼ਾਰਸੀ ਤੇ ਹੋਰ ਭਾਰਤੀ ਬੋਲੀਆਂ ਆਦਿ ਤੋਂ ਵੀ ਚੰਗੀ ਤਰ੍ਹਾਂ ਜਾਣੂ ਸਨ।"12ਪਹਿਲੇ ਗਿਆਰ੍ਹਾਂ ਵਰ੍ਹੇ ਆਪ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਆਪਣੇ ਨਾਨਾ ਸ੍ਰੀ ਗੁਰੂ ਅਮਰਦਾਸ

ਜੀ ਪਾਸ ਗੁਜ਼ਾਰੇ। ਇਥੇ ਹੀ ਆਪ ਨੂੰ ਗੁਰੂ ਅਮਰਦਾਸ ਜੀ ਪਾਸੋਂ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਪ੍ਰਾਪਤ ਹੋਇਆ ਸੀ।

ਗਿਆਰ੍ਹਾਂ ਵਰ੍ਹੇ ਦੇ ਪਿਛੋਂ ਆਪ ਆਪਣੇ ਪਿਤਾ, ਚੌਥੇ ਸਤਿਗੁਰੂ ਪਾਸ ਚੱਕ ਰਾਮਦਾਸਪੁਰ ਵਿਖੇ ਪਹੁੰਚ ਗਏ ਅਤੇ ਗੁਰੂ ਘਰ ਦੀ ਸੇਵਾ ਨੂੰ ਸਮਰਪਿਤ ਹੋ ਗਏ। ਗੁਰੂ ਅਰਜਨ ਜੀ ਨੇ ਆਪ ਨੂੰ ਹਰ ਤਰ੍ਹਾਂ ਨਾਲ ਯੋਗ ਜਾਣ ਕੇ 1581 ਵਿਚ ਗੁਰੂਪਦਸੌਂਪ ਦਿੱਤਾ। ਆਪ ਨੇ ਅਕਤੂਬਰ 1588 ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ ਸਾਈਂ ਮੀਆਂ ਮੀਰ ਚਿਸ਼ਤੀ ਪਾਸੋਂ ਰਖਵਾਇਆ। ਆਪ ਜੀ ਨੇ ਹਰ ਇਕ ਨੂੰ ਬਰਾਬਰ ਦਾ ਦਰਜ਼ਾ ਦਿੱਤਾ। ਇਸੇ ਕਰਕੇ ਆਪ ਨੇ ਹਰਮਿੰਦਰ ਸਾਹਿਬ ਦੇ ਚਾਰੇ ਦਿਸ਼ਾਵਾਂ ਵਿਚ ਦਰਵਾਜ਼ੇ ਰੱਖੇ।ਇਸ ਤੋਂ ਬਾਅਦ ਦੂਜਾ ਮਹਾਨ ਕਾਰਜ ਸੰਤੋਖਸਰ ਦਾ ਸਰੋਵਰ ਦਾ ਵੀ ਕੰਮ ਸਿਰੇ ਚੜ੍ਹਿਆ। ਤਰਨ ਤਾਰਨ ਸਾਹਿਬ ਵਿਖੇ ਪਵਿੱਤਰ ਸਰੋਵਰ ਦਾ ਨਿਰਮਾਣ ਕਰਵਾਇਆ ਅਤੇ ਕਰਤਾਰਪੁਰ ਆਦਿ ਕੁੱਝ ਨਵੇਂ ਸ਼ਹਿਰ ਵਸਾਏ। ਆਪ ਜੀ ਨੇ ਬਿਨ੍ਹਾਂ ਕਿਸੇ ਨਸਲੀ, ਮਜ਼ਬੀ ਅਤੇ ਉੱਚ ਨੀਚ ਦੇ ਭਿੰਨ ਭੇਦ ਤੋਂ ਉੱਪਰ ਉੱਠ ਕੇ ਇਕ ਸਾਂਝਾ ਮਹਾਨ ਗ੍ਰੰਥ ਪ੍ਰਦਾਨ ਕੀਤਾ।

ਆਪ ਨੇ 1604 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕੀਤੀ। ਇਸ ਮਹਾਨ ਗ੍ਰੰਥ ਵਿਚ ਆਪਣੇ ਸਮੇਤ ਪੰਜ ਗੁਰੂ ਸਾਹਿਬਾਨ, ਪੰਦਰਾਂ ਭਗਤਾਂ, ਚਾਰ ਗੁਰਸਿਖਾਂ ਅਤੇ ਗਿਆਰਾਂ ਭੱਟ ਕਵੀਆਂ ਦੀ ਬਾਣੀ ਸ਼ਾਮਲ ਕੀਤੀ ਗਈ। ਗੁਰੂ ਅਰਜਨ ਦੇਵ ਜੀ ਨੇ ਅਮੀਰ ਖੁਸਰੋ ਨੂੰ ਆਪਣੇ ਕੋਲ ਪਨਾਹ ਦਿੱਤੀ। ਜਿਸ ਕਾਰਨ ਜਹਾਂਗੀਰ ਗੁਰੂ ਜੀ ਦੇ ਸਖ਼ਤ ਵਿਰੋਧ ਵਿਚ ਸੀ। "ਆਪ ਜੀ ਦੀ ਗੁਰਗੱਦੀ ਦੇ ਕੁਲ 24 ਸਾਲ ਤੇ 9 ਮਹੀਨੇ ਬੈਠੇ ਅਤੇ 30 ਮਈ 1606 (2 ਹਾੜ, ਜੇਠ ਸਦੀ 4 ਸੰਮਤ 1663) ਨੂੰ ਲਾਹੌਰ ਰਾਵੀ ਦੇ ਕਿਨਾਰੇ ਜਿਥੇ ਗੁਰਦੁਆਰਾ ਡੇਹਰਾ ਸਾਹਿਬ ਜਹਾਂਗੀਰ ਬਾਦਸ਼ਾਹ ਦੇ ਹੁਕਮ ਨਾਲ ਤਸੀਹੇ ਦੇ ਕੇ ਸ਼ਹੀਦ ਕੀਤੇ ਗਏ। ਇਸੇ ਸਮੇਂ ਆਪ ਜੀ ਦੀ ਉਮਰ 43 ਸਾਲ 1 ਮਹੀਨਾ 15 ਦਿਨ ਸੀ।"13ਉਸ ਨੇ ਗੁਰੂ ਅਰਜਨ ਦੇਵ ਜੀ ਵਰਗੇ ਲੋਕ ਸੇਵਕ, ਧਰਮ ਗੁਰੂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਪਰ ਗੁਰੂ ਜੀ ਦੀ ਆਤਮਾ ਡੋਲ੍ਹੀ ਨਹੀਂ ਸਗੋਂ ਪਰਮਾਤਮਾ ਦਾ ਭਾਣਾ ਮੰਨਿਆ।

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਦੀਆਂ ਬਾਣੀਆਂ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਆਪ ਜੀ ਦੀ ਬਾਣੀ 30 ਰਾਗਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਹੈ। ਮੂਲ ਰੂਪ ਵਿੱਚ ਅਸ਼ਟਪਦੀਆਂ, ਸ਼ਲੋਕਾਂ, ਪਦਿਆਂ ਅਤੇ ਛੰਦਾਂ ਦੇ ਰੂਪ ਵਿੱਚ ਬਾਣੀ ਦਰਜ ਹੈ। ਗੁਰੂ ਦੀਆਂ ਸਭ ਤੋਂ ਵੱਡੇ ਅਕਾਰ ਦੀਆਂ ਬਾਣੀਆਂ ਬਾਰਾਮਾਹ, ਥਿਤੀ, ਸੁਖਮਨੀ ਸਾਹਿਬ, ਬਾਵਨ ਅੱਖਰੀ, ਦਿਨ ਰੈਣ ਆਦਿ ਹਨ। ਗੁਰੂ ਜੀ ਦੀਆਂ ਛੇ ਵਾਰਾਂ ਵੀ ਮਿਲਦੀਆਂ ਹਨ। ਇਸ ਤੋਂ ਇਲਾਵਾ ਸੋਹਿਲੇ, ਗੁਣਵੰਤੀ ਗਾਥਾ, ਫੁਨਹੇ, ਬਿਰਹੜੇ ਆਦਿ ਹਨ। ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:-

ਪਹਰੇ:-

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਹਰੇ ਬਾਣੀ ਸ਼੍ਰੀ ਰਾਗ ਵਿੱਚ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਨੇ ਪਹਰੇ ਬਾਣੀ ਦੇ ਪੰਜ ਬੰਦ ਦੱਸੇ ਹਨ, ਭਾਵ ਕਿ ਮਨੁੱਖ ਦੇ ਜੀਵਨ ਨੂੰ ਪੰਜ ਪਹਿਰਾਂ ਵਿੱਚ ਵੰਡਿਆ ਹੈ ਅਤੇ ਬਾਣੀ ਦੁਆਰਾ ਸਮਝਾਉਣ ਦਾ ਯਤਨ ਕੀਤਾ ਹੈ।ਉਹ ਸੰਸਾਰ ਅੰਦਰ ਆ ਕੇ ਪਰਮਾਤਮਾ ਤੋਂ ਟੁੱਟ ਜਾਂਦਾ ਹੈ ਅਤੇ ਆਪਣੇ ਜੀਵਨ ਨੂੰ ਵਿਅਰਥ ਕਰਕੇ ਸੰਸਾਰ ਤੋਂ ਚਲਾ ਜਾਂਦਾ ਹੈ।ਇਸ ਬਾਣੀ ਵਿੱਚ ਮਨੁੱਖ ਨੂੰ ਵਣਜਾਰੇ ਦਾ ਨਾਮ ਦਿੱਤਾ ਹੈ ਅਰਥਾਤ ਕਿ ਉਹ ਇਸ ਦੁਨੀਆ ਅੰਦਰ ਪਰਮਾਤਮਾ ਦੇ ਨਾਮ ਦਾ ਵਣਜ ਕਰਣ ਆਇਆ ਹੈ। ਉਹ ਵਣਜ ਜੋ ਕਦੇ ਵੀ ਨਾਮ ਨਹੀਂ ਹੁੰਦੇ ਹਮੇਸ਼ਾ ਮਨੁੱਖ ਦੇ ਨਾਲ ਹੀ ਰਹਿੰਦਾ ਹੈ। ਪਰ ਮਨੁੱਖ ਦੁਨੀਆਂ ਅੰਦਰ ਆ ਕੇ ਸੰਸਾਰਿਕ ਵਸਤੂਆਂ ਵਿੱਚ ਪੈ ਕੇ ਉਹ ਆਪਣੇ ਜੀਵਨ ਨੂੰ ਵਿਅਰਥ ਨਾ ਕਰੇ। ਆਪਣੇ ਜੀਵਨ ਦੇ ਰਹਿੰਦੇ-ਰਹਿੰਦੇ ਪਰਮਾਤਮਾ ਦਾ ਨਾਮ ਸਿਮਰਨ ਕਰੇ ਅਤੇ ਸੱਚੇ ਨਾਮ ਦਾ ਵਣਜ ਕਰੇ। ਜਿਸ ਨਾਲ ਉਸ ਦਾ ਲੋਕ ਅਤੇ ਪ੍ਰਲੋਕ ਦੋਨੋ ਹੀ ਸੁਖਾਲੇ ਹੋਣ।

ਬਾਰਾਮਾਹ:-

ਇਸ ਬਾਣੀ ਦਾ ਅਰਥ ਹੈ ਬਾਰਾਂ ਮਹੀਨਿਆਂ ਦਾ ਵਰਣਨ। ਗੁਰੂ ਨਾਨਕ ਦੇਵ ਜੀ ਨੇ ਵੀ ਇਸ ਬਾਣੀ ਦੀ ਰਚਨਾ ਕੀਤੀ। ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਵਿੱਚ 14 ਬੰਦ ਪੇਸ਼ ਕੀਤੇ ਹਨ।ਹਰੇਕ ਬੰਦ ਦਾ ਵਰਣਨ ਹਰੇਕ ਮਹੀਨੇ ਦੇ ਨਾਲ ਕੀਤਾ ਗਿਆ ਹੈ।ਇਸ ਦੇ ਪਹਿਲੇ ਬੰਦ ਵਿੱਚ ਆਤਮਾ ਰੂਪੀ ਇਸਤਰੀ ਦਾ ਪਰਮਾਤਮਾ ਤੋਂ ਦੂਰ ਹੋ ਜਾਣ ਕਾਰਨ ਉਸ ਦੇ ਵਿਛੋੜੇ ਵਿੱਚ ਤੜਫਦੀ ਹੈ ਅਤੇ ਆਪਣੇ ਮਾੜੇ ਕਰਮਾਂ ਨੂੰ ਕੋਸਦੀ ਹੈ। ਜਿਨ੍ਹਾਂ ਕਾਰਨ ਉਹ ਪਰਮਾਤਮਾ ਤੋਂ ਦੂਰ ਹੋਈ ਹੁੰਦੀ ਹੈ। "ਪਹਿਲੇ ਬੰਦ ਤੋਂ ਬਾਅਦ 12 ਬੰਦ ਚੇਤ ਦੇ ਮਹੀਨੇ ਤੋਂ ਲੈ ਕੇ ਫੱਗਣ ਦੇ ਮਹੀਨਿਆਂ ਦੇ ਨਾਵਾਂ ਅਨੁਸਾਰ ਸਤਿਗੁਰੂ ਜੀ ਦਾ ਅਧਿਆਤਮਕ ਉਪਦੇਸ਼ ਦਰਸਾਉਂਦੇ ਹਨ ਕਿ ਪ੍ਰਭੁ ਕੰਤ ਦਾ ਮੇਲ ਦੁਹਾਗਣ ਇਸਤਰੀ ਨੂੰ ਕਿਵੇਂ ਹੋਵੇ ਤਾਂ ਜੋ ਉਹ ਸੁਹਾਗਣ ਹੋ ਜਾਏ।"14ਇਸੇ ਤਰ੍ਹਾਂ 14 ਬੰਦ ਵਿੱਚ ਪਰਮਾਤਮਾ ਦੀ ਮੇਹਰ ਦੁਆਰਾ ਹੀ ਅਸੀਂ ਪਰਮਾਤਮਾ ਦਾ ਨਾਮ ਸਿਮਰਨ ਕਰਕੇ ਉਸ ਨੂੰ ਆਪਣੇ ਜੀਵਨ ਅੰਦਰ ਪਾਇਆ ਹੈ। ਅਰਥਾਤ ਪਰਮਾਤਮਾ ਦੀ ਮੇਹਰ ਨੂੰ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਹੈ।

ਬਾਵਨ ਅੱਖਰੀ:-

ਵਰਣਮਾਲਾ ਦੇ ਅੱਖਰਾਂ ਤੋਂ ਹੀ ਇਸ ਬਾਣੀ ਦਾ ਨਾਮਕਰਨ ਹੋਇਆ ਹੈ। ਅਰਥਾਤ ਬਾਵਨ ਅੱਖਰੀ ਸੰਸਕ੍ਰਿਤ ਦੇ 52 ਅੱਖਰਾਂ ਉੱਤੇ ਅਧਾਰਿਤ ਹੈ ਇਸ ਕਰਕੇ ਇਸ ਦਾ ਨਾਮ ਬਾਵਨ ਅੱਖਰੀ ਰੱਖਿਆ ਗਿਆ ਹੈ। ਪਰ ਇਸ ਦੇ ਬੋਲ ਸੰਸਕ੍ਰਿਤ ਅੱਖਰਾਂ ਵਾਲੇ ਨਹੀਂ ਹਨ। ਇਸ ਦਾ ਉਚਾਰ ਢੰਗ ਪੰਜਾਬੀ ਵਾਲਾ ਹੈ।ਇਸ ਬਾਣੀ ਦੇ ਮੁੱਢ ਅਤੇ ਅੰਤ ਵਿੱਚ ਇੱਕ-ਇੱਕ ਸਲੋਕ ਹੈ। "ਗੁਰੂ ਅਰਜਨ ਦੇਵ ਜੀ ਦੀ ਬਾਵਨ ਅੱਖਰੀ ਬਾਣੀ ਵਿੱਚ ਸਲੋਕ ਅਤੇ ਪਾਉੜੀਆਂ ਹਨ। ਕਹਿੰਦੇ ਹਨ ਕਿ ਮਾਤਾ ਗੰਗਾ ਜੀ ਨੇ ਇੱਕ ਦਿਨ ਗੁਰੂ ਅਰਜਨ ਦੇਵ ਜੀ ਨੂੰ ਕਿਹਾ ਕਿ ਕੋਈ ਆਤਮਾ ਦੇ ਪਹਿਰਣ ਲਈ ਭੂਕਣ ਮੈਨੂੰ ਬਖਸ਼ੋ ਤਦ ਸਤਿਗੁਰੂ ਜੀ ਨੇ ਇਹ ਬਾਣੀ ਉਚਾਰੀ ਤੇ ਸਾਰੀਆਂ ਸੰਗਤਾਂ ਵਿੱਚ ਇਸ ਦਾ ਪ੍ਰਚਾਰ

ਹੋਇਆ।"15ਇਹ ਬਾਣੀ ਲੰਮੀ ਹੋਣ ਕਰਕੇ ਸਾਰੇ ਸਿਧਾਂਤਾਂ ਤੋਂ ਜਾਣੂ ਕਰਾਉਂਦੀ ਹੈ। ਇਸ ਬਾਣੀ ਵਿੱਚ ਪਰਮਾਤਮਾ ਦੇ ਸਰੂਪ ਬਾਰੇ ਦੱਸਿਆ ਗਿਆ ਹੈ ਕਿ ਪਰਮਾਤਮਾ ਸਰਵ ਵਿਆਪਕ ਹੈ ਅਰਥਾਤ ਆਪ ਹੀ ਸਾਰੇ ਜੀਵਾਂ ਵਿੱਚ ਪ੍ਰਵੇਸ਼ ਕਰਦਾ ਹੈ। ਉਸ ਦੇ ਹੁਕਮ ਨਾਲ ਹੀ ਸਾਰਾ ਕੁੱਝ ਹੁੰਦਾ ਹੈ। ਉਸ ਦੇ ਹੁਕਮ ਤੋਂ ਬਿਨਾਂ ਕੁੱਝ ਵੀ ਸੰਭਵ ਨਹੀਂ ਹੈ। ਪਰਮਾਤਮਾ ਹੀ ਸਾਰੇ ਜੀਵਾਂ ਦੇ ਲੇਖ ਲਿਖਦਾ ਹੈ ਅਤੇ ਉਹ ਉਸ ਦੁਆਰਾ ਹੀ ਜੀਵਨ ਵਿੱਚ ਵਿਚਰਦੇ ਹਨ।

ਦੁਨੀਆਂ ਦੇ ਇਸ ਸਾਰੇ ਤਾਣੇ-ਬਾਣੇ ਅੰਦਰ ਉਸ ਦਾ ਜੀ ਨਿਵਾਸ ਹੈ।ਉਹ ਇਸ ਸ਼੍ਰਿਸ਼ਟੀ ਦੇ ਕਣ ਕਣ ਵਿੱਚ ਮੌਜੂਦ ਹੈ ਪਰਮਾਤਮਾ ਹੀ ਮਨੁੱਖ ਨੂੰ ਇਸ ਦੁਨੀਆਂ ਵਿੱਚ ਜਨਮ ਦਿੰਦਾ ਹੈ, ਤਾਂ ਜੋ ਉਹ ਪਰਮਾਤਮਾ ਦਾ ਨਾਮ ਸਿਮਰਨ ਕਰੇ। ਗੁਰੂ ਦੀ ਸੇਵਾ ਕਰਕੇ ਆਪਣੇ ਜੀਵਨ ਨੂੰ ਸਫ਼ਲ ਕਰੇ। ਪਰ ਮਨੁੱਖ ਇਸ ਸੰਸਾਰ ਵਿੱਚ ਆ ਕੇ ਪਰਮਾਤਮਾ ਨਾਲ ਕੀਤੇ ਹੋਏ ਵਾਅਦੇ ਨੂੰ ਭੁੱਲ ਜਾਂਦਾ ਹੈ ਅਤੇ ਮਾਇਆ ਵਿੱਚ ਫਸ ਕੇ ਆਪਣੇ ਪੂਰੇ ਜੀਵਨ ਨੂੰ ਨਸ਼ਟ ਕਰ ਲੈਂਦਾ ਹੈ। ਇਸ ਬਾਣੀ ਦੀ ਅੰਤਲੀ ਪਉੜੀ ਵਿੱਚ ਪ੍ਰਭੂ ਅੱਗੇ ਬੇਨਤੀ ਕੀਤੀ ਗਈ ਹੈ ਕਿ ਅਸੀਂ ਤੇਰੇ ਨਾਮ ਦੀ ਪ੍ਰਾਪਤੀ ਕਰਨੀ ਹੈ। ਸਾਡੇ ਉੱਪਰ ਮੇਹਰ ਕਰੀ ਅਸੀਂ ਵੀ ਆਪਣੇ ਜੀਵਨ ਨੂੰ ਚੰਗੇ ਕੰਮਾਂ ਵਿੱਚ ਲਗਾ ਕੇ ਸਾਰਥਕ ਬਣਾਈਏ। ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਸਾਡੇ ਜੀਵਨ ਅੰਦਰ ਪਰਮਾਤਮਾ ਦਾ ਨਿਵਾਸ ਹੋਵੇ।

ਦਿਨ ਰੈਣ:-

ਇਹ ਰਚਨਾ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਅਤੇ ਪਵਿੱਤਰ ਰਚਨਾ ਹੈ। ਜਿਸ ਵਿੱਚ ਦਿਨ ਰਾਤ ਵਿੱਚ ਹੋਣ ਵਾਲੇ ਕੰਮ ਧੰਦਿਆਂ ਬਾਰੇ ਦੱਸਿਆ ਗਿਆ ਹੈ ਭਾਵ ਦਿਨ ਅਤੇ ਰਾਤ 24 ਘੰਟਿਆਂ ਅੰਦਰ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੀ ਲੇਖੇ ਵਿੱਚ ਲੱਗਦਾ ਹੈ। ਇਸ ਕਰਕੇ ਇਸ ਰਚਨਾ ਦਾ ਨਾਮ ਦਿਨਰੈਣ ਰੱਖਿਆ ਗਿਆ ਹੈ। ਇਸ ਦਾ ਇੱਕ ਹੀ ਸ਼ਬਦ ਹੈ। ਅੱਗੇ ਜਾ ਕੇ ਇਸ ਸ਼ਬਦ ਦੇ ਚਾਰ ਬੰਦ ਮਿਲਦੇ ਹਨ ਅਤੇ ਹਰ ਬੰਦ ਦਾ ਆਪਣਾ ਮਹੱਤਵ ਹੈ। ਇਸ ਬਾਣੀ ਦਾ ਮੂਲ ਵਿਸ਼ਾ ਹੈ ਕਿ ਦਿਨ ਰਾਤ ਹਮੇਸ਼ਾਂ ਆਪਣੇ ਸਤਿਗੁਰੂ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ, ਅਤੇ ਉਸ ਨੂੰ ਹਮੇਸ਼ਾਂ ਆਪਣੇ ਅੰਗ ਸੰਗ ਹੀ ਸਮਝਣਾ ਚਾਹੀਦਾ ਹੈ, ਤਾਂ ਹੀ ਅਸੀਂ ਆਪਣੇ ਜੀਵਨ ਦੇ ਉਦੇਸ਼ ਨੂੰ ਪ੍ਰਾਪਤ ਕਰ ਸਕਦੇ ਹਾਂ। ਹਮੇਸ਼ਾ ਪ੍ਰਮਾਤਮਾ ਦੇ ਚਰਨਾ ਵਿੱਚ ਅਰਦਾਸ ਕਰਨੀ ਚਾਹੀਦੀ ਹੈ ਕਿ ਮੈਨੂੰ ਕਦੇ ਵੀ ਆਪਣੇ ਚਰਨ ਕਮਲਾਂ ਤੋਂ ਦੂਰ ਨਾ ਕਰੀਂ। ਇਹ ਸਾਰਾ ਸੰਸਾਰ ਨਾਸ਼ਵਾਨ ਹੈ ਸਿਰਫ ਤੇਰਾ ਹੀ ਰਿਸ਼ਤਾ ਸੱਚਾ ਹੈ ਅਤੇ ਪਵਿੱਤਰ ਹੈ।ਤੂੰ ਹੀ ਸਾਰੇ ਦੁੱਖਾਂ ਦਾ ਹਲ ਕਰ ਸਕਦਾ ਹੈ ਅਤੇ ਮੇਰੀਆਂ ਗਲਤੀਆਂ ਬਖਸ਼ ਸਕਦਾ ਹੈ।

ਇਸ ਬਾਣੀ ਅੰਦਰ ਇੱਕ ਆਤਮਾ ਦੀ ਪੁਕਾਰ ਹੈ ਕਿ ਹੇ ਪ੍ਰਭੂ ਮੈਂ ਜਿਸ ਤਰ੍ਹਾਂ ਦਾ ਵੀ ਹਾਂ ਤੇਰਾ ਹਾਂ ਤੇਰੇ ਬਿਨ੍ਹਾਂ ਮੇਰਾ ਕੋਈ ਵੀ ਨਹੀਂ ਹੈ। ਮੈਨੂੰ ਕਦੇ ਵੀ ਆਪਣੇ ਚਰਨਾਂ ਤੋਂ ਦੂਰ ਨਾ ਕਰੀਂ। ਇੱਕ ਆਤਮਾ ਦੇ ਭਾਵ ਪੇਸ਼ ਕੀਤੇ ਗਏ ਹਨ। ਮਨੁੱਖ ਨੂੰ ਪਰਮਾਤਮਾ ਦੇ ਸੱਚੇ ਅਤੇ ਪਵਿੱਤਰ ਰਿਸ਼ਤੇ ਬਾਰੇ ਜਾਣੂ ਕਰਵਾਇਆ ਗਿਆ ਹੈ। ਕਿ ਭਾਵੇਂ ਦਿਨ ਹੁਵੇ ਜਾਂ ਰਾਤ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਪਰਮਾਤਮਾ ਤੱਕ ਪਹੁੰਚ ਸਕਦੇ ਹਾਂ।

ਸੁਖਮਨੀ ਬਾਣੀ:-

ਗੁਰੂ ਅਰਜਨ ਦੇਵ ਜੀ ਨੇ ਹੋਰ ਸਾਰੇ ਬਾਣੀਕਾਰਾਂ ਨਾਲੋ ਵੱਧ ਬਾਣੀ ਰਚੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦੁਆਰਾ ਰਚੇ ਗਏ 2218 ਸ਼ਬਦ ਸੰਕਲਿਤ ਹਨ। ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਸ਼ਾਹਕਾਰ ਰਚਨਾ 'ਸੁਖਮਨੀ' ਬਾਣੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਰਾਗ ਵਿਚ ਦਰਜ ਹੈ।ਇਸ ਬਾਣੀ ਵਿਚ 24 ਸ਼ਲੋਕ ਅਤੇ 24 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਵਿਚ 8 ਪਦੇ ਹਨ ਤੇ ਹਰ ਪਦੇ ਵਿਚ 10 ਤੁਕਾਂ ਹਨ। ਅਸ਼ਟਪਦੀ ਦੇ ਆਰੰਭ ਵਿਚ ਇਕ ਸ਼ਲੋਕ ਆਉਂਦਾ ਹੈ। ਸ਼ਲੋਕ ਵਿਚਸਮੁੱਚੇ ਤੌਰ ਤੇ ਅਸ਼ਟਪਦੀ ਦਾ ਭਾਵ ਆ ਜਾਂਦਾ ਹੈ। ਪਹਿਲੀ ਅਸ਼ਟਪਦੀ ਦੀ ਰਹਾਉ ਦੀ ਤੁਕ ਵਿਚ ਇਸ ਬਾਣੀ ਦਾ ਕੇਂਦਰੀ ਖਿਆਲ ਦਰਜ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ॥

ਭਗਤ ਜਨਾ ਕੈ ਮਨਿ ਬਿਸਰਾਮ॥

ਅਰਥਾਤ ਪ੍ਰਭੂ ਦਾ ਨਾਮ ਸਭ ਸੁੱਖਾਂ ਦਾ ਮੂਲ ਹੈ ਅਤੇ ਇਹ ਭਗਤਾਂ ਦੇ ਹਿਰਦੇ ਵਿਚ ਹੁੰਦਾ ਹੈ। ਜਿਥੇ ਪਹਿਲੀ ਅਸ਼ਟਪਦੀ ਵਿਚ ਨਾਮ ਸਿਮਰਨ ਦੀ ਮਹਿਮਾ ਦੱਸੀ ਹੈ, ਉਥੇ ਹੀ ਅੰਤਲੀ ਅਸ਼ਟਪਦੀ ਵਿਚ ਸੁਖਮਨੀ ਦੇ ਪਾਠ ਦੇ ਫਲ ਤੋਂ ਜਾਣੂ ਕਰਵਾਇਆ ਹੈ ਤੇ ਇਸ ਨੂੰ ਸੁਖ ਸ਼ਾਂਤੀ ਦੀ ਦਾਤੀ ਦਸਿਆ ਹੈ। ਕਈ ਅਸ਼ਟਪਦੀਆਂ ਤਾਂ ਪੂਰੀਆਂ ਦੀਆਂ ਪੂਰੀਆਂ ਹੀ ਇਕੋ ਸਿਰਲੇਖ ਦੀ ਹੀ ਵਿਆਖਿਆ ਕਰ ਦੀਆਂ ਹਨ ਜਿਵੇਂ ਕਿ ਸਤਵੀਂ 'ਸਾਧ' ਅਠਵੀਂ 'ਬ੍ਰਹਮ ਗਿਆਨੀ' 'ਸੰਤ ਦੀ ਨਿੰਦਾ' ਤੇ ਨੌਵੀਂ 'ਸੰਤ' ਆਦਿ ਦੀ ਵਿਆਖਿਆ ਕਰਦੀਆ ਹਨ। ਭਾਵ ਕਿ ਸੁਖਮਨੀ ਬਾਣੀ ਵਿਚ ਸਾਧ ਬਾਰੇ ਦੱਸਿਆ ਗਿਆ ਅਤੇ ਗੁਰੂ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ ਕਿ ਸਾਡੇ ਜੀਵਨ ਅੰਦਰ ਗੁਰੂ ਦੀ ਕੀ ਮਹੱਤਤਾਹੈ। ਅਸ਼ਟਪਦੀ 1, 2 ਅਤੇ 3 ਵਿਚ ਨਾਮ ਦੀ ਮਹਿਮਾ ਦਸੀ ਗਈ ਹੈ। ਹਰਿ ਸਿਮਰਨ ਵਿਚ ਪ੍ਰਭੂ ਆਪ ਨਿਰੰਕਾਰ ਹੁੰਦਾ ਹੈ, ਇਸ ਨਾਲ ਹੀ ਸਭ ਲੋੜਾਂ ਦੀ ਪੂਰਤੀ ਹੁੰਦੀ ਹੈ, ਵਿਘਨਾਂ ਦਾ ਨਾਸ਼ ਹੁੰਦਾ ਹੈ, ਮੌਤ ਉਪਰੰਤ ਕਸ਼ਟ ਨਹੀਂ ਝਲਣੇ ਪੈਂਦੇ, ਯਮ-ਮਾਰਗ ਸੁਖਲਾ ਹੋ ਜਾਂਦਾ ਹੈ। ਪਰ ਇਹ ਸਾਰਾ ਕੁੱਝ ਨਾਮ ਸਿਮਰਨ ਦੁਆਰਾ ਹੀ ਸੰਭਵ ਹੈ। ਨਾਮ ਸਿਮਰਨ ਅਸੀਂ ਤਾਂ ਹੀ ਕਰ ਸਕਦੇ ਹਾਂ ਜੇ ਅਸੀਂ ਸਤਿਗੁਰੂ ਦੁਆਰਾ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਦੇ ਹਾਂ। ਸੁਖਮਨੀ ਬਾਣੀ ਸਾਨੂੰ ਇਹਹੀ ਸਮਝ ਰਹੀ ਹੈ। ਨਾਮ ਸਭ ਜਪਾਂ, ਤਪਾਂ, ਗਿਆਨਾਂ, ਧਿਆਨਾਂ ਆਦਿ ਨਾਲੋਂ ਸ੍ਰੇਸ਼ਟ ਹੈ, ਮਨ ਦੀ ਮੈਲ ਨੂੰ ਕੇਵਲ ਪ੍ਰਭੂਦਾ ਨਾਮ ਹੀ ਦੂਰ ਕਰਨ ਦੇ ਸਮਰਥ ਹੈ। ਅਸ਼ਟਪਦੀ 7, 8 ਅਤੇ 9 ਵਿਚ ਨਾਮ ਜਪ ਕੇ ਬਣੇ ਸਾਧ, ਬ੍ਰਹਮ ਗਿਆਨੀ ਤੇਹੋਰ ਗੁਰਮੁਖ ਜਨਾਂ ਦਾ ਜ਼ਿਕਰ ਹੈ ਕਿ ਇਹ ਸਾਰੇ ਪ੍ਰਭੂ ਰੂਪ ਹੀ ਹੁੰਦੇ ਹਨ। ਅਸ਼ਟਪਦੀ 10 ਤੇ 11 ਵਿਚ ਦਸਿਆ ਹੈ ਕਿਉਸ ਪ੍ਰਭੂ ਨੇ ਇਸ ਸਾਰੀ ਸ੍ਰਿਸ਼ਟੀ ਦੀ ਆਪ ਹੀ ਰਚਨਾ ਕੀਤੀ ਹੈ ਅਤੇ ਪ੍ਰਭੂ ਕੁਦਰਤ ਦੇ ਕਣ ਕਣ ਵਿਚ ਮੌਜੂਦ ਹੈ। ਅਸ਼ਟਪਦੀ 12, 13, 14, ਅਤੇ 15 ਵਿਚ ਨਾਮ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਦਾ ਵਰਣਨ ਕੀਤਾ ਹੈ। ਹਉਮੇ ਕਈ ਪ੍ਰਕਾਰ ਦੀ ਹੈ ਜੋ ਨਾਮ ਜਪਣ ਦੇ ਰਸਤੇ ਵਿਚ ਰੁਕਾਵਟ ਪੈਦਾ ਕਰਦੀ ਹੈ। ਜੀਵ ਨੂੰ ਪ੍ਰਭੂ ਹੀ ਕੇਵਲ ਕਰਤਾ

ਪੁਰਖ ਸਮਝਣਾ ਚਾਹੀਦਾ ਹੈ ਅਤੇ ਕਰਨ ਵਾਲਾ ਆਪ ਨਹੀਂ ਬਣਨਾ ਚਾਹੀਦਾ ਹੈ ਜੋ ਉਸ ਦਾ ਉਪਦੇਸ਼ ਮੰਨ ਲੈਂਦਾ ਹੈ ਤੇ ਉਹ ਉਸ ਦਾ ਹੋ ਜਾਂਦਾ ਹੈ।

ਅਸ਼ਟਪਦੀ 16 ਵਿਚ ਪ੍ਰਭੂ ਦੇ ਰੂਪ, ਰੰਗ ਦੀ ਜਾਣਕਾਰੀ ਕਰਵਾਈ ਹੈ ਕਿ ਪ੍ਰਭੂ ਪ੍ਰਕਾਸ਼ ਰੂਪ ਵਿਚ ਸਾਰਿਆਂ ਅੰਦਰ ਨਿਵਾਸ ਕਰਦਾ ਹੈ। ਉਹ ਸਤਿ ਸਰੂਪ ਪ੍ਰਭੂ ਕਾਇਮ ਰਹਿਣ ਵਾਲਾ ਹੈ ਅਤੇ ਉਸ ਨੂੰ ਬਾਰ ਬਾਰ ਜਪਣਾ ਚਾਹੀਦਾ ਹੈ ਅਤੇ ਪ੍ਰਭੂ ਨੂੰ ਪਛਾਨਣ ਵਾਲੇ (ਸਤਿਗੁਰੂ) ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਅਸ਼ਟਪਦੀ 17 ਵਿਚ ਸਤਿਗੁਰੂ ਆਪਣੇ ਸਿਖ ਦੀ ਹਰ ਤਰ੍ਹਾਂ ਰਖਿਆ ਕਰਦਾ ਹੈ ਤੇ ਨਾਮ ਦੇ ਕੇ ਹਿਰਦੇ ਵਿਚ ਪ੍ਰਭੂ ਜੋਤਿ ਜਗਾ ਦਿੰਦਾ ਹੈ। ਅਸ਼ਟਪਦੀ 18 ਪ੍ਰਭੂ ਦਾ ਨਾਮ ਹੀ ਇਕ ਐਸਾ ਧਨ ਹੈ ਜੋ ਸਦਾ ਮਨੁੱਖ ਦੇ ਨਾਲ ਨਿਭਦਾ ਹੈ। ਅਸ਼ਟਪਦੀ 19 ਅਤੇ 20 ਵਿਚ ਪ੍ਰਭੂ ਦਰ ਤੇ ਅਰਜੋਈ ਕੀਤਿਆਂ ਹੀ ਉਸ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਿਰੰਕਾਰ ਆਪ ਹੀ ਨਿਰਗੁਣ ਤੋਂ ਸਰਗੁਣ ਹੋ ਕੇ ਪਸਰਿਆ ਹੈ ਅਤੇ ਸਭ ਆਪ ਹੀ ਖੇਡ ਖੇਡ ਰਿਹਾ ਹੈ। ਅਸ਼ਟਪਦੀ 21, 22 ਵਿਚ ਇਹ ਸਮਝ ਉਦੋਂ ਪੈਂਦੀ ਹੈ ਜਦੋਂ ਸਤਿਗੁਰੂ ਆਪਣਾ ਗਿਆਨ ਅੰਜਨ ਦਿੰਦਾ ਹੈ ਜਿਸ ਨਾਲ ਆਪਣੇ ਹਿਰਦੇ ਵਿਚ ਹੀ ਪ੍ਰਭੂ ਦੇ ਦਰਸ਼ਨ ਹੁੰਦੇ ਹਨ ਫਿਰ ਵਿਅਕਤੀ ਦੀ ਅਸਲ ਭਗਤੀ ਸ਼ੁਰੂ ਹੁੰਦੀ ਹੈ। ਅੰਤਲੀ ਅਸ਼ਟਪਦੀ ਵਿਚ ਸੁਖਾਂ ਦੀ ਮਨੀ, ਸੁਖਮਨੀ ਵਿਚ ਆਏ ਗੁਰੂ ਬਚਨਾਂ ਦੇ ਹਿਰਦੇ ਵਿਚ ਵਸਣ ਦਾ ਫਲ ਦਰਜ ਹੈ। ਭਾਵ ਕਿ ਸਾਡਾ ਜੀਵਨ ਸਫਲ ਹੋ ਜਾਂਦਾ ਹੈ ਅਸੀਂ 84 ਲੱਖ ਜੂਨਾਂ ਤੋਂ ਮੁਕਤ ਹੋ ਜਾਂਦੇ ਹਨ।

ਸੁਖਮਨੀ ਬਾਣੀ ਵਿਚ ਅਧਿਆਤਮਕ ਗੂੜ੍ਹ ਭਾਵ ਦੀਆਂ ਗੱਲਾਂ ਬੜੀ ਸਰਲਤਾ ਨਾਲ ਕਹੀਆਂ ਗਈਆਂ ਹਨ। ਸੁਖਮਨੀ ਸ਼ਬਦ ਤੋਂ ਹੀ ਸਪਸ਼ਟ ਹੈ ਕਿ ਇਹ ਬਾਣੀ 'ਸੁੱਖਾਂ ਦੀ ਮਣੀ' ਹੈ ਅਤੇ ਸੁਖਮਨੀ ਬਾਣੀ ਵਿਚ ਵੀ ਆਤਮਿਕ ਸੁਖ ਦੀ ਗੱਲ ਕੀਤੀ ਹੈ। ਇਹ ਆਤਮਿਕ ਸੁਖ ਸਾਡੇ ਜੀਵਨ ਵਿਚ ਤਾਂ ਹੀ ਆ ਸਕਦਾ ਹੈ। ਜੇ ਸਾਡੇ ਜੀਵਨ ਅੰਦਰ ਸਤਿਗੁਰੂ ਦਾ ਨਿਵਾਸ ਹੋਵੇ। ਅਸੀਂ ਸੁਖਮਨੀ ਬਾਣੀ ਦੁਆਰਾ ਹੀ ਪਰਮਾਤਮਾ ਨਾਲ ਜੁੜ ਸਕਦੇ ਹਾਂ। ਆਪਣੇ ਜੀਵਨ ਨੂੰ ਵਿਸ਼ਿਆਂ ਵਿਕਾਰਾਂ ਤੋਂ ਮੁਕਤ ਕਰ ਸਕਦੇ ਹਾਂ।

ਫੁਨਹੇ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫੁਨਹੇ ਨਾਂ ਹੇਠ ਇਕ ਹੀ ਬਾਣੀ-ਖੰਡ ਹੈ ਜੋ ਗੁਰੂ ਅਰਜਨ ਦੇਵ ਜੀ ਦੁਆਰਾ ਉਚਰਿਤ ਹੈ। ਇਸ ਬਾਣੀ-ਖੰਡ ਦੇ 23 ਪਦੇ ਹਨ। ਬਹੁਤਿਆਂ ਪਦਿਆਂ ਦੀ ਅਖ਼ੀਰਲੀ ਸਤਰ ਵਿਚ "ਹਰਿਹਾਂ" ਸ਼ਬਦ ਦਾ ਦੁਹਰਾਉ ਹੈ। ਕੰਤ ਤੇ ਸੁਹਾਗਣ ਦੇ ਰੂਪਕਾਂ ਦੁਆਲੇ ਘੁੰਮਦੀ ਇਹ ਰਚਨਾ ਸ਼ਿੰਗਾਰ ਰਸ ਦਾ ਭਾਵ ਆਪਣੇ ਵਿਚ ਸਮੋਈ ਬੈਠੀ ਹੈ:

ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥

ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥

ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ॥

ਹਰਿਹਾਂ ਕੰਤੈ ਬਾਝੁ ਸੀਗਾਰ ਸਭੁ ਬਿਰਥਾ ਜਾਈਐ॥

ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ॥

ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ॥

ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਗਾਈਆ॥

ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਇਆ॥16

ਗੁਰੂ ਅਰਜਨ ਦੇਵ ਜੀ ਨੇ ਬਾਣੀ ਰਚਨਾ ਤੋਂ ਇਲਾਵਾ ਵਾਰਾਂ ਦੀ ਰਚਨਾ ਵੀ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ 22 ਵਾਰਾਂ ਦਰਜ ਹਨ।ਉਨ੍ਹਾਂ ਵਿੱਚੋਂ 6 ਵਾਰਾਂ ਆਪ ਜੀ ਦੀਆਂ ਹਨ।

ਗਉੜੀ ਦੀ ਵਾਰ

ਗੂਜਰੀ ਦੀ ਵਾਰ

ਜੈਤਸਰੀ ਦੀ ਵਾਰ

ਰਾਮਕਲੀ ਦੀ ਵਾਰ

ਮਾਰੂ ਵਾਰ

ਬਸੰਤ ਦੀ ਵਾਰ

ਗਾਉੜੀ ਦੀ ਵਾਰ:-ਗਾਉੜੀ ਦੀ ਵਾਰ ਵਿੱਚ ਕੁੱਲ 21 ਪਉੜੀਆਂ ਹਨ ਅਤੇ ਹਰੇਕ ਪਉੜੀ ਦੇ ਨਾਲ ਦੋ ਸਲੋਕ ਹਨ ਅਤੇ ਹਰੇਕ ਪਉੜੀ ਵਿੱਚ 5-5 ਤੁਕਾਂ ਹਨ। ਇਸ ਵਾਰ ਦਾ ਮੂਲ ਕੇਂਦਰੀ ਭਾਵ ਇਹ ਹੈ ਕਿ ਪਰਮਾਤਮਾ ਹਰ ਥਾਂ ਮੌਜੂਦ ਹੈ। ਪਰ ਉਸ ਦੀ ਪ੍ਰਾਪਤੀ ਉਹ ਵਿਅਕਤੀ ਹੀ ਕਰ ਸਕਦਾ ਹੈ ਜਿਸ ਅੰਦਰ ਸਤਿਗੁਰੂ ਦਾ ਨਿਵਾਸ ਹੋਵੇ। ਉਹ ਹੀ ਪਰਮਾਤਮਾ ਦੇ ਦਰਸ਼ਨ ਕਰ ਸਕਦਾ ਹੈ।

ਗੁਜਰੀ ਦੀ ਵਾਰ:-ਇਸ ਵਾਰ ਵਿੱਚ ਕੁੱਲ 21 ਪਾਉੜੀਆਂ ਹਨ ਅਤੇ ਹਰੇਕ ਪਾਉੜੀ ਦੇ ਨਾਲ ਦੋ-ਦੋ ਸਲੋਕ ਹਨ। 20 ਪਾਉੜੀਆਂ ਛੱਡ ਕੇ ਬਾਕੀ ਹਰੇਕ ਪਾਉੜੀਆਂ ਵਿੱਚ 8 ਤੁਕਾਂ ਹਨ। ਇਸ ਵਿੱਚ ਕੁੱਲ 42 ਸਲੋਕ ਹਨ। ਇਸ ਵਾਰ ਵਿਚ

ਗੁਰੂ ਜੀ ਨੇ ਪਰਮਾਤਮਾ ਦੁਆਰਾ ਇਸ ਸੰਸਾਰ ਦੀ ਸਿਰਜਨਾ ਹੋਈ ਹੈ ਅਤੇ ਇਸ ਸੰਸਾਰ ਵਿੱਚ ਕੀ ਪਾਇਆ ਹੈ ਉਸ ਦੀ ਸਿਰਜਨਾ ਵੀ ਪਰਮਾਤਮਾ ਨੇ ਕੀਤੀ ਹੈ ਅਤੇ ਸਤਿਗੁਰੂ ਦੀ ਮਹਾਨਤਾ ਨੂੰ ਦਰਸਾਇਆ ਗਿਆ ਹੈ। ਇਸ ਸੰਸਾਰ ਅੰਦਰ ਮਾਇਆ ਤੋਂ ਉਹ ਹੀ ਬਚ ਸਕਿਆ ਹੈ ਜਿਸ ਕੋਲ ਸਤਿਗੁਰੂ ਦਾ ਬ੍ਰਹਮ ਗਿਆਨ ਹੈ।

ਜੈਤਸਰੀ ਦੀ ਵਾਰ:-ਇਸ ਵਾਰ ਵਿੱਚ ਕੁੱਲ 20 ਪਉੜੀਆਂ ਹਨ ਅਤੇ ਹਰੇਕ ਪਾਉੜੀ ਦੇ ਨਾਲ ਦੋ-ਦੋ ਸਲੋਕ ਹਨ।ਇਸ ਤਰ੍ਹਾਂ ਸਲੋਕਾਂ ਦੀ ਗਿਣਤੀ 40 ਹੈ।ਇਸ ਵਾਰ ਦਾ ਮੂਲ ਵਿਸ਼ਾ ਦੁਨੀਆਂ ਦੀ ਨਾਸ਼ਵਾਨਤਾ ਨੂੰ ਦਰਸਾਉਂਦਾ ਹੈ ਅਤੇ ਪ੍ਰਭੂ ਸਿਮਰਨ ਨਾਲ ਹੀ ਇਸ ਨਾਸ਼ਵਾਨਤਾ ਤੋਂ ਬੱਚ ਸਕਦੇ ਹਾਂ।ਇਸ ਵਿੱਚ ਮਾਇਆ ਅਤੇ ਪਰਮਾਤਮਾ ਦੇ ਬਾਰੇ ਦੱਸਿਆ ਗਿਆ ਹੈਕਿ ਮਾਇਆ ਵਿੱਚ ਪੈ ਕੇ ਇਨਸਾਨ ਕੇਵਲ ਦੁੱਖਾਂ ਨੂੰ ਹੀ ਭੋਗਦਾ ਹੈ ਪਰ ਇਨਸਾਨ ਪ੍ਰਭੂ ਦੇ ਨਾਮ ਸਿਮਰਨ ਨਾਲ ਇਨ੍ਹਾਂ ਦੁੱਖਾਂ ਤੋਂ ਦੂਰ ਰਹਿ ਸਕਦਾ ਹੈ।

ਰਾਮਕਲੀ ਦੀ ਵਾਰ:-ਇਸ ਵਾਰ ਵਿੱਚ 22 ਪਉੜੀਆਂ ਹਨ ਅਤੇ 44 ਸ਼ਲੋਕ ਹਨ।ਹਰੇਕ ਪਾਉੜੀ ਦੀਆਂ 8-8 ਤੁਕਾਂ ਹਨ।ਇਸ ਵਾਰ ਵਿੱਚ ਇਹ ਦੱਸਿਆ ਗਿਆ ਹੈ ਕਿ ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਨੇ ਆਪ ਕੀਤੀ ਹੈ।ਉਹ ਹਰ ਜੀਵ ਜੰਤੂਆਂ ਵਿਚ ਬਿਰਾਜ਼ਮਾਨ ਹੈ। ਉਹ ਆਪ ਹੀ ਇਹ ਸਾਰੀ ਖੇਡ ਰਚ ਰਿਹਾ ਹੈ।

ਮਾਰੂ ਦੀ ਵਾਰ:-ਇਸ ਵਾਰ ਦੀਆਂ 23 ਪਾਉੜੀਆਂ ਹਨ।ਹਰੇਕ ਪਾਉੜੀ ਦੇ ਨਾਲ 3-3 ਸ਼ਲੋਕ ਹਨ।ਕੁੱਲ 69 ਸ਼ਲੋਕ ਹਨ।ਹਰੇਕ ਪਾਉੜੀ ਦੀਆਂ 8-8 ਤੁਕਾਂ ਹਨ ਅਤੇ ਸ਼ਲੋਕ ਦੀਆਂ 2-2 ਤੁਕਾਂ ਹਨ।ਇਸ ਵਾਰ ਦਾ ਮੂਲ ਵਿਸ਼ਾ ਇਹ ਹੈ ਕਿ ਮਨੁੱਖ ਦੇ ਜੀਵਨ ਦਾ ਅਸਲ ਉਦੇਸ਼ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੈ ਤਾਂ ਹੀ ਉਹ ਆਪਣੇ ਜੀਵਨ ਅੰਦਰ ਅਸਲ ਸਫਲਤਾ ਨੂੰ ਪ੍ਰਾਪਤ ਕਰ ਸਕਦਾ ਹੈ।

ਬਸੰਤ ਦੀ ਵਾਰ:-ਇਸ ਵਿੱਚ ਕੁੱਲ 23 ਪਾਉੜੀਆਂ ਹਨ ਅਤੇ ਹਰੇਕ ਪਾਉੜੀ ਦੀਆਂ 2-2 ਤੁਕਾਂ ਹਨ। ਇਸ ਵਾਰ ਵਿੱਚ ਕੋਈ ਵੀ ਸ਼ਲੋਕ ਨਹੀਂ ਹੈ।ਇਸ ਵਾਰ ਦਾ ਮੂਲ ਵਿਸ਼ਾ ਵੀ ਨਾਮ ਸਿਮਰਨ ਨਾਲ ਜੁੜਿਆ ਹੋਇਆ ਹੈ। ਅਰਥਾਤ ਨਾਮ ਸਿਮਰਨ ਦੁਆਰਾ ਹੀ ਇਨਸਾਨ ਅੰਦਰਲੇ 5 ਵਿਕਾਰ ਖਤਮ ਹੋ ਸਕਦੇ ਹਨ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਵਾਰ ਲੋਕ ਵਾਰ ਦੇ ਯੁੱਗ ਆਧਾਰਿਤ ਕਥਾਨਕ ਜਾਂ ਵੀਰ ਨਾਇਕ ਨੂੰ ਪੇਸ਼ ਨਹੀਂ ਕਰਦੀ ਸਗੋਂ ਪਰਮ ਸੱਚ ਦੀ ਸਰਵ-ਸ਼ਕਤੀਮਾਨਤਾ ਅਤੇ ਮਨੁੱਖੀ ਸ਼ਖਸ਼ੀਅਤ ਦੇ ਅਧਿਆਤਮਕ ਰੁਪਾਂਤਰਣ ਦੀ ਬਾਤ ਪਾਉਂਦੀ ਹੈ। ਇਸ ਵਿੱਚ ਸ਼ੰਘਰਸ਼ ਜਾਂ ਟਕਰਾਓ ਦੀ ਸਥਿਤੀ ਦੀ ਥਾਂ ਨਾਮ ਸਿਮਰਨ ਰਾਹੀਂ ਪੈਦਾ ਹੋਣ ਵਾਲਾ ਟਕਰਾਓ ਦੀ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ।ਗੁਰੂ ਅਰਜਨ ਦੇਵ ਜੀ ਦਾ ਸਮੁੱਚਾ ਸਾਹਿਤ ਤੇ ਜੀਵਨ, ਅਮਨ ਤੇ ਸ਼ਾਂਤੀ ਦੇ ਨਮੂਨੇ ਵਿੱਚ ਢਲਿਆ ਹੋਇਆ ਹੈ ਅਤੇ ਆਪ ਦੀ ਮਹਾਨ ਰਚਨਾ ਸੁਖਮਨੀ ਸਾਹਿਬ ਅਤੇ ਬਾਰਾਮਾਹ ਮਨੁੱਖੀ ਜੀਵਨ ਦੀ ਪ੍ਰਫੁੱਲਤਾ ਲਈ ਅਦੁੱਤੀ ਅਗਵਾਈ ਦਿੰਦੀ ਹੈ।

ਹਵਾਲੇ ਅਤੇ ਟਿੱਪਣੀਆਂ:-

1. ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ-31

2. ਰਤਨ ਸਿੰਘ ਜੱਗੀ, (ਡਾ.) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ, ਪੰਨਾ-77

3. ਪੰਜਾਬੀ ਸਾਹਿਤ ਦਾ ਇਤਿਹਾਸ, ਪਟਿਆਲਾ, ਪੰਜਾਬੀ ਭਾਸ਼ਾ ਵਿਭਾਗ, ਪੰਨਾ-495

4. ਡਾ. ਅਮਰਜੀਤ ਸਿੰਘ ਕਾਂਗ, ਡਾ. ਜਸਪਾਲ ਕੌਰ ਕਾਂਗ, ਮਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ-125

5. ਉਹੀ, ਪੰਨਾ-129

6. ਡਾ. ਕੁਲਬੀਰ ਸਿੰਘ ਕਾਂਗ, ਗੁਰੂ ਗ੍ਰੰਥ ਸਾਹਿਬ ਦਾ ਇਖਕਾਲੀ ਸੰਦੇਸ਼, ਪੰਜਾਬੀ ਦੁਨੀਆ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਪੰਨਾ 102

7. ਉਹੀ, ਪੰਨਾ-103

8. ਡਾ. ਅਮਰਜੀਤ ਸਿੰਘ ਕਾਂਗ, ਡਾ. ਜਸਪਾਲ ਕੌਰ ਕਾਂਗ, ਮਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ-15

9. ਡਾ. ਜਸਬੀਰ ਕੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪੰਨਾ-51

10. ਜਗਬੀਰ ਸਿੰਘ, ਗੁਰਮਤਿ ਕਾਵਿਧਾਰਾ ਦੇ ਪ੍ਰਮੁੱਖ ਕਵੀ (2) ਉੱਤਰ-ਗੁਰੂ ਨਾਨਕ, ਪੰਜਾਬੀ ਸਾਹਿਤ ਦਾ ਇਤਿਹਾਸ, ਗੁਰਮਤਿ ਕਾਵਿ ਦਾ ਇਤਿਹਾਸ, ਪੰਨਾ 164

11. ਉਹੀ, ਪੰਨਾ 105

12. ਡਾ. ਸੁਰਿੰਦਰ ਸਿੰਘ ਕੋਹਲੀ, ਵਧਾਵਾ ਸਿੰਘ, ਗਿਆਨੀ ਲਾਲ ਸਿੰਘ, ਗੁਰਮਤ ਸਾਹਿਤ, ਪੰਜਾਬੀ ਭਾਸ਼ਾ ਵਿਭਾਗ, ਭਾਗ ਪਹਿਲਾ, 1850 ਈ. ਤੱਕ, ਪੰਨਾ 232

13. ਉਹੀ, ਪੰਨਾ 234

14. ਉਹੀ, ਪੰਨਾ 250

15. ਉਹੀ ਪੰਨਾ 252

16. ਡਾ. ਜਸਬੀਰ ਕੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪੰਨਾ 145

# ਸੁਖਮਨੀ ਸਾਹਿਬ ਦਾ ਦਾਰਸ਼ਨਿਕ ਅਧਿਐਨ

ਦਰਸ਼ਨ ਦੇ ਵਿਚ ਮੂਲ ਰੂਪ ਵਿਚ ਅਧਿਆਤਮਕ ਪੱਖ ਨੂੰ ਪੇਸ਼ ਕੀਤਾ ਗਿਆ ਹੈ। "ਦਰਸ਼ਨ ਸ਼ਬਦ ਦੀ ਉਤਪਤੀ ਸੰਸਕ੍ਰਿਤ ਭਾਸ਼ਾ ਦੇ 'ਦ੍ਰਿਸ਼' ਧਾਤੂ ਤੋਂ ਹੋਈ ਹੈ, ਜਿਸ ਦਾ ਅਰਥ ਹੈ ਦੇਖਣਾ। ਦਰਸ਼ਨ ਦਾ ਅਰਥ ਜਿਸਦੇ ਦੁਆਰਾ ਦੇਖਿਆ ਜਾਵੇ।"1ਭਾਵ ਕਿ ਕਿਸੇ ਵਸਤੂ ਦੇ ਪ੍ਰਤੱਖ ਦਾ ਅਨੁਭਵ ਕਰਵਾਉਣਾ ਹੀ ਦਰਸ਼ਨ ਦਾ ਮੂਲ ਆਧਾਰ ਹੈ।ਪੱਛਮ ਵਿਚ ਦਰਸ਼ਨ ਲਈ ਫ਼ਿਲਾਸਫ਼ੀ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਦਰਸ਼ਨ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ 'ਫਹਲਿੋਸੋਪਹੇ' ਦਾ ਪੰਜਾਬੀ ਅਨੁਵਾਦ ਹੈ। 'ਫਹਲਿੋਸੋਪਹੇ' ਸ਼ਬਦ ਗ੍ਰੀਕ ਭਾਸ਼ਾ ਦੇ ਦੋ ਸ਼ਬਦਾਂ 'ਫਹਲਿੋਸ' ਜਿਸ ਦਾ ਅਰਥ 'ਪਿਆਰ' ਜਾਂ 'ਉਤੇਜਨਾ' ਹੈ ਅਤੇ 'ਸ਼ੋਪਹਇਿ' ਜਿਸ ਦਾ ਅਰਥ ਹੈ 'ਗਿਆਨ' ਜਾਂ 'ਸਿਆਣਪ' ਦਾ ਮੇਲ ਹੈ। ਇਸ ਤਰ੍ਹਾਂ 'ਫਹਲਿੋਸੋਪਹੇ' ਦਾ ਸ਼ਾਬਦਿਕ ਅਰਥ ਹੈ ਗਿਆਨ ਲਈ ਪਿਆਰ। "ਭਾਰਤੀ ਦ੍ਰਿਸਟੀਕੋਣ ਤੋਂ ਦਰਸ਼ਨ ਦਾ ਭਾਵ ਹੈ ਧਰਮ ਜਾਂ ਆਤਮਾ ਪਰਮਾਤਮਾ ਬਾਰੇ ਗਿਆਨ ਰੱਖਣ ਵਾਲਾ ਸ਼ਾਸਤਰ ਜਾਂ ਤੱਤਵ ਗਿਆਨ ਕਰਉਣ ਵਾਲਾ ਸ਼ਾਤਤਰ।"2ਹਰ ਗੱਲ ਦੇ ਪ੍ਰਤੱਖ ਪ੍ਰਮਾਣ ਨੂੰ ਦਰਸ਼ਨ ਦਾ ਆਧਾਰ ਮੰਨਿਆ ਜਾਂਦਾ ਹੈ। ਦਰਸ਼ਨ ਵਿਚ ਹਰ ਵਿਚਾਰ, ਸੰਕਲਪ ਤੇ ਖ਼ਿਆਲ ਨੂੰ ਤਰਕ ਦੀ ਕਸਵੱਟੀ ਤੇ ਪਰਖਿਆ ਜਾਂਦਾ ਹੈ।ਇਉਂ ਅਨੁਮਾਨ ਜਾਂ ਸੁਣੀ ਸੁਣਾਈ ਗੱਲ ਨੂੰ ਮੰਨਿਆ ਨਹੀਂ ਜਾਂਦਾ।

ਪਰਿਭਾਸ਼ਾਵਾਂ

ਡਾ. ਰਾਧਾ ਕ੍ਰਿਸ਼ਣਨ ਦਾ ਵਿਚਾਰ ਹੈ, "ਦਰਸ਼ਨ ਇਕ ਅਜਿਹਾ ਅਧਿਆਤਮਿਕ ਗਿਆਨ ਹੈ ਜੋ ਆਤਮਾ ਰੂਪੀ ਇੰਦਰੀ ਦੇ ਸਨਮੁਖ ਸੰਪੂਰਨ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਆਤਮ ਦ੍ਰਿਸ਼ਟੀ ਉਥੇ ਹੀ ਸੰਭਵ ਹੈ ਜਿੱਥੇ ਦਰਸ਼ਨ ਸ਼ਾਸਤਰ ਦੀ ਹੋਂਦ ਹੈ।"3

ਪ੍ਰੋ.ਜੋਗਿੰਦਰ ਸਿੰਘ ਅਨੁਸਾਰ, "ਦਰਸ਼ਨ ਦਾ ਭਾਵ ਹੈ ਪ੍ਰਤੱਖ ਗਿਆਨ, ਸਾਖਿਆਤਕਾਰ, ਉਸ ਪਰਮ ਤੱਤ ਨੂੰ ਸਾਖਿਅਤ ਕਰਨਾ, ਗਿਆਨ ਦੀ ਸੀਮਾ ਵਿਚ ਲਿਆਉਣਾ, ਜਿਹੜਾ ਇਕ ਹੈ, ਸਭ ਥਾਂ ਪਸਰਿਆਂ ਹੋਇਆ, ਸਰਬ-ਸ਼ਕਤੀਮਾਨ ਹੈ, ਸਰਬ ਪਾਸਾਰੇ ਦਾ ਮੂਲ ਹੈ।"4

ਡਾ. ਬਲਦੇਵ ਉਪਾਧਿਆਇ ਅਨੁਸਾਰ, "ਦਸ਼ਯਤੇ ਅਨੇਨ ਇਤਿ ਦਰਸ਼ਨ" ਅਰਥਾਤ ਜਿਸ ਦੁਆਰਾਵੇਖਿਆ ਜਾਵੇ, ਅਸੀਂ ਕੌਣ ਹਾਂ? ਕਿਥੋਂ ਆਏ ਹਾਂ? ਇਸ ਦ੍ਰਿਸ਼ਟਮਾਨ ਜਗਤਦਾ ਸੱਚਾ ਸਰੂਪ ਕੀ ਹੈ? ਇਸ ਦੀ ਉਤਪਤੀ ਕਿਥੋਂ ਹੋਈ?ਇਸ ਸ੍ਰਿਸ਼ਟੀ ਦਾ ਸਿਰਜਣਹਾਰ ਕੌਣ ਹੈ? ਆਦਿ ਪ੍ਰਸ਼ਨਾਂ ਦੇ ਉੱਤਰ ਦੇਣ ਨੂੰ ਹੀ ਦਰਸ਼ਨ ਕਹਿੰਦੇ ਹਨ।"5

ਪ੍ਰੋ. ਗੁਰਬਚਨ ਸਿੰਘ ਤਾਲਿਬ ਅਨੁਸਾਰ, "ਬ੍ਰਹਮ ਗਿਆਨ ਨੂੰ ਉੱਚਤਮ ਗਿਆਨ ਹੈ, ਬ੍ਰਹਮ ਗਿਆਨ ਦਾ ਅਰਥ ਹੈ ਉੱਚਤਮ ਦਰਸ਼ਨ ਜਿਸ ਤੇ ਪੁੱਜ ਕੇ ਮਾਨਵੀ ਬੁੱਧੀ ਅਤੇ ਚੇਤਨਾ ਵਿਸ਼ਵ, ਬ੍ਰਹਿਮੰਡ ਦੇ ਤੱਤ, ਉਸਦੀ ਅੰਤਰੀਵ ਅਤੇ ਗੁੱਝੀ ਹਕੀਕਤ ਦਾ ਅਨੁਭਵ ਕਰਨ ਦੇ ਸਮਰੱਥ ਹੋ ਜਾਂਦੀ ਹੈ।"6

ਪ੍ਰੋਫੈਸਰ ਐਮ. ਹਿਰਿਯਾਣਾ ਅਨੁਸਾਰ, "ਦਰਸ਼ਨ ਜੀਵਨ ਦਾ ਮਾਰਗ ਹੈ, ਕੇਵਲ ਵਿਚਾਰਾਂ ਦਾ ਰਸਤਾ ਨਹੀਂ ਹੈ।"7

ਡਾ. ਐਸ. ਰਾਧਾਕ੍ਰਿਸ਼ਨਨ ਅਨੁਸਾਰ, " ਦਰਸ਼ਨ ਦਾ ਪ੍ਰਯੋਜਨ ਹੀ ਇਹ ਹੈ ਕਿ ਉਹ ਜੀਵਨ ਨੂੰ ਸੰਜਮ ਨੂੰ ਲਿਆਏ ਅਤੇ ਕਾਰ ਵਿਹਾਰ ਦੀ ਅਗਵਾਈ ਕਰੇ। ਉਹ ਮੁਹਾਣਾ ਬਣ ਕੇ ਬੇੜੀ ਦੇ ਚੱਪੂ ਚਲਾਂਉਦਾ ਹੈ ਅਤੇ ਉਥਲ-ਪੁਥਲ ਭਰੇ ਭਵ-ਸਾਗਰ ਦੇ ਸੰਕਟਾਂ ਵਿਚੋਂ ਸਾਡਾ ਰਾਹ ਕੱਢਦਾ ਹੈ।"8

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਦਰਸ਼ਨ ਗਿਆਨ ਨੂੰ ਤਰਕ ਦੇ ਆਧਾਰ ਤੇ ਸਿੱਧ ਕਰਦਾ ਹੈ। ਦਰਸ਼ਨ ਅਧਿਆਤਮਕਵਾਦੀ, ਸੱਚ ਦੀ ਖੋਜ ਅਤੇ ਮਨੁੱਖ ਦੇ ਜੀਵਨ ਨੂੰ ਸੇਧ ਦਿੰਦਾ ਹੈ। ਦਰਸ਼ਨ ਦੁਨੀਆਵੀ ਦੁੱਖਾਂ, ਕਸ਼ਟਾਂ ਅਤੇ ਬੰਧਨਾਂ ਤੋਂ ਆਜ਼ਾਦ ਕਰਦਾ ਹੈ ਅਤੇ ਮਨੁੱਖ ਨੂੰ ਆਤਮਿਕ ਆਨੰਦ ਦੀ ਪ੍ਰਾਪਤੀ ਕਰਵਾਉਂਦਾ ਹੈ। ਇਸ ਤਰ੍ਹਾਂ ਭਾਰਤੀ ਦਰਸ਼ਨ ਇਕ ਅਜਿਹੀ ਰੌਸ਼ਨੀ ਹੈ ਜੋ ਮਨੁੱਖ ਨੂੰ ਨੈਤਿਕ ਅਤੇ ਦਾਰਸ਼ਨਿਕ ਦਾ ਚਾਨਣ ਕਰਕੇ ਲੋਕ ਅਤੇ ਪ੍ਰਲੋਕ ਦੋਹਾਂ ਦਾ ਕਲਿਆਣ ਕਰਦਾ ਹੈ।

ਦਰਸ਼ਨ ਦੇ ਤੱਤ

1. ਬ੍ਰਹਮ ਦਾ ਸਰੂਪ

2. ਸ੍ਰਿਸ਼ਟੀ ਰਚਨਾ

3. ਜੀਵ ਦਾ ਸਰੂਪ

4. ਮੁਕਤੀ ਦਾ ਸਰੂਪ

ਗੁਰੂ ਅਰਜਨ ਦੇਵ ਜੀ ਸ਼ਾਹਕਾਰ ਰਚਨਾ 'ਸੁਖਮਨੀ' ਬਾਣੀ ਆਧਿਆਤਮਕ ਮੰਡਲਾਂ ਦਾ ਸਿਖ਼ਰ, ਉੱਚ ਆਤਮਕ ਤੱਤਾਂ ਦੀ ਪਛਾਣ ਹੈ, ਬਹੁਤ ਉੱਚਕੋਟੀ ਦੇ ਜੀਵਨ ਦੀ ਪੇਸ਼ਕਾਰੀ ਹੈ, ਗੁਰਮੁਖਿ ਦੇ ਜੀਵਨ ਨੂੰ ਦਰਸਾਇਆ ਗਿਆ ਹੈ। 'ਸੁਖਮਨੀ' ਬਾਣੀ ਵਿਚ 24 ਸਲੋਕ ਅਤੇ 24 ਅਸ਼ਟਪਦੀਆਂ ਹਨ। ਗੁਰੂ ਅਰਜਨ ਦੇਵ ਜੀ ਨੇ ਬਾਣੀ ਅੰਦਰ ਨਾਮ ਸਿਮਰਨ, ਸਾਧ ਸੰਗਤ, ਬ੍ਰਹਮਗਿਆਨੀ, ਸਤਿਗੁਰੂ ਅਤੇ ਅਕਾਲ ਪੁਰਖ ਆਦਿ ਦੀ ਮਹਾਨਤਾ ਨੂੰ ਪੇਸ਼ ਕੀਤਾ ਹੈ।

ਅਕਾਲ ਪੁਰਖ ਦਾ ਸਰੂਪ- ਗੁਰੂ ਜੀ ਨੇ ਆਪਣੀ ਬਾਣੀ ਅੰਦਰ ਪਰਮਾਤਮਾ ਦੇ ਸਰੂਪ ਨੂੰ ਪੇਸ਼ ਕੀਤਾ ਹੈ, ਭਾਵ ਕਿ ਪਰਮਾਤਮਾ ਦੀ ਮਹਿਮਾ ਨੂੰ ਦੱਸਿਆ ਹੈ ਕਿ ਸੰਸਾਰ ਦੀ ਰਚਨਾ ਕਰਨ ਵਾਲਾ ਪਰਮਾਤਮਾ ਹੀ ਹੈ ਅਤੇ ਸੰਸਾਰ ਨੂੰ ਚਲਾਉਣ ਵਾਲਾ ਵੀ ਪਰਮਾਤਮਾ ਆਪ ਹੀ ਹੈ।ਗੁਰੂ ਜੀ ਆਪਣੇ ਸਲੋਕ ਅੰਦਰ ਦੱਸਦੇ ਹਨ:

ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ॥

ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥9

ਭਾਵ ਕਿ ਹਰ ਵਿਅਕਤੀ ਪਰਮਾਤਮਾ ਦੇ ਗੁਣਾਂ ਦਾ ਜ਼ਿਕਰ ਕਰਦਾ ਹੈ, ਪਰ ਪਰਮਾਤਮਾ ਦੇ ਗੁਣਾਂ ਦਾ ਕੋਈ ਵੀ ਹੱਦ ਬੰਨਾ ਨਹੀਂ ਹੈ। ਪਰਮਾਤਮਾ ਅੰਦਰ ਬੇਅੰਤ ਗੁਣ ਹਨ।ਜਿਨ੍ਹਾਂ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਪਰਮਾਤਮਾ ਨੇ ਅਨੇਕਾਂ ਪ੍ਰਕਾਰ ਨਾਲ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਜਿਸ ਦਾ ਕੋਈ ਵੀ ਹੱਦ-ਬੰਨਾ ਨਹੀਂ ਹੈ।ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਅੰਦਰ ਅਕਾਲ ਪੁਰਖ ਪਰਮਾਤਮਾ ਦੇ ਸਰੂਪ ਨੂੰ ਪੇਸ਼ ਕਰਦੇ ਹੋਏ ਦੱਸਦੇ:

ਕਈ ਕੋਟਿ ਹੋਏ ਪੂਜਾਰੀ॥

ਕਈ ਕੋਟਿ ਆਚਾਰ ਬਿਉਹਾਰੀ॥

ਕਈ ਕੋਟਿ ਭਏ ਤੀਰਥ ਵਾਸੀ॥

ਕਈ ਕੋਟਿ ਬਨ ਭ੍ਰਮਹਿ ਉਦਾਸੀ॥

ਕਈ ਕੋਟਿ ਬੇਦ ਕੇ ਸ੍ਰੋਤੇ॥10

ਗੁਰੂ ਜੀ ਪਰਮਾਤਮਾ ਦੀ ਮਹਿਮਾ ਦਾ ਗੁਣਗਾਨ ਕਰਦੇ ਹੋਏ ਦੱਸਦੇ ਹਨ ਕਿ ਪਰਮਾਤਮਾ ਦੀ ਰਚੀ ਹੋਈ ਸ੍ਰਿਸ਼ਟੀ ਵਿਚ ਕਰੋੜਾਂ ਹੀ ਪੁਜਾਰੀ ਹਨ। ਇਸ ਦੁਨੀਆਂ ਅੰਦਰ ਕਰੋੜਾਂ ਹੀ ਧਾਰਮਕ ਰੀਤਾਂ ਰਸਮਾਂ ਕਰਨ ਵਾਲੇ ਹਨ। ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਦੀ ਬਣਾਈ ਹੋਈ ਸ੍ਰਿਸ਼ਟੀ ਅੰਦਰ ਅਨੇਕਾਂ ਹੀ ਬੰਦੇ ਤੀਰਥਾਂ ਦੇ ਵਸਨੀਕ ਹਨ ਅਤੇ ਕਈ ਪਰਮਾਤਮਾ ਦੀ ਭਾਲ ਵਿਚ ਜੰਗਲਾਂ ਵਿਚ ਫਿਰਦੇ ਹਨ। ਕਈ ਕਰੋੜਾਂ ਜੀਵ ਵੇਦਾਂ ਨੂੰ ਸੁਣਨ ਵਾਲੇ ਹਨ ਅਤੇ ਕਈ ਲੋਕ ਵੱਡੇ-ਵੱਡੇ ਤੱਪ ਕਰਦੇ ਹਨ। ਗੁਰੂ ਜੀ ਇਹ ਦੱਸਣਾ ਚਾਹੁੰਦੇ ਹਨ ਕਿ ਇਸ ਸੰਸਾਰ ਅੰਦਰ ਹਰੇਕ ਵਿਅਕਤੀ ਆਪਣੀ-ਆਪਣੀ ਭਾਵਨਾ ਨਾਲ ਪਰਮਾਤਮਾ ਨੂੰ ਮੰਨਦਾ ਹੈ।ਪਰ ਫਿਰ ਵੀ ਪਰਮਾਤਮਾ ਦਾ ਕੋਈ ਭੇਦ ਨਹੀਂ ਪਾ ਸਕਦਾ ਹੈ।

ਕਈ ਕੋਟਿ ਤਪੀਸੁਰ ਹੋਤੇ॥

ਕਈ ਕੋਟਿ ਆਤਮ ਧਿਆਨੁ ਧਾਰਹਿ॥

ਕਈ ਕੋਟਿ ਕਬਿ ਕਾਬਿ ਬੀਚਾਰਹਿ॥

ਕਈ ਕੋਟਿ ਨਵਤਨ ਨਾਮੁ ਧਿਆਵਹਿ॥

ਨਾਨਕ ਕਰਤੇ ਕਾ ਅੰਤੁ ਨ ਪਾਵਹਿ॥11

ਭਾਵ ਕਿ ਸੰਸਾਰ ਅੰਦਰ ਰਹਿੰਦੇ ਵਿਅਕਤੀ ਕਈ ਤਰੀਕਿਆ ਨਾਲ ਪਰਮਾਤਮਾ ਦਾ ਨਾਮ ਜੱਪਦੇ ਹਨ। ਕਈ ਲੋਕ ਆਪਣੇ ਅੰਦਰ ਤੋਂ ਹੀ ਪਰਮਾਤਮਾ ਨਾਲ ਜੁੜੇ ਹਨ। ਪਰ ਕੁੱਝ ਮਨੁੱਖ ਇਸ ਤਰ੍ਹਾਂ ਦੇ ਵੀ ਹਨ ਕਿ ਉਹ ਪਰਮਾਤਮਾ ਦਾ ਨਿੱਤ ਨਵਾਂ ਨਾਮ ਸਿਮਰਦੇ ਹਨ, ਪਰ ਕੋਈ ਵੀ ਅਕਾਲ ਪੁਰਖ ਦਾ ਅੰਤ ਨਹੀਂ ਪਾ ਸਕਦਾ ਹੈ। ਕਿਉਂਕਿ ਪਰਮਾਤਮਾ ਬਾਹਰੀ ਝੂਠੀ ਭਾਵਨਾ ਨਾਲ ਨਹੀਂ ਮਿਲਦਾ ਹੈ।ਪਰਮਾਤਮਾ ਨੂੰ ਪਾਉਣ ਲਈ ਸੱਚੀ ਭਾਵਨਾ ਦਾ ਹੋਣਾ ਜਰੂਰੀ ਹੈ।

ਕਈ ਕੋਟਿ ਸਿਧ ਜਤੀ ਜੋਗੀ॥

ਕਈ ਕੋਟਿ ਰਾਜੇ ਰਸ ਭੋਗੀ॥

ਕਈ ਕੋਟਿ ਪੰਖੀ ਸਰਪ ਉਪਾਏ॥

ਕਈ ਕੋਟਿ ਪਾਥਰ ਬਿਰਖ ਨਿਪਜਾਏ॥

ਕਈ ਕੋਟਿ ਪਵਣ ਪਾਣੀ ਬੈਸੰਤਰ॥12

ਗੁਰੂ ਜੀ ਫਰਮਾਨ ਕਰਦੇ ਹਨ ਕਿ ਇਸ ਦੁਨੀਆਂ ਅੰਦਰ ਹਰ ਪ੍ਰਕਾਰ ਦੇ ਜੀਵ ਰਹਿੰਦੇ ਹਨ। ਕਈ ਕਾਮ ਨੂੰ ਵੱਸ ਵਿਚ ਰੱਖਣ ਵਾਲੇ ਹਨ ਅਤੇ ਕਈ ਕਰੋੜਾਂ ਹੀ ਸੰਸਾਰ ਨੂੰ ਭੋਗ ਵਿਲਾਸ ਕੇ ਚਲੇ ਜਾਂਦੇ ਹਨ। ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਨੇ ਸੰਸਾਰ ਦੀ ਰਚਨਾ ਕਰਨ ਸਮੇ ਕਰੋੜਾਂ ਹੀ ਪੰਛੀ ਪੈਦਾ ਕੀਤੇ ਅਤੇ ਕਈ ਪਦਾਰਥਕ ਚੀਜ਼ਾਂ ਤੇ ਰੁੱਖ ਉਗਾਏ ਹਨ। ਇਸ ਤੋਂ ਇਲਾਵਾ ਸੰਸਾਰ ਦੀ ਰਚਨਾ ਸਮੇਂ ਹਵਾ, ਪਾਣੀ ਤੇ ਅੱਗ ਦਾ ਨਿਰਮਾਣ ਕੀਤਾ। ਇਸ ਲਈ ਪਰਮਾਤਮਾ ਦੀ ਸ਼ਕਤੀ ਨੂੰ ਕੋਈ ਵੀ ਸਮਝ ਨਹੀਂ ਸਕਦਾ। ਪਰਮਾਤਮਾ ਅੰਦਰ ਅਸੰਭਵ ਨੂੰ ਸੰਭਵ ਕਰਨ ਦੀ ਸਮਰਥਾ ਹੈ। ਉਸ ਦੀ ਕਿਰਪਾ ਨਾਲ ਹੀ ਸੰਸਾਰ ਦੇ ਸਾਰੇ ਕੰਮ ਚੱਲ ਰਹੇ ਹਨ।ਇਸ ਕਰਕੇ ਸਾਨੂੰ ਹਮੇਸ਼ਾ ਹੀ ਪਰਮਾਤਮਾ ਦੀ ਰਜ਼ਾ ਅੰਦਰ ਰਹਿਣਾ ਚਾਹੀਦਾ ਹੈ ਅਤੇ ਪਰਮਾਤਮਾ ਦੇ ਭਾਣੇ ਨੂੰ ਮੰਨਣਾ ਚਾਹੀਦਾ ਹੈ। ਇਸ ਵਿਚ ਹੀ ਸਾਡੀ ਭਲਾਈ ਹੈ।

ਕਈ ਕੋਟਿ ਦੇਸ ਭੂ ਮੰਡਲ॥

ਕਈ ਕੋਟਿ ਸਸੀਅਰ ਸੂਰ ਨਖ੍ਯ੍ਯਤ੍ਰ॥

ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥

ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥

ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ॥13

ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਨੇ ਸੰਸਾਰ ਦੀ ਰਚਨਾ ਸਮੇਂ ਅਨੇਕਾਂ ਹੀ ਦੇਸ਼ ਅਤੇ ਧਰਤੀਆਂ ਦੀ ਰਚਨਾ ਕੀਤੀ। ਇਸ ਦੇ ਨਾਲ-ਨਾਲ ਹੀ ਕਈ ਕਰੋੜਾਂ ਚੰਦਰਮਾਂ, ਤਾਰੇ ਤੇ ਸੂਰਜ ਦਾ ਵੀ ਨਿਰਮਾਣ ਕੀਤਾ। ਇਸ ਤੋਂ ਇਲਾਵਾ ਦੇਵਤੇ ਤੇ ਇੰਦਰ ਵੀ ਸ੍ਰਿਸ਼ਟੀ ਅੰਦਰ ਸ਼ਾਮਲ ਕੀਤੇ। ਅੰਤ ਵਿਚ ਗੁਰੂ ਜੀ ਦੱਸਦੇ ਹਨ ਕਿ ਇਹਨਾਂ ਸਾਰੇ ਜੀਵ ਜੰਤੂਆਂ ਤੇ ਪਦਾਰਥਾਂ ਨੂੰ ਪਰਮਾਤਮਾ ਨੇ ਆਪਣੇ ਹੁਕਮ ਵਿਚ ਰੱਖਿਆ ਹੈ, ਅਤੇ ਜਿਸ ਜੀਵ ਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ, ਪਰਮਾਤਮਾ ਉਸ ਹੀ ਆਪਣੇ ਚਰਨਾਂ ਨਾਲ ਲਾਉਂਦਾ ਹੈ।

ਗੁਰੂ ਅਰਜਨ ਦੇਵ ਜੀ ਆਪਣੇ ਸਲੋਕ ਅੰਦਰ ਦੱਸਦੇ ਹਨ:

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥

ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਸਹੀਅਲਿ ਸੋਇ॥ 14

ਗੁਰੂ ਜੀ ਸਲੋਕ ਅੰਦਰ ਦੱਸਦੇ ਹਨ ਕਿ ਸਾਰਾ ਕੁੱਝ ਕਰਨ ਵਾਲਾ ਪਰਮਾਤਮਾ ਹੀ ਹੈ।ਹਰ ਜਗ੍ਹਾ ਜਲ ਅਤੇ ਥਲ ਵਿਚ ਪਰਮਾਤਮਾ ਦਾ ਹੀ ਵਾਸ ਹੈ ਅਤੇ ਹਰ ਇਕ ਜੀਵ ਵਿਚ ਵੀ ਪਰਮਾਤਮਾ ਆਪ ਹੀ ਵੱਸਦਾ ਹੈ। ਗੁਰੂ ਜੀ ਦੱਸਦੇ ਹਨ ਕਿ ਮੈਂ ਪ੍ਰਭੂ ਤੋਂ ਮਹਿਰਬਾਨ ਹਾਂ ਜੋ ਜਲ ਵਿਚ ਥਲ ਵਿਚ ਤੇ ਆਕਾਸ਼ ਵਿਚ ਮੌਜੂਦ ਹੈ।

ਕਰਨ ਕਰਾਵਨ ਕਰਨੈ ਜੋਗੁ॥

ਜੋ ਤਿਸੁ ਭਾਵੈ ਸੋਈ ਹੋਗੁ॥

ਖਿਨ ਮਹਿ ਥਾਪਿ ਉਥਾਪਨਹਾਰਾ॥

ਅੰਤ ਨਹੀ ਕਿਛੁ ਪਾਰਾਵਾਰਾ॥

ਹੁਕਮੇ ਧਾਰਿ ਅਧਰ ਰਹਾਵੈ॥ 15

ਗੁਰੂ ਜੀ ਦੱਸਦੇ ਹਨ ਕਿ ਪ੍ਰਭੂ ਹੀ ਸਭ ਕੁੱਝ ਕਰਨ ਦੀ ਸਮਰੱਥਾ ਰੱਖਦਾ ਹੈ। ਪਰਮਾਤਮਾ ਦੇ ਅਨੁਸਾਰ ਹੀ ਸਾਰੀ ਸ਼੍ਰਿਸ਼ਟੀ ਚੱਲਦੀ ਹੈ। ਪਰਮਾਤਮਾ ਦੀ ਰਜ਼ਾ ਤੋਂ ਬਿਨਾਂ ਪੱਤਾ ਵੀ ਹਿੱਲ ਨਹੀਂ ਸਕਦਾ। ਇਸ ਲਈ ਪਰਮਾਤਮਾ ਹੀ ਸਾਰਾ ਕੁੱਝ ਕਰਨ ਵਾਲਾ ਹੈ। ਪ੍ਰਭੂ ਉਹੀ ਕੁੱਝ ਕਰਦਾ ਹੈ, ਜੋ ਉਸ ਨੂੰ ਚੰਗਾ ਲੱਗਦਾ ਹੈ। ਪਰਮਾਤਮਾ ਹੀ ਸੰਸਾਰ ਨੂੰ ਪੈਦਾ ਕਰਨ ਵਾਲਾ ਹੈ, ਤੇ ਪਰਮਾਤਮਾ ਹੀ ਸਭ ਕੁੱਝ ਨਾਸ਼ ਕਰਨ ਵਾਲਾ ਹੈ। ਪ੍ਰਭੂ ਆਪ ਹੀ ਸ੍ਰਿਸ਼ਟੀ ਨੂੰ ਆਪਣੇ ਹੁਕਮ ਵਿਚ ਪੈਦਾ ਕਰਦਾ ਹੈ। ਸੰਸਾਰ ਉਸ ਦੇ ਹੁਕਮ ਵਿਚ ਪੈਦਾ ਹੁੰਦਾ ਹੈ ਤੇ ਉਸ ਦੇ ਹੁਕਮ ਵਿਚ ਲੀਨ ਹੋ ਜਾਂਦਾ ਹੈ।

ਹੁਕਮੇ ਉਪਜੈ ਹੁਕਮਿ ਸਮਾਵੈ॥

ਹੁਕਮੇ ਊਚ ਨੀਚ ਬਿਉਹਾਰ॥

ਹੁਕਮੇ ਅਨਿਕ ਰੰਗ ਪਰਕਾਰ॥

ਕਰਿ ਕਰਿ ਦੇਖੈ ਅਪਨੀ ਵਡਿਆਈ॥

ਨਾਨਕ ਸਭ ਮਹਿ ਰਹਿਆ ਸਮਾਈ॥16

ਇਸ ਸ੍ਰਿਸ਼ਟੀ ਵਿਚ ਹਰ ਇਕ ਵਿਅਕਤੀ ਭਾਵੇਂ ਉਹ ਉੱਚਾ ਹੋਵੇ ਜਾ ਨੀਵਾਂ ਸਭ ਪਰਮਾਤਮਾ ਦੇ ਹੁਕਮ ਅੰਦਰ ਹੀ ਰਹਿੰਦੇ ਹਨ। ਇਸ ਸ੍ਰਿਸ਼ਟੀ ਅੰਦਰ ਜੋ ਵੀ ਸਾਰੇ ਖੇਡ ਤਮਾਸ਼ੇ ਹੋ ਰਹੇ ਹਨ ਇਹ ਸਾਰੇ ਅਕਾਲ ਪੁਰਖ ਦੇ ਹੁਕਮ ਵਿਚ ਹੀ ਹੁੰਦੇ ਹਨ। ਗੁਰੂ ਜੀ ਦੱਸਦੇ ਹਨ ਕਿ ਅਕਾਲ ਪੁਰਖ ਸਰਬ ਸ਼ਕਤੀਮਾਨ ਅਤੇ ਸਰਬ ਵਿਆਪਕ ਹੈ। ਹਰ ਇਕ ਜਗ੍ਹਾਂ ਤੇ ਪਰਮਾਤਮਾ ਆਪ ਮੌਜੂਦ ਹੈ। ਇਸ ਲਈ ਸਾਨੂੰ ਪਰਮਾਤਮਾ ਦੇ ਹੁਕਮ ਅੰਦਰ ਰਹਿਣਾ ਚਾਹੀਦਾ ਹੈ।

ਮੁੱਢ-ਕਦੀਮ ਤੋਂ ਹੀ ਮਨੁੱਖ ਆਪਣੀ ਜ਼ਿੰਦਗੀ ਨੂੰ ਸਰਲ ਅਤੇ ਸ਼ਾਂਤੀਮਈ ਬਣਾਉਣ ਲਈ ਕਾਰਜਸ਼ੀਲ ਰਿਹਾ ਹੈ। ਇਸੇ ਕਾਰਨ ਹੀ ਉਸ ਨੇ ਪੱਥਰ ਤੋਂ ਲੈ ਕੇ ਪ੍ਰਮਾਣੂ ਯੁੱਗ ਤੱਕ ਦਾ ਸਫ਼ਰ ਤੈਅ ਕੀਤਾ ਹੈ। ਇਸ ਲੰਬੇ ਪੈਂਡੇ ਦੌਰਾਨ ਮਨੁੱਖ ਨੇ ਅਣਗਿਣਤ ਧਾਰਨਾਵਾਂ ਅਤੇ ਸਿਧਾਂਤਾਂ ਨੂੰ ਜਨਮ ਦਿੱਤਾ ਜਾਂ ਨਕਾਰਿਆ ਹੈ। ਇਸ ਦੀ ਪੂਰਤੀ ਲਈ ਹਜਾਰਾਂ ਲੜਾਈਆਂ ਅਤੇ ਸੰਧੀਆਂ ਮਨੁੱਖ ਨੇ ਜ਼ਿੰਦਗੀ ਦੇ ਹਰ ਪੱਧਰ ਤੇ ਕੀਤੀਆਂ ਜੋ ਅੱਜ ਤੱਕ ਜਾਰੀ ਹਨ। ਪਰ ਸਥਾਈ ਸ਼ਾਂਤੀ ਉਸ ਲਈ ਰਹੱਸ ਦਾ ਵਿਸ਼ਾ ਹੀ ਬਣੀ ਹੋਈ ਹੈ। ਅੱਜ ਆਧੁਨਿਕ ਅਤੇ ਵਿਗਿਆਨਿਕ ਤਕਨੀਕਾਂ ਦੇ ਸਾਹਰੇ ਪਦਾਰਥਾਂ ਦੇ ਭੋਗ ਨੂੰ ਸ਼ਾਂਤੀ ਪ੍ਰਾਪਤੀ ਦਾ ਸਾਧਨ ਮੰਨਿਆ ਜਾਂਦਾ ਹੈ।"ਇਸੇ ਪ੍ਰਵਿਰਤੀ ਅਧੀਨ ਹਰ ਵਿਅਕਤੀ ਆਪਣੇ ਖੇਤਰ ਦੇ ਅਨੁਸਾਰ ਇਹਨਾਂ ਧਾਰਨਾਵਾਂ ਦਾ ਰਾਹੀ ਬਣ ਮੰਜਿਲ ਨੂੰ ਪ੍ਰਾਪਤ ਕਰਨ ਲਈ ਤੱਤਪਰ ਹੈ। ਪਰਮਾਤਮਾ ਦੀ ਇੱਕਤਾ ਨੂੰ ਹੀ ਸ੍ਰਿਸ਼ਟੀ ਅਤੇ ਸਮਾਜ ਵਿਚਲੀ ਏਕਤਾ ਦਾ ਪ੍ਰਤੀਕ ਮੰਨਿਆ ਗਿਆ ਹੈ। ਜੇਕਰ ਪਰਮਾਤਮਾ ਦਵੈਤ ਰੂਪ ਹੈ ਤਾਂ ਸ੍ਰਿਸ਼ਟੀ ਦੇ ਵੀ ਇਕ ਤੋਂ ਵਧੇਰੇ ਰਚਨਹਾਰੇ ਸਾਹਮਣੇ ਆ ਸਕਦੇ ਹਨ ਅਤੇ ਸਮਾਜ ਵਿਚ ਦੋ ਇਕਾਈਆਂ ਬਣ ਜਾਣਗੀਆਂ। ਸਮਾਜ ਵਿਚ ਦਵੈਤ ਦੀ ਭਾਵਨਾ ਮਨੁੱਖੀ ਏਕਤਾ ਕਾਇਮ ਨਹੀਂ ਕਰ ਸਕਦੀ।"17

ਪਰ ਜਦ ਵੀ ਮਨੁੱਖ ਸ਼ਾਂਤੀ ਦੀ ਤਲਾਸ਼ ਲਈ ਆਤਮਿਕ ਸੁੱਖ ਨੂੰ ਭੁੱਲ ਕੇ ਮਨ ਦੀ ਦੌੜ ਵਿਚ ਲੱਗਾ ਹੈ ਤਾਂ ਅਸ਼ਾਂਤੀ ਦੀ ਪ੍ਰਾਪਤੀ ਤੋਂ ਬਿਨਾ ਉਸ ਦੇ ਹੱਥ ਕੁੱਝ ਵੀ ਨਹੀਂ ਲੱਗਾ। ਮਨੁੱਖੀ ਮਨ ਦੀ ਇਸ ਪ੍ਰਵਿਰਤੀ ਨੂੰ ਖਤਮ ਕਰਨ ਲਈ ਕੁੱਝ ਵਿਅਕਤੀ ਅਤੇ ਸੰਸਥਾਵਾਂ ਉਪਰਾਲੇ ਕਰ ਰਹੀਆਂ ਹਨ। ਪਰੰਤੂ ਉਹਨਾਂ ਕੋਲ ਸਮੱਸਿਆ ਦਾ ਠੋਸ ਹੱਲ ਨਹੀਂ ਹੈ ਕਿਉਂਕਿ ਅਸ਼ਾਂਤ ਮਨੁੱਖੀ ਮਨ ਨੂੰ ਵੱਸ ਵਿਚ ਕਰਨ ਦੀ ਥਾਂ ਬਾਹਰੀ ਪੱਖਾਂ ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਮਰਜ ਦਾ ਪੱਕਾ ਇਲਾਜ ਲੱਭਣ ਲਈ ਸਾਡਾ ਅਕਾਲ ਪੁਰਖ ਨੂੰ ਜਾਨਣਾ ਬਹੁਤ ਹੀ ਜਰੂਰੀ ਹੈ। ਜਦ ਤੱਕ ਅਸੀਂ ਆਪਣੇ

ਜੀਵਨ ਅੰਦਰ ਪਰਮਾਤਮਾ ਨੂੰ ਜਾਣ ਨਹੀਂ ਲੈਂਦੇ, ਅਸੀਂ ਹਮੇਸ਼ਾ ਦੁੱਖੀ ਅਤੇ ਅਸ਼ਾਂਤ ਹੀ ਰਹਾਗੇ। ਇਸ ਲਈ ਲੋੜ ਹੈ, ਪਰਮਾਤਮਾ ਨੂੰ ਜਾਣਨ ਦੀ ਤਾਂ ਜੋ ਸਾਡਾ ਵੀ ਜੀਵਨ ਸਫ਼ਲ ਹੋ ਸਕੇ।

ਸਤਿਗੁਰੂ ਦਾ ਸਰੂਪ-ਗੁਰੂ ਅਰਜਨ ਦੇਵ ਜੀ ਦੀ ਰਚਨਾ ਸੁਖਮਨੀ ਬਾਣੀ ਦਾ ਮੂਲ ਵਿਸ਼ਾ ਸਤਿਗੁਰੂ ਉੱਪਰ ਆਧਰਿਤ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਇਕ ਗੁਰੂ ਦੀ ਪਛਾਣ ਅਤੇ ਗੁਰੂ ਦੀ ਮਹਾਨਤਾ ਨੂੰ ਦਰਸਾਇਆ ਹੈ। ਸੁਖਮਨੀ ਬਾਣੀ ਅੰਦਰ ਦੱਸਿਆ ਗਿਆ ਹੈ ਕਿ ਅਸੀਂ ਸਤਿਗੁਰੂ ਦੀ ਕਿਰਪਾ ਨਾਲ ਹੀ ਬ੍ਰਹਮਗਿਆਨੀ ਬਣ ਸਕਦੇ ਹਾਂ। ਗੁਰੂ ਅਰਜਨ ਦੇਵ ਜੀ ਇਕ ਸਲੋਕ ਅੰਦਰ ਦੱਸਦੇ ਹਨ :

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥

ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥18

ਗੁਰੂ ਜੀ ਆਪਣੀ ਬਾਣੀ ਅੰਦਰ ਦੱਸਦੇ ਹਨ ਕਿ ਜੋ ਪਰਮਾਤਮਾ ਨੂੰ ਜਾਣ ਲੈਂਦਾ ਹੈ। ਭਾਵ ਕਿ ਜੋ ਸੱਚ ਦੀ ਪ੍ਰਾਪਤੀ ਕਰ ਲੈਂਦਾ ਹੈ। ਉਸ ਨੂੰ ਹੀ ਸਤਿਗੁਰੂ ਕਿਹਾ ਜਾਂਦਾ ਹੈ। ਇਸ ਸੰਸਾਰ ਅੰਦਰ ਗੁਰੂ ਤਾਂ ਬਹੁਤ ਹਨ ਪਰ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਅੰਦਰ ਦੱਸਦੇ ਹਨ ਕਿ ਗੁਰੂ ਉਸ ਨੂੰ ਕਿਹਾ ਜਾਂਦਾ ਹੈ, ਜੋ ਪਰਮਾਤਮਾ ਦੇ ਦਰਸ਼ਨ ਕਰ ਲੈਂਦਾ ਹੈ ਤੇ ਦੂਜਿਆਂ ਨੂੰ ਦਰਸ਼ਨ ਕਰਾਉਣ ਦੀ ਸਮਰੱਥਾ ਰੱਖਦਾ ਹੋਵੇ। ਉਸ ਨੂੰ ਹੀ ਸਤਿਗੁਰੂ ਕਿਹਾ ਜਾਂਦਾ ਹੈ। ਸਤਿਗੁਰੂ ਦੀ ਸੰਗਤ ਕਰਨ ਨਾਲ ਸਤਿਗੁਰੂ ਦੇ ਸਿੱਖ ਦੇ ਅੰਦਰਲੇ ਵਿਕਾਰ ਖ਼ਤਮ ਹੋ ਜਾਂਦੇ ਹਨ। ਸਤਿਗੁਰੂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਗੁਰੂ ਦੀ ਸ਼ਰਨ ਗਏ ਬਿਨਾ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। "ਸਤਿਗੁਰੂ ਨਾਨਕ ਦੇਵ ਨੇ ਜਿਸ ਬ੍ਰਹਮ ਨੂੰ ਮਨੁੱਖ ਦੀ ਮੁਕਤੀ ਦਾ ਦਾਤਾ, ਸੰਸਾਰ ਦਾ ਖਾਲਕ, ਪਾਲਕ ਤੇ ਸੰਘਾਰਕ ਦੱਸਿਆ ਹੈ, ਉਸ ਨੂੰ ਗਿਆਨ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ, ਪਰ ਇਹ ਗੁਰੂ ਪਾਸੋਂ ਹੀ ਮਿਲ ਸਕਦਾ ਹੈ।"19 ਗੁਰੂ ਜੀ ਫਰਮਾਨ ਕਰਦੇ ਹਨ ਕਿ ਸਾਨੂੰ ਵੀ ਗੁਰੂ ਦੀ ਸੰਗਤ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਵੀ ਪਰਮਾਤਮਾ ਨੂੰ ਜਾਣ ਸਕੀਏ।ਗੁਰੂ ਜੀ ਅੱਗੇ ਦੱਸਦੇ ਹਨ:

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥

ਸੇਵਕ ਕਉ ਗੁਰੁ ਸਦਾ ਦਇਆਲ॥

ਸਿਖ ਕੀ ਗੁਰੁ ਦੁਰਮਿਤ ਮੁਲ ਹਿਰੈ॥

ਗੁਰਬਚਨੀ ਹਰਿ ਨਾਮੁ ਉਚਰੈ॥

ਸਤਿਗੁਰੁ ਸਿਖ ਕੇ ਬੰਧਨ ਕਾਟੈ॥

ਗੁਰ ਕਾ ਸਿਖੁ ਬਿਕਾਰ ਤੇ ਹਾਟੈ॥20

ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਸਤਿਗੁਰੂ ਆਪਣੇ ਸਿੱਖ ਦੀ ਹਮੇਸ਼ਾ ਹੀ ਰੱਖਿਆ ਕਰਦਾ ਹੈ। ਗੁਰੂ ਹਮੇਸ਼ਾ ਹੀ ਆਪਣੇ ਸੇਵਕ ਉੱਤੇ ਮੇਹਰ ਕਰਦਾ ਹੈ। ਉਸ ਉੱਤੇ ਕਦੇ ਵੀ ਬੁਰਾ ਸਮਾਂ ਨਹੀਂ ਆਉਣ ਦਿੰਦਾ ਹੈ। ਸਤਿਗੁਰੂ ਦੇ ਸਿੱਖ ਅੰਦਰੋ ਵਿਕਾਰਾਂ ਦੀ ਮੈਲ ਆਪਣੇ-ਆਪ ਦੂਰ ਹੋ ਜਾਂਦੀ ਹੈ ਕਿਉਂਕਿ ਸਿੱਖ ਆਪਣੇ ਸਤਿਗੁਰੂ ਦੇ ਉਪਦੇਸ਼ ਰਾਹੀਂ ਉਹ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ। ਸਤਿਗੁਰੂ ਹੀ ਹੁੰਦਾ ਹੈ ਜੋ ਵਿਅਕਤੀ ਨੂੰ ਮਾਇਆ ਵਿਚੋਂ ਬਾਹਰ ਕੱਡ ਸਕਦਾ ਹੈ।ਜਿਸ ਨਾਲ ਇਕ ਸਿੱਖ ਦੇ ਵਿਕਾਰ ਵੀ ਖਤਮ ਹੋ ਜਾਸੇ ਹਨ।

ਗੁਰ ਕੈ ਗ੍ਰਿਹਿ ਸੇਵਕੁ ਕੋ ਰਹੈ॥

ਗੁਰ ਕੀ ਆਗਿਆ ਮਨ ਮਹਿ ਸਹੈ॥

ਆਪਸ ਕਉ ਕਰਿ ਕੁਛ ਨ ਜਨਾਵੈ॥

ਹਰਿ ਹਰਿ ਨਾਮੁ ਰਿਦ ਸਦ ਧਿਆਵੈ॥

ਮਨੁ ਬੇਚੈ ਸਤਿਗੁਰ ਕੈ ਪਾਸਿ॥

ਤਿਸੁ ਸੇਵਕ ਕੇ ਕਾਰਜ ਰਾਸਿ॥21

ਗੁਰੂ ਜੀ ਫਰਮਾਨ ਕਰਦੇ ਹਨ ਕਿ ਜਿਹੜੇ ਸੇਵਕ ਗੁਰੂ ਘਰ ਰਹਿੰਦੇ ਹਨ। ਉਹ ਗੁਰੂ ਦੇ ਹੁਕਮ ਵਿਚ ਰਹਿੰਦੇ ਹਨ। ਪਰਮਾਤਮਾ ਦੇ ਨਾਮ ਸਿਮਰਨ ਨਾਲ ਵਿਅਕਤੀ ਹਮੇਸ਼ਾ ਨੀਵਾਂ ਹੋ ਕੇ ਜੀਵਨ ਬਤੀਤ ਕਰਦਾ ਹੈ।ਉਹ ਆਪਣੇ ਆਪ ਨੂੰ ਵੱਡਾ ਨਹੀਂ ਜਤਾਉਂਦਾ। ਸਤਿਗੁਰੂ ਦੇ ਅੱਗੇ ਜੋ ਆਪਣਾ-ਆਪ ਸਭ ਕੁੱਝ ਸੋਂਪ ਦਿੰਦਾ ਹੈ। ਪਰਮਾਤਮਾ ਉਸ ਸੇਵਕ ਦੇ ਸਾਰੇ ਕੰਮ ਸਿਰੇ ਚੜ੍ਹ ਦਿੰਦਾ ਹੈ।

ਬੀਸ ਬਿਸਵੇ ਗੁਰ ਕਾ ਮਨੁ ਮਾਨੈ॥

ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ॥

ਸੋ ਸਤਿਗੁਰੂ ਜਿਸ ਰਿਦੈ ਹਰਿ ਨਾਉ॥

ਅਨਿਕ ਬਾਰ ਗੁਰ ਕਉ ਬਲਿ ਜਉ॥

ਸਰਬ ਨਿਧਾਨ ਜੀਅ ਕਾ ਦਾਤਾ॥

ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥22

ਗੁਰੂ ਜੀ ਦੱਸਦੇ ਹਨ ਕਿ ਜਿਹੜਾ ਸੇਵਕ ਸਤਿਗੁਰੂ ਨੂੰ ਪੂਰੀ ਸ਼ਰਧਾ ਨਾਲ ਪਾ ਲੈਂਦਾ ਹੈ। ਉਹ ਪਰਮਾਤਮਾ ਨੂੰ ਜਾਣ ਲੈਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਅੰਦਰ ਸਤਿਗੁਰੂ ਦੀ ਪਹਿਚਾਣ ਕਰਵਾਈ ਹੈ ਕਿ ਸਤਿਗੁਰੂ ਉਸ ਨੂੰ ਕਿਹਾ ਜਾਂਦਾ ਹੈ ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਨਾਮ ਹੋਵੇ ਭਾਵ ਕਿ ਜਿਸ ਦੇ ਮਨ ਅੰਦਰ ਪਰਮਾਤਮਾ ਦਾ ਵਾਸ ਹੋ ਜਾਵੇ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮੈਂ ਐਸੇ ਗੁਰੂ ਤੋਂ ਸਦਕੇ ਜਾਂਦਾ ਹਾਂ। ਸਤਿਗੁਰੂ ਹੀ ਹੈ ਜੋ ਸਾਨੂੰ ਆਤਮਕ ਸੁੱਖ ਪ੍ਰਦਾਨ ਕਰਦਾ ਹੈ। ਕਿਉਂਕਿ ਸਤਿਗੁਰੂ ਹਰ ਸਮੇਂ ਪਰਮਾਤਮਾ ਦੇ ਰੰਗ ਵਿਚ ਰੰਗਿਆ ਹੁੰਦਾ ਹੈ।

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮ॥

ਏਕਹਿ ਆਪਿ ਨਹੀ ਕਛੁ ਭਰਮੁ॥

ਸਹਸ ਸਿਆਨਪ ਲਇਆ ਨ ਜਾਈਐ॥

ਨਾਨਕ ਐਸਾ ਗੁਰੁ ਬਡ ਭਾਗੀ ਪਾਈਐ॥23

ਗੁਰੂ ਜੀ ਦੱਸਦੇ ਹਨ ਕਿ ਗੁਰੂ ਤੇ ਪਰਮਾਤਮਾ ਇਕ ਰੂਪ ਹੀ ਹੁੰਦੇ ਹਨ। ਇਸ ਲਈ ਸਾਨੂੰ ਹਮੇਸ਼ਾ ਗੁਰੂ ਨੂੰ ਪਰਮਾਤਮਾ ਹੀ ਸਮਝਣਾ ਚਾਹੀਦਾ ਹੈ। ਕਿਉਂਕਿ ਗੁਰੂ ਪਰਮਾਤਮਾ ਦਾ ਹੀ ਰੂਪ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਕਿ ਗੁਰੂ ਦੀ ਪ੍ਰਾਪਤੀ ਕਦੀ ਵੀ ਚਲਾਕੀ ਜਾ ਚਤੁਰਾਈ ਨਾਲ ਨਹੀਂ ਹੁੰਦੀ ਸਗੋਂ ਪਰਮਾਤਮਾ ਤੇ ਵੱਡੇ ਭਾਗਾਂ ਨਾਲ ਮਿਲਦਾ ਹੈ ।

ਜਿਹਬਾ ਏਕ ਉਸਤਤਿ ਅਨੇਕ॥

ਸਤਿ ਪੁਰਖ ਪੂਰਨ ਬਿਬੇਕ॥

ਕਾਹੂ ਬੋਲ ਨ ਪਹੁਚਤ ਪ੍ਰਾਨੀ॥

ਅਗਮ ਅਗੋਚਰ ਪ੍ਰਭ ਨਿਰਬਾਨੀ॥

ਨਿਰਾਹਾਰ ਨਿਰਵੈਰ ਸੁਖਦਾਈ॥

ਤਾ ਕੀ ਕੀਮਤਿ ਕਿਨੈ ਨ ਪਾਈ॥24

ਗੁਰੂ ਜੀ ਆਪਣੀ ਬਾਣੀ ਅੰਦਰ ਦੱਸੇ ਹਨ ਕਿ ਪਰਮਾਤਮਾ ਵਾਸਨਾਵਾਂ ਤੋਂ ਰਹਿਤ ਹੁੰਦਾ ਹੈ। ਪ੍ਰਭੂ ਨੂੰ ਕਿਸੇ ਪ੍ਰਕਾਰ ਦੇ ਖਾਣੇ ਦੀ ਲੋੜ ਨਹੀਂ ਪੈਂਦੀ ਹੈ।ਪਰਮਾਤਮਾ ਵੈਰ-ਵਿਰੋਧ ਤੋਂ ਦੂਰ ਹੈ। ਸਾਰਿਆਂ ਨੂੰ ਸੁੱਖ ਦੇਣ ਵਾਲਾ ਹੈ। ਕੋਈ ਵੀ ਪ੍ਰਾਣੀ ਪਰਮਾਤਮਾ ਦੇ ਗੁਣਾਂ ਦਾ ਮੁੱਲ ਨਹੀਂ ਪਾ ਸਕਦਾ ਹੈ। ਗੁਰੂ ਜੀ ਅੱਗੇ ਦੱਸਦੇ ਹਨ :

ਅਨਿਕ ਭਗਤ ਭੰਦਨ ਨਿਤ ਕਰਹਿ॥

ਚਰਨ ਕਮਲ ਹਿਰਦੈ ਸਿਮਰਹਿ॥

ਸਦ ਬਲਿਹਾਰੀ ਸਤਿਗੁਰ ਅਪਨੇ॥

ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ॥25

ਸਾਰੇ ਹੀ ਭਗਤ ਪਰਮਾਤਮਾ ਨੂੰ ਨਮਸਕਾਰ ਕਰਦੇ ਹਨ ਅਤੇ ਪਰਮਾਤਮਾ ਦੇ ਚਰਨ ਕਮਲਾਂ ਨੂੰ ਹਮੇਸ਼ਾ ਹੀ ਆਪਣੇ ਹਿਰਦੇ ਅੰਦਰ ਰੱਖਦੇ ਹਨ। ਗੁਰੂ ਜੀ ਦੱਸਦੇ ਹਨ ਕਿ ਜਿਸ ਸਤਿਗੁਰੂ ਦੀ ਕਿਰਪਾ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ, ਮੈਂ ਹਮੇਸ਼ਾ ਹੀ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ। ਗੁਰੂ ਜੀ ਆਪਣੀ ਬਾਣੀ ਅੰਦਰ ਦੱਸਦੇ ਹਨ :

ਨਾਮ ਕੀ ਮਹਿਮਾ ਸੰਤ ਰਿਦ ਵਸੈ॥

ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥

ਸੰਤ ਕਾ ਸੰਗੁ ਵਡ ਭਤਗੀ ਪਾਈਐ॥

ਸੰਤ ਕੀ ਸੇਵਾ ਨਾਮੁ ਧਿਆਈਐ॥

ਨਾਮ ਤੁਲਿ ਕੁਛੁ ਅਵਰੁ ਨ ਹੋਇ॥

ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥26

ਸੁਖਮਨੀ ਬਾਣੀ ਵਿਚ ਗੁਰੂ ਜੀ ਫਰਮਾਨ ਕਰਦੇ ਹਨ ਕਿ ਨਾਮ ਦੀ ਮਹਿਮਾ ਇਕ ਗੁਰੂ ਦੇ ਹਿਰਦੇ ਅੰਦਰ ਵੱਸੀ ਹੁੰਦੀ ਹੈ। ਗੁਰੂ ਦੀ ਕਿਰਪਾ ਨਾਲ ਹੀ ਜਦੋਂ ਸਾਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਤੇ ਇਸ ਦੇ ਨਾਲ ਹੀ ਮਨੁੱਖ ਦੇ ਪਾਪਾਂ ਦਾ ਅੰਤ ਹੋ ਜਾਂਦਾ ਹੈ। ਗੁਰੂ ਜੀ ਦੱਸਦੇ ਹਨ ਕਿ ਉਹ ਮਨੁੱਖ ਵੱਡੇ ਭਾਗਾਂ ਵਾਲਾ ਹੁੰਦਾ ਹੈ ਜਿਸ ਨੂੰ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੀ ਸੇਵਾ ਕਰਨ ਦੇ ਨਾਲ-ਨਾਲ ਮਨੁੱਖ ਨਾਮ ਸਿਮਰਨ ਨੂੰ ਵੀ ਸਿਮਰਦਾ ਹੈ। ਪਰਮਾਤਮਾ ਦੇ ਨਾਮ ਤੋਂ ਵੱਡਾ ਇਸ ਸੰਸਾਰ ਅੰਦਰ ਕੁੱਝ ਵੀ ਨਹੀਂ ਹੈ। ਗੁਰੂ ਜੀ ਕਹਿੰਦੇ ਹਨ ਕਿ ਸਤਿਗੁਰੂ ਦਾ ਸਨਮੁੱਖ ਕੋਈ ਵਿਰਲਾ ਹੀ ਹੁੰਦਾ ਹੈ।

ਸੁਖਮਨੀ ਬਾਣੀ ਨੂੰ ਪੜ੍ਹ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਜਿਵੇਂ ਰਾਤ ਦੇ ਹਨੇਰੇ ਵਿਚ ਤਾਂ ਅਸੰਖ ਤਾਰੇ ਚਮਕਦੇ ਹਨ ਪਰੰਤੂ ਫਿਰ ਉਹਨਾਂ ਦੁਆਰਾ ਭਰਪੂਰ ਰੌਸ਼ਨੀ ਨਹੀਂ ਹੁੰਦੀ। ਜਦੋਂ ਕਿ ਦਿਨ ਦੇ ਸਮੈਂ ਇਕੱਲੇ ਸੂਰਜ ਦੀ ਜੋਤੀ ਹੀ ਸਾਰੇ ਸੰਸਾਰ ਨੂੰ ਪ੍ਰਕਾਸ਼ਿਤ ਕਰ ਦਿੰਦੀ ਹੈ। ਠੀਕ ਇਸੇ ਪ੍ਰਕਾਰ ਸੰਸਾਰ ਅੰਦਰ ਅਨੇਕਾਂ ਵਿਚਾਰਾਂ ਵਾਲੇ ਲੋਕ ਆਪਣੀ-ਆਪਣੀ ਕਲਾ ਦਾ ਜੌਹਰ ਦਿਖਾਉਂਦੇ ਹਨ। ਇਸਦੇ ਦੁਆਰਾ ਉਹਨਾਂ ਦੀ ਅਗਿਆਨਤਾ ਦਾ ਅੰਧਕਾਰ ਦੂਰ ਨਹੀਂ ਹੁੰਦਾ। ਪਰੰਤੂ ਜਦੋਂ ਗੁਰੂ ਰੂਪੀ ਸੂਰਜ ਸਾਡੇ ਜੀਵਨ ਅੰਦਰ ਪ੍ਰਗਟ ਹੁੰਦਾ ਹੈ ਤਾਂ ਸਾਡੇ ਅੰਦਰ ਸਮਾਇਆ ਅਗਿਆਨਤਾ ਦਾ ਅੰਧਕਾਰ ਜੜ੍ਹ ਤੋਂ ਖਤਮ ਹੋ ਜਾਂਦਾ ਹੈ ਅਤੇ ਇਕ ਪਰਮ ਅਲੌਕਿਕ ਪ੍ਰਕਾਸ਼ ਸਾਡੇ ਸੰਪੂਰਨ ਜੀਵਨ ਅੰਦਰ ਛਾ ਜਾਂਦਾ ਹੈ। ਜਦੋਂ ਗੁਰੂ ਦੀ ਕਿਰਪਾ ਨਾਲ ਸ਼ਿਸ਼ ਦੇ ਜੀਵਨ ਅੰਦਰ ਪਰਿਵਰਤਨ ਆਉਂਦਾ ਹੈ ਤਾਂ ਉਦੋਂ ਸ਼ਿਸ਼ ਦੀ ਰਸਨਾ ਆਪਣੇ ਗੁਰੂ ਦੀ ਮਹਿਮਾ ਗਾਉਣ ਲਈ ਉਤਸੁਕ ਹੋ ਜਾਂਦੀ ਹੈ। ਵਿਅਕਤੀ ਦਾ ਕਰਤਵ ਹੈ ਕਿ ਉਹ ਸ਼ਾਧਨਾ, ਤਪੱਸਿਆ, ਘਾਲ-ਕਮਾਈ, ਗੁਰੂ ਪ੍ਰਤਿ ਸ਼ਰਧਾ ਆਦਿ ਨਾਲ ਆਪਣੇ ਆਪ ਨੂੰ ਇਸ ਯੋਗ ਬਣਾ ਲਵੇ ਕਿ ਅਗੰਮ ਸ਼ਕਤੀ ਦੀ ਉੱਚਤਮ ਅਵਸਥਾ ਉਸ ਨੂੰ ਆਪਣੇ ਪ੍ਰਗਟਾਉ ਦਾ ਮਾਧਿਅਮ ਬਣਾ ਲਵੇ। ਸੁਖਮਨੀ ਬਾਣੀ ਸਾਨੂੰ ਵੀ ਸਤਿਗੁਰੂ ਦੇ ਇਕ ਅਜਿਹੇ ਹੀ ਰੂਪ ਬਾਰੇ ਜਾਣਕਾਰੀ ਦਿੰਦੀ ਹੈ। ਭਾਵ ਕਿ ਸਤਿਗੁਰੂ ਉਸ ਨੂੰ ਕਿਹਾ ਜਾਂਦਾ ਹੈ, ਜਿਸ ਅੰਦਰ ਸਾਰੇ ਵਿਸ਼ਵ ਲਈ ਦਿਵਯ ਭਾਵ ਸਮਾਰੇ ਹੋਏ ਹਨ। ਜਿੰਨ੍ਹਾਂ ਦੇ ਅਲੌਕਿਕ ਵਿਅਕਤੀਤੱਵ ਚੋਂ ਵਿਸ਼ਵ ਸ਼ਾਂਤੀ ਦੀ ਹੀ ਸੁਗੰਧ ਆਉਂਦੀ ਹੈ। ਜਿੰਨ੍ਹਾਂ ਦੇ ਹਿਰਦੇ ਅੰਦਰ ਸਮੁੱਚੀ ਮਨੁੱਖ ਜਾਤੀ ਲਈ ਉਦਾਰ ਭਾਵਨਾਂ ਹੈ। ਜਿੰਨ੍ਹਾਂ ਦੀ ਇਕ ਸੋਚ ਵਿਸ਼ਵ ਸ਼ਾਂਤੀ ਦੇ ਲਕਸ਼ ਨੂੰ ਪੂਰਨ ਕਰਨ ਦੀ ਸਮਰੱਥਾ ਰੱਖਦੀ ਹੈ। ਸਤਿਗੁਰੂ ਦੇ ਇੰਨ੍ਹੇ ਵਿਰਾਟ ਵਿਅਕਤੀਤੱਵ ਨੂੰ ਸਮਝਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਆਪਣੀ ਪੂਰੀ ਰਚਨਾ ਵਿਚ ਸਤਿਗੁਰੂ ਦੀ ਮਾਹਨਤਾ ਨੂੰ ਦੱਸਿਆ ਹੈ। ਸਾਡੇ ਜੀਵਨ ਦਾ ਮੂਲ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਸਤਿਗੁਰੂ ਤੋਂ ਬਿਨਾਂ ਕਦੇ ਵੀ ਨਹੀਂ ਹੋ ਸਕਦੀ। ਇਸ ਲਈ ਸਾਡੇ ਜੀਵਨ ਵਿਚ ਸਤਿਗੁਰੂ ਦਾ ਹੋਣਾ ਬਹੁਤ ਹੀ ਜਰੂਰੀ ਹੈ। ਗੁਰੂ ਦੁਆਰਾ ਹੀ ਅਸੀਂ ਆਤਮਕ ਸੁੱਖ ਦੀ ਪ੍ਰਾਪਤੀ ਕਰ ਸਕਦੇ ਹਾਂ।ਇਸ ਕਰਕੇ ਸਾਨੂੰ ਵੀ ਅੱਜ ਲੋੜ ਹੈ ਸਤਿਗੁਰੂ ਦੀ, ਜਿਸ ਦੇ ਦੁਆਰਾ ਅਸੀਂ ਆਪਣੇ ਜੀਵਨ ਨੂੰ ਸਫ਼ਲ ਕਰ ਸਕਦੇ ਹਾਂ।

ਬ੍ਰਹਮਗਿਆਨੀ ਦਾ ਸਰੂਪ-ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਅੰਦਰ ਬ੍ਰਹਮਗਿਆਨੀ ਦੇ ਜੀਵਨ ਨੂੰ ਪੇਸ਼ ਕੀਤਾ ਹੈ। ਭਾਵ ਕਿ ਬ੍ਰਹਮਗਿਆਨੀ ਉਸ ਇਨਸਾਨ ਨੂੰ ਕਿਹਾ ਜਾਂਦਾ ਹੈ, ਜਿਸ ਕੋਲ ਪਰਮਾਤਮਾ ਦਾ ਬ੍ਰਹਮ ਗਿਆਨ (ਨਾਮ ਸਿਮਰਨ) ਹੋਵੇ। ਜਦੋਂ ਇਕ ਇਨਸਾਨ ਨੂੰ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਹ ਆਪਣੇ ਜੀਵਨ ਅੰਦਰ ਪਰਮਾਤਮਾ ਨੂੰ ਪਾ ਲੈਂਦਾ ਹੈ।ਗੁਰੂ ਅਰਜਨ ਦੇਵ ਜੀ ਇਕ ਸਲੋਕ ਅੰਦਰ ਦੱਸਦੇ ਹਨ:

ਮਨਿ ਸਾਚਾ ਮੁਖਿ ਸਾਚਾ ਸੋਇ॥

ਅਵਰੁ ਨ ਪੇਖੈ ਏਕਸੁ ਬਿਨੁ ਕੋਇ॥

ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ॥27

ਗੁਰੂ ਜੀ ਨੇ ਬਾਣੀ ਅੰਦਰ ਦੱਸਿਆ ਹੈ ਕਿ ਜਿਸ ਮਨੁੱਖ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਉਸ ਵਿਅਕਤੀ ਦੇ ਮਨ ਵਿਚੋਂ ਈਰਖਾ, ਨਫ਼ਰਤ ਆਦਿ ਸਭ ਕੁੱਝ ਖ਼ਤਮ ਹੋ ਜਾਂਦਾ ਹੈ।ਉਸ ਦੇ ਮਨ ਵਿਚ ਕਿਸੇ ਵੀ ਪ੍ਰਕਾਰ ਦੀ ਮੈਲ ਨਹੀਂ ਰਹਿੰਦੀ ਭਾਵ ਕਿ ਉਸ ਦਾ ਮਨ ਸਾਫ਼ ਹੋ ਜਾਂਦਾ ਹੈ ਅਤੇ ਉਸ ਦੇ ਮੂੰਹੋਂ ਹਮੇਸ਼ਾ ਹੀ ਚੰਗੇ ਵਿਚਾਰ ਹੀ ਸੁਣਨ ਨੂੰ ਮਿਲਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਇਹ ਗੁਣ ਇਕ ਬ੍ਰਹਮਗਿਆਨੀ ਵਿਚ ਹੁੰਦੇ ਹਨ।

ਬ੍ਰਹਮਗਿਆਨੀ ਸਦਾ ਨਿਰਲੇਪ॥

ਜੈਸੇ ਜਲ ਮਹਿ ਕਮਲ ਅਲੇਪ॥

ਬ੍ਰਹਮਗਿਆਨੀ ਸਦਾ ਨਿਰਦੋਖ॥

ਜੈਸੇ ਸੂਰੁ ਸਬਰ ਕਉ ਸੋਖ॥

ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨਿ॥

ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥28

ਗੁਰੂ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਬ੍ਰਹਮਗਿਆਨੀ ਇਨਸਾਨ ਦੁਨੀਆਵੀ ਵਿਕਾਰਾਂ ਤੋਂ ਮੁਕਤ ਹੁੰਦਾ ਹੈ। ਜਿਸ ਪ੍ਰਕਾਰ ਕਮਲ ਦਾ ਫੁੱਲ ਚਿਕੜ ਵਿਚ ਵੀ ਸਾਫ਼ ਰਹਿੰਦਾ ਹੈ, ਸੂਰਜ ਆਪਣੇ ਤਾਪ ਨਾਲ ਸਾਰੇ ਰਸਾਂ ਨੂੰ ਸੁਕਾ ਦਿੰਦਾ ਹੈ । ਇਸੇ ਪ੍ਰਕਾਰ ਬ੍ਰਹਮਗਿਆਨੀ ਮਨੁੱਖ ਨਾਮ ਸਿਮਰਨ ਦੁਆਰਾ ਆਪਣੇ ਸਾਰੇ ਪਾਪਾਂ ਨੂੰ ਸਾੜ ਦਿੰਦਾ ਹੈ ਅਤੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।ਗੁਰੂ ਜੀ ਦੱਸਦੇ ਹਨ ਕਿ ਕੁਦਰਤ ਦਾ ਇਕ ਨਿਯਮ ਹੈ ਉਹ ਸਾਰਿਆਂ ਨੂੰ ਬਰਾਬਰ ਰੱਖਦੀ ਹੈ ਭਾਵੇਂ ਉਹ ਰਾਜਾ ਹੋਵੇ ਜਾਂ ਫਿਰ ਕੰਗਾਲ, ਉਹ ਹਵਾ ਸਾਰਿਆਂ ਨੂੰ ਸਮਾਨ ਹੀ ਦਿੰਦੀ ਹੈ।ਇਸੇ ਤਰ੍ਹਾਂ ਹੀ ਇਕ ਬ੍ਰਹਮਗਿਆਨੀ ਅੰਦਰ ਭੇਦ-ਭਾਵ ਖ਼ਤਮ ਹੋ ਜਾਂਦਾ ਹੈ। ਉਸ ਦੀ ਨਜ਼ਰ ਵਿਚ ਸਾਰੇ ਇਕ ਸਮਾਨ ਹੁੰਦੇ ਹਨ।

ਬ੍ਰਹਮਗਿਆਨੀ ਕੈ ਧੀਰਜੁ ਏਕ॥

ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥

ਬ੍ਰਹਮਗਿਆਨੀ ਕਾ ਇਹੈ ਗੁਨਾਉ॥

ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥29

ਭਾਵ ਕਿ ਇਕ ਬ੍ਰਹਮਗਿਆਨੀ ਨੂੰ ਕੋਈ ਭਲਾ ਕਹੇ ਜਾਂ ਬੁਰਾ ਕਹੇ ਪਰ ਉਸ ਨੂੰ ਕੋਈ ਵੀ ਫ਼ਰਕ ਨਹੀਂ ਪੈਂਦਾ ਕਿਉਂਕਿ ਉਹ ਪਰਮਾਤਮਾ ਨੂੰ ਜਾਣ ਲੈਂਦਾ ਹੈ ਅਤੇ ਦੂਸਰਿਆਂ ਵਿਚ ਵੀ ਪਰਮਾਤਮਾ ਨੂੰ ਹੀ ਦੇਖਦਾ ਹੈ। ਬ੍ਰਹਮਗਿਆਨੀ ਇਨਸਾਨ ਦੇ ਅੰਦਰ ਸਬਰ, ਸਹਿਣਸ਼ੀਲਤਾ ਆਦਿ ਗੁਣ ਆ ਜਾਂਦੇ ਹਨ। ਜਿਸ ਕਾਰਨ ਉਹ ਕਿਸੇ ਬਾਰੇ ਵੀ ਬੁਰਾ ਨਹੀਂ ਸੋਚਦਾ ਹੈ। ਜਿਵੇਂ ਧਰਤੀ ਤੇ ਕੋਈ ਕੁੱਝ ਬੁਰਾ ਕਰਦਾ ਹੈ ਅਤੇ ਕੋਈ ਧਰਤੀ ਚੰਦਨ ਦੇ ਲੇਪ ਕਰਦਾ ਹੈ। ਪਰ ਧਰਤੀ ਨੂੰ ਕੋਈ ਵੀ ਫ਼ਰਕ ਨਹੀਂ ਪੈਂਦਾ।ਗੁਰੂ ਜੀ ਅੱਗੇ ਫਰਮਾਨ ਕਰਦੇ ਹਨ:

ਬ੍ਰਹਮਗਿਆਨੀ ਨਿਰਮਲ ਤੇ ਨਿਰਮਲਾ॥

ਜੈਸੇ ਮੈਲੁ ਨ ਲਾਗੈ ਜਲਾ॥

ਬ੍ਰਹਮਗਿਆਨੀ ਕੈ ਮਨਿ ਹੋਇ ਪ੍ਰਗਾਸੁ॥

ਜੈਸੇ ਧਰ ਊਪਰਿ ਆਕਾਸੁ॥

ਬ੍ਰਹਮਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ॥

ਬ੍ਰਹਮਗਿਆਨੀ ਕੈ ਨਾਹੀ ਅਭਿਮਾਨ॥30

ਭਾਵ ਕਿ ਜਿਵੇਂ ਪਾਣੀ ਨੂੰ ਕਦੇ ਵੀ ਮੈਲ ਨਹੀਂ ਰਹਿੰਦੀ। ਉਸੇ ਤਰ੍ਹਾਂ ਇਕ ਬ੍ਰਹਮਗਿਆਨੀ ਮਨੁੱਖ ਦੇ ਅੰਦਰ ਵੀ ਵਿਕਾਰਾਂ ਦੀ ਮੈਲ ਖ਼ਤਮ ਹੋ ਜਾਦੀ ਹੈ। ਉਹ ਵੀ ਪਾਣੀ ਵਾਂਗ ਨਿਰਮਲ ਹੋ ਜਾਂਦਾ ਹੈ।ਜਿਵੇਂ ਧਰਤੀ ਉੱਪਰ ਆਕਾਸ਼ ਹੈ। ਇਸੇ ਹੀ ਤਰ੍ਹਾਂ ਜਦੋਂ ਇਕ ਵਿਅਕਤੀ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਤਾਂ ਉਸ ਦੇ ਮਨ ਅੰਦਰ ਪਰਮਾਤਮਾ ਦੀ ਜੋਤ ਦਾ ਪ੍ਰਕਾਸ਼ ਹੁੰਦਾ ਹੈ। ਭਾਵ ਕਿ ਉਹ ਆਪਣੇ ਅੰਦਰ ਪਰਮਾਤਮਾ ਦਾ ਦਰਸ਼ਨ ਕਰਦਾ ਹੈ।ਜਿਸ ਨਾਲ ਉਸ ਦਾ ਜੀਵਨ ਸਾਰਥਾਕ ਹੋ ਜਾਂਦਾ ਹੈ।ਜਦੋਂ ਇਕ ਵਿਅਕਤੀ ਪਰਮਾਤਮਾ ਦਾ ਆਪਣੇ ਅੰਦਰ ਦਰਸ਼ਨ ਕਰਦਾ ਹੈ ਤਾਂ ਉਸ ਲਈ ਨਾ ਕੋਈ ਵੈਰੀ ਤੇ ਨਾ ਕੋਈ ਸੱਜਣ ਹੁੰਦਾ ਹੈ। ਉਹ ਸਾਰਿਆ ਨੂੰ ਇਕ ਹੀ ਸਮਾਨ ਰੱਖਦਾ ਹੈ।ਉਸ ਅੰਦਰ ਅਹੰਕਾਰ ਨਹੀਂ ਰਹਿੰਦਾ ਸਗੋਂ ਚੰਗੇ ਗੁਣ ਜਨਮ ਲੈਂਦੇ ਹਨ।

ਬ੍ਰਹਮਗਿਆਨੀ ਏਕ ਊਪਰਿ ਆਸ॥

ਬ੍ਰਹਮਗਿਆਨੀ ਕਾ ਨਹੀ ਬਿਨਾਸ॥

ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥

ਬ੍ਰਹਮਗਿਆਨੀ ਪਰਉਪਕਾਰ ਉਮਾਹਾ॥

ਬ੍ਰਹਮਗਿਆਨੀ ਕੈ ਨਾਹੀ ਧੰਧਾ॥

ਬ੍ਰਹਮਗਿਆਨੀ ਲੇ ਧਾਵਤੁ ਬੰਧਾ॥31

ਗੁਰੂ ਜੀ ਦੱਸਦੇ ਹਨ ਕਿ ਬ੍ਰਹਮਗਿਆਨੀ ਇਕ ਅਕਾਲ ਪੁਰਖ ਪਰਮਾਤਮਾ ਉਤੇ ਆਸ ਰੱਖਦਾ ਹੈ ਅਤੇ ਬ੍ਰਹਮਗਿਆਨੀ ਦੀ ਉੱਚੀ ਆਤਮਕ ਅਵਸਥਾ ਦਾ ਕਦੇ ਵੀ ਨਾਸ਼ ਨਹੀਂ ਹੁੰਦਾ ਹੈ। ਬ੍ਰਹਮਗਿਆਨੀ ਦੇ ਹਿਰਦੇ ਅੰਦਰ ਗਰੀਬੀ ਦੇ ਭਾਵ ਟਿੱਕੇ ਹਨ। ਉਸ ਹਮੇਸ਼ਾ ਛੋਟਾ ਰਹਿ ਕੇ ਹੀ ਜੀਵਨ ਬਤੀਤ ਕਰਨਾ ਚਹੁੰਦਾ ਹੈ ਅਤੇ ਆਪਣੇ ਜੀਵਨ ਨੂੰ ਦੂਜਿਆਂ ਦੇ ਭਲੇ ਵਿਚ ਲਗਾਉਂਦਾ ਹੈ। ਇਕ ਬ੍ਰਹਮਗਿਆਨੀ ਵਿਅਕਤੀ ਦੇ ਮਨ ਵਿਚ ਮਾਇਆ ਦਾ ਕੋਈ ਵੀ ਜੰਜਾਲ ਨਹੀਂ ਰਹਿੰਦਾ। ਉਸ ਦੇ ਮਨ ਦੀ ਭਟਕਣਾ ਮੁਕ ਜਾਂਦੀ ਹੈ ਅਤੇ ਉਹ ਮਾਇਆ ਦੀ ਖੇਡ ਵਿਚ ਨਹੀਂ ਆਉਂਦਾ ਹੈ। ਉਸ ਦਾ ਮਨ ਪਰਮਾਤਮਾ ਨਾਲ ਜੁੜ ਜਾਂਦਾ ਹੈ।

ਬ੍ਰਹਮਗਿਆਨੀ ਕੈ ਹੋਇ ਸੁ ਭਲਾ॥

ਬ੍ਰਹਮਗਿਆਨੀ ਸੁਫਲ ਫਲਾ॥

ਬ੍ਰਹਮਗਿਆਨੀ ਸੰਗਿ ਸਗਲ ਉਧਾਰੁ॥

ਨਾਨਕ ਬ੍ਰਹਮਗਿਆਨੀ ਜਪੈ ਸਗਲ ਸੰਸਾਰੁ॥32

ਭਾਵ ਕਿ ਬ੍ਰਹਮਗਿਆਨੀ ਹਮੇਸ਼ਾ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਾ ਹੇ ਅਤੇ ਇਸ ਵਿਚ ਹੀ ਆਪਣੀ ਭਲਾਈ ਮੰਨਦਾ ਹੈ। ਇਸੇ ਪ੍ਰਕਾਰ ਇਕ ਬ੍ਰਹਮਗਿਆਨੀ ਦਾ ਮਨੁੱਖਾਂ ਜਨਮ ਸਫਲ ਹੋ ਜਾਂਦਾ ਹੈ। ਗੁਰੂ ਜੀ ਦੱਸਦੇ ਹਨ ਕਿ ਬ੍ਰਹਮਗਿਆਨੀ ਦੀ ਸੰਗਤ ਕਰਨ ਨਾਲ ਸਭ ਦਾ ਭਲਾ ਹੁੰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮਗਿਆਨੀ ਦੇ ਰਾਹੀ ਸਾਰਾ ਸੰਸਾਰ ਹੀ ਪਰਮਾਤਮਾ ਦਾ ਨਾਮ ਜਪਣ ਲੱਗ ਜਾਂਦਾ ਹੈ।

ਅੱਜ ਜਬਰ ਜਹਾਨ ਦੀਆਂ ਘਟਨਾਵਾਂ ਦਿਨ-ਪ੍ਰਤੀ-ਦਿਨ ਵੱਧ ਰਹੀਆਂ ਹਨ। ਆਪਸੀ ਭਾਈਚਾਰਕ ਸਾਂਝ, ਰਿਸ਼ਤੇ ਟੁੱਟਦੇ ਜਾ ਰਹੇ ਹਨ। ਇੱਕ-ਦੂਜੇ ਦਾ ਦੁੱਖ-ਦਰਦ ਸਮਝਣ ਤੇ ਵੰਡਣ ਦੀ ਪਰਉਪਕਾਰੀ ਭਾਵਨਾ ਸਮਾਪਤ ਹੁੰਦੀ ਜਾ ਰਹੀ ਹੈ। ਸਾਰਾ ਪ੍ਰਬੰਧ ਹੀ ਵਿਗੜ ਗਿਆ ਹੈ। ਇਸ ਲਈ ਲੋੜ ਹੈ ਮਨੁੱਖ ਨੂੰ ਅਧਿਆਤਮਕ ਬ੍ਰਹਮ ਗਿਆਨ ਦੀ, ਤੇ ਇਸ ਬ੍ਰਹਮਗਿਆਨ ਦਾ ਸਰੋਤ ਹੈ ਸੁਖਮਨੀ ਬਾਣੀ ਭਾਵ ਕਿ ਸੁਖਮਨੀ ਬਾਣੀ ਵਿਚ ਦੱਸਿਆ ਗਿਆ ਹੈ ਕਿ ਸਤਿਗੁਰੂ ਦੁਆਰਾ ਹੀਅਸੀਂ ਬ੍ਰਹਮ ਗਿਆਨ ਨੂੰ ਪ੍ਰਾਪਤ ਕਰ ਸਕਦੇ ਹਾਂ। ਜੇ ਅਸੀਂ ਵੀ ਆਪਣੇ ਜੀਵਨ ਅੰਦਰ ਅਤੇ ਸਮਾਜ ਅੰਦਰ ਪਰਿਵਰਤਨ ਲੈ ਕੇ ਆਉਣਾ ਹੈ ਤਾਂ ਸਾਨੂੰ ਵੀ ਉਸ ਬ੍ਰਹਮਗਿਆਨ ਦੀ ਲੋੜ ਹੈ। ਜਿਸ ਦੀ ਪ੍ਰਾਪਤੀ ਨਾਲ ਪਰਮਾਤਮਾ ਦੀ

ਪ੍ਰਾਪਤੀ ਹੋ ਸਕਦੀ ਹੈ ਅਤੇ ਸਾਡੇ ਜੀਵਨ ਅੰਦਰ ਚੰਗੇ ਗੁਣਾਂ ਦਾ ਨਿਵਾਸ ਹੋ ਸਕਦਾ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਅੰਦਰ ਬ੍ਰਹਮਗਿਆਨੀ ਦੀ ਮਹਾਨਤਾ ਨੂੰ ਦਰਸਾਇਆ ਹੈ।

ਸਾਧ ਸੰਗਤ ਦਾ ਸਰੂਪ-ਸਾਧ ਸੰਗਤ ਅਥਵਾ ਸਤਿ ਸੰਗਤ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਗੁਰਮਤਿ ਦਰਸ਼ਨ ਅਨੁਸਾਰ ਸਤਿ ਸੰਗਤ ਸਮਾਜਿਕ ਜੀਵਨ ਨੂੰ ਸੁਖਾਵਾਂ, ਮਨ ਨੂੰ ਸ਼ਾਂਤ ਅਤੇ ਆਚਰਨ ਨੂੰ ਪਵਿੱਤਰ ਬਣਾਉਂਦੀ ਹੈ। ਆਚਰਨ ਦਾ ਸਮਾਜਕ ਜੀਵਨ ਨਾਲ ਸਿੱਧਾ ਸੰਬੰਧ ਹੈ। ਗੁਰਮਤਿ ਦੇ ਬਾਨੀ ਗੁਰੂ ਨਾਨਕ ਦੇਵ ਨੇ ਆਚਰਨ ਉਸਾਰੀ ਨੂੰ ਜਵਿਨ ਵਿਚ ਸ੍ਰੇਸ਼ਠ ਮੰਨਿਆ ਹੈ। ਚਰਿਤ੍ਰ ਉਸਾਰੀ ਲਈ ਸੰਤਾਂ ਦੀ ਸੰਗਤ ਨੂੰ ਮਹਾਂਪੁਰਸ਼ਾਂ ਨੇ ਅਨੁਕੂਲ ਅਤੇ ਲਾਹੇਵੰਦ ਸਮਝਿਆ ਹੈ ਕਿਉਂਕਿ ਸਾਧ ਸੰਗਤ ਵਿਚ ਸੁਣੇ ਵਿਚਾਰਾਂ ਨੂੰ ਗ੍ਰਹਿਣ ਕਰਨ ਉਪਰੰਤ ਵਿਅਕਤੀ ਸੱਚ ਦੇ ਮਾਰਗ ਉਤੇ ਚੱਲ ਕੇ ਕੁਰਾਹੇ ਪੈਣ ਅਤੇ ਭਟਕਣ ਤੋਂ ਬਚ ਜਾਂਦਾ ਹੈ। "ਸਮਾਜਕ ਜੀਵਨ ਬਿਤਾਉਣ ਲਈ ਸਾਧ ਸੰਗਤ ਦੇ ਵਾਤਾਵਰਨ ਦਾ ਸੰਕਲਪ ਗੁਰੂ ਨਾਨਕ ਦੇਵ ਤੋਂ ਬਾਅਦ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਵਿਅਕਤ ਕੀਤਾ ਹੈ।"[1]ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਅੰਦਰ ਸਾਧ ਸੰਗਤ ਦੀ ਮਹਾਨਤਾ ਨੂੰ ਦੱਸਿਆ ਹੈ ਕਿ ਸਾਧ ਦੀ ਸੰਗਤ ਕਰਨ ਨਾਲ ਸਾਡੇ ਜੀਵਨ ਦਾ ਸੁਧਾਰ ਹੁੰਦਾ ਹੈ।ਸਿਆਣਿਆ ਦਾ ਵੀ ਕਥਨ ਹੈ 'ਜੈਸੀ ਸੰਗਤ ਵੈਸੀ ਰੰਗਤ' ਭਾਵ ਕਿ ਵਿਅਕਤੀ ਜਿਸ ਤਰ੍ਹਾਂ ਦੀ ਸੰਗਤ ਕਰਦਾ ਹੈ। ਉਸ ਦਾ ਆਚਰਣ ਵੀ ਉਸੇ ਪ੍ਰਕਾਰ ਦਾ ਹੋ ਜਾਂਦਾ ਹੈ।ਇਸ ਕਰਕੇ ਸਾਨੂੰ ਆਪਣੇ ਜੀਵਨ ਅੰਦਰ ਸਾਧ ਦੀ ਸੰਗਤ ਕਰਨੀ ਚਾਹੀਦੀ ਹੈ ਤਾਂ ਜੋ ਸਾਡੇ ਵੀ ਜੀਵਨ ਦਾ ਕਲਿਆਣ ਹੋ ਸਕੇ। ਗੁਰੂ ਜੀ ਆਪਣੀ ਬਾਣੀ ਅੰਦਰ ਦੱਸਦੇ ਹਨ:

ਸਾਧ ਕੈ ਸੰਗਿ ਮੁਖ ਊਜਲ ਹੋਤ॥

ਸਾਧ ਸੰਗਿ ਮਲੁ ਸਗਲੀ ਖੋਤ॥

ਸਾਧ ਕੈ ਸੰਗਿ ਮਿਟੈ ਅਭਿਮਾਨੁ॥

ਸਾਧ ਕੈ ਸੰਗਿ ਪ੍ਰਗਟੈ ਸੁਗਿਆਨ॥33

ਭਾਵ ਕਿ ਗੁਰਮੁਖਾਂ ਦੀ ਸੰਗਤ ਕਰਨ ਨਾਲ ਵਿਅਕਤੀ ਦਾ ਮੂੰਹ ਵੀ ਊਜਵਲ ਹੁੰਦਾ ਹੈ। ਉਸ ਅੰਦਰ ਚੰਗੇ ਵਿਚਾਰ ਜਨਮ ਲੈਂਦੇ ਹਨ। ਸਾਧ ਦੀ ਸੰਗਤ ਨਾਲ ਉਸ ਦੀ ਅੰਦਰਲੀ ਮੈਲ (ਵਿਕਾਰ) ਦੂਰ ਹੁੰਦੀ ਹੈ। ਅੱਜ ਵਿਅਕਤੀ ਅੰਦਰੋ ਵਿਕਾਰਾਂ ਨਾਲ ਭਰਿਆ ਹੋਇਆ ਹੈ। ਪਰ ਜਦੋਂ ਉਹ ਚੰਗੇ ਵਿਅਕਤੀ ਦੀ ਸੰਗਤ ਕਰਦਾ ਹੈ ਤਾਂ ਉਸ ਦੇ ਅੰਦਰਲੇ ਵਿਕਾਰ ਆਪਣੇ-ਆਪ ਹੀ ਦੂਰ ਹੋ ਜਾਂਦੇ ਹਨ। ਸਾਧ ਦੀ ਸ਼ਰਨ ਵਿਚ ਜਾ ਕੇ ਵਿਅਕਤੀ ਦਾ ਅਹੰਕਾਰ ਖ਼ਤਮ ਹੁੰਦਾ ਹੈ ਅਤੇ ਸਾਧ ਦੁਆਰਾ ਹੀ ਗਿਆਨ ਪ੍ਰਗਟ ਹੋ ਸਕਦਾ ਹੈ।ਜਿਸ ਨਾਲ ਇਨਸਾਨ ਨੂੰ ਸਮਝ ਆਉਂਦੀ ਹੈ।ਗੁਰੂ ਦੇ ਨਾਲ ਹੀ ਪ੍ਰਭੂ ਦਾ

ਦਰਸ਼ਨ ਹੋ ਸਕਦਾ ਹੈ। ਜਿਸ ਨਾਲ ਸਾਡੇ ਸਾਰੇ ਹੀ ਦੁੱਖ ਦੂਰ ਹੋ ਜਾਂਦੇ ਹਨ। ਵਿਅਕਤੀ ਦੇ ਅੰਦਰੋ ਬੁਰੇ ਸੰਸਕਾਰ ਅਤੇ ਵਾਸਨਾਵਾਂ ਆਦਿ ਸਭ ਖ਼ਤਮ ਹੋ ਜਾਂਦਾ ਹੈ।ਅਰਥਾਤ ਮਨੁੱਖ ਬੁਰੀ ਸੰਗਤ ਵਿਚ ਕਦੇ ਪੈਂਦਾ ਹੀ ਨਹੀਂ।

ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥

ਸਾਧ ਸੰਗਿ ਸਭੁ ਹੋਤ ਨਿਬੇਰਾ॥

ਸਾਧ ਕੈ ਸੰਗਿ ਪਾਏ ਨਾਮ ਰਤਨੁ॥

ਸਾਧ ਕੈ ਸੰਗਿ ਏਕੇ ਊਪਰਿ ਜਤਨੁ॥

ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥

ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥34

ਗੁਰੂ ਦੀ ਸੰਗਤ ਨਾਲ ਮਨੁੱਖ ਨਾਮ ਰੂਪੀ ਰਤਨ ਲੱਭ ਲੈਂਦਾ ਹੈ, ਭਾਵ ਕਿ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ। ਕਿਉਂਕਿ ਗੁਰੂ ਦੁਆਰਾ ਹੀ ਅਸੀਂ ਪਰਮਾਤਮਾ ਤੱਕ ਪਹੁੰਚ ਸਕਦੇ ਹਨ। ਸਾਧ ਦੇ ਨਾਲ ਹੀ ਪਰਮਾਤਮਾ ਨੂੰ ਪਾਉਣ ਦਾ ਜਤਨ ਪੂਰਾ ਹੋ ਸਕਦਾ ਹੈ। ਗੁਰੂ ਜੀ ਦੱਸਦੇ ਹਨ ਕਿ ਸਾਧ ਦੀ ਵਡਿਆਈ ਕੋਈ ਵੀ ਨਹੀਂ ਕਰ ਸਕਦਾ ਕਿਉਂਕਿ ਗੁਰੂ ਦੀ ਸੋਭਾ ਪਰਮਾਤਮਾ ਦੇ ਬਰਾਬਰ ਹੁੰਦੀ ਹੈ। ਅਸਲ ਗੱਲ ਇਹ ਹੈ ਕਿ ਸਾਧ ਭਾਵ ਗੁਰੂ ਹੀ ਸਾਨੂੰ ਪਰਮਾਤਮਾ ਤੱਕ ਲੈ ਕੇ ਜਾ ਸਕਦਾ ਹੈ। ਗੁਰੂ ਦੁਆਰਾ ਹੀ ਇਹ ਜਤਨ ਪੂਰਾ ਹੋ ਸਕਦਾ ਹੈ ਅਤੇ ਅਸੀਂ ਆਪਣੇ ਜੀਵਨ ਵਿਚ ਸੁੱਖ ਨੂੰ ਪ੍ਰਾਪਤ ਕਰ ਸਕਦੇ ਹਾਂ। ਗੁਰੂ ਦੀ ਸੰਗਤ ਕਰਨ ਨਾਲ ਹੀ ਸਾਡੇ ਬੁਰੇ ਵਿਕਾਰ ਖ਼ਤਮ ਹੁੰਦੇ ਹਨ ਅਤੇ ਚੰਗੇ ਸੰਸਕਾਰਾਂ ਦਾ ਜਨਮ ਹੁੰਦਾ ਹੈ।

ਸਾਧ ਸੰਗਿ ਦੁਸਨ ਸਭਿ ਮੀਤ॥

ਸਾਧੂ ਕੈ ਸੰਗਿ ਮਹਾ ਪੁਨੀਤ॥

ਸਾਧ ਸੰਗਿ ਕਿਸ ਸਿਉ ਨਹੀ ਬੈਰੁ॥

ਸਾਧ ਕੈ ਸੰਗਿ ਨ ਬੀਗਾ ਪੈਰੁ॥

ਸਾਧ ਕੈ ਸੰਗਿ ਨਾਹੀ ਕੋ ਮੰਦਾ॥35

ਗੁਰੂ ਅਰਜਨ ਦੇਵ ਜੀ ਸੁਖਮਨੀ ਬਾਣੀ ਅੰਦਰ ਇਹ ਦੱਸਦੇ ਹਨ ਕਿ ਗੁਰੂ ਦੀ ਸ਼ਰਨ ਵਿਚ ਜਾ ਕੇ ਇਨਸਾਨ ਨੂੰ ਆਪਣੇ ਦੁਸ਼ਮਣ ਵੀ ਸੱਜਣ ਲੱਗਦੇ ਹਨ। ਇਨਸਾਨ ਸਾਰਿਆ ਨੂੰ ਇਕ ਹੀ ਸਮਾਨ ਸਮਝਦਾ ਹੈ ਉਸ ਅੰਦਰ ਚੰਗੇ ਅਤੇ ਬੁਰੇ ਦੇ ਵਿਚਾਰ ਆਪਣੇ ਆਪ ਹੀ ਖ਼ਤਮ ਹੋ ਜਾਂਦੇ ਹਨ ਅਤੇ ਮਨੁੱਖ ਦਾ ਮਨ ਸਾਫ਼ ਹੋ ਜਾਂਦਾ ਹੈ। ਸੰਤਾਂ ਦੀ ਸ਼ਰਨ ਅੰਦਰ ਜਾਣ ਨਾਲ ਕਿਸੇ ਨਾਲ ਵੈਰ-ਵਿਰੋਧ ਨਹੀਂ ਰਹਿੰਦਾ ਅਤੇ ਵਿਅਕਤੀ ਕਦੇ ਵੀ ਗ਼ਲਤ ਰਸਤੇ ਨਹੀਂ ਤੁਰਦਾ। ਸਗੋਂ ਆਪਣਾ ਜੀਵਨ ਚੰਗੇ ਪਾਸੇ ਲਾਉਂਦਾ ਹੈ ਅਤੇ ਬੁਰੇ ਕਰਮਾਂ ਦਾ ਤਿਆਗ ਕਰਦਾ ਹੈ। ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਇਹ ਤਾਂ ਹੀ ਹੋ ਸਕਦਾ ਹੈ ਜੇ ਸਾਡੇ ਜੀਵਨ ਅੰਦਰ ਗੁਰੂ ਦਾ ਸਥਾਨ ਨਿਸ਼ਚਿਤ ਹੈ। ਗੁਰੂ ਤੋਂ ਬਿਨ੍ਹਾਂ ਅਸੀਂ ਕਦੇ ਵੀ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦੇ। ਇਸ ਲਈ ਸਾਡੇ ਜੀਵਨ ਅੰਦਰ ਸਾਧ ਸੰਗਤ ਦੀ ਬਹੁਤ ਮਾਹਨਤਾ ਹੈ।

ਸਾਧ ਸੰਗਿ ਜਾਨੇ ਪਰਮਾਨੰਦਾ॥

ਸਾਧ ਕੈ ਸੰਗਿ ਨਾਹੀ ਹਉ ਤਾਪੁ॥

ਸਾਧ ਕੈ ਸੰਗਿ ਤਜੈ ਸਭੁ ਆਪੁ॥

ਆਪੇ ਜਾਨੈ ਸਾਧ ਬਡਾਈ॥

ਨਾਨਕ ਸਾਧ ਪ੍ਰਭੂ ਬਨਿ ਆਈ॥36

ਗੁਰੂ ਜੀ ਫਰਮਾਨ ਕਰਦੇ ਹਨ ਕਿ ਚੰਗਿਆਂ ਦੀ ਸੰਗਤ ਵਿਚ ਜਾ ਕੇ ਇਨਸਾਨ ਨੂੰ ਕੋਈ ਵੀ ਮਨੁੱਖ ਭੈੜਾ ਨਹੀਂ ਲਗਦਾ ਕਿਉਂਕਿ ਉਹ ਜਾਣ ਲੈਂਦਾ ਹੈ ਕਿ ਸਾਰੇ ਜੀਵਾਂ ਵਿਚ ਪਰਮਾਤਮਾ ਦਾ ਨਿਵਾਸ ਹੈ। ਗੁਰੂ ਦੇ ਸੰਗ ਲੱਗ ਕੇ ਵਿਅਕਤੀ ਅੰਦਰ ਹਉਮੈ ਨਹੀਂ ਰਹਿੰਦੀ ਕਿਉਂਕਿ ਗੁਰੂ ਦੀ ਕਿਰਪਾ ਨਾਲ ਮਨੁੱਖ ਸਾਰੀਆਂ ਬੁਰਾਈਆਂ ਦਾ ਤਿਆਗ ਕਰ ਦਿੰਦਾ ਹੈ। ਗੁਰੂ ਜੀ ਦੱਸਦੇ ਹਨ ਕਿ ਸਾਧ ਦੀ ਵਡਿਆਈ ਪਰਮਾਤਮਾ ਆਪ ਹੀ ਜਾਣਦਾ ਹੈ, ਅਸਲ ਵਿਚ ਗੁਰੂ ਪਰਮਾਤਮਾ ਦਾ ਹੀ ਰੂਪ ਹੁੰਦਾ ਹੈ। ਗੁਰੂ ਜੀ ਨੇ ਆਪਣੀ ਬਾਣੀ ਅੰਦਰ ਸਾਧ ਦੀ ਮਹਿਮਾ ਦਾ ਗਇਨ ਕੀਤਾ ਹੈ। ਕਿ ਅਸਲ ਵਿਚ ਸਾਧ ਕਿਸ ਨੂੰ ਕਿਹਾ ਜਾਂਦਾ ਹੈ।

ਸਾਧ ਕੀ ਮਹਿਮਾ ਬੇਦ ਨ ਜਾਨਹਿ।

ਜੇਤਾ ਸੁਨਹਿ ਤੇਤਾ ਬਖਿਆਨਹਿ॥

ਸਾਧ ਕੀਉਪਮਾ ਤਿਹੁ ਗੁਣ ਤੇ ਦੂਰਿ॥

ਸਾਧ ਕੀ ਉਪਮਾ ਰਹੀ ਭਰਪੂਰਿ॥

ਸਾਧ ਕੀ ਸੋਭਾ ਕਾ ਨਾਹੀ ਅੰਤ॥

ਸਾਧ ਕੀ ਸੋਭਾ ਸਦਾ ਬੇਅੰਤ॥37

ਗੁਰੂ ਜੀ ਦੱਸਦੇ ਹਨ ਕਿ ਸਾਧ ਦੀ ਵਡਿਆਈ ਵੇਦਾਂ ਵਿਚ ਵੀ ਨਹੀਂ ਹੈ, ਉਹ ਜਿਨ੍ਹਾਂ ਜਾਣਦੇ ਹਨ ਸਿਰਫ਼ ਉਸ ਨੂੰ ਹੀ ਬਿਆਨ ਕਰਦੇ ਹਨ। ਪਰ ਗੁਰੂ ਜੀ ਆਪਣੀ ਬਾਣੀ ਵਿਚ ਫਰਮਾਨ ਕਰਦੇ ਹਨ ਕਿ ਗੁਰੂ ਦੀ ਮਹਿਮਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਸਾਧ ਦੀ ਸਮਾਨਤਾ ਤਿੰਨਾਂ ਗੁਣਾਂ ਤੋਂ ਪਰੇ ਹੈ, ਅਰਥਾਤ ਕਿ ਇਸ ਸੰਸਾਰ ਅੰਦਰ ਕੋਈ ਵੀ ਸਾਧ ਵਰਗਾ ਨਹੀਂ ਹੋ ਸਕਦਾ। ਸਾਧ ਦੀ ਸਮਾਨਤਾ ਸਿਰਫ ਪਰਮਾਤਮਾ ਨਾਲ ਹੀ ਹੋ ਸਕਦੀ ਹੈ। ਜੋ ਸਾਰੇ ਪਾਸੇ ਵਿਆਪਕ ਹੈ। ਗੁਰੂ ਦੀ ਉੱਚਤਾ ਦਾ ਅੰਦਾਜ਼ਾ ਨਹੀਂ ਲੱਗ ਸਕਦਾ ਕਿਉਂਕਿ ਗੁਰੂ ਹੀ ਹੈ ਜੋ ਸਾਨੂੰ ਜਨਮ ਮਰਨ ਤੋਂ ਮੁਕਤ ਕਰ ਸਕਦਾ ਹੈ।ਇਸ ਲਈ ਗੁਰੂ ਵਿਚ ਬੇਅੰਤ ਸੱਮਰਥਾ ਹੈ। ਗੁਰੂ ਦੀ ਕਿਰਪਾ ਦਾ ਕੋਈ ਅੰਤ ਨਹੀਂ ਹੈ।

ਸਾਧ ਕੀ ਸੋਭਾ ਊਚ ਤੇ ਊਚੀ॥

ਸਾਧ ਕੀ ਸੋਭਾ ਮੂਚ ਤੇ ਮੂਚੀ॥

ਸਾਧ ਕੀ ਸੋਭਾ ਸਾਧ ਬਨਿ ਆਈ॥

ਨਾਨਕ ਸਾਧ ਪ੍ਰਭ ਭੇਦੁ ਨ ਭਾਈ॥38

ਸਾਧ ਦੀ ਸੋਭਾ ਹਰ ਪ੍ਰਕਾਰ ਦੀ ਸੋਭਾ ਤੋਂ ਉੱਚੀ ਹੈ ਅਤੇ ਸਭ ਤੋਂ ਵੱਡੀ ਹੈ। ਕਿਉਂਕਿ ਸਾਧ ਉਸ ਨੂੰ ਕਿਹਾ ਜਾਂਦਾ ਹੇ ਜਿਸ ਨੇ ਆਪਣੇ-ਆਪ ਨੂੰ ਸਾਧ ਲਿਆ ਹੈ ਜਿਸ ਦੇ ਅੰਦਰੋ ਸਾਰੇ ਬੁਰੇ ਵਿਕਾਰ ਖਤਮ ਹੋ ਜਾਣ । ਉਸ ਨੂੰ ਸਾਧ ਕਿਹਾ ਜਾਂਦਾ ਹੈ। ਇਸ ਕਰਕੇ ਸਾਧ ਦੀ ਸੋਭਾ ਕੋਈ ਸਾਧਾਰਨ ਵਿਅਕਤੀ ਨਹੀਂ ਲੈ ਸਕਦਾ ਹੈ। ਸਾਧ ਦੀ ਸੋਭਾ ਸਾਧ ਨੂੰ ਹੀ ਫਬਦੀ ਹੈ।

ਅੱਜ ਦੇ ਸਮੇਂ ਵਿਚ ਸਾਧ ਸੰਗਤ ਦੀ ਬਹੁਤ ਮਹਾਨਤਾ ਹੈ ਕਿਉਂਕਿ ਜੇ ਅਸੀਂ ਅੱਜ ਆਪਣੀ ਸੋਚ ਨੂੰ ਬਦਲਣਾ ਹੈ ਤਾਂ ਸਾਨੂੰ ਸਾਧ ਦੀ ਸੰਗਤ ਕਰਨੀ ਪਵੇਗੀ। ਜਿਸ ਤੋਂ ਸਾਨੂੰ ਚੰਗੇ ਵਿਚਾਰ ਪ੍ਰਾਪਤ ਹੁੰਦੇ ਹਨ। ਅੱਜ ਦੇਖਿਆ ਜਾਵੈ ਤਾਂ ਇਨਸਾਨ ਦੀ ਸੋਚ ਵਿਚ ਸਕਾਰਾਤਮਕ ਦੀ ਬਜਾਇ ਨਕਾਰਾਤਮਕ ਪੱਖ ਵਿਚ ਜਿਆਦਾ ਵਾਧਾ ਹੋਇਆ ਹੈ। ਨਾਂਹ ਪੱਖੀ ਸੋਚ ਦਾ ਹੀ ਨਤੀਜਾ ਹੈ ਕਿ ਅੱਜ ਪੂਰੀ ਦੁਨੀਆਂ ਅੰਦਰ ਘੋਰ ਨਿਰਾਸ਼ਾ ਅਤੇ ਹਿੰਸਾ ਆਪਣੇ ਪੈਰ ਮਜਬੂਤੀ ਨਾਲ ਪਸਾਰ ਰਹੀ ਹੈ। ਇਸ ਲਈ ਜੇ ਅਸੀਂ ਸੋਚਣਾ ਹੀ ਹੈ ਤਾਂ ਕਿਉਂ ਨਾ ਉਸਾਰੂ ਹੀ ਸੋਚੀਏ ਕਿਉਂਕਿ ਸਕਾਰਾਤਮਕ ਸੋਚ ਹੀ ਇਨਸਾਨ ਨੂੰ ਜ਼ਿੰਦਗੀ ਦੇ ਹਰ ਮੈਦਾਨ ਵਿਚ ਫ਼ਤਹਿ ਦਿਵਾਉਂਦੀ ਹੈ ਅਤੇ ਅਸੀਂ ਬੇਰੋਕ-ਟੋਕ ਆਪਣੇ ਮਕਸਦ ਦੇ ਕਰੀਬ

ਪਹੁੰਚ ਜਾਂਦੇ ਹਾਂ। ਸਭ ਤੋਂ ਅਹਿਮ ਗੱਲ ਹੈ ਕਿ ਸਕਾਰਾਤਮਕ ਸੋਚ ਰੱਖਣ ਵਾਲਾ ਵਿਅਕਤੀ ਹਮੇਸ਼ਾ ਖੇੜੇ ਵਿਚ ਰਹਿੰਦਾ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜ਼ਿੰਦਗੀ ਅੰਦਰ ਸਕਾਰਾਤਮਕ ਸੋਚ ਨੂੰ ਕਿਵੇਂ ਅਪਣਾਇਆ ਜਾਵੇ? ਅਸੀਂ ਜਾਣਦੇ ਹਾਂ ਕਿ ਜੀਵਨ ਦੇ ਹਰ ਖੇਤਰ ਵਿਚ ਦੋ ਪੱਖ ਕੰਮ ਕਰਦੇ ਹਨ। ਪਰ ਇਨਸਾਨ ਦੀ ਇਹ ਫਿਤਰਤ ਹੈ ਕਿ ਉਹ ਹਮੇਸ਼ਾ ਹਨੇਰੇ ਪੱਖ ਵਿਚ ਹੀ ਜਿਆਦਾ ਵਿਚਾਰ ਕਰਦਾ ਹੈ। ਕਈ ਲੋਕ ਅੱਧੇ ਗਿਲਾਸ ਨੂੰ ਅੱਧਾ ਭਰਿਆ ਕਹਿੰਦੇ ਹਨ ਅਤੇ ਕਈ ਉਸੇ ਨੂੰ ਅੱਧਾ ਖਾਲੀ ਕਹਿੰਦੇ ਹਨ। ਨਕਾਰਾਤਮਕ ਅਤੇ ਸਕਾਰਾਤਮਕ ਸੋਚ ਵਿਚ ਇਹੀ ਫਰਕ ਹੈ। ਨਕਾਰਾਤਮਕ ਸੋਚ ਰੱਖਣ ਵਾਲੇ ਲੋਕ ਜ਼ਿੰਦਗੀ ਵਿਚ ਕੁੱਝ ਵੀ ਕਰਨ ਦਾ ਹੀਆ ਨਹੀਂ ਕਰ ਸਕਦੇ। ਜੋ ਲੋਕ ਇਹਨਾਂ ਦੇ ਸੰਪਰਕ ਵਿਚ ਆਉਂਦੇ ਹਨ ਉਹਨਾਂ ਨੂੰ ਵੀ ਮਾਯੂਸ ਸੋਚ ਦਾ ਧਾਰਨੀ ਬਣਾ ਦਿੰਦੇ ਹਨ। ਸਿਆਣਿਆਂ ਦਾ ਕਥਨ ਹੈ ਕਿ ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਪਕੜਦਾ ਹੈ ਅਰਥਾਤ ਜਿਹੋ-ਜਿਹੀ ਸੋਚ ਰੱਖਣ ਵਾਲੇ ਲੋਕਾਂ ਦੇ ਸੰਪਰਕ ਵਿਚ ਆਪ ਰਹਿੰਦੇ ਹੋ ਆਪ ਦੇ ਵਿਚਾਰ ਵੀ ਉਹੋ-ਜਿਹੇ ਹੀ ਬਣ ਜਾਂਦੇ ਹਨ। ਇਸੇ ਲਈ ਮਹਾਂਪੁਰਸ਼ਾਂ ਨੇ ਸਾਡੇ ਜੀਵਨ ਅੰਦਰ ਸਤਿਸੰਗ ਅਤੇ ਸਾਧ ਦੇ ਸੰਗ ਦਾ ਵਿਧਾਨ ਰੱਖਿਆ ਕਿਉਂਕਿ ਮਹਾਨ ਅਤੇ ਉਸਾਰੂ ਸੋਚ ਰੱਖਣ ਵਾਲੇ ਲੋਕ ਸਾਡੀ ਜ਼ਿੰਦਗੀ ਦੇ ਨਜਰੀਏ ਨੂੰ ਬਦਲ ਦਿੰਦੇ ਹਨ।

ਇਸ ਲਈ ਆਪਣੀ ਜ਼ਿੰਦਗੀ ਦਾ ਪਹੀਆ ਗਤੀਮਾਨ ਰੱਖਣ ਲਈ ਜਿੱਥੇ ਇਕ ਇਨਸਾਨ ਅਤੇ ਉਸਦੇ ਸਾਹਾਂ ਦਾ ਚੱਲਣਾ ਜਰੂਰੀ ਹੇ ਉੱਥੇ ਹੀ ਉਸਨੂੰ ਜ਼ਿੰਦਗੀ ਅੰਦਰ ਚੱਲਣ ਲਈ ਸਕਾਰਾਤਮਕ ਰਵੱਈਆ ਅਖਤਿਆਰ ਕਰਨਾ ਪੈਂਦਾ ਹੈ। ਕਿਸੇ ਵੀ ਪ੍ਰਸਥਿਤੀ ਦਾ ਡੱਟ ਕੇ ਮੁਕਾਬਲਾ ਕਰਨਾ ਉਸਨੂੰ ਉਸਾਰੂ ਸੋਚ ਦਾ ਪਹਿਰੇਦਾਰ ਬਣਾਉਂਦਾ ਹੈ। ਜੋ ਇਨਸਾਨ ਸਮੇਂ ਦੀ ਨਜਾਕਤ ਨੂੰ ਨਾ ਸਮਝਦੇ ਹੋਏ ਆਪਣੇ ਆਪ ਨੂੰ ਪ੍ਰਸਥਿਤੀਆਂ ਦੇ ਅਧੀਨ ਕਰ ਦਿੰਦੇ ਹਨ ਤਾਂ ਮੰਜਿਲ ਤੇ ਪਹੁੰਚਾਉਣ ਵਾਲੇ ਰਸਤਿਆਂ ਤੋਂ ਉਹਨਾਂ ਦੇ ਕਦਮ ਥਿੜਕ ਜਾਂਦੇ ਹਨ। ਅਧਿਆਤਮ ਅੰਦਰ ਇਕ ਸਾਧਕ ਦਾ ਹਰੇਕ ਪ੍ਰਸਥਿਤੀ ਵਿਚ ਉਸਾਰੂ ਦ੍ਰਿਸ਼ਟੀਕੋਣ ਅਪਣਾ ਕੇ ਆਪਣੀ ਮੰਜਿਲ ਵੱਲ ਵਧਦੇ ਰਹਿਣਾ ਉਸਦਾ ਉੱਥਾਨ ਕਰਦਾ ਹੈ। ਜਿਸ ਇਨਸਾਨ ਦੇ ਅੰਦਰ ਸਕਾਰਾਤਮਕਤਾ ਆ ਜਾਂਦੀ ਹੈ ਉਹ ਕਦੇ ਕਿਸੇ ਵੀ ਪਰਸਥਿਤੀ ਵਿਚ ਨਿਰਾਸ਼ ਨਹੀਂ ਹੁੰਦਾ। ਜਦੋਂ ਸਾਰੇ ਹਾਲਾਤ ਉਸਦੇ ਵਿਪਰੀਤ ਹੋ ਜਾਂਦੇ ਹਨ ਉਸ ਸਮੇਂ ਵੀ ਉਹ ਅਡੋਲ ਰਹਿੰਦਾ ਹੈ। ਉਹ ਸੁੱਖ-ਦੁੱਖ ਨੂੰ ਸਮਾਨ ਰੂਪ ਵਿਚ ਗ੍ਰਹਿਣ ਕਰਦਾ ਹੈ। ਦੁੱਖ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਦੀ ਹਿੰਮਤ ਰੱਖਦਾ ਹੈ। ਉਹ ਕਦੇ ਪਰਮਾਤਮਾ ਨੂੰ ਦੋਸ਼ ਨਹੀਂ ਦਿੰਦਾ ਸਗੋਂ ਉਹ ਹਮੇਸ਼ਾ ਆਪਣੇ ਆਪ ਨੂੰ

ਗੁਨਾਹਗਾਰ ਮੰਨਦਾ ਹੈ। "ਜਦੋਂ ਭਲੇ ਪੁਰਸ਼ ਇਕ ਥਾਂ ਮਿਲ ਕੇ ਪ੍ਰਭੂ ਦਾ ਵਿਖਿਆਨ, ਕੀਰਤਨ ਜਾਂ ਵਿਚਾਰ, ਉਸ ਨੂੰ ਸਤਿ ਸੰਗ ਆਖਦੇ ਹਨ। ਗੁਰਮਿਤ ਵਿਚਾਰਧਾਰਾ ਵਿਚ ਜਿੱਥੇ ਨਾਮ ਸਿਮਰਨ ਦੀ ਬਾਰ ਬਾਰ ਤਾਕੀਦ ਕੀਤੀ ਗਈ ਹੈ, ਉਥੇ ਸਤਿ ਸੰਗ ਕਰਨ ਉੱਤੇ ਵੀ ਬਹੁਤ ਜ਼ੋਰ ਦਿੱਤਾ ਗਿਆ ਹੈ। ਸਾਧ ਸੰਗਤ ਦਾ ਭਾਵ ਇਸ ਦੇ ਲੱਛਣ ਅਤੇ

ਵਿਸ਼ੇਸ਼ਤਾਵਾਂ ਵੀ ਹਨ। ਇਨ੍ਹਾਂ ਪੱਖਾਂ ਬਾਰੇ ਗੁਰਬਾਣੀ ਵਿਚ ਸਪਸ਼ਟ ਕਰ ਕੇ ਇਸ ਸੰਗਤ ਵਿਚ ਜਾਣ ਲਈ ਪ੍ਰੇਰਨਾ ਦਿੱਤੀ ਗਈ ਹੈ।"39

ਇਸ ਗੱਲ ਨੂੰ ਹਮੇਸ਼ਾ ਯਾਦ ਰੱਖਣਾ ਕਿ ਸਕਾਰਾਤਮਕ ਬਿਰਤੀ ਅਪਣਾ ਕੇ ਹੀ ਸੁੱਖ, ਸ਼ਾਂਤੀ ਅਤੇ ਸਬਰ-ਸੰਤੋਖ ਦੀ ਪ੍ਰਾਪਤੀ ਹੁੰਦੀ ਹੈ।ਪਰੰਤੂ ਇਕ ਆਮ ਇਨਸਾਨ ਹਰ ਵੇਲੇ ਸਿਰਫ ਈਰਖਾ, ਵੈਰ-ਵਿਰੋਧ, ਨਫਰਤ ਆਦਿ ਦੀ ਭੱਠੀ ਵਿਚ ਤਪਦਾ ਰਹਿੰਦਾ ਹੈ। ਲੋਭ ਉਸਦੇ ਜੀਵਨ ਦਾ ਮੂਲ ਮੰਤਵ ਹੈ। ਉਹ ਹਜਾਰ ਕਮਾ ਕੇ ਲੱਖਾਂ ਦੀ ਕਾਮਨਾ ਕਰਦਾ ਹੈ ਅਤੇ ਲੱਖਾਂ ਤੋਂ ਕਰੋੜ ਬਣਾਉਣ ਦਾ ਜੁਗਾੜ ਕਰਦਾ ਰਹਿੰਦਾ ਹੈ। ਇਸ ਪ੍ਰਕਾਰ ਉਹ ਕਦੇ ਵੀ ਸ਼ਾਂਤੀ ਨਾਲ ਨਹੀਂ ਬੈਠ ਸਕਦਾ। ਅਸੀਂ ਕਹਿ ਸਕਦੇ ਹਾਂ ਕਿ ਸਕਾਰਾਤਮਕ ਸੋਚ ਦੀ ਕੁੱਖ ਵਿਚੋਂ ਹੀ ਸਬਰ, ਸੰਤੋਖ ਵਰਗੇ ਗੁਣ ਜਨਮ ਲੈਂਦੇ ਹਨ। ਇਸ ਲਈ ਕਿਹਾ ਗਿਆ ਹੈ ਕਿ ਉਸਾਰੂ ਸੋਚ ਦੀ ਗੈਰ ਮੌਜੂਦਗੀ ਵਿਚ ਕਦੇ ਵੀ ਸੰਤੋਖ ਜਾਂ ਸੰਤੁਸ਼ਟੀ ਦੀ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਸਾਡੀ ਸੋਚ ਤਾਂ ਹੀ ਬਦਲ ਸਕਦੀ ਹੈ ਜੇ ਅਸੀਂ ਸਾਧ, ਸੰਤਾਂ ਦੀ ਸੰਗਤ ਕਰਦੇ ਹਾਂ। ਇਸ ਲਈ ਅੱਜ ਦੇ ਸਮੇਂ ਵਿਚ ਸਾਨੂੰ ਮਹਾਂਪੁਰਸ਼ਾਂ ਦੀ ਸੰਗਤ ਵਿਚ ਜਾਣਾ ਚਾਹੀਦਾ ਹੈ, ਤਾਂ ਜੋ ਸਾਡੇ ਜੀਵਨ ਦਾ ਦ੍ਰਿਸ਼ਟੀਕੋਣ ਬਦਲੇ। ਇਸ ਨਾਲ ਹੀ ਸਾਡਾ ਜੀਵਨ ਸਾਰਥਕ ਸਿੱਧ ਹੋ ਸਕਦਾ ਹੈ।ਅਸੀਂ ਇਹ ਕਹਿ ਸਕਦੇ ਹਾਂ ਕਿ ਸਾਡੇ ਜੀਵਨ ਅੰਦਰ ਸਾਧ ਸੰਗਤ ਦੀ ਬਹੁਤ ਹੀ ਮਹਾਨਤਾ ਹੈ।

ਨਾਮ ਸਿਮਰਨ ਦਾ ਸਰੂਪ-ਸਾਡੇ ਭਾਰਤ ਦੇਸ਼ ਦੀ ਸੰਸਕ੍ਰਿਤੀ ਹਮੇਸ਼ਾ ਹੀ ਅਧਿਆਤਮ ਤੇ ਅਧਾਰਿਤ ਰਹੀ ਹੈ। ਸਾਡੇ ਮਹਾਂਪੁਰਸ਼ਾਂ ਨੇ ਹਮੇਸ਼ਾ ਹੀ ਭਿੰਨਤਾਵਾਂ ਤੋਂ ਮੁਕਤ ਸਮਾਜ ਦੀ ਗੱਲ ਕੀਤੀ ਹੈ। ਕਿਉਂਕਿ ਇਹ ਸਾਰੀ ਦੁਨੀਆ ਇਕ ਪਰਿਵਾਰ ਹੈ। ਉਹਨਾ ਨੇ ਇਸ ਦੀ ਸਥਾਪਨਾ ਲਈ ਮਨੁੱਖ ਨੂੰ ਇਕ ਫ਼ਰਜ਼ ਤੋਂ ਜਾਗਰੂਕ ਕੀਤਾ। ਜਿਸ ਫ਼ਰਜ਼ ਦੇ ਪੂਰਾ ਹੋਣ ਤੋਂ ਬਾਅਦ ਵਿਅਕਤੀ ਦਾ ਮਾਨਸਿਕ ਪੱਧਰ ਬਦਲਦਾ ਹੈ। ਜੋ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਬਹੁਤ ਜ਼ਰੂਰੀ ਹੈ। ਹੁਣ ਸੁਆਲ ਇਹ ਹੈ ਕਿ ਸਾਡੇ ਮਹਾਂਪੁਰਸ਼ਾਂ ਨੇ ਕਿਹੜੇ ਫ਼ਰਜ਼ ਦੀ ਗੱਲ ਕੀਤੀ ਹੈ? ਉਹ ਫ਼ਰਜ਼ ਹੈ 'ਪਰਮਾਤਮਾ ਨਾਲ ਮਿਲਾਪ' ਜੀ ਹਾ ਅਸਲ ਵਿਚ ਪਰਮਾਤਮਾ ਨੇ ਇਹ ਮਨੁੱਖਾਂ ਤਨ ਚੁਰਾਸੀ ਲੱਖ ਜੂਨਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਦਿੱਤਾ ਹੈ। ਸਾਡੇ ਧਾਰਮਕ ਗ੍ਰੰਥਾਂ ਅਨੁਸਾਰ ਮਨੁੱਖੀ ਤਨ ਦੇ ਪ੍ਰਾਂਪਤ ਹੋਣ ਦਾ ਕਾਰਨ ਸਿਰਫ਼ ਪਰਮਾਤਮਾ ਨੂੰ ਮਿਲਣਾ ਹੀ ਹੈ। ਪਰ ਹੁਣ ਵਿਚਾਰ ਕਰਨ ਵਾਲੀ ਇਹ ਗੱਲ ਹੈ ਕਿ ਅਸੀਂ ਪਰਮਾਤਮਾ ਨੂੰ ਆਪਣੇ ਜੀਵਨ ਅੰਦਰ ਕਿਸ ਤਰ੍ਹਾਂ ਲੈ ਕੇ ਆ ਸਕਦੇ ਹਾਂ। ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਇਕ ਹੀ ਰਸਤਾ 'ਨਾਮ ਸਿਮਰਨ' ਦਾ ਹੈ। ਜਿਸ ਦੁਆਰਾ ਅਸੀਂ ਪਰਮਾਤਮਾ ਤੱਕ ਜਾ ਸਕਦੇ ਹਾਂ। ਸੁਖਮਨੀ ਬਾਣੀ ਅੰਦਰ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ ਸਿਮਰਨ ਦੀ ਮਹਿਮਾ ਨੂੰ ਗਾਇਆ ਹੈ। ਸੁਖਮਨੀ ਬਾਣੀ ਅੰਦਰ ਨਾਮ ਸਿਮਰਨ ਦੀ ਮਹੱਤਤਾ ਨੂੰ ਦੱਸਿਆ ਹੈ ਕਿ ਸਾਡੇ ਜੀਨਵ ਅੰਦਰ ਪਰਮਾਤਮਾ ਦਾ ਨਾਮ ਸਿਮਰਨ ਬਹੁਤ ਹੀ ਜ਼ਰੂਰੀ ਹੈ। ਕਿਉਂਕਿ ਨਾਮ ਸਿਮਰਨ ਦੀ ਪ੍ਰਾਪਤੀ ਨਾਲ ਹੀ ਅਸੀਂ ਪਰਮਾਤਮਾ ਤੱਕ ਪੁੰਹਚ ਸਕਦੇ ਹਨ ਤਾਂ ਜੋ ਸਾਡਾ ਜਨਮ ਲੈਣਾ ਸਾਰਥਕ ਸਿੱਧ ਹੋ ਸਕੇ। "ਜੋ ਪਾਰਬ੍ਰਹਮ ਪਰਮੇਸ਼ਰ ਨਿਰ ਆਸਰਾ ਹੈ। ਤੇ ਨਿਰ-ਅਕਾਰ ਹੋਣ ਕਰਕੇ ਨਿਰ-ਅਹਾਰ ਹੈ ; ਸਤਿ ਚਿਤ ਆਨੰਦ ਹੈ ; ਤੇ ਡਰ ਰਹਿਤ ਹੈ ; ਉਸ ਦੀ ਤਾੜੀ ਭਾਵ

ਧਿਆਨ ਲਾਵੋ। ਹੋਰ ਕਿਸੇ ਉਤੇ ਤਾੜੀ ਨਹੀਂ ਲਾਣੀ ਚਾਹੀਦੀ। ਕਿਉਂ? ਸਭ ਬਿਨਸਨਹਾਰ ਹਨ। ਉਹ ਹੀ ਅਟੱਲ ਹੈ।"40 ਇਸ ਲਈ ਨਾਮ ਸਿਮਰਨ ਤੋਂ ਬਿਨ੍ਹਾਂ ਅਸੀਂ ਆਪਣੇ ਜੀਵਨ ਦੀ ਯਾਤਰਾ ਨੂੰ ਪੂਰਾ ਨਹੀਂ ਕਰ ਸਕਦੇ। ਸੁਖਮਨੀ ਬਾਣੀ ਅੰਦਰ ਪ੍ਰਭੂ ਦੇ ਨਾਮ ਸਿਮਰਨ ਦੀ ਮਾਹਨਤਾ ਨੂੰ ਪੇਸ਼ ਕੀਤਾ ਹੈ। ਪ੍ਰਭੂ ਦਾ ਸਿਮਰਨ ਸਭ ਤੋਂ ਵੱਡਾ ਹੈ। ਇਸ ਸੰਸਾਰ ਵਿਚ ਪ੍ਰਭੂ ਦੇ ਨਾਮ ਸਿਮਰਨ ਤੋਂ ਇਲਾਵਾ ਹੋਰ ਸਭ ਪ੍ਰਕਾਰ ਦੀਆਂ ਵਸਤਾਂ ਛੋਟੀਆਂ ਪੈ ਜਾਂਦੀਆਂ ਹਨ। ਇਸ ਸੰਸਾਰ ਅੰਦਰ ਜੇ ਕੁੱਝ ਹੈ ਤਾਂ ਉਹ ਪ੍ਰਭੂ ਦਾ ਨਾਮ ਸਿਮਰਨ ਹੈ ਜਿਸ ਤੋਂ ਬਿਨ੍ਹਾਂ ਮਨੁੱਖ ਦੀ ਗਤੀ ਨਹੀਂ ਹੋ ਸਕਦੀ। ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਦੱਸਦੇ ਹਨ।

ਪ੍ਰਭ ਕਾ ਸਿਮਰਨੁ ਸਭ ਤੇ ਊਚਾ॥

ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥

ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ॥41

ਅਰਥਾਤ ਕਿ ਪਰਮਾਤਮਾ ਦਾ ਨਾਮ ਸਿਮਰਨ ਸਭ ਤੋਂ ਵੱਡਾ ਹੈ। ਨਾਮ ਸਿਮਰਨ ਦੁਆਰਾ ਹੀ ਸਾਡੀ ਤ੍ਰਿਸ਼ਨਾ ਖ਼ਤਮ ਹੋ ਸਕਦੀ ਹੈ। ਕਿਉਂਕਿ ਅੱਜ ਸਾਰੀ ਬੁਰਾਈਆਂ ਦੀ ਜੜ੍ਹ ਇਕ ਤ੍ਰਿਸ਼ਨਾ ਹੈ। ਜੋ ਸਾਡੀਆਂ ਇੱਛਾਵਾਂ ਨੂੰ ਖ਼ਤਮ ਨਹੀਂ ਹੋਣ ਦਿੰਦੀ ਹੈ। ਜਿਸ ਕਾਰਨ ਅਸੀਂ ਦੁੱਖਾਂ ਨੂੰ ਭੋਗਦੇ ਹਨ। ਪਰ ਇਸ ਤੋ ਛੁਟਕਾਰਾ ਪਾਉਣ ਦਾ ਸਾਧਨ ਪਰਮਾਤਮਾ ਦਾ ਨਾਮ ਸਿਮਰਨ ਹੈ।ਜਿਸ ਦੁਆਰਾ ਸਾਡੀਆਂ ਇੱਛਾਵਾਂ ਤੇ ਅੰਕੁਸ਼ ਗੱਲ ਸਕਦਾ ਹੈ। ਕਿਉਂਕਿ ਅੱਜ ਮਨੁੱਖ ਆਪਣੀਆਂ ਇੱਛਾਵਾ ਦੀ ਪੂਰਤੀ ਲਈ ਇੱਧਰ-ਉਧੱਰ ਭਟਕ ਰਿਹਾ ਹੈ। ਜੇ ਸਾਡੀਆਂ ਇੱਛਾਵਾ ਹੀ ਖ਼ਤਮ ਹੋ ਜਾਣ ਜੋ ਅੱਜ ਜ਼ਰੂਰਤ ਤੋਂ ਵੀ ਜ਼ਿਆਦਾ ਵੱਧ ਗਈਆਂ ਹਨ। ਫਿਰ ਹੀ ਇਨ੍ਹਾਂ ਸਮਾਜਿਕ ਬੁਰਾਈਆਂ ਦਾ ਅੰਤ ਹੋ ਸਕਦਾ ਹੈ। ਸਖਮਨੀ ਬਾਣੀ ਵਿਚ ਫੁਰਾਮਇਆ ਗਿਆ ਹੈ।

ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ॥

ਪ੍ਰਭ ਕੈ ਸਿਮਰਨਿ ਪੂਰਨ ਆਸਾ ॥

ਪ੍ਰਭ ਕੈ ਸਿਮਰਨਿ ਮਨ ਕੀ ਮਲ ਜਾਇ॥

ਅੰਮ੍ਰਿਤ ਨਾਮ ਰਿਦ ਮਹਿ ਸਮਾਇ॥42

ਗੁਰੂ ਜੀ ਆਪਣੀ ਬਾਣੀ ਰਚਨਾ ਅੰਦਰ ਸ਼ਪਸਟ ਕਰਦੇ ਹਨ ਕਿ ਪਰਮਾਤਮਾ ਦੇ ਨਾਮ ਸਿਮਰਨ ਦੁਆਰਾ ਹੀ ਅਸੀਂ ਜਮ੍ਹਾਂ ਤੋਂ ਮੁਕਤੀ ਪ੍ਰਾਪਤ ਕਰਕੇ ਪਰਮਾਤਮਾ ਦੇ ਸਰੂਪ ਵਿਚ ਇਕ ਰੂਪ ਹੋ ਸਕਦੇ ਹਾਂ। ਜਦੋਂ ਅਸੀਂ ਪ੍ਰਭੂ ਦਾ ਸਿਮਰਨ ਕਰਦੇ ਹਾਂ ਤਾਂ ਸਾਡੀ ਅੰਦਰਲੀ ਮੈਲ ਭਾਵ ਕਿ ਅੰਦਰਲੇ ਵਿਕਾਰ ਆਪਣੇ ਆਪ ਖ਼ਤਮ ਹੋ ਜਾਂਦੇ ਹਨ ਅਤੇ ਅੰਮ੍ਰਿਤ ਨਾਮ ਭਾਵ ਪਰਮਾਤਮਾ ਦਾ ਸੱਚਾ ਸੁੱਚਾ ਨਾਮ ਹੀ ਹਿਰਦੇ ਅੰਦਰ ਰਹਿੰਦਾ ਹੈ। ਇਨਸਾਨ ਦੇ ਅੰਦਰਲੇ ਵਿਕਾਰ ਖ਼ਤਮ ਹੋਣ ਨਾਲ ਉਸ ਦੀਆਂ ਤ੍ਰਿਸ਼ਨਾਵਾਂ ਵੀ ਆਪਣੇ ਆਪ ਖ਼ਤਮ ਹੋ ਜਾਂਦੀਆਂ ਹਨ। ਪਰ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜੇ ਹਾਂ। ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਪਵਿੱਤਰ ਬਾਣੀ ਅੰਦਰ ਨਾਮ ਸਿਮਰਨ ਦੀ ਮਾਹਨਤਾ ਨੂੰ ਦਰਸਾਇਆ ਹੈ। ਕਿਉਂਕਿ ਅਸੀਂ ਉਸ ਸੱਚੇ ਨਾਮ ਤੋਂ ਬਿਨ੍ਹਾਂ ਕਦੇ ਵੀ ਆਧਿਆਤਮਕ ਮਾਰਗ ਤੇ ਚੱਲ ਨਹੀਂ ਸਕਦੇ। ਆਧਿਆਤਮਕ ਮਾਰਗ ਤੇ ਚੱਲਣ ਲਈ ਸਾਡੇ ਕੋਲ ਨਾਮ ਸਿਮਰਨ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ। ਜੇ ਅਸੀਂ ਪਰਮ ਸੁੱਖ ਦੀ ਪ੍ਰਾਪਤੀ ਕਰਨੀ ਹੈ ਤਾਂ ਫਿਰ ਸਾਨੂੰ ਵੀ ਇਸ ਨਾਮ ਸਿਮਰਨ ਦੇ ਪਾਤਰ ਬਣਨਾ ਪਾਵੈਗਾ। ਜਦੋਂ ਅਸੀਂ ਪਰਮਾਤਮਾ ਦੀ ਰਜ਼ਾ ਵਿਚ ਰਹਿੰਦੇ ਹਾਂ ਤਾਂ ਪਰਮਾਤਮਾ ਹਰ ਸਮੇਂ ਸਾਡੇ ਨਾਲ ਸਹਾਈ ਹੁੰਦਾ ਹੈ, ਅਤੇ ਸਾਡੇ ਕੰਮ ਧੰਦੇ ਵੀ ਆਪਣੇ ਆਪ ਹੁੰਦੇ ਰਹਿੰਦੇ ਹਨ। ਪਰ ਲੋੜ ਹੈ ਪਰਮਾਤਮਾ ਨੂੰ ਜਾਨਣ ਦੀ, ਉਹ ਅਸੀਂ ਨਾਮ ਸਿਮਰਨ ਦੁਆਰਾ ਹੀ ਪਰਮਾਤਮਾ ਨੂੰ ਜਾਣ ਸਕਦੇ ਹਾਂ।

ਪ੍ਰਭੂ ਕੈ ਸਿਮਰਨਿ ਕਾਰਜ ਪੂਰੇ॥

ਪ੍ਰਭੂ ਕੈ ਸਿਮਰਿਨ ਕਬਹੁ ਨ ਝੂਰੇ॥

ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ॥

ਪ੍ਰਭ ਕੈ ਸਿਮਰਨਿ ਸਹਜਿ ਸਮਾਨੀ॥43

ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਦੇ ਨਾਮ ਸਿਮਰਨ ਨਾਲ ਹੀ ਸਾਡੇ ਕਾਰਜ ਪੂਰੇ ਹੋ ਜਾਂਦੇ ਹਨ। ਭਾਵ ਕਿ ਵਿਅਕਤੀ ਲੋੜਾਂ ਦੇ ਅਧੀਨ ਹੁੰਦਾ ਹੈ ਪਰ ਜਦੋਂ ਉਸ ਦੇ ਕਾਰਜ ਪੂਰੇ ਹੁੰਦੇ ਹਨ ਤਾਂ ਵਿਅਕਤੀ ਚਿੰਤਾ ਦੇ ਵੱਸ ਨਹੀਂ ਪੈਂਦਾ। ਜਦੋਂ ਵਿਅਕਤੀ ਪ੍ਰਭੂ ਦਾ ਨਾਮ ਸਿਮਰਨ ਨਾਲ ਜੁੜ ਜਾਂਦਾ ਹੈ ਤਾਂ ਉਸ ਦੇ ਮੂੰਹ ਵਿਚੋਂ ਪਰਮਾਤਮਾ ਦੀਆਂ ਹੀ ਗੱਲਾਂ ਸੁਣਨ ਨੂੰ ਮਿਲਦੀਆਂ ਹਨ। ਇਸ ਨਾਲ ਉਹ ਕਦੇ ਵੀ ਕਿਸੇ ਦੀ ਨਿੰਦਾ, ਚੁਗਲੀ ਨਹੀਂ ਕਰਦਾ ਸਗੋਂ ਪਰਮਾਤਮਾ ਦੀ ਮਹਿਮਾ ਦਾ ਗੁਣਗਾਨ ਕਰਦਾ ਹੈ। ਇਸ ਨਾਲ ਉਸ ਦਾ ਆਪ ਦਾ ਵੀ ਭਲਾ ਹੁੰਦਾ ਹੈ ਅਤੇ ਸੁਣਨ ਵਾਲੇ ਵਿਅਕਤੀ ਦਾ ਵੀ ਭਲਾ ਹੁੰਦਾ ਹੈ। ਇਸੇ ਕਰਕੇ ਬਾਣੀ ਅੰਦਰ ਨਾਮ ਸਿਮਰਨ ਤੇ ਜ਼ੋਰ ਦਿੱਤਾ ਗਿਆ ਹੈ। ਕਿਉਂਕਿ ਨਾਮ ਦੁਆਰਾ ਹੀ ਸਾਡੇ ਅੰਦਰ ਪਰਮਾਤਮਾ ਦਾ ਪ੍ਰਗਟਾਵਾ ਹੋ ਸਕਦਾ ਹੈ। ਇਹ ਗੱਲ ਵਿਚਾਰਨ ਯੋਗ ਹੈ ਕਿ ਪਰਮਾਤਮਾ ਤਾਂ ਸਾਰੇ ਜੀਵਾਂ ਅੰਦਰ ਹੈ। ਪਰ ਉਸ ਵਿਅਕਤੀ ਦੇ ਹਿਰਦੇ ਅੰਦਰ ਪ੍ਰਗਟ ਹੁੰਦਾ ਹੈ। ਜਿਸ ਕੋਲ ਪਰਮਾਤਮਾ ਦਾ ਸੱਚਾ ਨਾਮ ਸਿਮਰਨ ਹੋਵੇ। ਉਸ ਹੀ ਅੱਜ ਦੇਖਿਆ ਜਾਵੇ ਤਾਂ ਕਿਸੇ ਵੀ ਵਿਅਕਤੀ ਦੇ ਜੀਵਨ ਅੰਦਰ ਠਹਿਰਾਉ ਨਹੀ ਹੈ। ਉਹ ਦਿਨ-ਰਾਤ ਇੱਧਰ-

ਉੱਧਰ ਦੌੜਾਂ ਭੱਜਾਂ ਫਿਰਦਾ ਹੈ, ਕਿਉਂਕਿ ਉਹ ਅੱਜ ਮਾਇਆ ਦੀ ਦੌੜ ਵਿੱਚ ਫਸ ਗਿਆ ਹੈ। ਜਿਸ ਕਾਰਨ ਵਿਅਕਤੀ ਦੇ ਜੀਵਨ ਅੰਦਰ ਆਸ਼ਾਂਤੀ ਹੀ ਆਸ਼ਾਂਤੀ ਹੈ। ਉਹ ਅੱਜ ਮਾਇਆ ਦੇ ਜਾਲ ਵਿੱਚ ਫਸ ਗਿਆ ਹੈ ਅਤੇ ਮੋਤ ਤੋਂ ਬਾਅਦ ਵੀ ਇਸ ਮਾਇਆ ਵਿੱਚ ਹੀ ਉਲਝਿਆ ਰਹਿੰਦਾ ਹੈ।ਇਸ ਤੋ ਮੁਕਤੀ ਦਾ ਤਰੀਕਾ ਇਕ ਪਰਮਾਤਮਾ ਦਾ ਨਾਮ ਹੈ। ਜਿਸ ਨਾਲ ਉਸ ਦੇ ਜੀਵਨ ਅੰਦਰ ਸੁੱਖ ਸ਼ਾਤੀ ਆ ਸਕਦੀ ਹੈ। ਜਿਸ ਨਾਲ ਉਹ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ। ਫਿਰ ਹੀ ਉਸ ਦਾ ਮਨ ਇਕ ਥਾਂ ਤੇ ਟਿੱਕ ਸਕਦਾ ਹੈ ਅਤੇ ਪਰਮਾਤਮਾ ਦੇ ਸਰੂਪ ਵਿਚ ਇਕ-ਮਿਕ ਹੋ ਸਕਦਾ ਹੈ। ਗੁਰੂ ਜੀ ਆਪਣੀ ਬਾਣੀ ਅੰਦਰ ਫਰਮਾਨ ਕਰਦੇ ਹਨ:

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥

ਸੁਖ ਪ੍ਰਭੂ ਸਿਮਰਨ ਕਾ ਅੰਤਨ ਪਾਰਾ॥

ਸਿਮਰਹਿ ਜਨ ਜਿਨ ਕਿਉ ਪ੍ਰਭੂ ਮਇਆ॥

ਨਾਨਕ ਤਿਨ ਜਨ ਸਰਨੀ ਪਇਆ॥44

ਅਰਥਾਤ ਕਿ ਪ੍ਰਭੂ ਦੇ ਨਾਮ ਸਿਮਰਨ ਕਰਨ ਨਾਲ ਮਨੁੱਖ ਦੇ ਅੰਦਰ ਇਕ ਅਨਹਦ ਸੰਗੀਤ ਹਮੇਸ਼ਾ ਹੀ ਚਲਦਾ ਰਹਿੰਦਾ ਹੈ। ਪਰ ਉਹ ਸਾਨੂੰ ਉਦੋਂ ਹੀ ਸੁਣਾਈ ਦਿੰਦਾ ਹੈ ਜਦੋਂ ਅਸੀਂ ਪਰਮਾਤਮਾ ਦੇ ਨਾਮ ਨਾਲ ਜੁੜਦੇ ਹਾਂ। ਇਸ ਸੰਗੀਤ ਦੀ ਕੋਈ ਹੱਦ ਨਹੀਂ ਹੈ। ਇਹ ਅਨਹਦ ਸੰਗੀਤ ਦਿਨ-ਰਾਤ ਸਾਡੇ ਅੰਦਰ ਚਲਦਾ ਰਹਿੰਦਾ ਹੈ। ਗੁਰੂ ਜੀ ਨੇ ਆਪਣੀ ਬਾਣੀ ਅੰਦਰ ਵਿਅਕਤੀ ਦੇ ਲਾਲਚੀ ਸੁਭਾਅ ਦੀ ਗੱਲ ਕੀਤੀ ਹੈ ਕਿ ਉਹ ਅੱਜ ਸੰਸਾਰਿਕ ਵਸਤੂਆਂ ਦੇ ਪਿੱਛੇ ਆਪਣਾ ਕੀਮਤੀ ਸਮਾਂ ਵਿਆਰਥ ਕਰ ਰਿਹਾ ਹੈ। ਫਿਰ ਵੀ ਇਹ ਸੰਸਾਰਿਕ ਵਸਤਾਂ ਸਾਨੂੰ ਸਦੀਵੀਂ ਸੁੱਖ ਨਹੀਂ ਦਿੰਦੀਆਂ। ਇਹ ਸੰਸਾਰਿਕ ਸੁੱਖ ਤਾਂ ਕੁੱਝ ਸਮੇਂ ਲਈ ਹੀ ਹੁੰਦੇ ਹਨ। ਪਰ ਪਰਮਾਤਮਾ ਦੇ ਨਾਮ ਸਿਮਰਨ ਕਰਨ ਨਾਲ ਜਿਸ ਪਰਮ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਉਹ ਸੁੱਖ ਹਮੇਸ਼ਾ ਹੀ ਇਨਸਾਨ ਦੇ ਨਾਲ ਰਹਿੰਦਾ ਹੈ ਅਤੇ ਉਹ ਸੁੱਖ ਕਦੇ ਵੀ ਖ਼ਤਮ ਨਹੀਂ ਹੁੰਦਾ।“ਨਾਮ ਜਪਣਾ ਸਿੱਖ ਦੀ ਜ਼ਿੰਦਗੀ ਦਾ ਮੂਲ ਆਸਰਾ ਹੈ, ਇਸ ਤੋਂ ਬਿਨ੍ਹਾਂ ਉਸਦੇ ਸਾਰੇ ਕਰਮ ਫੋਕਟ ਹਨ। ਨਾਮ ਜਪਣ ਤੋਂ ਭਾਵ ਪ੍ਰਮਾਤਮਾ ਦੀ ਉਸਤਤੀ ਕਰਨਾ ਹੈ, ਕੀਰਤੀ ਗਾਉਣਾ ਹੈ, ਸਿਮਰਨ ਕਰਨਾ ਹੈ ਅਤੇ ਉਸਦੀ ਛਤਰ ਛਾਇਆ ਵਿੱਚ ਵਿਚਰ ਕੇ ਉਸ ਨਾਲ ਨਿਰੰਤਰ ਰੂਪ ਵਿੱਚ ਆਪਾ ਜੋੜਨਾ ਹੈ।”45 ਇਸੇ ਕਰਕੇ ਸਾਨੂੰ ਵੀ ਇਸ ਸੁੱਖ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਪਰਮਾਤਮਾ ਤੱਕ ਪਹੁੰਚ ਸਕੀਏ। ਉਹ ਮਨੁੱਖ ਭਾਗਾਂ ਵਾਲੇ ਹੁੰਦੇ ਹਨ ਜਿਨ੍ਹਾਂ ਨੂੰ ਪਰਮਾਤਮਾ ਦਾ ਨਾਮ ਸਿਮਰਨ ਪ੍ਰਾਪਤ ਹੁੰਦਾ ਹੈ। ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਵੀ ਨਾਮ ਸਿਮਰਨ ਕਰਨ ਵਾਲਿਆਂ ਦੇ ਸਰਣੀ ਪੈਂਦਾ ਹੈ ਭਾਵ ਕਿ ਉਨ੍ਹਾਂ ਨੂੰ ਹੀ ਪਰਮਾਤਮਾ ਦਾ ਦਰਸ਼ਨ ਹੋ ਸਕਦਾ ਹੈ। ਇਸੇ ਕਰਕੇ ਬਾਣੀ ਅੰਦਰ ਕਿਹਾ ਗਿਆ ਹੈ ਕਿ ਉਹ ਇਨਸਾਨ ਵੱਡੇ ਭਾਗਾਂ ਵਾਲੇ ਹੁੰਦੇ ਹਨ ਜਿਨ੍ਹਾਂ ਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ। ਇਸ ਲਈ ਸਾਨੂੰ ਵੀ ਪਰਮਾਤਮਾ ਦੀ ਕਿਰਪਾ ਦੇ ਪਾਤਰ ਬਣਨਾ ਚਾਹੀਦਾ ਹੈ। ਪਰਮਾਤਮਾ ਦੇ ਨਾਮ ਸਿਮਰਨ ਨਾਲ ਹੀ

ਇਨਸਾਨ ਦੇ ਹਰੇਕ ਪ੍ਰਕਾਰ ਦੇ ਦੁੱਖ, ਕਲੇਸ਼, ਬੁਰੇ ਵਿਕਾਰ ਆਦਿ ਆਪਣੇ ਆਪ ਹੀ ਖ਼ਤਮ ਹੋ ਜਾਂਦੇ ਹਨ ਕਿਉਂਕਿ ਪ੍ਰਭੂ ਦੇ ਨਾਮ ਸਿਮਰਨ ਵਿਚ ਉਹ ਤਾਕਤ ਹੈ ਜੋ ਅਸੰਭਵ ਨੂੰ ਵੀ ਸੰਭਵ ਬਣਾਉਣ ਦੀ ਸਮਰਥਾ ਰੱਖਦਾ ਹੈ।

ਇਸੇ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਅੰਦਰ ਨਾਮ ਦੀ ਮਹਿਮਾ ਦਾ ਵਰਣਨ ਕੀਤਾ ਹੈ। ਜਿਸ ਦੀ ਪ੍ਰਾਪਤੀ ਕਰਕੇ ਵਿਅਕਤੀ ਪਰਮ ਤੱਤ ਪਰਮਾਤਮਾ ਨੂੰ ਜਾ ਮਿਲਦਾ ਹੈ। ਇਹੀ ਸਾਡੇ ਜੀਵਨ ਦਾ ਮੂਲ ਉਦੇਸ਼ ਹੈ। ਜਿਸ ਤੋਂ ਅਸੀਂ ਭਟਕ ਚੁੱਕੇ ਹਾਂ ਅਤੇ ਸੰਸਾਰਿਕ ਰਿਸ਼ਤਿਆਂ ਪਿੱਛੇ ਅਸੀਂ ਆਪਣੀ ਸਾਰਾ ਜੀਵਨ ਬਤੀਤ ਕਰ ਦਿੰਦੇ ਹਨ। ਪਰ ਇਹ ਸੰਸਾਰਿਕ ਰਿਸ਼ਤੇ ਸਿਰਫ ਜੀਵਨ ਦੇ ਨਾਲ ਹੀ ਚੱਲਦੇ ਹਨ, ਮੌਤ ਤੋਂ ਬਾਅਦ ਕੋਈ ਵੀ ਉਸ ਨਾਲ ਸਹਾਈ ਨਹੀਂ ਹੁੰਦਾ। ਜੀਵਨ ਦੇ ਔਖੇ ਸਮੇਂ ਅੰਦਰ ਵੀ ਇਹ ਸੰਸਾਰ ਦੇ ਮਤਲਬੀ ਰਿਸ਼ਤੇ ਪਿੱਛੇ ਹੋ ਜਾਂਦੇ ਹਨ। ਸਿਰਫ ਪਰਮਾਤਮਾ ਹੀ ਔਖੇ ਸਮੇਂ ਇਨਸਾਨ ਦੇ ਨਾਲ ਸਹਾਈ ਹੁੰਦਾ ਹੈ। ਪਰਮਾਤਮਾ ਦਾ ਨਾਮ ਸਿਮਰਨ ਹੀ ਜੀਵਨ ਵਿਚ ਅਤੇ ਜੀਵਨ ਤੋਂ ਬਾਅਦ ਵੀ ਇਨਸਾਨ ਨਾਲ ਰਹਿੰਦਾ ਹੈ। ਪਰ ਇਹ ਝੂਠੇ ਰਿਸ਼ਤੇ ਕਦੇ ਵੀ ਸਾਥ ਨਹੀਂ ਦਿੰਦੇ ਹਨ। ਫਿਰ ਵੀ ਅਸੀਂ ਸੰਸਾਰਿਕ ਰਿਸ਼ਤਿਆਂ ਦੇ ਪਿੱਛੇ ਹੀ ਆਪਣਾ ਸਮਾਂ ਵਿਆਰਥ ਕਰ ਦਿੰਦੇ ਹਨ।ਸੁਖਮਨੀ ਬਾਣੀ ਵਿਚ ਦੱਸਿਆ ਹੈ:

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥

ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥

ਜਹ ਮਹਾ ਭਇਆਨ ਦੂਤ ਜਮ ਦਲੈ॥

ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥46

ਗੁਰੂ ਜੀ ਦੱਸਦੇ ਹਨ ਕਿ ਜਿਥੇ ਮਾਂ, ਪਿਉ, ਪੁੱਤਰ, ਭਰਾ, ਰਿਸ਼ਤੇਦਾਰ, ਮਿੱਤਰ ਆਦਿ ਕੋਈ ਵੀ ਸਾਥ ਨਹੀਂ ਦਿੰਦੇ ਉੱਥੇ ਤੇਰੇ ਨਾਲ ਪਰਮਾਤਮਾ ਦਾ ਨਾਮ ਸਿਮਰਨ ਹੀ ਸਹਾਈ ਹੁੰਦਾ ਹੈ। ਗੁਰੂ ਜੀ ਸਮਝਾਉਂਦੇ ਹਨ ਕਿ ਜਿੱਥੇ ਵੀ ਜਮਦੂਤ ਦਾ ਦਲ ਹੈ। ਉੱਥੇ ਕਦੇ ਵੀ ਸੰਸਾਰਿਕ ਰਿਸ਼ਤੇ ਨਾਲ ਸਾਥ ਨਹੀਂ ਦਿੰਦੇ ਉੱਥੇ ਸਿਰਫ਼ ਪਰਮਾਤਮਾ ਦਾ ਨਾਮ ਹੀ ਨਾਲ ਜਾਂਦਾ ਹੈ। ਜੋ ਸਾਨੂੰ ਜਮਾ ਦੀਆਂ ਮਾਰਾਂ ਤੋਂ ਬਚਾਉਂਦਾ ਹੈ। ਇਸ ਕਰਕੇ ਸਾਨੂੰ ਵੀ ਪਰਮਾਤਮਾ ਦੇ ਨਾਮ ਦਾ ਸੰਗ ਕਰਕੇ ਆਪਣੇ ਜੀਵਨ ਦਾ ਸੁਧਾਰ ਕਰਨਾ ਚਾਹੀਦਾ ਹੈ, ਤਾਂ ਜੋ ਸਾਨੂੰ ਵੀ ਮੁਕਤੀ ਮਿਲ ਸਕੇ।

ਗੁਰੂ ਜੀ ਆਪਣੀ ਬਾਣੀ ਅੰਦਰ ਦੱਸਦੇ ਹਨ:

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥

ਹਰਿ ਕਾ ਕਾਮ ਜਪਤ ਹੋਇ ਸੁਖੀਆ॥

ਲਾਖ ਕਰੋਰੀ ਬੰਧੁ ਕ ਪਰੈ॥

ਹਰਿ ਕਾ ਨਾਮੁ ਜਪਤ ਨਿਸਤਰੈ॥47

ਗੁਰੂ ਸਹਿਬਾਨ ਨੇ ਆਪਣੀ ਸੁਖਨਮੀ ਬਾਣੀ ਅੰਦਰ ਇਹ ਦੱਸਿਆ ਹੈ ਕਿ ਅੱਜ ਇਕ ਰਾਜਾ ਵੀ ਦੁਖੀ ਹੈ। ਉਹ ਪੂਰੀ ਸ੍ਰਿਸ਼ਟੀ ਦਾ ਰਾਜਾ ਹੈ ਉਸ ਕੋਲ ਕਿਸੇ ਚੀਜ਼ ਦੀ ਕਮੀ ਨਹੀਂ ਹੈ। ਹਰ ਇਕ ਸੁੱਖ ਸਹੂਲਤ ਉਸ ਕੋਲ ਹੈ, ਪਰ ਫਿਰ ਵੀ ਉਹ ਦੁਖੀ ਹੈ। ਉਸ ਦੇ ਜੀਵਨ ਅੰਦਰ ਸੰਸਾਰਿਕ ਸੁੱਖ ਹੁੰਦੇ ਹੋਏ ਵੀ ਉਹ ਅਸਲ ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦਾ ਕਿਉਂਕਿ ਉਸ ਦੇ ਜੀਵਨ ਅੰਦਰ ਪਰਮਾਤਮਾ ਦਾ ਪਵਿੱਤਰ ਨਾਮ ਸਿਮਰਨ ਨਹੀਂ ਹੈ। ਇਸੇ ਕਰਕੇ ਉਹ ਇਕ ਰਾਜਾ ਹੋ ਕੇ ਵੀ ਦੁੱਖ ਨੂੰ ਭੋਗ ਰਿਹਾ ਹੈ। ਅੱਜ ਅਸੀਂ ਸੰਸਾਰ ਵਿਚ ਦੇਖਦੇ ਹਾਂ ਕਿ ਜਿਸ ਵਿਅਕਤੀ ਕੋਲ ਸਭ ਤੋਂ ਵੱਧ ਧੰਨ ਦੋਲਤ ਹੈ ਉਹ ਹੀ ਵਿਅਕਤੀ ਅੱਜ ਦੁਖੀ ਹੁੰਦਾ ਹੈ। ਕਿਉਂਕਿ ਸੰਸਾਰ ਦੀਆਂ ਨਾਸ਼ਵਾਨ ਵਸਤੂਆਂ ਕਦੇ ਵੀ ਸਦੀਵੀਂ ਸੁੱਖ ਨਹੀਂ ਦੇ ਸਕਦੀਆਂ। ਇਸੇ ਕਰਕੇ ਅੱਜ ਦਾ ਇਨਸਾਨ ਦੁੱਖਾਂ ਦਾ ਸਾਹਮਣਾ ਕਰਦਾ ਹੈ। ਪਰ ਸੁੱਖ ਉਸ ਨੂੰ ਹੀ ਪ੍ਰਾਪਤ ਹੈ ਜੋ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜਿਆ ਹੁੰਦਾ ਹੈ। ਪਰ ਨਾਮ ਸਿਮਰਨ ਨਾਲ ਕਿਸ ਸਦੀਵੀਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਉਹ ਹੈ ਪਰਮਾਤਮਾ ਨਾਲ ਮਿਲਾਪ, ਜਿਸ ਤੋਂ ਬਾਅਦ ਉਹ ਇਸ ਦੁਨੀਆ ਦੇ ਸਾਗਰ ਵਿਚੋਂ ਤਰ ਜਾਂਦਾ ਹੈ। ਇਸੇ ਕਰਕੇ ਸਾਨੂੰ ਵੀ ਉਸ ਨਾਮ ਸਿਮਰਨ ਦੀ ਲੋੜ ਹੈ ਜਿਸ ਦੀ ਗੱਲ ਸਾਰੇ ਗੁਰੂ ਸਾਹਿਬਾਨ ਅਤੇ ਸੁਖਮਨੀ ਬਾਣੀ ਅੰਦਰ ਕੀਤੀ ਗਈ ਹੈ।

ਅੱਜ ਦੇ ਅਜੋਕੇ ਸਮੇਂ ਅੰਦਰ ਜੇ ਅਸੀਂ ਆਪਣੇ ਆਪ ਵਿਚ ਅਤੇ ਸਮਾਜ ਵਿਚ ਬਦਲਾ ਲੈ ਕੇ ਆਉਣ ਹੈ ਤਾਂ ਸਾਨੂੰ ਪਰਮਾਤਮਾ ਦੇ ਨਾਮ ਸਿਮਰਨ ਦਾ ਆਸਰਾ ਲੈਣਾ ਪਾਵੇਗਾ, ਕਿਉਂਕਿ ਅੱਜ ਸਾਡੀ ਅਸ਼ਾਂਤੀ ਦਾ ਕਾਰਨ ਹੀ ਪਰਮਾਤਮਾ ਦੇ ਨਾਮ ਸਿਮਰਨ ਤੋਂ ਟੁੱਟਣਾ ਹੈ। ਜਦੋਂ ਇਕ ਇਨਸਾਨ ਪਰਮਾਤਮਾ ਨਾਲ ਜੁੜ ਜਾਂਦਾ ਹੈ ਤਾਂ ਉਸ ਦੇ ਅੰਦਰੋ ਆਪਣੇ-ਆਪ ਬੁਰੇ ਵਿਚਾਰ ਖ਼ਤਮ ਹੋ ਜਾਂਦੇ ਹਨ। ਜਦੋਂ ਇਕ ਵਿਅਕਤੀ ਅੰਦਰ ਬੁਰੇ ਵਿਚਾਰ ਹੁੰਦੇ ਹਨ ਤਾਂ ਉਹ ਕਰਮ ਵੀ ਹਮੇਸ਼ਾ ਬੁਰੇ ਹੀ ਕਰਦਾ ਹੈ। ਜੋ ਅੱਜ ਅਸੀਂ ਸਮਾਜ ਅੰਦਰ ਹੁੰਦਾ ਦੇਖਦੇ ਹਾਂ, ਇਹ ਸਭ ਬੁਰੇ ਵਿਚਾਰਾਂ ਉੱਪਰ ਹੀ ਆਧਾਰਿਤ ਹੈ। ਇਸ ਕਰਕੇ ਜਦ ਇਨਸਾਨ ਅੰਦਰ ਬੁਰੇ ਵਿਚਾਰ ਹੀ ਖ਼ਤਮ ਹੋ ਜਾਣਗੇ ਤਾਂ ਉਹ ਬੁਰੇ ਕਰਮ ਕਰਨ ਬਾਰੇ ਸੋਚ ਹੀ ਨਹੀਂ ਸਕਦਾ। ਇਸ ਕਰਕੇ ਅੱਜ ਦੇ ਸਮੇਂ ਅੰਦਰ ਜੇ ਅਸੀਂ ਸ਼ਾਂਤੀ ਨੂੰ ਪ੍ਰਾਪਤ ਕਰਨਾ ਹੈ ਤਾਂ ਸਾਨੂੰ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜਨਾ ਪਵੇਗਾ।ਫਿਰ ਹੀ ਅਸੀਂ ਸ਼ਾਂਤੀ ਦੀ ਪ੍ਰਾਪਤੀ ਕਰ ਸਕਦੇ ਹਾਂ। ਇਸ ਲਈ ਅੱਜ ਦੇ ਸਮੇਂ ਅੰਦਰ ਪਰਮਾਤਮਾ ਦਾ ਨਾਮ ਸਿਮਰਨ ਸਾਡੇ ਲਈ ਬਹੁਤ ਹੀ ਜ਼ਰੂਰੀ ਹੈ। ਗੁਰਬਾਣੀ ਦੇ ਖੋਜੀਆਂ ਅਤੇ ਵਿਦਵਾਨਾਂ ਵਿਚ ਇਸ ਬਾਰੇ ਪੂਰਨ ਸਰਬ-ਸੰਮਤੀ ਹੈ ਕਿ ਗੁਰਮਤਿ-ਚਿੰਤਨ ਦਾ ਸਾਰ ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ ਹੈ। ਨਾਮ ਜਪਣ ਲਈ ਹੱਕ ਹਲਾਲ ਦੀ ਕਮਾਈ ਕਰਨਾ ਅਤੇ ਇਸ ਕਮਾਈ ਨੂੰ ਸਫਲਾ ਕਰਨ ਲਈ ਵੰਡ ਛਕਣਾ ਜ਼ਰੂਰੀ ਹੈ। ਇਕ ਤਰ੍ਹਾਂ ਕਿਰਤ ਕਰਨਾ ਅਤੇ ਵੰਡ ਛਕਣਾ ਵੀ ਨਾਮ ਜਪਣ ਹਿਤ ਹੈ। "ਗੁਰੂ ਸਾਹਿਬਾਨ ਦੇ ਅਧਿਆਤਮਿਕ ਫ਼ਲਸਫ਼ੇ ਦਾ ਅਸਲ ਧੁਰਾ ਜਾਂ ਆਧਾਰ ਨਾਮ ਜਾਂ ਸ਼ਬਦ ਦੀ ਆਰਾਧਨਾ ਹੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਗੁਰੂ-ਘਰ

ਵਿਚ ਕੇਵਲ ਨਾਮ ਦੀ ਮਹਿਮਾ ਹੈ। ਆਪ ਦਾ ਮੱਤ ਹੈ ਕਿ ਪਰਮਾਤਮਾ ਨਾਲ ਮਿਲਾਪ ਦੇ ਜੀਵਨ-ਮਮਤਵ ਵਿਚ ਸਹਾਈ ਹੋਣ ਵਾਲੀ ਇਕੋ ਵਸਤੂ ਨਾਮ ਦੀ ਕਮਾਈ ਹੈ, ਇਸ ਲਈ ਕੇਵਲ ਇਹੋ ਇਕੋ ਸੱਚਾ-ਸੁੱਚਾ ਅਤੇ ਫਲਦਾਇਕ ਕਰਮ ਹੈ।"48

ਸੁਖਮਨੀ ਬਾਣੀ ਵਿਚ ਜਿੱਥੇ ਅਕਾਲ ਪੁਰਖ, ਸਤਿਗੁਰੂ, ਬ੍ਰਹਮਗਿਆਨੀ ਆਦਿ ਦੀ ਮਹਾਨਤਾ ਨੂੰ ਦਰਸਾਇਆ ਗਿਆ ਹੈ। ਇਸ ਦੇ ਨਾਲ ਹੀ ਸਦਾਚਾਰਕ ਜੀਵਨ ਜੀਉਣ ਵੱਲ ਪ੍ਰੇਰਿਤ ਕੀਤਾ ਗਿਆ ਹੈ। ਜਦੋਂ ਤੱਕ ਸਾਡੇ ਜੀਵਨ ਵਿਚੋਂ ਹੰਕਾਰ, ਵੈਰ-ਵਿਰੋਧ, ਨਫ਼ਰਤ, ਨਿੰਦਾ-ਚੁਗਲੀ ਆਦਿ ਬੁਰੇ ਵਿਕਾਰ ਖਤਮ ਨਹੀਂ ਹੁੰਦੇ, ਉਦੋਂ ਤੱਕ ਅਸੀਂ ਅਧਿਆਤਮਕ ਮਾਰਗ ਉੱਪਰ ਚੱਲ ਨਹੀਂ ਸਕਦੇ। ਇਸ ਲਈ ਸੁਖਮਨੀ ਬਾਣੀ ਹੀ ਸਾਨੂੰ ਇਨ੍ਹਾਂ ਬੁਰੇ ਵਿਕਾਰਾਂ ਤੋਂ ਦੂਰ ਕਰਕੇ ਸਾਡੇ ਜੀਵਨ ਵਿਚ ਸਦਾਚਾਰਕਤਾ ਦਾ ਗੁਣ ਲੈ ਕੇ ਆਉਂਦੀ। ਗੁਰੂ ਜੀ ਨੇ ਆਪਣੇ ਸਲੋਕ ਅੰਦਰ ਫੁਰਨਾਮ ਕੀਤਾ ਹੈ :

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਟਲੇ॥

ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥49

ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਇਕ ਗਰੀਬ ਵਿਅਕਤੀ ਹਮੇਸ਼ਾ ਹੀ ਨੀਵਾਂ ਹੋ ਕੇ ਜੀਵਨ ਬਤੀਤ ਕਰਦਾ ਹੈ। ਪਰ ਇਕ ਵੱਡੇ ਤੋਂ ਵੱਡਾ ਵਿਅਕਤੀ ਹਮੇਸ਼ਾ ਅਹੰਕਾਰ ਵਿਚ ਰਹਿੰਦਾ ਹੈ।ਗੁਰੂ ਜੀ ਕਹਿੰਦੇ ਹਨ ਕਿ ਉਹ ਵਿਅਕਤੀ ਅਹੰਕਾਰ ਨਾਲ ਹੀ ਗਲ ਜਾਂਦਾ ਹੈ। ਇਸ ਕਰਕੇ ਮਨੁੱਖ ਨੂੰ ਹਮੇਸ਼ਾ ਹੀ ਸਦਾ ਤੇ ਨੀਵੇਂ ਹੋ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਜਿਸ ਕੈ ਅੰਤਰਿ ਰਾਜ ਅਭਿਮਾਨ॥

ਸੋ ਨਰਕਪਾਤੀ ਹੋਵਤ ਸੁਆਨੁ॥

ਜੋ ਜਾਨੈ ਮੈ ਜੋਬਨਵੰਤੁ॥

ਸੋ ਹੋਵਤ ਬਿਸਟਾ ਕਾ ਜੰਤੁ॥50

ਜਿਸ ਵਿਅਕਤੀ ਅੰਦਰ ਧੰਨ, ਦੌਲਤ ਅਤੇ ਆਪਣੀ ਹਕੂਮਤ ਦਾ ਮਾਣ ਕਰਦਾ ਹੈ। ਉਹ ਵਿਅਕਤੀ ਨਰਕਾਂ ਦਾ ਹੀ ਅਧਿਕਾਰੀ ਬਣਦਾ ਹੈ। ਮਨੁੱਖ ਨੂੰ ਕਦੇ ਵੀ ਆਪਣੇ ਪੈਸੇ ਦਾ ਮਾਣ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਸਭ ਪਰਮਾਤਮਾ ਦੀ ਹੀ ਕਿਰਪਾ ਹੁੰਦੀ ਹੈ। ਪਰਮਾਤਮਾ ਹੀ ਹੁੰਦਾ ਹੈ ਜੋ ਮਨੁੱਖ ਨੂੰ ਕੱਖਾਂ ਤੋਂ ਲੱਖਾਂ ਤੱਕ ਲੈ ਕੇ ਜਾਂਦਾ ਹੈ ਅਤੇ ਲੱਖਾਂ ਤੋਂ ਕੱਖਾਂ ਵਿਚ ਵੀ ਕਰ ਦਿੰਦਾ ਹੈ। ਇਸ ਕਰਕੇ ਮਨੁੱਖ ਨੂੰ ਕਦੇ ਵੀ ਆਪਣੇ ਉੱਚੇ ਹੋਣ ਦਾ ਮਾਣ ਨਹੀਂ ਕਰਨਾ ਚਾਹੀਦਾ। ਇਨਸਾਨ ਨੂੰ ਹਮੇਸ਼ਾ ਹੀ ਪਰਮਾਤਮਾ ਦੀ ਰਜ਼ਾ ਅੰਦਰ ਰਹਿਣਾ ਚਾਹੀਦਾ ਹੈ। ਜਿਹੜਾ ਵਿਅਕਤੀ ਆਪਣੀ ਜਵਾਨੀ ਅਤੇ ਆਪਣੇ ਰੂਪ ਦਾ ਮਾਣ ਕਰਦਾ ਹੈ। ਉਹ ਹਮੇਸ਼ਾ ਕੀੜੇ ਦੀ ਜੂਨ ਵਿਚ ਪੈਂਦਾ ਹੈ। ਜਿਸ ਤਰ੍ਹਾਂ ਇਨਸਾਨ

ਸੰਸਾਰ ਅੰਦਰ ਆ ਕੇ ਵਿਸ਼ੇ-ਵਿਕਾਰਾਂ ਨੂੰ ਭੋਗਦਾ ਹੈ। ਉਸੇ ਪ੍ਰਕਾਰ ਹੀ ਮਨੁੱਖ ਜੂਨਾਂ ਅੰਦਰ ਭਟਕਦਾ ਰਹਿੰਦਾ ਹੈ। ਗੁਰੂ ਜੀ ਫਰਮਾਨ ਕਰਦੇ ਹਨ :

ਦਸ ਬਸਤੂ ਲੇ ਪਾਛੈ ਪਾਵੈ॥

ਏਕ ਬਸਤੂ ਕਾਰਨਿ ਬਿਖੋਟਿ ਗਵਾਵੈ॥

ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥

ਤਉ ਮੂੜਾ ਕਹੁ ਕਹਾ ਕਰੇਇ॥

ਜਿਸੁ ਠਾਕੁਰ ਸਿਉ ਨਾਹੀ ਚਾਰਾ॥

ਤਾ ਕਉ ਕੀਜੈ ਸਦ ਨਮਸਰਾਰਾ॥51

ਗੁਰੂ ਜੀ ਮਨੁੱਖ ਦੇ ਲਾਲਚੀ ਸੁਭਾਅ ਬਾਰੇ ਦੱਸਦੇ ਹਨ ਕਿ ਮਨੁੱਖ ਪਰਮਾਤਮਾ ਤੋਂ ਦਸ ਚੀਜ਼ਾਂ ਲੈ ਕੇ ਵੀ ਖੁਸ਼ ਨਹੀਂ ਹੁੰਦਾ, ਸਗੋਂ ਇਕ ਚੀਜ਼ ਨਾ ਦੇਣ ਤੇ ਪਰਮਾਤਮਾ ਨਾਲ ਗਿਲ੍ਹਾ ਕਰਦਾ ਹੈ। ਜਿਸ ਕਾਰਨ ਪਰਮਾਤਮਾ ਉਸ ਤੋਂ ਉਹ ਵਸਤੂਆਂ ਵੀ ਲੈ ਲੈਂਦਾ ਹੈ। ਇਸ ਕਰਕੇ ਹਮੇਸ਼ਾ ਹੀ ਪਰਮਾਤਮਾ ਦੇ ਅੱਗੇ ਸਿਰ ਨੀਵਾਂ ਕਰਨਾ ਚਾਹੀਦਾ ਹੈ। ਮਨੁੱਖ ਨੂੰ ਹਰ ਸਮੇਂ ਪਰਮਾਤਮਾ ਦਾ ਸ਼ੁਕਰ ਕਰਨਾ ਚਾਹੀਦਾ ਹੈ।

ਸੋਚ ਕਰੈ ਦਿਨਸੁ ਅਰੁ ਰਾਤਿ ॥

ਮਨ ਕੀ ਮੈਲੁ ਨ ਤਨ ਤੇ ਜਾਤਿ ॥

ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥

ਮਨ ਤੇ ਕਬਹੂ ਨ ਬਿਖਿਆ ਟਰੈ ॥52

ਮਨੁੱਖ ਭਾਵੇਂ ਦਿਨ-ਰਾਤ ਤੀਰਥਾਂ ਤੇ ਜਾ ਕੇ ਇਸਨਾਨ ਕਰੇ, ਫਿਰ ਵੀ ਉਸ ਦੇ ਮਨ ਦੀ ਅੰਦਰਲੀ ਮੈਲ ਨਹੀਂ ਜਾ ਸਕਦੀ। ਜੇ ਵਿਅਕਤੀ ਆਪਣੇ ਸਰੀਰ ਨੂੰ ਮਾਇਆ ਤੋਂ ਦੂਰ ਰੱਖਣ ਲਈ ਕਈ ਪ੍ਰਕਾਰ ਦੇ ਢੰਗ ਤਰੀਕੇ ਅਪਣਾਉਂਦਾ ਹੈ, ਫਿਰ ਵੀ ਉਹ ਮਾਇਆ ਤੋਂ ਬਚ ਨਹੀਂ ਸਕਦਾ। ਕਿਉਂਕਿ ਮਾਇਆ ਤੋਂ ਬਚਣ ਲਈ ਪਰਮਾਤਮਾ ਦਾ ਨਾਮ ਹੀ ਜ਼ਰੂਰੀ ਹੈ। ਗੁਰਬਾਣੀ, ਆਤਮਿਕ ਤੌਰ ਤੇ ਪ੍ਰਫੁਲਤ, ਮਾਨਸਿਕ ਤੌਰ ਤੇ ਸ਼ਾਂਤ-ਚਿਤ, ਸਦਾਚਾਰਿਕ ਤੌਰ ਤੇ ਸੁਦ੍ਰਿੜ ਇਨਸਾਨ ਦੀ ਘਾੜਤ ਘੜਨ ਤੇ ਜ਼ੋਰ ਦਿੰਦੀ ਹੈ। ਸਚ, ਪ੍ਰਮਾਤਮਾ ਦਾ ਆਪਣਾ ਗੁਣ ਹੈ, ਇਸ ਲਈ ਸਚ ਤੇ ਅਧਾਰਤ

ਜੀਵਨ ਨੂੰ ਪ੍ਰਵਾਨ ਕੀਤਾ ਗਿਆ ਹੈ ਪਰ ਉਸ ਤੋਂ ਵੀ ਉੱਤੇ ਸਚ ਅਚਾਰ ਰਖਣ ਵਾਲੇ ਨੂੰ ਸਮਝਿਆ ਜਾਂਦਾ ਹੈ। ਸੱਚੇ ਆਚਰਣ ਤੋਂ ਉੱਤੇ ਕੁਝ ਵੀ ਨਹੀਂ, ਇਸ ਲਈ ਇਸਨੂੰ ਜ਼ਿੰਦਗੀ ਦਾ ਆਧਾਰ ਬਣਾਉਣਾ ਚਾਹੀਦਾ ਹੈ, ਅਜਿਹਾ ਹੋ ਜਾਣ ਨਾਲ ਹੋਰ ਗੁਣ ਖੁਦ ਬਖੁਦ ਹੀ ਜੀਵਨ ਵਿਚ ਰਲਦੇ ਰਹਿਣਗੇ।"ਗੁਰਬਾਣੀ ਵਿਚ ਇਸ ਗੱਲ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ ਕਿ ਜਿਨ੍ਹਾਂ ਅਭਿਲਾਸ਼ੀਆਂ ਨੇ ਸਚ ਨੂੰ ਆਪਣਾ ਰੋਜ਼ਾ ਜਾਂ ਵਰਤ; ਸੰਤੋਖ ਤੇ ਸਬਰ ਨੂੰ ਆਪਣਾ ਧਰਮ ਤੀਰਥ; ਜੀਵਨ ਦੀ ਸੂਝ ਬੂਝ ਤੇ ਸਿਮਰਨ ਨੂੰ ਆਪਣਾ ਮਜਨ ਇਸ਼ਨਾਨ; ਦਰਿਆ ਤੇ ਪਰਉਪਕਾਰਤਾ ਨੂੰ ਆਪਣਾ ਦੇਵਤਾ ਅਤੇ ਮਾਫ਼ ਕਰ ਦੇਣ ਨੂੰ ਆਪਣੀ ਲਪਮਾਲੀ ਭਾਵ ਮਾਲਾ ਬਣਾਇਆ ਹੋਇਆ ਹੈ, ਉਹ ਮਨੁੱਖ, ਚਜ ਅਚਾਰ ਦੇ ਪੱਖੋਂ ਪਰਮ ਸਰੇਸ਼ਠ ਹਨ।"53 ਆਪਣਾ ਪਰਮਾਤਮਾ ਦੇ ਨਾਮ ਨਾਲ ਹੀ ਮਨੁੱਖ ਦੀ ਅੰਦਰਲੀ ਮੈਲ ਦੂਰ ਹੋ ਸਕਦੀ ਹੈ। ਜਦੋਂ ਮਨੁੱਖ ਦੇ ਅੰਦਰਲੀ ਮੈਲ ਖਤਮ ਹੋ ਜਾਂਦੀ ਹੈ ਤਾਂ ਉਸ ਅੰਦਰੋਂ ਅਹੰਕਾਰ ਵੀ ਆਪਣੇ-ਆਪ ਹੀ ਦੂਰ ਹੋ ਜਾਂਦਾ ਹੈ।

ਅੱਜ ਦੇ ਨੌਜਵਾਨਾਂ ਦਾ ਲਗਾਤਾਰ ਨੈਤਿਕ ਪਤਨ ਹੋ ਰਿਹਾ ਹੈ, ਜਿਸਦੇ ਲਈ ਮਾਪੇ, ਅਧਿਆਪਕ ਅਤੇ ਸਮਾਜ ਸਮਾਨ ਰੂਪ ਵਿਚ ਜ਼ਿੰਮੇਵਾਰ ਹਨ। ਮਾਂ-ਬਾਪ ਕੋਲ ਇੰਨਾ ਸਮਾਂ ਨਹੀਂ ਕਿ ਉਹ ਆਪਣੇ ਬੱਚੇ ਉੱਪਰ ਨਿਗਰਾਨੀ ਰੱਖ ਸਕਣ ਅਤੇ ਨਾ ਹੀ ਬੱਚੇ ਰਿਹ ਚਾਹੁੰਦੇ ਹਨ ਕਿ ਉਹਨਾਂ ਦੇ ਮਾਂ-ਬਾਪ ਉਹਨਾਂ ਦੀ ਨਿੱਜੀ ਜ਼ਿੰਦਗੀ ਵਿਚ ਦਖਲ ਅੰਦਾਜੀ ਕਰਨ। ਮਾਤਾ ਪਿਤਾ ਦੁਆਰਾ ਤਾਂ ਬਸ ਕੁੱਝ ਕੁ ਜ਼ਿੰਮੇਵਾਰੀਆਂ ਨੂੰ ਪੂਰਾ ਕਰਕੇ ਆਪਣੇ ਸਿਰੋਂ ਭਾਰ ਲਾਹ ਦਿੱਤਾ ਜਾਂਦਾ ਹੈ। ਅਜਿਹੀ ਸੋਚ ਕਾਰਨ ਸਾਡੀ ਸਮਾਜਕ ਦਿਨੋ-ਦਿਨ ਬਦਲ ਰਹੀ ਜਿਸ ਦੁਆਰਾ ਸਮਾਜ ਦੇ ਨੈਤਿਕ ਮੁੱਲਾਂ ਅਤੇ ਕਦਰਾਂ ਕੀਮਤਾਂ ਵਿਚ ਗਿਰਾਵਟ ਪੈਦਾ ਹੋ ਰਹੀ ਹੈ। ਇਸਦਾ ਸਭ ਤੋਂ ਵੱਧ ਅਸਰ ਨੌਜਵਾਨ ਵਰਗ ਤੇ ਪੈ ਰਿਹਾ ਹੈ। ਬੇਸ਼ੱਕ ਬਾਹਰੀ ਤੌਰ ਤੇ ਇਨਸਾਨ ਨੇ ਅਨੇਕਾਂ ਮੁਕਾਮਾਂ ਨੂੰ ਹਾਸਿਲ ਕੀਤਾ ਹੈ, ਨਵੀਆਂ-ਨਵੀਆਂ ਖੋਜਾਂ ਹੋ ਰਹੀਆਂ ਹਨ ਪਰੰਤੂ ਅੰਤਰੀਵ ਤੌਰ ਤੇ ਮਨੁੱਖ ਬਿਖਰਦਾ ਹੀ ਜਾ ਰਿਹਾ ਹੈ। ਜਿਸ ਭਾਰਤ ਦੇਸ਼ ਨੂੰ ਕਦੇ ਜਗਤ ਗੁਰੂ ਦੀ ਉਪਾਦੀ ਨਾਲ ਨਿਵਾਜਿਆ ਗਿਆ ਸੀ ਉਸੇ ਭਾਰਤ ਵਰਸ਼ ਵਿਚ ਅੱਜ ਰਾਜਨੀਤਿਕ, ਸਮਾਜਕ, ਪਰਿਵਾਰਕ ਅਤੇ ਵਿਅਕਤੀਗਤ ਰੂਪ ਵਿਚ ਉੱਥਲ-ਪੁੱਥਲ ਮੱਚੀ ਹੋਈ ਹੈ। ਜੀਵਨ ਦੇ ਸੱਚੇ ਮੁੱਲਾਂ ਪ੍ਰਤੀ ਕੋਈ ਵੀ ਜਾਗਰੂਕ ਨਹੀਂ ਹੈ। ਅੱਜ ਦਾ ਨੌਜਵਾਨ ਵਰਗ ਦੁਸ਼ ਪ੍ਰਵਿਰਤੀਆਂ ਦੀ ਘੁੰਮਣ ਘੇਰੀ ਵਿਚ ਫਸ ਕੇ ਨੈਤਿਕ ਪਤਨ ਦੇ ਰਾਹ ਤੇ ਚੱਲ ਪਿਆ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਵਿਚ ਅਜਿਹੇ ਆਦਰਸ਼ ਬਾਰੇ ਜਾਣੂ ਕਰਵਾਇਆ ਗਿਆ ਹੈ, ਜਿਸ ਨੂੰ ਅਧਾਰ ਬਣਾ ਕੇ ਅਸੀਂ ਚੰਗੇ ਚਰਿੱਤਰ ਅਤੇ ਨੈਤਿਕਤਾ ਦਾ ਨਿਰਮਾਣ ਕਰ ਸਕਦੇ ਹਾਂ। ਅਜਿਹੀ ਪ੍ਰੇਰਣਾ ਸਿਰਫ ਮਹਾਂਪੁਰਸ਼ਾਂ ਦੇ ਜੀਵਨ ਤੋਂ ਹੀ ਪ੍ਰਾਪਤ ਹੋ ਸਕਦੀ ਹੈ ਕਿਉਂਕਿ ਇਸ ਸੰਸਾਰ ਅੰਦਰ ਸਿਰਫ ਮਹਾਂਪੁਰਸ਼ਾਂ ਦਾ ਜੀਵਨ ਹੀ ਪਰਉਪਕਾਰੀ ਅਤੇ ਦੂਸਰਿਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।ਮਨੁੱਖ ਅੰਦਰ ਨੈਤਿਕ ਗੁਣਾਂ ਦੀ ਬਹੁਤ ਕਮੀ ਹੈ। ਮਨੁੱਖ ਨੇ ਆਪਣੇ ਜੀਵਨ ਅੰਦਰ ਪਿਆਰ, ਸਬਰ, ਏਕਤਾ,ਸਹਿਣਸ਼ੀਲਤਾ, ਰਜ਼ਾ, ਸਦਭਾਵਨਾ ਆਦਿ ਦੀ ਥਾਂ ਅਹੰਕਾਰ, ਮਾਣ, ਵੈਰ-ਵਿਰੋਧ, ਈਰਖਾ ਅਤੇ ਜਾਤ-ਪਾਤ ਨੂੰ ਆਪਣੇ ਜੀਵਨ ਅੰਦਰ ਸਥਾਨ ਦਿੱਤਾ ਹੈ। ਅੱਜ ਜੋ ਸਾਨੂੰ ਸਮਾਜ ਵਿਚ ਦੇਖਣ ਨੂੰ ਮਿਲਦਾ ਹੈ। ਉਸ ਦਾ ਕਾਰਨ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਹੈ। ਇਸ ਘਾਟ ਨੂੰ ਪੂਰਾ ਕਰਦੀ ਹੈ, ਸਾਡੀ ਸੁਖਮਨੀ ਬਾਣੀ , ਜਿਸ ਨੂੰ ਸਮਝ ਕੇ ਸਾਡੇ ਜੀਵਨ ਅੰਦਰ ਚੰਗੇ ਗੁਣ ਆਉਂਦੇ ਹਨ। ਇਸ ਸਦਾਚਾਰਕ ਜੀਵਨ ਨਾਲ ਹੀ ਅਸੀਂ ਪਰਮਾਤਮਾ

ਦੇ ਮਾਰਗ ਤੇ ਚੱਲ ਸਕਦੇ ਹਾਂ। ਜੇਕਰ ਅੱਜ ਦਾ ਨੌਜਵਾਨ ਵਰਗ ਸੁਖਮਨੀ ਬਾਣੀ ਦੇ ਦਰਸਾਏ ਮਾਰਗ ਤੇ ਕਦਮ ਵਧਾ ਲੈਣ ਤਾਂ ਅੱਜ ਦੇ ਯੁਵਕਾਂ ਦੀਆਂ ਸਾਰੀਆਂ ਹੀ ਸਮੱਸਿਆਵਾਂ ਦਾ ਖਾਤਮਾ ਹੋ ਸਕਦਾ ਹੈ।

ਅੰਤ ਵਿਚ ਇਹ ਕਹਿ ਸਕਦੇ ਹਾਂ ਕਿ "ਨੈਤਿਕਤਾ ਦਾ ਸਿੱਧਾ ਸੰਬੰਧ ਵਿਹਾਰ ਦੀ ਪਵਿੱਤਰਤਾ, ਸਾਦਗੀ, ਸੁੱਚਤਾ ਅਤੇ ਸ਼ੁਭ ਗੁਣਾਂ ਨਾਲ ਹੈ ਸ਼ੁਭ ਕਰਮ, ਸ਼ੁਭ ਬੋਲ, ਸ਼ੁਭ ਵਿਚਾਰ, ਸ਼ੁਭ ਕਿਰਦਾਰ, ਸ਼ੁਭ ਅਮਲ ਹੀ ਅਸਲ ਵਿਚ ਨੈਤਿਕ ਮੁੱਲ ਹਨ ਜੋ ਮਨੁੱਖ ਨੂੰ ਨੈਤਿਕਤਾ ਪੱਖੋਂ ਸਰਵ-ਸਰੇਸ਼ਟ ਬਣਾਉਂਦੇ ਹਨ।"54

ਹਵਾਲੇ ਅਤੇ ਟਿੱਪਣੀਆਂ


1. ਹਰਦਿਲਜੀਤ ਸਿੰਘ ਗੋਸਲ, ਭਾਰਤੀ ਦਰਸ਼ਨ (ਦਾਰਸ਼ਨਿਕਤਾ ਅਤੇ ਸੰਕਲਪ), ਪੰਨਾ-17

2. ਉਹੀ, ਪੰਨਾ-17

3. ਉਹੀ, ਪੰਨਾ-17

4. ਗੁਰੂ ਗ੍ਰੰਥ ਦਰਪਣ, ਪੰਨਾ-24

5. ਭਾਰਤੀ ਦਰਸ਼ਨ, ਪੰਨਾ-3

6. ਤਿੰਨ ਧਾਰਮਿਕ ਖੋਜ ਨਿਬੰਧ, ਪੰਨਾ-1

7. ਆਉਟਲਾਇਨ ਆਫ ਇੰਡੀਅਨ ਫਿਲਾਸਫੀ, ਪੰਨਾ-20

8. ਹਰਟ ਆਫ ਹਿੰਦੁਸਤਾਨ, ਪੰਨਾ-113

9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-275

10. ਉਹੀ, ਪੰਨਾ-275

11. ਉਹੀ, ਪੰਨਾ-275

12. ਉਹੀ, ਪੰਨਾ-275

13. ਉਹੀ, ਪੰਨਾ-276

14. ਉਹੀ, ਪੰਨਾ-276

15. ਉਹੀ, ਪੰਨਾ-276

16. ਉਹੀ, ਪੰਨਾ-277

17. ਡਾ. ਪਰਮਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪੰਨਾ-7

18. ਉਹੀ, ਪੰਨਾ-286

19. ਪ੍ਰੋਫ਼ੈਸਰ ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ, ਪੰਨਾ-57

20. ਉਹੀ, ਪੰਨਾ-286

21. ਉਹੀ, ਪੰਨਾ-286

22. ਉਹੀ, ਪੰਨਾ-287

23. ਉਹੀ, ਪੰਨਾ-287

24. ਉਹੀ, ਪੰਨਾ-287

25. ਉਹੀ, ਪੰਨਾ-287

26. ਉਹੀ, ਪੰਨਾ-265

27. ਗੁਲਵੰਤ ਸਿੰਘ, ਗੁਰਮਤਿ ਸਾਹਿਤ ਚਿੰਤਨ, ਪੰਨਾ-74

28. ਉਹੀ, ਪੰਨਾ-272

29. ਉਹੀ, ਪੰਨਾ-272

30. ਉਹੀ, ਪੰਨਾ-272

31. ਉਹੀ, ਪੰਨਾ-272

32. ਉਹੀ, ਪੰਨਾ- 273

33. ਪ੍ਰੋਫ਼ੈਸਰ ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ, ਪੰਨਾ 134

34. ਉਹੀ, ਪੰਨਾ-273

35. ਉਹੀ, ਪੰਨਾ-271

36. ਉਹੀ, ਪੰਨਾ-271

37. ਉਹੀ, ਪੰਨਾ-272

38. ਉਹੀ, ਪੰਨਾ-271

39. ਉਹੀ, ਪੰਨਾ-272

40. ਪ੍ਰੋਫ਼ੈਸਰ ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ, ਪੰਨਾ-134

41. ਡਾ. ਕਰਤਾਰ ਸਿੰਘ, ਗੁਰਮਤਿ ਦੇ ਮੂਲਿਕ ਸਿਧਾਂਤ, ਪੰਨਾ-63

42. ਉਹੀ, ਪੰਨਾ-272

43. ਉਹੀ, ਪੰਨਾ-263

44. ਉਹੀ, ਪੰਨਾ- 263

45. ਉਹੀ, ਪੰਨਾ-263

46. ਡਾ. ਸਰੂਪ ਸਿੰਘ ਅਲੱਗ, ਸਰਬ ਨਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-12

47. ਉਹੀ, ਪੰਨਾ-263

48. ਉਹੀ, ਪੰਨਾ-264

49. ਪ੍ਰੋਫ਼ੈਸਰ ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ, ਪੰਨਾ-74

50. ਡਾ. ਅਮਰਜੀਤ ਸਿੰਘ ਕਾਂਗ, ਡਾ. ਜਸਪਾਲ ਕੌਰ ਕਾਂਗ, ਮੱਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ-125

51. ਉਹੀ, ਪੰਨਾ-264

52. ਉਹੀ, ਪੰਨਾ-278

53. ਉਹੀ, ਪੰਨਾ-278

54. ਉਹੀ, ਪੰਨਾ-268

# ਸੁਖਮਨੀ ਸਾਹਿਬ ਦਾ ਸਮਾਜ-ਸਭਿਆਚਾਰਕ ਅਧਿਐਨ

ਮਨੁੱਖ ਇੱਕ ਸਮਾਜਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦੇ ਹੋਏ ਵੀ ਵਿਅਕਤੀ ਆਪਣੀਆਂ ਲੋੜਾਂ ਦੀ ਪੂਰਤੀ ਕਰ ਸਕਦਾ ਹੈ। ਵਿਅਕਤੀ ਦੀਆਂ ਹਰ ਪ੍ਰਕਾਰ ਦੀਆਂ ਲੋੜਾਂ ਹੀ ਸਮਾਜ ਦੇ ਨਿਰਮਾਣ ਵਿਚ ਯੋਗਦਾਨ ਪਾਉਂਦੀਆਂ ਹਨ। ਸਮਾਜ ਹੀ ਇੱਕ ਅਜਿਹਾ ਸਮੂਹ ਹੈ ਜਿਸ ਵਿਚ ਰਹਿਣ ਨਾਲ ਵਿਅਕਤੀ ਦੀਆਂ ਹਰ ਪ੍ਰਕਾਰ ਦੀਆਂ ਭਾਵਨਾਵਾਂ ਵਿਕਸਿਤ ਹੁੰਦੀਆਂ ਹਨ।

ਸਮਾਜ ਸ਼ਬਦ ਦਾ ਸਾਧਾਰਣ ਰੂਪ ਵਿੱਚ ਪ੍ਰਯੋਗ ਵਿਅਕਤੀਆਂ ਦੇ ਸਮੂਹ ਦੇ ਰੂਪ ਵਿੱਚ ਕੀਤਾ ਜਾਂਦਾ ਹੈ।ਕਿਸੇ ਵੀ ਸੰਗਠਿਤ ਜਾਂ ਅਸੰਗਠਿਤ ਸਮੂਹ ਨੂੰ ਸਮਾਜ ਦਾ ਦਰਜਾ ਦਿੱਤਾ ਜਾਂਦਾ ਹੈ। ਮਨੁੱਖੀ ਸਮਾਜ ਦਾ ਅਧਿਐਨ ਕਰਨ ਵਾਲੇ ਵਿਦਵਾਨਾਂ ਨੇ ਸਮਾਜ ਦੀ ਪ੍ਰਕਿਰਤੀ, ਪ੍ਰਯੋਜਨ ਅਤੇ ਸਰੂਪ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਸ਼ਬਦ ਦੀ ਵਿਆਖਿਆ ਆਪਣੇ-ਆਪਣੇ ਢੰਗ ਨਾਲ ਕੀਤੀ ਹੈ। ਸਾਧਾਰਨ ਅਰਥਾਂ ਵਿਚ ਸਮਾਜ ਮਨੁੱਖਾਂ ਦਾ ਉਹ ਸਮੂਹ ਹੈ, ਜਿਸ ਵਿਚ ਲੋਕ ਸੁਤੰਤਰ ਰੂਪ ਨਾਲ ਆਪਣੇ ਸਭਿਆਚਾਰਕ ਦਰਜੇ ਅਤੇ ਆਪਣੀ ਜਾਤ ਨੂੰ ਜਿੰਦਾ ਅਤੇ ਕਾਇਮ ਰੱਖਣ ਵਿਚ ਸਮਰੱਥ ਹੋ ਸਕਦੇ ਹੋਣ।

ਜਦੋਂ ਸਮਾਜ-ਵਿਗਿਆਨ ਸ਼ਬਦ ਸਮਾਜ ਦੀ ਵਰਤੋਂ ਇਸ ਦੇ ਆਮ ਰੂਪ ਵਿਚ ਕਰਦਾ ਹੈ ਤਾਂ ਉਸ ਦਾ ਮਤਲਬ ਲੋਕਾਂ ਦੇ ਇਕੱਠ ਮਾਤਰ ਤੋਂ ਨਹੀਂ ਹੈ। ਦੂਸਰੇ ਸ਼ਬਦਾਂ ਵਿਚ ਸਮਾਜ ਤੋਂ ਮਤਲਬ ਨਿਰਾ ਪੂਰਾ ਲੋਕਾਂ ਦਾ ਜੋੜ ਨਹੀਂ ਬਲਕਿ ਉਨ੍ਹਾਂ ਵਿਚ ਪਾਏ ਜਾਂਦੇ ਸਮਾਜਕ ਸੰਬੰਧਾਂ ਦੇ ਜਾਲ ਵਿਵਸਥਾ ਤੋਂ ਹੈ। ਸਮਾਜ ਦੀ ਰਚਨਾ ਕੇਵਲ ਵਿਅਕਤੀਆਂ ਦੇ ਇਕੱਠੇ ਹੋ ਜਾਣ ਨਾਲ ਨਹੀਂ ਹੁੰਦੀ। ਸਮਾਜ ਦੀ ਰਚਨਾ ਤਾਂ ਉਨ੍ਹਾਂ ਵਿਚ ਉਤਪੰਨ ਸਮਾਜਕ-ਸੰਬੰਧਾਂ ਤੋਂ ਹੁੰਦੀ ਹੈ। ਸਮਾਜਕ ਸੰਬੰਧ ਅਮੂਰਤ ਹੁੰਦੇ ਹਨ, ਇਨ੍ਹਾਂ ਦਾ ਕੋਈ ਠੋਸ ਰੂਪ ਨਹੀਂ ਹੁੰਦਾ, ਇਹ ਅੱਖਾਂ ਨਾਲ ਵੇਖੇ ਨਹੀਂ ਜਾ ਸਕਦੇ ਅਤੇ ਹੱਥਾਂ ਨਾਲ ਛੂਹੇ ਨਹੀਂ ਜਾ ਸਕਦੇ, ਇਨ੍ਹਾਂ ਨੂੰ ਤਾਂ ਅਸੀਂ ਕੇਵਲ ਮਹਿਸੂਸ ਕਰ ਸਕਦੇ ਹਾਂ। ਇਹ ਸਮਾਜਕ ਸੰਬੰਧ ਜੀਵਨ ਦੇ ਹੱਕ ਪੱਖ ਵਿਚ ਮੌਜੂਦ ਹੋਣ ਕਾਰਨ ਜਟਿਲ ਹੁੰਦੇ ਹਨ। ਸਮਾਜਕ ਸੰਬੰਧ ਸਥਿਰ ਅਤੇ ਅਸਥਿਰ, ਮਿੱਤਰਤਾਪੂਰਨ ਅਤੇ ਵਿਰੋਧਪੂਰਨ ਵੀ ਹੋ ਸਕਦੇ ਹਨ। ਸਮਾਜਕ ਸੰਬੰਧ ਕੇਵਲ ਦੋ ਵਿਅਕਤੀਆਂ ਵਿਚਕਾਰ ਹੀ ਨਹੀਂ ਹੁੰਦੇ, ਇਹ ਵਿਅਕਤੀ ਅਤੇ ਸਮੂਹ ਵਿਚਕਾਰ ਵੀ ਹੋ ਸਕਦੇ ਹਨ। ਇੱਥੇ ਇਹ ਗੱਲ ਸਪੱਸ਼ਟ ਰੂਪ ਵਿਚ ਸਮਝ ਲੈਣੀ ਚਾਹੀਦੀ ਹੈ ਕਿ ਇਹ ਭਿੰਨ ਪ੍ਰਕਾਰ ਦੇ ਸੰਬੰਧ ਨਹੀਂ, ਇਨ੍ਹਾਂ ਨੂੰ ਇਕ ਦੂਸਰੇ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਇਹ ਤਾਂ ਸਮਾਜਕ ਸੰਬੰਧਾਂ ਦੀਆਂ ਅੰਤਰ-ਸੰਬੰਧਤ ਤਿੰਨ ਪੱਧਰ ਹਨ ਜੋ ਸੰਮਿਲਤ ਰੂਪ ਵਿਚ ਸਮਾਜਕ ਸੰਬੰਧਾਂ ਦੇ ਜਾਲ ਜਾਂ ਵਿਵਸਥਾ, ਜਿਸ ਨੂੰ ਸਮਾਜ ਕਹਿੰਦੇ ਹਨ। ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਮਾਜ ਸਮਾਜਕ ਸੰਬੰਧਾ ਦਾ ਜਾਲ ਹੈ ਅਤੇ ਕਿਉਂਕਿ ਅਸੀਂ ਸਮਾਜਕ ਸੰਬੰਧ ਨੂੰ ਵੇਖ ਨਹੀਂ ਸਕਦੇ ਕੇਵਲ ਮਹਿਸੂਸ ਕਰ ਸਕਦੇ ਹਾਂ, ਇਸ ਲਈ ਸਮਾਜ ਅਮੂਰਤ ਧਾਰਨਾ ਜਾਂ ਸੰਕਲਪ ਹੈ।

ਪਰਿਭਾਸ਼ਾ

ਉਪਰੋਕਤ ਚਰਚਾ ਤੋਂ ਬਾਅਦ ਇਹ ਸਿੱਧ ਹੁੰਦਾ ਹੈ ਕਿ ਸਮਾਜ ਇਕ ਸਮਾਜਕ ਸੰਬੰਧਾਂ ਦਾ ਸਿਸਟਮ ਹੈ। ਇਸ ਦੇ ਸੰਬੰਧ ਵਿਚ ਵਿਭਿੰਨ ਸਮਾਜ-ਵਿਗਿਆਨਿਆਂ ਨੇ ਪਰਿਭਾਸ਼ਾਵਾਂ ਪੇਸ਼ ਕੀਤੀਆਂ ਹਨ।

"ਈ. ਬੀ. ਰਿਊਟਰ ਦੇ ਅਨੁਸਾਰ":-

"ਸਾਮਜ ਇਕ ਅਮੂਰਤ ਸੰਕਲਪ ਹੈ ਜੋ ਕਿ ਇਕ ਸਮੂਹ ਦੇ ਦੋ ਜਾਂ ਵਧੇਰੇ ਮੈਂਬਰਾਂ ਦੇ ਵਿਚਕਾਰ ਮੌਜੂਦ ਸੰਬੰਧਾਂ ਦੀ ਜਟਿਲਤਾ ਵੱਲ ਸੰਕੇਤ ਕਰਦਾ ਹੈ। ਰਿਊਟਰ ਨੇ ਸ਼ਬਦ ਸਮਾਜ ਦੀ ਪਰਿਭਾਸ਼ਾ ਕਰਦਿਆਂ ਮੁੱਖ ਤੌਰ 'ਤੇਚਾਰ ਗੱਲਾਂ ਉੱਤੇ ਜ਼ੋਰ ਦਿੱਤਾ ਹੈ। 1.) ਸਮਾਜ ਅਮੂਰਤ ਹੈ। 2.) ਕਿਉਂਕਿ ਸਮਾਜ ਵਿਅਕਤੀਆਂ ਨੂੰ ਨਹੀਂ ਬਲਕਿ ਉਨ੍ਹਾਂ ਵਿਚਕਾਰ ਪਾਏ ਜਾਂਦੇ ਸੰਬੰਧਾਂ ਨੂੰ ਕਹਿੰਦੇ ਹਨ। 3.) ਇਨ੍ਹਾਂ ਪ੍ਰਸਪਰਿਕ ਸੰਬੰਧਾਂ ਦਾ ਸਰੂਪ ਸਰਲ ਨਹੀਂ ਬਲਕਿ ਅਤਿਅੰਤ ਜਟਿਲ ਹੁੰਦਾ ਹੈ। 4.) ਪ੍ਰਸਪਰਿਕ ਸੰਬੰਧਾਂ ਲਈ ਘੱਟ ਤੋਂ ਘੱਟ ਦੋ ਜਾਂ ਵਧੇਰੇ ਵਿਅਕਤੀਆਂ ਦੀ ਲੋੜ ਹੁੰਦੀ ਹੈ।"1

"ਗਿਡਿੰਗਜ਼ ਦੇ ਅਨੁਸਾਰ":-

"ਸਮਾਜ ਆਪਣੇ ਆਪ ਵਿਚ ਇਕ ਸੰਘ ਹੈ, ਸੰਗਠਨ ਹੈ, ਤੇ ਉਪਚਾਰਕ ਸੰਬੰਧਾਂ ਦਾ ਯੋਗ ਹੈ, ਜਿਸ ਵਿਚ ਸਹਿਯੋਗੀ ਵਿਅਕਤੀ ਪਰਸਪਰ ਸਾਂਝ ਨਾਲ ਬੱਝੇ ਹੁੰਦੇ ਹਨ।"3

"ਲਾਯਪਰੇ ਦੇ ਅਨੁਸਾਰ"-

"ਸਮਾਜ ਦੀ ਪ੍ਰਕਿਰਤੀ ਨੂੰ ਸਪੱਸ਼ਟ ਕਰਦੇ ਹੋਏ ਸਮਾਜ ਨੂੰ ਮਨੁੱਖਾਂ ਦੇ ਆਪਸੀ ਅੰਦਰੂਨੀ ਸੰਬੰਧਾਂ ਦੀ ਜਟਿਲ ਵਿਵਸਥਾ ਕਿਹਾ ਹੈ।"4

"ਕੂਲੇ ਦੇ ਅਨੁਸਾਰ-

"ਸਮਾਜ ਰੀਤੀਆਂ ਕਿਰਿਆਵਾਂ ਜਾਂ ਪ੍ਰਤਿਕਿਰਿਆਵਾਂ ਦਾ ਇਕ ਜਟਿਲ ਢਾਂਚਾ ਹੈ ਜੋ ਜੀਵਤ ਹੈ ਅਤੇ ਇਕ ਦੂਸਰੇ ਦੇ ਪ੍ਰਭਾਵ ਕਾਰਨ ਅੱਗੇ ਵਧਦਾ ਰਹਿੰਦਾ ਹੈ। ਇਸ ਢਾਂਚੇ ਵਿਚ ਇਸ ਤਰ੍ਹਾਂ ਦੀ ਏਕਤਾ ਪਾਈ ਜਾਂਦੀ ਹੈ ਕਿ ਜੋ ਕੁੱਝ ਇਕ ਭਾਗ ਵਿਚ ਹੁੰਦਾ ਹੈ, ਉਹ ਬਾਕੀ ਦੇ ਭਾਗਾਂ ਉੱਤੇ ਪ੍ਰਭਾਵ ਪਾਉਂਦਾ ਹੈ।"5

"ਗਿਨਸਬਰਗ ਦੇ ਅਨੁਸਾਰ-

"ਸਮਾਜ ਨੂੰ ਇਸ ਤਰ੍ਹਾਂ ਦੇ ਮਨੁੱਖਾਂ ਦਾ ਸਮੂਹ ਮੰਨਦਾ ਹੈ, ਜੋ ਸੰਬੰਧਾਂ ਜਾਂ ਵਿਵਹਾਰ ਦੀਆਂ ਵਿਧੀਆਂ ਦੇ ਸੰਗਠਨ ਦੇ ਰੂਪ ਵਿਚ ਹੋਂਦ ਰੱਖਦਾ ਹੈ।"6

ਇਨ੍ਹਾਂ ਵਿਦਵਾਨਾਂ ਦੇ ਵਿਚਾਰ ਸਮਾਜਕ ਹੋਂਦ, ਬਣਤਰ ਅਤੇ ਪ੍ਰਯੋਜਨ ਦੇ ਪੱਖਾਂ ਵਲ ਸੰਕੇਤ ਕਰਦੇ ਹਨ। ਇਨ੍ਹਾਂ ਵਿਚਾਰਾਂ ਤੋਂ ਸਮਾਜ ਸ਼ਬਦ ਦੀ ਜਟਿਲ ਪ੍ਰਕਿਰਤੀ ਦਾ ਬੋਧ ਹੋ ਜਾਂਦਾ ਹੈ। ਇਸ ਤੋਂ ਇਲਾਵਾ ਵਿਦਵਾਨਾਂ ਦਾ ਕਹਿਣਾ ਹੈ ਕਿ ਸਮਾਜ ਦਾ ਨਿਰਮਾਣ ਕੇਵਲ ਮਨੁੱਖ ਦੇ ਇਕੱਠੇ ਹੋ ਜਾਣ ਨਾਲ ਨਹੀਂ ਹੁੰਦਾ ਬਲਕਿ ਉਨ੍ਹਾਂ ਵਿਚਕਾਰ ਪਾਏ ਜਾਂਦੇ ਸਮਾਜਕ ਸੰਬੰਧਾਂ ਦਾ ਸੰਗਠਨ ਹੁੰਦਾ ਹੈ।

ਸਭਿਆਚਾਰ ਦਾ ਅਰਥ

ਪੱਛਮੀ ਚਿੰਤਕਾਂ ਨੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਕਲਚਰ ਦਾ ਅਧਿਐਨ ਕਰਕੇ ਇਸ ਨੂੰ ਮਨੁੱਖੀ ਜੀਵਨ ਦੀ ਮਹੱਤਵਪੂਰਨ ਇਕਾਈ ਸਿੱਧ ਕਰਨ ਦਾ ਯਤਨ ਕੀਤਾ ਹੈ। ਭਾਰਤੀ ਚਿੰਤਕ ਸਭਿਆਚਾਰ ਸ਼ਬਦ ਦੇ ਪਰਿਆਇ, ਹਿੰਦੀ ਸ਼ਬਦ ਸੰਸਕ੍ਰਿਤੀ ਦੇ ਮੂਲ ਨੂੰ ਉਸੇ ਧਾਤੂ ਨਾਲ ਜੋੜਦੇ ਜਨ, ਜਿਸ ਤੋਂ ਸੰਸਕ੍ਰਿਤ ਅਤੇ ਸੰਸਕਾਰ ਸ਼ਬਦਾਂ ਦੀ ਉਤਪਤੀ ਹੋਈ ਹੈ। ਇਸ ਸ਼ਬਦ ਨੂੰ ਸਜਾਉਣਾ, ਸੰਵਾਰਨਾ, ਪਵਿੱਤਰ ਕਰਨਾ, ਮੰਤਰ ਦੁਆਰਾ ਅਭਿਵਿਅਕਤ ਕਰਨ ਆਦਿ ਅਰਥਾਂ ਵਿਚ ਵੀ ਵਰਤ ਲਿਆ ਜਾਂਦਾ ਹੈ। ਇਨ੍ਹਾਂ ਸਾਰੇ ਸ਼ਬਦਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਭਿਆਚਾਰ (ਸੰਸਕ੍ਰਿਤੀ, ਕਲਚਰ) ਉਨ੍ਹਾਂ ਸਾਰੇ ਤੱਤਾਂ ਦਾ ਹੀ ਸਮੁੱਚ ਹੈ ਜੋ ਮਾਨਵੀ ਵਿਕਾਸ ਲਈ ਮਹੱਤਵ ਰੱਖਦੇ ਹਨ। ਸਭਿਆਚਾਰ ਨੂੰ ਅੰਗਰੇਜ਼ੀ ਵਿਚ 'ਛੁਲਟੁਰਣ' ਕਹਿੰਦੇ ਹਨ। 'ਛੁਲਟੁਰਣ' ਵੀ ਮੂਲ ਰੂਪ ਵਿਚ ਲਾਤੀਨੀ ਭਾਸ਼ਾ ਦੇ ਸ਼ਬਦ 'ਛੁਲਟੁਰਣ' ਤੋਂ ਫਰਾਂਸੀਸੀ ਭਾਸ਼ਾ ਰਾਹੀਂ ਅੰਗਰੇਜ਼ੀ ਵਿਚ ਆਇਆ ਜਿੱਥੇ ਇਸਦਾ ਸ਼ਾਬਦਿਕ ਵਿਸਥਾਰ ਹੋਣ ਤੋਂ ਹੈ, ਭਾਵ ਕਿ ਸਭਿਆਚਾਰ ਵਿਅਕਤੀ ਦੇ ਜੀਵਨ ਨਾਲ ਸੰਬੰਧ ਰੱਖਦਾ ਹੈ ਅਤੇ ਉਸਦੇ ਜੀਵਨ ਦੇ ਪ੍ਰਵਾਹ ਦਾ ਆਧਾਰ ਹੈ। "ਅਸਲ ਵਿਚ ਸ਼ਾਬਦਿਕ ਰੂਪ ਵਿਚ ਸਭਿਆਚਾਰ ਦੀ ਉਤਪੱਤੀ 'ਸੱਭਯ' (ਸੱਭਿਆ) ਸ਼ਬਦ ਤੋਂ ਹੋਈ ਹੈ। 'ਸੱਭਿਆ' ਤੋਂ ਭਾਵ ਸੁਧਰਿਆ ਹੋਇਆ ਜਾਂ ਸਭਿੱਅਕ ਹੋਣਾ ਹੈ। ਇਸ ਲਈ ਸਭਿਆਚਾਰ ਦਾ ਸੰਬੰਧ ਅਜਿਹੇ ਤੱਤਾਂ ਤੋਂ ਹੈ, ਜਿਹੜਾ ਮਨੁੱਖ ਨੂੰ ਸਭਿੱਅਕ ਬਣਾ ਸਕੇ।"7

ਸਭਿਆਚਾਰ ਨੂੰ ਇਕ ਵਾਕ ਵਿਚ ਬਿਆਨ ਕਰਨਾ ਬਹੁਤ ਹੀ ਮੁਸ਼ਕਿਲ ਹੈ। ਵਿਅਕਤੀ ਰਾਹੀਂ ਅਪ੍ਰਭਾਵਿਤ ਕੁਦਰਤੀ ਸ਼ਕਤੀਆਂ ਨੂੰ ਛੱਡ ਕੇ ਜੋ ਵੀ ਸ਼ਕਤੀਆਂ ਮਨੁੱਖ ਨੂੰ ਸਾਰੇ ਪਾਸਿਆਂ ਤੋਂ ਪ੍ਰਭਾਵਿਤ ਕਰਦੀਆਂ ਹਨ, ਉਹਨਾਂ ਦੀ ਸਮੁੱਚੀ ਵਿਵਸਥਾ ਨੂੰ ਸਭਿਆਚਾਰ ਕਹਿੰਦੇ ਹਾਂ।

"ਹੈਨਰੀ ਆਰ. ਵਾਨ. ਟਿਲ ਦੇ ਵਿਚਾਰ ਅਨੁਸਾਰ ਕਲਚਰ ਸ਼ਬਦ 'ਕਲਚਰ' ਤੋਂ ਨਿਕਲਿਆ ਹੈ ਜਿਸ ਦਾ ਅਰਥ ਧਰਤੀ ਵਾਹੁਣਾ ਜਾਂ ਜੋਤਨਾ।"8 ਲਾਤੀਨੀ ਭਾਸ਼ਾ ਵਿਚ ਕਲਚਰ ਦੇ ਮੁਕਾਬਲੇ ਦਾ ਸ਼ਬਦ 'ਕਲਚਰ' ਹੈ। ਇਹ ਲਾਤੀਨੀ ਸ਼ਬਦ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਆਇਆ, ਜਿਥੇ ਇਸ ਦੇ ਸ਼ਾਬਦਿਕ ਅਰਥ ਵਿਸ਼ੇਸ਼ ਪ੍ਰਕਾਰ ਦੇ ਵਿਕਾਸ ਜਾਂ ਉਪਜਾਊ ਕਾਰਜ ਦੇ ਹਨ। ਇਸ ਤਰ੍ਹਾਂ ਅੰਗਰੇਜ਼ੀ ਸ਼ਬਦ 'ਐਗਰੀ ਕਲਚਰ' ਵੀ ਲਾਤੀਨੀ ਸ਼ਬਦ ਤੋਂ ਹੈ। ਅਗਰ (ਖੇਤ) ਕਲਚਰ (ਜੋਤਨਾ) ਕਲਚਰ ਸ਼ਬਦ ਦਾ ਸੰਬੰਧ 'ਕਲਚਰ' ਨਾਲ ਵੀ ਜੋੜਿਆ ਜਾਂਦਾ ਹੈ।

ਹਰ ਇਕ ਸਮਾਜ ਦਾ ਆਪਣਾ ਜੀਵਨ ਜੀਉਣ ਦਾ ਢੰਗ ਹੁੰਦਾ ਹੈ। ਇਹ ਜੀਵਨ ਢੰਗ ਹੀ ਸਭਿਆਚਾਰ ਅਖਵਾਉਂਦਾ ਹੈ। ਸਮਾਜ- ਸਭਿਆਚਾਰ ਨੂੰ ਵੱਖ ਨਹੀਂ ਕੀਤਾ ਜਾਂ ਸਕਦਾ। ਸਮਾਜ ਅਤੇ ਸਭਿਆਚਾਰ ਇਕ ਜੀ ਸਿੱਕੇ ਦੇ ਦੋ ਪਾਸੇ ਹਨ ਜੋ ਕਦੀ ਵੀ ਵੱਖ ਨਹੀਂ ਹੋ ਸਕਦੇ। ਸਮਾਜ ਸਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ਸਮਾਜ ਤੋਂ ਬਿਨ੍ਹਾਂ ਸਭਿਆਚਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸਮਾਜ ਲੋਕਾਂ ਸਭਿਆਚਾਰ ਦੀ ਪਰਿਭਾਸ਼ਾ ਵੱਖ ਵੱਖ ਵਿਦਵਾਨਾਂ ਨੇ ਵੱਖੋ ਵੱਖ ਦਿੱਤੀਆਂ ਹਨ।

"ਈ.ਬੀ. ਟਾਇਲਰ ਦੇ ਅਨੁਸਾਰ-

"ਸਭਿਆਚਾਰ ਇਕ ਅਜਿਹੀ ਜਟਿਲ ਇਕਾਈ ਹੈ ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ ਰਿਵਾਜ ਅਤੇ ਹੋਰ ਸਭ ਸਮਰੱਥਾਵਾਂ ਤੇ ਆਦਤਾਂ, ਜੋ ਮਨੁੱਖ ਨੇ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕੀਤੀਆਂ ਹੋਣ, ਸ਼ਾਮਿਲ ਹਨ।"9

"ਕਰੌਬਰ ਅਤੇ ਕਲੱਕਹੌਨ ਦੇ ਅਨੁਸਾਰ-

"ਸਭਿਆਚਾਰ ਵਿਚ ਵਿਹਾਰ ਦੇ ਅਤੇ ਵਿਹਾਰ ਲਈ ਪ੍ਰਤੱਖ ਅਤੇ ਪ੍ਰੋਖ ਪੈਟਰਨ ਆ ਜਾਂਦੇ ਹਨ ਜਿਹੜੇ ਪ੍ਰਤੀਕਾਂ ਰਾਹੀਂ ਗ੍ਰਹਿਣ ਕੀਤੇ ਜਾਂਦੇ ਅਤੇ ਦੂਜਿਆਂ ਤਕ ਪਹੁਚਾਏ ਜਾਂਦੇ ਹਨ। ਇਹ ਪੈਟਰਨ ਮਨੁੱਖੀ ਸਮੂਹਾਂ ਦੀ ਵਿਲੱਖਣ ਪ੍ਰਾਪਤੀ ਹੁੰਦੇ ਹਨ, ਇਹਨਾਂ ਵਿਚ ਮਨੁੱਖ-ਸਿਰਜੀਆਂ ਵਸਤਾਂ ਵੀ ਆ ਜਾਂਦੀਆਂ ਹਨ, ਜਿਹੜੀਆਂ ਉਹਨਾਂ ਨੂੰ ਸਾਕਾਰ ਕਰਦੀਆਂ ਹਨ।"10

"ਸਭਿਆਚਾਰ, ਸਹਿਜ, ਸਰਲ ਅਤੇ ਸੁਭਾਵਿਕ ਦੀ ਭਾਵਨਾਤਮਿਕ ਲੋਕ-ਧਾਰਾ ਵਾਂਗ ਹੁੰਦਾ ਹੈ। ਇਸ ਭਾਵਨਾਤਮਕ ਲੋਕ-ਧਾਰਾ ਦਾ ਨਿਕਾਸ, ਕੁਦਰਤ, ਜ਼ਿੰਦਗੀ, ਜਾਂਚ, ਸਾਂਝ, ਸੁਚੱਜ, ਸਨੇਹ, ਹੁੰਗਾਰੇ ਅਤੇ ਹੋਂਦ 'ਚੋਂ ਪੈਦਾ ਹੁੰਦਾ ਹੈ। ਸਭਿਆਚਾਰ ਵਿਚ ਲੋਕ-ਧਾਰਾ ਦਾ ਸਾਮਾਜਕ, ਰਾਜਨੀਤਕ, ਅਧਿਆਤਮਕ ਅਤੇ ਕਾਲਪਨਿਕ ਸੁਭਾਅ ਰਲਿਆ ਹੋਇਆ ਹੁੰਦਾ ਹੈ। ਇਹ ਰਲਾਅ, ਸਮਾਜਕ-ਸੁਭਾਅ ਬਣ ਜਾਂਦਾ ਹੈ। ਸਮਾਜਕ-ਸੁਭਾਅ ਨੂੰ ਸਭਿਆਚਾਰਕ ਆਖਿਆ ਜਾਂਦਾ ਹੈ।"11

ਉਪਰੋਕਤ ਪਰਿਭਾਸ਼ਾਵਾਂ ਦੇ ਸਮੁੱਚੇ ਵਿਸ਼ਲੇਸ਼ਣ ਤੋਂ ਇਹ ਗੱਲ ਸਪੱਸ਼ਟ ਹੁੰਦਾ ਹੈ ਕਿ ਸਭਿਆਚਾਰ ਕਿਸੇ ਕੌਮ ਦਾ ਜੀਵਨ ਢੰਗ ਹੁੰਦਾ ਹੈ। ਇਸ ਦਾ ਵਿਸ਼ੈ ਖੇਤਰ ਬੜਾ ਵਿਸ਼ਾਲ ਹੈ। ਇਸ ਵਿਚ ਸਾਡੀ ਭਾਸ਼ਾ, ਲਿਖਣ ਢੰਗ, ਖਾਣ ਪੀਣ, ਪਹਿਰਾਵਾ, ਧੰਦੇ, ਕਲਾ, ਚਿੱਤਰਕਾਰੀ, ਸੰਗੀਤ ਆਦਿ ਆ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਇਸ ਵਿਚ ਮਿਥਿਹਾਸ ਆਦਿ ਧਾਰਮਿਕ ਰਵਾਇਤਾਂ, ਪਰਿਵਾਰਕ ਤੇ ਸਮਾਜਕ ਪ੍ਰਬੰਧ ਵੀ ਸ਼ਾਮਲ ਕੀਤੇ ਜਾਂਦੇ ਹਨ।

ਸਮਾਜ ਅਤੇ ਸਭਿਆਚਾਰ ਦਾ ਆਪਸੀ ਸੰਬੰਧ ਦਵੰਦਾਤਮਕ ਹੈ। ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦਾ ਹੋਇਆ ਮਨੁੱਖ ਆਪਣੀ ਕਦਰਾਂ-ਕੀਮਤਾਂ ਨਾਲ ਜੁੜਿਆ ਹੁੰਦਾ ਹੈ। ਮਨੁੱਖ ਆਪਣੇ ਸਭਿਆਚਾਰ ਦਾ ਇਕ ਸੰਗਠਿਤ ਸਮੂਹ ਹੈ, ਇਸ ਸਮੂਹ ਦੇ ਜੀਵਨ ਢੰਗ ਨੂੰ ਸਭਿਆਚਾਰ ਕਿਹਾ ਜਾਂਦਾ ਹੈ।

ਮਨੁੱਖ ਨੂੰ ਸਭਿਆਚਾਰ ਸਮਾਜਕ ਵਿਰਸੇ ਤੋਂ ਪ੍ਰਾਪਤ ਹੁੰਦਾ ਹੈ। ਸਭਿਆਚਾਰ ਪੀੜ੍ਹੀ ਦਰ ਪੀੜ੍ਹੀ ਮਨੁੱਖ ਨੂੰ ਪ੍ਰਾਪਤ ਹੁੰਦਾ ਰਹਿੰਦਾ ਹੈ। ਭਾਵ ਕਿ ਲੋਕ ਸਮੂਹ ਤੋਂ ਬਿਨ੍ਹਾਂ ਸਭਿਆਚਾਰ ਦੀ ਹੋਂਦ ਅਸੰਭਵ ਹੈ। ਕੋਈ ਵੀ ਮਨੁੱਖੀ ਸਮੂਹ, ਖੇਤਰ ਜਾਂ ਵਰਗ ਜੋ ਸਮਾਜ ਦਾ ਨਾਂ ਨਾਲ ਜਾਣਿਆ ਜਾਂਦਾ ਹੈ, ਉਹ ਸਭਿਆਚਾਰ ਤੋਂ ਵਾਂਜਾ ਨਹੀਂ ਰਹਿ ਸਕਦਾ। ਸਮਾਜ ਹੀ ਹੈ ਜੋ ਸਭਿਆਚਾਰ ਦਾ ਨਿਰਮਾਣ ਕਰਦਾ ਹੈ, ਸਭਿਆਚਾਰ ਦਾ ਮੂਲ ਆਧਾਰ ਸਮਾਜ ਹੈ। ਸਮਾਜ ਹਮੇਸ਼ਾ ਹੀ ਸਮੇਂ ਦੇ ਨਾਲ ਬਦਲਦਾ ਰਹਿੰਦਾ ਹੈ। ਇਸ ਲਈ ਸਭਿਆਚਾਰ ਵਿਚ ਵੀ ਬਦਲਾਵ ਆਉਂਦਾ ਰਹਿੰਦਾ ਹੈ। ਇਸ ਬਦਲਾਵ ਨੂੰ ਸਭਿਆਚਾਰ ਪ੍ਰਵਾਹ ਕਿਹਾ ਜਾਂਦਾ ਹੈ। ਅਸੀਂ ਦੇਖਦੇ ਹਾਂ ਕਿ ਸਮਾਜ ਅਤੇ ਸਭਿਆਚਾਰ ਦਾ ਡੂੰਘਾ ਸੰਬੰਧ ਹੈ ਜੋ ਇਕ ਦੂਜੇ ਤੋਂ ਬਿਨ੍ਹਾਂ ਨਹੀਂ ਰਹਿ ਸਕਦੇ।

ਅਸੀਂ ਇਸ ਗੱਲ ਤੋਂ ਜਾਣੂ ਹਾਂ ਕਿ ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦਾ ਮਨੁੱਖ ਦੂਜੇ ਮਨੁੱਖਾਂ ਨਾਲ ਆਪਸੀ ਸੰਬੰਧ ਸਥਾਪਿਤ ਕਰਦਾ ਹੈ। ਕਿਉਂਕਿ ਸਮਾਜ ਵਿਚ ਮਨੁੱਖ ਇਕੱਲਾ ਨਹੀਂ ਵਿਚਰ ਸਕਦਾ। ਮਨੁੱਖ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਇਕ-ਦੂਜੇ ਉੱਪਰ ਨਿਰਭਰ ਰਹਿੰਦਾ ਹੈ। ਇਸੇ ਕਰਕੇ ਮਨੁੱਖ ਸਮਾਜ ਵਿਚ ਆਪਸੀ ਸੰਬੰਧ ਕਾਇਮ ਕਰਦਾ ਹੈ। ਮਨੁੱਖ ਨੂੰ ਸਮਾਜ ਵਿਚ ਰਹਿ ਕੇ ਸਮਾਜ ਦੇ ਰੀਤੀ-ਰੀਵਾਜ, ਸੰਸਕਾਰ, ਕਦਰਾਂ-ਕੀਮਤਾਂ, ਪਹਿਰਾਵਾ, ਰਹਿਣ-ਸਹਿਣ, ਭਾਸ਼ਾ ਆਦਿ ਨੂੰ ਅਪਣਾਉਂਣਾ ਪੈਂਦਾ ਹੈ। ਇਸ ਤਰ੍ਹਾਂ ਮਨੁੱਖ ਜਿਸ ਸਮਾਜ ਵਿਚ ਜਨਮ ਲੈਂਦਾ ਹੈ, ਉੱਥੋਂ ਦੇ ਸਭਿਆਚਾਰ ਨੂੰ ਵੀ ਗ੍ਰਹਿਣ ਕਰਦਾ ਹੈ।

ਅਸੀਂ ਜਾਣਦੇ ਹਾਂ ਕਿ ਸਮੇਂ-ਸਮੇਂ ਨਾਲ ਸਮਾਜ-ਸਭਿਆਚਾਰ ਵਿਚ ਪਰਿਵਰਤਨ ਆਏ ਹਨ ਅਤੇ ਇਹਨਾਂ ਪਰਿਵਰਤਨਾਂ ਨਾਲ ਸਮਾਜ-ਸਭਿਆਚਾਰ ਨੇ ਵਿਕਾਸ ਵੀ ਕੀਤਾ ਹੈ ਤੇ ਸਾਮਾਜ-ਸਭਿਆਚਾਰ ਵਿਚ ਬਹੁਤ ਸਾਰੀਆਂ ਬੁਰਾਈਆਂ ਨੇ ਵੀ ਜਨਮ ਲਿਆ। ਇਹਨਾਂ ਬੁਰਾਈਆਂ ਨੂੰ ਜੜ੍ਹ ਤੋਂ ਉਖਾੜਨ ਲਈ ਸਮਾਜ ਵਿਚ ਸੰਤ-ਧਾਰਾ ਨੇ ਆਪਣਾ ਵਿਸ਼ੇਸ਼ ਸਹਿਯੋਗ ਦਿੱਤਾ। ਸੰਤ-ਧਾਰਾ ਅਤੇ ਗੁਰੂ ਸਾਹਿਬਾਨਾਂ ਨੇ ਸਮਾਜ ਨੂੰ ਹਮੇਸ਼ਾ ਹੀ ਚੰਗੇ ਕਰਮਾਂ ਵੱਲ ਪ੍ਰੇਰਿਤ ਕਰਦੇ ਹੋਏ ਮਨੁੱਖ ਨੂੰ ਚੰਗੇ ਰਸਤੇ ਪਾਇਆ ਹੈ। ਇਤਿਹਾਸ ਗਵਾਹ ਹੈ ਕਿ ਸਮੇਂ-ਸਮੇਂ ਤੇ ਸਮਾਜ ਅੰਦਰ ਗਲਤ ਹਕੂਮਤਾਂ ਨੇ ਸਮਾਜ ਨੂੰ ਦੂਸ਼ਿਤ ਕੀਤਾ। ਗੁਰੂ ਸਾਹਿਬਾਨਾਂ ਨੇ ਆਪਣੀ ਪਵਿੱਤਰ ਬਾਣੀ ਅਤੇ ਬਲੀਦਾਨਾਂ ਦੁਆਰਾ ਇਹਨਾਂ ਗਲਤ ਹਕੂਮਤਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਅਤੇ ਸਮਾਜ ਨੂੰ ਚੰਗੀ ਦਿਸ਼ਾ ਦਿੱਤੀ। ਜੇ ਅੱਜ ਵੀ ਸਮਾਜ ਨੂੰ ਦ੍ਰਿਸ਼ਟੀਗੋਚਰ ਕਰਦੇ ਹਾਂ ਤਾਂ ਇਹ ਦੇਖਣ ਨੂੰ ਮਿਲਦਾ ਹੈ ਕਿ ਸਮਾਜ ਅੰਦਰ ਅਨੈਤਿਕਤਾ, ਅੰਧਵਿਸ਼ਵਾਸ ਅਤੇ ਵੱਖ-ਵੱਖ ਧਰਮਾਂ ਦਾ ਬੋਲ-ਬਾਲਾਂ ਆਦਿ ਨੇ ਸਮਾਜ-ਸਭਿਆਚਾਰ ਨੂੰ ਦੂਸ਼ਿਤ ਕੀਤਾ ਹੈ। ਇਹਨਾਂ ਬੁਰਾਈਆਂ ਨੂੰ ਗੁਰੂ ਸਾਹਿਬਾਨਾਂ ਦੀ ਪਵਿੱਤਰ ਅਤੇ ਮਹਾਨ ਬਾਣੀ ਦੁਆਰਾ ਹੀ ਖਤਮ ਕੀਤਾ ਜਾਂ ਸਕਦਾ ਹੈ।

ਅੱਜ ਦਾ ਸਮਾਂ ਪਦਾਰਥਵਾਦ ਦਾ ਸਮਾਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਮਾਜ ਦੇ ਵਿਕਾਸ ਵਿਚ ਬਹੁਤ ਤਰੱਕੀ ਦੇਖ ਨੂੰ ਮਿਲੀ ਹੈ। ਮਨੁੱਖ ਨੇ ਅੱਜ ਬਾਹਰੀ ਤੌਰ 'ਤੇ ਤਰੱਕੀ ਤਾਂ ਕਰ ਲਈ ਹੈ। ਪਰ ਮਨੁੱਖ ਅੰਦਰੋਂ ਖੋਖਲਾ ਹੋਈ ਜਾ ਰਿਹਾ ਹੈ। ਜਦੋਂ ਵੀ ਸਮਾਜ-ਸਭਿਆਚਾਰ ਵਿਚ ਗਿਰਾਵਟ ਆਈ ਹੈ। ਗੁਰੂ ਸਹਿਬਾਨਾਂ ਨੇ ਆਪਣੀ ਬਾਣੀ ਦੁਆਰਾ ਸਮਾਜ ਨੂੰ ਅੰਧ-ਵਿਸ਼ਵਾਸ 'ਚੋ ਬਾਹਰ ਕੱਢਿਆਂ ਅਤੇ ਸਮਾਜ ਨੂੰ ਸਵੱਛ ਬਣਿਆ ਤੇ ਹੁਣ ਦੁਖਾਂਤ ਇਹ ਬਣਦਾ ਜਾ ਰਿਹਾਂ ਹੈ ਕਿ ਉਸ ਸਵੱਛ ਧਾਰਾ ਨੂੰ ਹੀ ਅੰਧ-ਵਿਸ਼ਵਾਸ ਵਰਗਾ ਬਣਾਇਆ ਜਾ ਰਿਹਾ ਹੈ। ਅੱਜ ਦੇ ਸਮਾਜ ਦੀ ਸਥਿਤੀ ਨੂੰ ਮੁੱਖ ਰੱਖ ਕੇ ਗੁਰੂ ਅਰਜਨ ਦੇਵ ਜੀ ਦੀ ਨੇ ਬਾਣੀ ਅਤੇ ਸਮਾਜ ਦੇ ਆਪਸੀ ਸੰਬੰਧਾਂ ਦੇ ਅੰਤਰਗਤ ਵਿਭਿੰਨ ਸਮਾਜਕ ਸਭਿਆਚਾਰਕ ਪ੍ਰਸਥਿਤੀਆਂ ਨੂੰ ਮਨੁੱਖੀ ਅਗਵਾਈ ਦੇ ਸੰਦਰਭ ਵਿਚ ਵਿਚਾਰਿਆ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਸੁਖਮਨੀ ਸਾਹਿਬ ਰਾਹੀ ਸਮਾਜਕ ਬੁਰਾਈਆਂ ਦਾ ਖੰਡਨ ਕਰਦੇ ਹੋਏ, ਸਮਾਜ-ਸਭਿਆਚਾਰ ਦੀ ਤਸਵੀਰ ਪੇਸ਼ ਕਰਦੇ ਹਨ ਅਤੇ ਸਮਾਜ-ਸਭਿਆਚਾਰ ਨੂੰ ਚੰਗੀਆਂ ਲੀਹਾਂ ਤੇ ਪਾਉਣ ਲਈ ਉਪਦੇਸ਼ ਦਿੰਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਵਿਚ ਪੇਸ਼ ਹੁੰਦਾ ਸਭਿਆਚਾਰ ਪੱਖ ਵਿਅਕਤੀ ਨੂੰ ਪਸ਼ੂਪਨ ਤੋਂ ਇਨਸਾਨੀਆਤ ਵੱਲ ਲੈ ਕੇ ਜਾਂਦਾ ਹੈ ਅਤੇ ਸੱਚ ਦੀ ਭਾਲ ਹੈ, ਅੰਦਰ ਅਤੇ ਬਾਹਰ ਦੀ ਸੁੰਦਰਤਾ ਹੈ।

ਸੁਖਮਨੀ ਸਾਹਿਬ ਵਿਚ ਸਭਿਆਚਾਰ ਪੱਖ ਸਪੱਸ਼ਟ ਰੂਪ ਵਿਚ ਤਾਂ ਨਹੀਂ ਪ੍ਰਾਪਤ ਹੁੰਦਾ ਹੈ, ਪਰ ਜਿਸ ਤਰੀਕੇ ਦੁਆਰਾ ਗੁਰੂ ਜੀ ਨੇ ਬਾਣੀ ਵਿਚ ਜੀਵਨ ਜੀਉਣ ਦਾ ਸਲੀਕਾ ਦੱਸਿਆ ਹੈ, ਉਹੀ ਸਮਾਜ-ਸਭਿਆਚਾਰ ਹੈ। ਸਮਾਜ-ਸਭਿਆਚਾਰ ਦੇ ਸਰੂਪ ਵਿਚ ਲੋਕ ਧਰਮ, ਜਾਤ-ਪਾਤ, ਰਹਿਣ-ਸਹਿਣ, ਪਹਿਰਾਵਾ, ਜਿਸ ਬਾਰੇ ਉਪਰ ਦੱਸਿਆ ਗਿਆ ਹੈ। ਇਨ੍ਹਾਂ ਦਾ ਹੀ ਵਰਣਨ ਅੱਗੇ ਕੀਤਾ ਹੈ। ਜੇ ਅਸੀਂ ਪੰਜਾਬ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਮੱਧਕਾਲ ਦਾ ਸਮਾਂ ਅਸ਼ਾਂਤੀ ਦਾ ਸਮਾਂ ਸੀ। ਮੁਗਲ ਹਕੂਮਤ ਦਾ ਰਾਜ ਸੀ। ਸਮਾਜ ਵਿਚ ਵੱਖ-ਵੱਖ ਲਹਿਰਾਂ ਨੇ ਜਨਮ ਲਿਆ ਸੀ। ਆਮ ਲੋਕਾਂ ਲਈ ਧਰਮ ਹੀ ਇਕ ਸਹਾਰਾ ਹੀ। ਉਸ ਸਮੇਂ ਵੱਖ-ਵੱਖ ਧਰਮਾਂ ਦਾ ਜਨਮ ਹੋਇਆ ਸੀ। ਹਰ ਇਕ ਧਰਮ ਆਪਣੇ-ਆਪ ਵਿਚ ਹਉਮੈਂ ਦੀ ਭਾਵਨਾ ਵਿਚ ਘਿਰਿਆ ਹੋਇਆ ਸੀ। ਇਸ ਸਮੇਂ ਲੋੜ ਸੀ ਪਰਮਾਤਮਾ ਦੀ ਅਜਿਹੀ ਕਿਰਪਾ ਦੀ ਜਿਸ ਨਾਲ ਇਸ ਤਰ੍ਹਾਂ ਦੀ ਸਥਿਤੀ ਵਿਚ ਸੁਧਾਰ ਆ ਸਕਦਾ। ਗੁਰੂ ਸਹਿਬਨਾਂ ਦੀ ਪਵਿੱਤਰ ਬਾਣੀ ਨਾਲ ਉਸ ਸਮੇਂ ਦੇ ਲੋਕਾਂ ਦਾ ਮਾਰਗ ਦਰਸ਼ਨ ਕੀਤਾ। ਜੇ ਅਸੀਂ ਅੱਜ ਵੀ ਸਮਾਜ ਨੂੰ ਦ੍ਰਿਸ਼ਟੀਗੋਚਰ ਕਰੀਏ ਤਾਂ ਅੱਜ ਵੀ ਸਮਾਜ ਅੰਦਰ ਵੱਖ-ਵੱਖ ਲਹਿਰਾਂ ਨੇ ਜਨਮ ਲਿਆ ਹੈ। ਲੋਕਾਂ ਨੇ ਸਮਾਜ ਅੰਦਰ ਵੱਖ-ਵੱਖ ਧਰਮਾਂ ਨੂੰ ਜਨਮ ਦਿੱਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਅੰਦਰ ਸਮਾਜ-ਸਭਿਆਚਾਰ ਦੀ ਤਸਵੀਰ ਨੂੰ ਪੇਸ਼ ਕਰਦਿਆ ਸਮਾਜ ਅੰਦਰ ਲੋਕ ਧਰਮ, ਜਾਤ-ਪਾਤ, ਰਹਿਣ-ਸਹਿਣ, ਪਹਿਰਾਵਾ, ਕਦਰਾਂ-ਕੀਮਤਾਂ, ਨੈਤਿਕ ਮੁੱਲ ਆਦਿ ਨੂੰ ਆਪਣੀ ਬਾਣੀ ਦੁਆਰਾ ਪੇਸ਼ ਕੀਤਾ ਹੈ। ਗੁਰੂ ਜੀ ਬਾਣੀ ਵਿਚ ਪੇਸ਼ ਲੋਕ ਧਰਮ ਪੱਖ ਨੂੰ ਦਰਸਾਉਂਦੇ ਹੋਏ ਦੱਸਦੇ ਹਨ ਕਿ ਅੱਜ ਵੀ ਸਮਾਜ ਅੰਦਰ ਮਨੁੱਖ ਨੇ ਵੱਖਰੇ-ਵੱਖਰੇ ਧਰਮਾਂ ਨੂੰ ਜਨਮ ਦਿੱਤਾ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਪੇਸ਼ ਲੋਕ ਧਰਮ ਦੀ ਤਸਵੀਰ ਪੇਸ਼ ਕਰਦਿਆਂ ਹੋਏ ਦੱਸਦੇ ਹਨ:-

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧੀ॥

ਪ੍ਰਭ ਕੈ ਸਿਮਰਿਨ ਗਿਆਨੁ ਧਿਆਨੁ ਤਤੁ ਬੁਧਿ॥

ਪ੍ਰਭ ਕੈ ਸਿਮਰਿਨ ਜਪ ਤਪ ਪੂਜਾ॥

ਪ੍ਰਭ ਕੈ ਸਿਮਰਿਨ ਬਿਨਸੈ ਦੂਜਾ॥

ਪ੍ਰਭ ਕੈ ਸਿਮਰਿਨ ਤੀਰਥ ਇਸਨਾਨੀ॥

ਪ੍ਰਭ ਕੈ ਸਿਮਰਿਨ ਦਰਗਹ ਮਾਨੀ॥ 12

ਮਨੁੱਖ ਨੇ ਅੰਧ-ਵਿਸ਼ਵਾਸ਼ ਦਾ ਪੱਲਾ ਫੜਿਆ ਹੈ। ਮਨੁੱਖ ਨੇ ਆਪਣੇ-ਆਪ ਨੂੰ ਸੁਖੀ ਬਣਾਉਣ ਲਈ ਤੀਰਥਾਂ ਅਤੇ ਦਰਗਾਹਾਂ ਦਾ ਰਾਹ ਚੁਣਿਆਂ ਹੋਇਆਂ ਹੈ। ਸਾਡੇ ਸਮਾਜ-ਸਭਿਆਚਾਰ ਵਿਚ ਲੋਕ ਇਸ਼ਟਾਂ ਦੀ ਪੂਜਾ ਕਰਦੇ ਹਨ। ਜਿਹਨਾਂ ਵਿਚ ਜਠੇਰੇ, ਵੱਡੇ-ਵਡੇਰੇ, ਦੇਵੀ-ਦੇਵਤੇ, ਮਟੀਆਂ, ਜਲ-ਦੇਵਤਾ, ਪੀਰਾ ਦੀਆਂ ਦਰਗਾਹਾਂ ਆਦਿ ਦੀ ਪੂਜਾ ਕੀਤੀ ਜਾਂਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਨੇ ਸਮਾਜ ਵਿਚ ਵੱਖ-ਵੱਖ ਧਰਮਾਂ ਨੂੰ ਜਨਮ ਦਿੱਤਾ ਹੈ। ਮਨੁੱਖ ਇਸ ਸਭ ਕੁਝ ਇਸ ਲਈ ਕਰਦਾ ਹੈ ਕਿਉਂਕਿ ਉਸਨੂੰ ਸੁੱਖ-ਸ਼ਾਤੀ ਪ੍ਰਾਪਤ ਹੋ ਸਕੇ। ਪਰ ਇਹਨਾਂ ਇਸ਼ਟਾਂ ਨੇ ਅੱਜ ਸਮਾਜ ਨੂੰ ਵਹਿਮਾ-ਭਰਮਾ ਵਿਚ ਪਾਇਆ ਹੈ। ਗੁਰੂ ਜੀ ਮਨੁੱਖ ਨੂੰ ਇਹਨਾਂ ਅਡੰਬਰਾਂ, ਅੰਧ-ਵਿਸ਼ਵਾਸ਼, ਪਾਖੰਡਤਾਂ ਆਦਿ ਤੋਂ ਬਾਹਰ ਕੱਢਦੇ ਹੋਏ ਪ੍ਰਭੂ ਦੇ ਨਾਮ ਸਿਮਰਨ ਨਾਲ ਜੁੜਨ ਵੱਲ ਪ੍ਰੇਰਿਤ ਕੀਤਾ ਹੈ ਤਾਂਕਿ ਸਮਾਜ ਵਿਚੋਂ ਅੰਧ-ਵਿਸ਼ਵਾਸ਼ ਖਤਮ ਹੋ ਸਕਣ। ਪ੍ਰਭੂ ਦੇ ਨਾਮ ਸਿਮਰਨ ਨਾਲ ਹੀ ਸੱਖਾਂ ਦੀ ਪ੍ਰਾਪਤੀ ਹੋ ਸਕਦੀ ਹੈ।

ਗੁਰੂ ਜੀ ਸੁਖਮਨੀ ਬਾਣੀ ਵਿਚ ਪੇਸ਼ ਸਮਾਜਕ ਸਥਿਤੀ ਨੂੰ ਬਿਆਨ ਕਰਦੇ ਹੋਏ ਅਗਲੀ ਅਸ਼ਟਪਦੀ ਦੱਸਦੇ ਹਨ ਕਿ ਇਸ ਤਰ੍ਹਾਂ ਦੇ ਕਰਮ-ਕਾਂਡ, ਜਪ-ਤਪ, ਪੂਜਾ-ਪਾਠ ਕਰਨ ਨਾਲ ਕੁੱਝ ਵੀ ਹਾਸਿਲ ਨਹੀਂ ਹੋ ਸਕਦਾ। ਇਸ ਤਰ੍ਹਾਂ ਦੇ ਕਰਮ-ਕਾਂਡ ਕਰਨ ਨਾਲ ਹੀ ਅੱਜ ਮਨੁੱਖ ਭਟਕ ਗਿਆ ਹੈ। ਕੂੜ ਅਤੇ ਅੰਧ-ਵਿਸ਼ਵਾਸ਼ ਦੇ ਹਨੇਰੇ ਨੂੰ ਦੂਰ ਕਰਦੇ ਹੋਏ ਗੁਰੂ ਜੀ ਨੇ ਮਨੁੱਖ ਨੂੰ ਪ੍ਰਭੂ ਦੇ ਸਿਮਰਨ ਦੀ ਲੋਅ ਦੁਆਰਾ ਸਮਾਜ ਨੂੰ ਰੋਸ਼ਨ ਕੀਤਾ। ਇਨਸਾਨ ਆਪਣੇ-ਆਪ ਨੂੰ ਸੁੱਖੀ ਬਣਾਉਣ ਲਈ ਕਈ ਪ੍ਰਕਾਰ ਦੇ ਤਪ, ਜਪ, ਪੁੰਨ-ਦਾਨ, ਗਿਆਨ, ਯੋਗ ਅਭਿਆਸ ਜੰਗਲਾਂ ਵਿਚ ਜਾਂ ਕੇ ਭਗਤੀ ਕਰਦਾ ਹੈ। ਪਰ ਇਸ ਤਰ੍ਹਾਂ ਕਰਨ ਨਾਲ ਮਨੁੱਖ ਨੂੰ ਸ਼ਾਤੀ ਪ੍ਰਾਪਤ ਨਹੀਂ ਹੋ ਸਕਦੀ। ਇਸ ਤਰ੍ਹਾਂ ਗੁਰੂ ਜੀ ਨੇ ਆਪਣੀ ਬਾਣੀ ਅੰਦਰ ਸਮਾਜ ਵਿਚਲੇ ਲੋਕਾਂ ਦੀ ਸਥਿਤੀ ਦੱਸਦੇ ਹਨ ਕਿ:-

ਜਾਪ ਤਾਪ ਗਿਆਨ ਸਭਿ ਧਿਆਨ॥

ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥

ਜੋਗ ਅਭਿਆਸ ਕਰਮ ਧ੍ਰਮ ਕਿਰਿਆ॥

ਸਗਲ ਤਿਆਗਿ ਬਨ ਮਧੇ ਫਿਰਿਆ॥

ਅਨਿਕ ਦਾਨ ਹੋਮੇ ਬਹੁ ਰਤਨਾ॥

ਸਰੀਰੁ ਕਟਾਇ ਹੋਮੈ ਕਰਿ ਰਾਤੀ॥

ਵਰਤ ਨੇਮ ਕਰੈ ਬਹੁ ਭਾਤੀ॥

ਨਹੀ ਤੁਲਿ ਰਾਮ ਨਾਮ ਬੀਚਾਰ॥

ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥13

ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਅੰਦਰ ਸਮਾਜ ਦੀ ਤਸਵੀਰ ਪੇਸ਼ ਕਰਦੇ ਹੋਏ ਦੱਸਦੇ ਹਨ ਕਿ ਇਸ ਸੰਸਾਰ ਵਿਚ ਕਰੋੜਾਂ ਦੇ ਰੂਪ ਵਿਚ ਪੁਜਾਰੀ ਬਣੇ ਹਨ ਅਤੇ ਕਈ ਕਰੋੜਾਂ ਲੋਕ ਧਾਰਮਕ ਰੀਤਾਂ ਰਸਮਾਂ ਕਰਨ ਵਾਲੇ ਹੁੰਦੇ ਹਨ। ਇਸ ਅਸ਼ਟਪਦੀ ਤੋਂ ਪਤਾ ਲਗਦਾ ਹੈ ਕਿ ਸੰਸਾਰ ਵਿਚ ਲੋਕਾਂ ਨੇ ਆਪਣੇ ਵੱਖਰੇ-ਵੱਖਰੇ ਧਰਮ ਬਣਾਏ ਹਨ। ਕਈ ਲੋਕ ਤੀਰਥਾਂ ਦੇ ਵਸਨੀਕ ਹਨ। ਕਈ ਲੋਕ ਆਪਣਾ ਘਰ ਛੱਡ ਕੇ ਪਰਮਾਤਮਾ ਨੂੰ ਪਾਉਣ ਲਈ ਜੰਗਲਾਂ ਵਿਚ ਭਗਤੀ ਕਰਦੇ ਹਨ, ਤਪ ਕਰਦੇ ਹਨ। ਗੁਰੂ ਜੀ ਦੱਸਦੇ ਹਨ ਕਿ ਪਰ ਪਰਮਾਤਮਾ ਦਾ ਕੋਈ ਅੰਤ ਨਹੀਂ ਪਾ ਸਕਦਾ। ਇਸ ਤਰ੍ਹਾਂ ਦੇ ਕਰਮ ਕਰਕੇ ਅਸੀਂ ਕਦੀ ਵੀ ਪਰਮਾਤਮਾ ਨੂੰ ਪਾ ਨਹੀਂ ਸਕਦੇ। ਗੁਰੂ ਜੀ ਬਾਣੀ ਰਾਹੀ ਦੱਸਦੇ ਹਨ ਕਿ ਜਪ-ਤਪ, ਤੀਰਥਾਂ ਤੇ ਜਾਣਾ, ਯੋਗ ਅਭਿਆਸ ਕਰਨਾ, ਈਸ਼ਟਾਂ ਦੀ ਮਾਨਤਾ ਕਰਨੀ, ਝੂਠੇ ਕਰਮ-ਕਾਂਡ ਕਰਨਾਂ ਆਦਿ ਇਸ ਤਰ੍ਹਾਂ ਕਰਨ ਨਾਲ ਅਸੀਂ ਸਮਾਜ ਵਿਚ ਅੰਧ ਵਿਸ਼ਵਾਸ਼ ਨੂੰ ਜਨਮ ਦਿੰਦੇ ਹਾਂ। ਗੁਰੂ ਜੀ ਇਸ ਤਰ੍ਹਾਂ ਦੇ ਝੂਠੇ ਕਰਮ-ਕਾਂਡਾਂ ਤੋਂ ਉੱਪਰ ਉੱਡ ਕੇ ਜੀਵਨ ਜੀਉਣ ਲਈ ਪ੍ਰੇਰਿਤ ਕਰਦੇ ਹਨ ਤਾਂ ਜੋ ਮਨੁੱਖ ਨੂੰ ਆਪਣੇ ਅਸਲ ਧਰਮ ਦੀ ਪਹਿਚਾਣ ਆ ਸਕੇ।

ਕਈ ਕੋਟਿ ਹੋਏ ਪੂਜਰੀ॥ ਕਈ ਕੋਟਿ ਉਚਾਰ ਬਿਉਹਾਰੀ॥

ਕਈ ਕੋਟਿ ਭਏ ਤੀਰਥਵਾਸੀ॥ ਕਈ ਕੋਟਿ ਬਨ ਭ੍ਰਮਹਿ ਉਦਾਸੀ॥

ਕਈ ਕੋਟਿ ਬੇਦ ਕੇ ਸ੍ਰੋਤੇ॥ ਕਈ ਕੋਟਿ ਤਪੀਸੁਰ ਹੋਤੇ॥14

ਗੁਰੂ ਅਰਜਨ ਦੇਵ ਜੀ ਆਪਣੀ ਅਗਲੀ ਅਸ਼ਟਪਦੀ ਵਿਚ ਸਮਾਜ-ਸਭਿਆਚਾਰ ਦੀ ਤਸਵੀਰ ਪੇਸ਼ ਕਰਦੇ ਹੋਏ ਜਾਤ-ਪਾਤ ਦਾ ਖੰਡਨ ਕਰਦੇ ਹਨ ਕਿ ਅੱਜ ਸਮਾਜ ਵਿਚ ਵੱਖ-ਵੱਖ ਜਾਤਾਂ ਬਣੀਆਂ ਹਨ। ਗੁਰੂ ਜੀ ਅਸ਼ਟਪਦੀ ਵਿਚ ਦੱਸਦੇ

ਹਨ ਕਿ ਅਸਲ ਵਿਚ ਪੰਡਿਤ ਉਹ ਹੈ ਜੋ ਆਪਣੇ ਮਨ ਨੂੰ ਸਿੱਖਿਆ ਦਿੰਦਾ ਹੈ। ਜੋ ਆਪਣੇ ਮਨ ਨੂੰ ਪਰਮਾਤਮਾ ਦੇ ਨਾਮ ਨਾਲ ਜੋੜਦਾ ਹੈ।

ਸੋ ਪੰਡਿਤ ਜੋ ਮਨੁ ਪਰਬੋਧੈ॥ ਰਾਮ ਨਾਮ ਆਤਮ ਮਹਿ ਸੋਧੈ॥

ਰਾਮ ਨਾਮ ਸਾਰੁ ਰਸੁ ਪੀਵੈ॥ ਉਸ ਪੰਡਿਤ ਕੈ ਉਪਦੇਸਿ ਜਗੁ ਜੀਵੈ॥15

ਗੁਰੂ ਅਰਜਨ ਦੇਵ ਜੀ ਜਾਤ-ਪਾਤ ਦਾ ਖੰਡਨ ਕਰਦੇ ਦੱਸਦੇ ਹਨ ਕਿ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਚਾਰੇ ਹੀ ਜਾਤੀਆਂ ਵਿਚੋਂ ਕੋਈ ਵੀ ਮਨੁੱਖ ਪਰਮਾਤਮਾ ਦਾ ਨਾਮ ਸਿਮਰਨ ਜਪੇ ਪਰਮਾਤਮਾ ਦਾ ਨਾਮ ਇਕ ਹੀ ਹੈ। ਸਮਾਜ ਅੰਦਰ ਮਨੁੱਖ ਦੇ ਆਪਣੀਆਂ-ਆਪਣੀਆਂ ਜਾਤਾਂ ਵੰਡੀਆਂ ਹਨ। ਪਰ ਪਰਮਾਤਮਾ ਦੀ ਕੋਈ ਜਾਤ ਨਹੀਂ ਹੈ। ਪਰ ਅੱਜ ਦਾ ਮਨੁੱਖ ਆਪਣੀ ਜਾਤੀ ਦੇ ਮੁਤਾਬਿਕ ਹੀ ਪਰਮਾਤਮਾ ਦੀ ਅਰਾਧਨਾ ਕਰਦਾ ਹੈ। ਗੁਰੂ ਜੀ ਦੱਸਦੇ ਹਨ ਕਿ ਮਨੁੱਖ ਨੇ ਜੀ ਸਮਾਜ ਵਿਚ ਜਾਤਾਂ ਬਣਾਈਆਂ ਹਨ। ਪਰਮਾਤਮਾ ਤਾਂ ਸਾਰਿਆਂ ਦਾ ਹੀ ਹੈ। ਸਭ ਤੇ ਹੀ ਆਪਣੀ ਕਿਰਪਾ ਕਰਦਾ ਹੈ। ਪਰ ਅੰਧ ਵਿਸ਼ਵਾਸ਼ ਵਿਚ ਫਸਿਆ ਮਨੁੱਖ ਇਹਨਾਂ ਬੁਰਾਈਆਂ ਤੋਂ ਉੱਪਰ ਨਹੀਂ ਉੱਡ ਸਕਦਾ। ਇਸੇ ਕਾਰਨ ਹੀ ਸਮਾਜ ਜਾਤ-ਪਾਤ ਵਿਚ ਵੰਡਿਆਂ ਹੈ ਅਤੇ ਛੋਟੀ ਜਾਤ ਵਾਲੇ ਨਾਲ ਸਮਾਜ ਵਿਚ ਦੂਰ ਵਿਵਹਾਰ ਕੀਤਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਜਾਤ-ਪਾਤ ਦਾ ਵਿਰੋਧ ਕਰਦੇ ਹੋਏ ਮਨੁੱਖ ਨੂੰ ਪਰਮਾਤਮਾ ਦੇ ਨਾਮ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹਨ।

ਬੀਜ ਮੰਤ੍ਰ ਸਰਬ ਕੋ ਗਿਆਨ॥

ਚੁਹ ਵਰਨਾ ਮਹਿ ਜਪੈ ਕੋਊ ਨਾਮੁ॥

ਜੋ ਜੋ ਜਪੈ ਤਿਸ ਕੀ ਗਤਿ ਹੋਇ॥

ਸਾਧ ਸੰਗਿ ਪਾਵੈ ਜਨੁ ਕੋਇ॥16

ਸੁਖਮਨੀ ਬਾਣੀ ਵਿਚ ਸਮਾਜ-ਸਭਿਅਚਾਰ ਪੱਖ ਨੂੰ ਪੇਸ਼ ਕਰਦੇ ਹੋਏ, ਸਭਿਆਚਾਰ ਦੇ ਵਿਸ਼ੇਸ਼ ਅੰਗਾਂ ਦਾ ਵੀ ਵਰਣਨ ਮਿਲਦਾ ਹੈ। ਸਭਿਆਚਾਰ ਦਾ ਮੁੱਖ ਅੰਗ ਪਦਾਰਥਕ ਸਭਿਆਚਾਰ ਹੈ। ਜਿਸ ਵਿਚ ਉਹ ਸਾਰੀਆਂ ਵਸਤੂਆਂ ਆ ਜਾਂਦੀਆਂ ਹਨ। ਜਿਨ੍ਹਾਂ ਦਾ ਨਿਰਮਾਣ ਮਨੁੱਖ ਨੇ ਆਪ ਕੀਤਾ ਹੁੰਦਾ ਹੈ। ਸਭਿਆਚਾਰ ਦੇ ਪਦਾਰਥਕ ਅੰਗ ਸਭਿਆਚਾਰ ਦੀ ਖਾਸ ਪਹਿਚਾਣ ਹੁੰਦਾ ਹੈ। ਜਿਸ ਵਿਚ ਕੰਮ-ਧੰਦੇ, ਪਹਿਰਾਵਾ, ਰਹਿਣ-ਸਹਿਣ, ਹਾਰ-ਸ਼ਿੰਗਾਰ, ਖਾਣ-ਪੀਣ ਆਦਿ ਹਨ। ਇਸ ਪਦਾਰਥਕ ਸਭਿਆਚਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਵਿਚ ਪੇਸ਼ ਕੀਤਾ ਹੈ। ਗੁਰੂ ਜੀ ਆਪਣੀ ਸੁਖਮਨੀ ਬਾਣੀ ਦੁਆਰਾ ਸਭਿਆਚਾਰ ਦੀ ਤਸਵੀਰ ਨੂੰ ਅਸ਼ਟਪਦੀ ਰਹੀ ਪੇਸ਼ ਕਰਦੇ ਹਨ।

ਜਿਹ ਪ੍ਰਸਾਹਿ ਛਤੀਹ ਅੰਮ੍ਰਿਤ ਖਾਹਿ॥

ਤਿਸੁ ਠਾਕੁਰ ਕਉ ਰਖੁ ਮਨ ਮਾਹਿ॥

ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥

ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥17

ਗੁਰੂ ਅਰਜਨ ਦੇਵ ਜੀ ਇਸ ਅਸ਼ਟਪਦੀ ਵਿਚ ਦੱਸਦੇ ਹਨ ਕਿ ਸਮਾਜ ਵਿਚ ਰਹਿੰਦਾ ਮਨੁੱਖ ਕਈ ਕਿਸਮਾਂ ਦੇ ਪਕਵਾਨ ਖਾਂਦਾ ਹੈ। ਮਨੁੱਖ ਆਪਣੇ-ਆਪ ਨੂੰ ਸੁੰਦਰ ਬਣਾਉਣ ਲਈ ਆਪਣੇ ਸਰੀਰ ਉੱਤੇ ਸੁਗੰਧੀਆਂ ਲਾਉਂਦਾ ਹੈ। ਪਰ ਜਿਸ ਪਰਮਾਤਮਾ ਦੀ ਕਿਰਪਾ ਨਾਲ ਇਸ ਸਰੀਰ ਦੀ ਪ੍ਰਾਪਤੀ ਹੋਈ ਹੈ। ਅਸੀਂ ਅੱਜ ਪਰਮਾਤਮਾ ਨੂੰ ਹੀ ਭੁੱਲ ਗਏ ਹਾਂ। ਮਨੁੱਖ ਕੋਲ ਹਰ ਤਰ੍ਹਾਂ ਦੀ ਸੁੱਖ-ਸਹੂਲਤ ਹੈ। ਪਰ ਫਿਰ ਵੀ ਅਸ਼ਾਂਤ ਹੈ। ਦੁੱਖਾਂ ਵਿਚ ਹੈ। ਅਸੀਂ ਸਮਾਜ ਵਿਚ ਦੇਖਦੇ ਹਾਂ ਕਿ ਅੱਜ ਸਮਾਜ ਦੀ ਕੀ ਹਾਲਤ ਹੈ। ਨੈਤਿਕ ਕਦਰਾਂ-ਕੀਮਤਾਂ ਦਾ ਪਤਨ ਹੋ ਰਿਹਾ ਹੈ। ਗੁਰੂ ਜੀ ਬਿਆਨ ਕਰਦੇ ਹਨ ਕਿ ਜਿਸ ਪਰਮਾਤਮਾ ਦੀ ਬਖ਼ਸ਼ਿਸ਼ ਨਾਲ ਇਹ ਜੀਵਨ ਨਸੀਬ ਹੋਇਆ ਹੈ। ਉਸ ਨੂੰ ਸਦਾ ਹੀ ਧਿਆਉਣਾ ਚਾਹੀਦਾ ਹੈ। ਉਸ ਦੀ ਰਜ਼ਾ ਵਿਚ ਰਹਿਣਾ ਚਾਹਿਦਾ ਹੈ।

ਗੁਰੂ ਅਰਜਨ ਦੇਵ ਜੀ ਅਸ਼ਟਪਦੀ ਵਿਚ ਬਿਆਨ ਕਰਦੇ ਹਨ। ਮਨੁੱਖ ਤਰ੍ਹਾਂ-ਤਰ੍ਹਾਂ ਦੇ ਰੇਸ਼ਮੀ ਕਪੜੇ ਹੰਢਾਉਂਦਾ ਹੈ। ਮਨੁੱਖ ਨੂੰ ਸੁਖੀ ਸੇਜ ਦਾ ਸੰਘ ਮਿਲਿਆ ਹੈ। ਹਰ ਇਕ ਤੇਰੀ ਵਡਿਆਈ ਕਰਦਾ ਹੈ। ਜਿਸ ਦੀ ਮਿਹਰ ਨਾਲ ਸਾਰਾ ਕੁੱਝ ਮਿਲਿਆ ਹੈ। ਉਸ ਨੂੰ ਕਦੇ ਵੀ ਨਾ ਵਿਸਾਰ। ਉਸ ਪਰਮਾਤਮਾ ਦਾ ਅੱਠੇ ਪਹਿਰ ਗੁਣ-ਗਾਣ ਕਰ।

ਜਿਹ ਪ੍ਰਸਾਦਿ ਪਾਟ ਪਟੰਬਰ ਹੰਢਾਵਹਿ॥

ਤਿਸਹਿ ਤਿਆਗਿ ਕਤ ਅਵਰ ਲੁਭਾਵਹਿ॥

ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ॥

ਮਨ ਆਠ ਪਹਰ ਤਾ ਕਾ ਜਸੁ ਗਾਵੀਜੈ॥

ਜਿਹ ਪ੍ਰਸਾਹਿ ਤੁਝੁ ਸਭੁ ਕੋਊ ਮਾਨੈ॥

ਮੁਖਿ ਤਾ ਕੋ ਜਸੁ ਰਸਨ ਬਖਾਨੈ॥18

ਅੱਜ ਦੇ ਸਮੇਂ ਵਿਚ ਕੋਈ ਵੀ ਮਨੁੱਖ ਇਸ ਤਰ੍ਹਾਂ ਦਾ ਨਹੀਂ ਮਿਲਦਾ ਜੋ ਪਰਮਾਤਮਾ ਨੂੰ ਪਾਉਣਾ ਚਹੁੰਦਾ ਹੋਵੇ। ਸਾਰੇ ਹੀ ਦੁਨਿਆਵੀਂ ਵਸਤੂਆਂ ਦੇ ਪਿੱਛੇ ਦਿਨ-ਰਾਤ ਦੋੜੇ ਭੱਜੇ ਫਿਰਦੇ ਹਨ। ਸਾਰੇ ਹੀ ਆਪਣੇ ਜੀਵਨ ਨੂੰ ਬਿਹਤਰ ਬਣਾਉਣ ਲਈ ਸੰਘਰਸ਼ ਕਰਦੇ ਹਨ। ਪਰ ਪਰਮਾਤਮਾ ਨੂੰ ਪਾਉਣ ਦਾ ਕੋਈ ਵੀ ਇਛੁਕ ਨਹੀਂ ਹੈ। ਹਰ ਕੋਈ ਵਿਅਕਤੀ ਆਪਣੇ

ਜੀਵਨ ਨੂੰ ਅਤੇ ਆਪਣੇ ਬੱਚਿਆਂ ਦੇ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਅਨੇਕਾਂ ਢੰਗ ਤਰੀਕੇ ਅਪਣਾਉਦੇ ਹਨ। ਪਰ ਪਰਮਾਤਮਾ ਨੂੰ ਪਾਉਣ ਦਾ ਕੋਈ ਵੀ ਜਤਨ ਨਹੀਂ ਕਰਦਾ ਹੈ। ਅੱਜ ਮਨੁੱਖ ਸੰਸਾਰ ਦੇ ਪਦਾਰਥਕ ਸਾਧਨਾਂ ਨੂੰ ਇਕੱਠਾ ਕਰਨ ਵਿਚ ਆਪਣੇ ਕੀਮਤੀ ਸਮੇਂ ਨੂੰ ਵਿਆਰਥ ਕਰੀ ਜਾਂਦਾ ਹੈ। ਪਰ ਇਕ ਭਗਤ ਸੁਖਮਨੀ ਬਾਣੀ ਵਿਚ 'ਮਨੁ ਬੇਚੈ ਸਤਿਗੁਰ ਕੈ ਪਾਸਿ॥' ਅਨੁਸਾਰ ਹੀ ਚਲਦਾ ਹੈ। ਅਸਲ ਸੁੱਖ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇ ਸਾਡੇ ਅੰਦਰਲੇ ਵਿਕਾਰ ਖਤਮ ਹੋ ਜਾਣ। ਇਨ੍ਹਾਂ ਵਿਕਾਰਾਂ ਤੋਂ ਛੁਟਕਾਰ ਪਾਉਣ ਦਾ ਇਕ ਹੀ ਸਾਧਨ ਮਾਤਰ ਪਰਮਾਤਮਾ ਦਾ ਨਾਮ ਸਿਮਰਨ ਹੈ। ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਦੇ ਨਾਮ ਸਿਮਰਨ ਤੋਂ ਬਿਆਨ ਇਹ ਸਰੀਰ, ਧਨ, ਪਰਿਵਾਰ, ਮਾਇਆ, ਰਾਜ, ਜੁਆਨੀ, ਆਦਿ ਸੰਸਾਰ ਦੀ ਹਰ ਇਕ ਵਸਤੂ ਨਾਸ਼ਵਾਨ ਹੈ। ਇਸ ਤਰ੍ਹਾਂ ਸੁਖਮਨੀ ਬਾਣੀ ਵਿਚ ਬਿਆਨ ਕੀਤਾ ਗਿਆ ਹੈ।

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥ ਮਿਥਿਆ ਹਉਮੈ ਮਮਤਾ ਮਾਇਆ॥

ਮਿਥਿਆ ਰਾਜ ਜੋਬਨ ਧਨ ਮਾਲ॥ ਮਿਥਿਆ ਕਾਮ ਕ੍ਰੋਧ ਬਿਕਰਾਲ॥

ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ॥ ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ॥19

ਅੱਜ ਮਨੁੱਖ ਦੀ ਹਾਲਤ ਇਸ ਤਰ੍ਹਾਂ ਦੀ ਹੋ ਗਈ ਹੈ ਕਿ ਮਨੁੱਖ ਸੰਸਾਰ ਨੂੰ ਹੀ ਸੱਚ ਸਮਝ ਕੇ ਬੈਠ ਗਿਆ ਹੈ। ਸੰਸਾਰ ਦੀਆਂ ਨਾਸ਼ਵਾਨ ਵਸਤੂਆਂ ਦੀ ਪ੍ਰਾਪਤੀ ਲਈ ਦਿਨ-ਰਾਤ ਦੌੜ ਭੱਜ ਰਿਹਾ ਹੈ। ਸੰਸਾਰ ਦੇ ਝੂਠੇ ਰਿਸ਼ਤਿਆਂ ਦੇ ਮੋਹ ਵਿਚ ਪੈ ਕੇ ਮਨੁੱਖ ਪਰਮਾਤਮਾ ਤੋਂ ਦੂਰ ਹੁੰਦਾ ਜਾ ਰਿਹਾ ਹੈ। ਮਨੁੱਖ ਆਪਣੇ ਮਾਤਾ-ਪਿਤਾ, ਭੈਣ-ਭਰਾ ਹੋਰ ਰਿਸ਼ਤੇ ਨਾਤਿਆਂ ਨੂੰ ਹੀ ਆਪਣਾ ਸਭ ਕੁੱਝ ਮਨ ਕੇ ਬੈਠਾ ਹੈ। ਗੁਰੂ ਜੀ ਸੁਖਮਨੀ ਬਾਣੀ ਵਿਚ ਦੱਸਦੇ ਹਨ। ਜਿਥੇ ਮਾਂ, ਪਿਉ, ਪੁੱਤਰ, ਮਿੱਤਰ, ਭਰਾ ਆਦਿ ਕੋਈ ਵੀ ਸਾਥੀ ਨਹੀਂ ਬਣਦਾ, ਉੱਥੇ, ਹੇ ਮਨ ਪਰਮਾਤਮਾ ਦਾ ਨਾਮ ਸਿਮਰਨ ਤੇਰੀ ਸਹਾਇਤਾ ਕਰਦਾ ਹੈ।

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥

ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥20

ਸੁਖਮਨੀ ਬਾਣੀ ਵਿਚ ਜਿੱਥੇ ਅਕਾਲ ਪੁਰਖ, ਸਤਿਗੁਰੂ, ਬ੍ਰਹਮਗਿਆਨੀ ਆਦਿ ਦੀ ਮਹਾਨਤਾ ਨੂੰ ਦਰਸਾਇਆ ਗਿਆ ਹੈ। ਇਸ ਦੇ ਨਾਲ ਹੀ ਸਦਾਚਾਰਕ ਜੀਵਨ ਜੀਉਣ ਵੱਲ ਪ੍ਰੇਰਿਤ ਕੀਤਾ ਗਿਆ ਹੈ। ਜਦੋਂ ਤੱਕ ਸਾਡੇ ਜੀਵਨ ਵਿਚੋਂ ਹੰਕਾਰ, ਵੈਰ-ਵਿਰੋਧ, ਨਫ਼ਰਤ, ਨਿੰਦਾ-ਚੁਗਲੀ ਆਦਿ ਬੁਰੇ ਵਿਕਾਰ ਖਤਮ ਨਹੀਂ ਹੁੰਦੇ, ਉਦੋਂ ਤੱਕ ਅਸੀਂ ਅਧਿਆਤਮਕ ਮਾਰਗ ਉੱਪਰ ਚੱਲ ਨਹੀਂ ਸਕਦੇ। ਇਸ ਲਈ ਸੁਖਮਨੀ ਬਾਣੀ ਹੀ ਸਾਨੂੰ ਇਨ੍ਹਾਂ ਬੁਰੇ ਵਿਕਾਰਾਂ ਤੋਂ ਦੂਰ ਕਰਕੇ ਸਾਡੇ ਜੀਵਨ ਵਿਚ ਸਦਾਚਾਰਕਤਾ ਦਾ ਗੁਣ ਲੈ ਕੇ ਆਉਂਦੀ। ਗੁਰੂ ਜੀ ਨੇ ਆਪਣੇ ਸਲੋਕ ਅੰਦਰ ਫਰਮਾਨ ਕੀਤਾ ਹੈ :

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਟਲੇ॥

ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥21

ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਸਮਾਜ ਵਿਚ ਇਕ ਗਰੀਬ ਵਿਅਕਤੀ ਹਮੇਸ਼ਾ ਹੀ ਨੀਵਾਂ ਹੋ ਕੇ ਜੀਵਨ ਬਤੀਤ ਕਰਦਾ ਹੈ। ਪਰ ਇਕ ਵੱਡੇ ਤੋਂ ਵੱਡਾ ਵਿਅਕਤੀ ਹਮੇਸ਼ਾ ਅਹੰਕਾਰ ਵਿਚ ਰਹਿੰਦਾ ਹੈ। ਇਸੇ ਕਰਕੇ ਹੀ ਸਮਾਜ ਅੰਦਰ ਅਨੇਕਾਂ ਬੁਰਾਈਆਂ ਨੇ ਜਨਮ ਲਿਆ ਹੈ। ਜਿਸ ਨਾਲ ਸਮਾਜ ਦਾ ਨਿਘਾਰ ਹੋ ਰਿਹਾ ਹੈ। ਗੁਰੂ ਜੀ ਕਹਿੰਦੇ ਹਨ ਕਿ ਉਹ ਵਿਅਕਤੀ ਅਹੰਕਾਰ ਨਾਲ ਹੀ ਗਲ ਜਾਂਦਾ ਹੈ। ਇਸ ਕਰਕੇ ਮਨੁੱਖ ਨੂੰ ਹਮੇਸ਼ਾ ਹੀ ਸਦਾ ਤੇ ਨੀਵੇਂ ਹੋ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਜਿਸ ਕੈ ਅੰਤਰਿ ਰਾਜ ਅਭਿਮਾਨ॥

ਸੋ ਨਰਕਪਾਤੀ ਹੋਵਤ ਸੁਆਨੁ॥

ਜੋ ਜਾਨੈ ਮੈ ਜੋਬਨਵੰਤੁ॥

ਸੋ ਹੋਵਤ ਬਿਸਟਾ ਕਾ ਜੰਤੁ॥22

ਮਨੁੱਖ ਧੰਨ, ਦੌਲਤ ਅਤੇ ਆਪਣੀ ਹਕੂਮਤ ਦਾ ਮਾਣ ਕਰਦਾ ਹੈ। ਉਹ ਵਿਅਕਤੀ ਨਰਕਾਂ ਦਾ ਹੀ ਅਧਿਕਾਰੀ ਬਣਦਾ ਹੈ। ਮਨੁੱਖ ਨੂੰ ਕਦੇ ਵੀ ਆਪਣੇ ਪੈਸੇ ਦਾ ਮਾਣ ਨਹੀਂ ਕਰਨਾ ਚਾਹੀਦਾ। ਪਰਮਾਤਮਾ ਹੀ ਹੁੰਦਾ ਹੈ ਜੋ ਮਨੁੱਖ ਨੂੰ ਕੱਖਾਂ ਤੋਂ ਲੱਖਾਂ ਤੱਕ ਲੈ ਕੇ ਜਾਂਦਾ ਹੈ ਅਤੇ ਲੱਖਾਂ ਤੋਂ ਕੱਖਾਂ ਵਿਚ ਵੀ ਕਰ ਦਿੰਦਾ ਹੈ। ਇਸ ਕਰਕੇ ਮਨੁੱਖ ਨੂੰ ਕਦੇ ਵੀ ਆਪਣੇ ਉੱਚੇ ਹੋਣ ਦਾ ਮਾਣ ਨਹੀਂ ਕਰਨਾ ਚਾਹੀਦਾ। ਇਨਸਾਨ ਨੂੰ ਹਮੇਸ਼ਾ ਹੀ ਪਰਮਾਤਮਾ ਦੀ ਰਜ਼ਾ ਅੰਦਰ ਰਹਿਣਾ ਚਾਹੀਦਾ ਹੈ। ਜਿਹੜਾ ਵਿਅਕਤੀ ਆਪਣੀ ਜਵਾਨੀ ਅਤੇ ਆਪਣੇ ਰੂਪ ਦਾ ਮਾਣ ਕਰਦਾ ਹੈ। ਉਹ ਹਮੇਸ਼ਾ ਕੀੜੇ ਦੀ ਜੂਨ ਵਿਚ ਪੈਂਦਾ ਹੈ। ਜਿਸ ਤਰ੍ਹਾਂ ਇਨਸਾਨ ਸੰਸਾਰ ਅੰਦਰ ਆ ਕੇ ਵਿਸ਼ੇ-ਵਿਕਾਰਾਂ ਨੂੰ ਭੋਗਦਾ ਹੈ। ਉਸੇ ਪ੍ਰਕਾਰ ਹੀ ਮਨੁੱਖ ਜੂਨਾਂ ਅੰਦਰ ਭਟਕਦਾ ਰਹਿੰਦਾ ਹੈ। ਗੁਰੂ ਜੀ ਫਰਮਾਨ ਕਰਦੇ ਹਨ:

ਦਸ ਬਸਤੂ ਲੇ ਪਾਛੈ ਪਾਵੈ॥

ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥

ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥

ਤਉ ਮੂੜਾ ਕਹੁ ਕਹਾ ਕਰੇਇ॥

ਜਿਸੁ ਠਾਕੁਰ ਸਿਉ ਨਾਹੀ ਚਾਰਾ॥

ਤਾ ਕਉ ਕੀਜੈ ਸਦ ਨਮਸਰਾਰਾ॥23

ਗੁਰੂ ਜੀ ਨੇ ਸਮਾਜ ਦੀ ਤਸਵੀਰ ਨੂੰ ਪੇਸ਼ ਕੀਤਾ ਹੈ। ਸਮਾਜ ਵਿਚ ਬੇਸ਼ੁਕਰੇ ਤੇ ਲਾਲਚੀ ਸੁਭਾਅ ਵਾਲੇ ਲੋਕ ਹਨ ਜਿਨ੍ਹਾਂ ਨੇ ਆਪਣੀ ਇੱਛਾਵਾਂ ਵਧਿਆ ਹੈ। ਮਨੁੱਖ ਪਰਮਾਤਮਾ ਤੋਂ ਦਸ ਚੀਜ਼ਾਂ ਲੈ ਕੇ ਵੀ ਖੁਸ਼ ਨਹੀਂ ਹੁੰਦਾ, ਸਗੋਂ ਇਕ ਚੀਜ਼ ਨਾ ਦੇਣ ਤੇ ਪਰਮਾਤਮਾ ਨਾਲ ਗਿਲ੍ਹਾ ਕਰਦਾ ਹੈ। ਜਿਸ ਕਾਰਨ ਪਰਮਾਤਮਾ ਉਸ ਤੋਂ ਉਹ ਵਸਤੂਆਂ ਵੀ ਲੈ ਲੈਂਦਾ ਹੈ। ਇਸ ਕਰਕੇ ਹਮੇਸ਼ਾ ਹੀ ਪਰਮਾਤਮਾ ਦੇ ਅੱਗੇ ਸਿਰ ਨੀਵਾਂ ਕਰਨਾ ਚਾਹੀਦਾ ਹੈ। ਮਨੁੱਖ ਨੂੰ ਹਰ ਸਮੇਂ ਪਰਮਾਤਮਾ ਦਾ ਸ਼ੁਕਰ ਕਰਨਾ ਚਾਹੀਦਾ ਹੈ।

ਸੋਚ ਕਰੈ ਦਿਨਸੁ ਅਰੁ ਰਾਤਿ ॥

ਮਨ ਕੀ ਮੈਲੁ ਨ ਤਨ ਤੇ ਜਾਤਿ ॥

ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥

ਮਨ ਤੇ ਕਬਹੂ ਨ ਬਿਖਿਆ ਟਰੈ ॥24

ਮਨੁੱਖ ਭਾਵੇਂ ਦਿਨ-ਰਾਤ ਤੀਰਥਾਂ ਤੇ ਜਾ ਕੇ ਇਸਨਾਨ ਕਰੇ, ਫਿਰ ਵੀ ਉਸ ਦੇ ਮਨ ਦੀ ਅੰਦਰਲੀ ਮੈਲ ਨਹੀਂ ਜਾ ਸਕਦੀ। ਜੇ ਵਿਅਕਤੀ ਆਪਣੇ ਸਰੀਰ ਨੂੰ ਮਾਇਆ ਤੋਂ ਦੂਰ ਰੱਖਣ ਲਈ ਕਈ ਪ੍ਰਕਾਰ ਦੇ ਢੰਗ ਤਰੀਕੇ ਅਪਣਾਉਂਦਾ ਹੈ, ਫਿਰ ਵੀ ਉਹ ਮਾਇਆ ਤੋਂ ਬਚ ਨਹੀਂ ਸਕਦਾ। ਕਿਉਂਕਿ ਮਾਇਆ ਤੋਂ ਬਚਣ ਲਈ ਪਰਮਾਤਮਾ ਦਾ ਨਾਮ ਹੀ ਜ਼ਰੂਰੀ ਹੈ। ਗੁਰਬਾਣੀ, ਆਤਮਿਕ ਤੌਰ ਤੇ ਪ੍ਰਫੁਲਤ, ਮਾਨਸਿਕ ਤੌਰ ਤੇ ਸ਼ਾਂਤ-ਚਿਤ, ਸਦਾਚਾਰਕ ਤੌਰ ਤੇ ਸੁਦ੍ਰਿੜ ਇਨਸਾਨ ਦੀ ਘਾੜਤ ਘੜਨ ਤੇ ਜ਼ੋਰ ਦਿੰਦੀ ਹੈ। ਸਚ, ਪ੍ਰਮਾਤਮਾ ਦਾ ਆਪਣਾ ਗੁਣ ਹੈ, ਇਸ ਲਈ ਸਚ ਤੇ ਅਧਾਰਤ ਜੀਵਨ ਨੂੰ ਪ੍ਰਵਾਨ ਕੀਤਾ ਗਿਆ ਹੈ ਪਰ ਉਸ ਤੋਂ ਵੀ ਉੱਤੇ ਸਚ ਅਚਾਰ ਰਖਣ ਵਾਲੇ ਨੂੰ ਸਮਝਿਆ ਜਾਂਦਾ ਹੈ। ਸੱਚੇ ਆਚਰਣ ਤੋਂ ਉੱਤੇ ਕੁਝ ਵੀ ਨਹੀਂ, ਇਸ ਲਈ ਇਸਨੂੰ ਜ਼ਿੰਦਗੀ ਦਾ ਆਧਾਰ ਬਣਾਉਣਾ ਚਾਹੀਦਾ ਹੈ, ਅਜਿਹਾ ਹੋ ਜਾਣ ਨਾਲ ਹੋਰ ਗੁਣ ਖੁਦ ਬਖੁਦ ਹੀ ਜੀਵਨ ਵਿਚ ਰਲਦੇ ਰਹਿਣਗੇ। ਪਰਮਾਤਮਾ ਦੇ ਨਾਮ ਨਾਲ ਹੀ ਮਨੁੱਖ ਦੀ ਅੰਦਰਲੀ ਮੈਲ ਦੂਰ ਹੋ ਸਕਦੀ ਹੈ। ਜਦੋਂ ਮਨੁੱਖ ਦੇ ਅੰਦਰਲੀ ਮੈਲ ਖਤਮ ਹੋ ਜਾਂਦੀ ਹੈ ਤਾਂ ਉਸ ਅੰਦਰੋਂ ਅਹੰਕਾਰ ਵੀ ਆਪਣੇ-ਆਪ ਹੀ ਦੂਰ ਹੋ ਜਾਂਦਾ ਹੈ।

ਅੱਜ ਦੇ ਨੌਜਵਾਨਾਂ ਦਾ ਲਗਾਤਾਰ ਨੈਤਿਕ ਪਤਨ ਹੋ ਰਿਹਾ ਹੈ, ਜਿਸਦੇ ਲਈ ਮਾਪੇ, ਅਧਿਆਪਕ ਅਤੇ ਸਮਾਜ ਸਮਾਨ ਰੂਪ ਵਿਚ ਜਿੰਮੇਵਾਰ ਹਨ। ਮਾਂ-ਬਾਪ ਕੋਲ ਇੰਨਾ ਸਮਾਂ ਨਹੀਂ ਕਿ ਉਹ ਆਪਣੇ ਬੱਚੇ ਉੱਪਰ ਨਿਗਰਾਨੀ ਰੱਖ ਸਕਣ ਅਤੇ

ਨਾ ਹੀ ਬੱਚੇ ਰਿਹ ਚਾਹੁੰਦੇ ਹਨ ਕਿ ਉਹਨਾਂ ਦੇ ਮਾਂ-ਬਾਪ ਉਹਨਾਂ ਦੀ ਨਿੱਜੀ ਜ਼ਿੰਦਗੀ ਵਿਚ ਦਖਲ ਅੰਦਾਜੀ ਕਰਨ। ਮਾਤਾ ਪਿਤਾ ਦੁਆਰਾ ਤਾਂ ਬਸ ਕੁੱਝ ਕੁ ਜਿੰਮੇਵਾਰੀਆਂ ਨੂੰ ਪੂਰਾ ਕਰਕੇ ਆਪਣੇ ਸਿਰੋਂ ਭਾਰ ਲਾਹ ਦਿੱਤਾ ਜਾਂਦਾ ਹੈ। ਅਜਿਹੀ ਸੋਚ ਕਾਰਨ ਸਾਡੀ ਸਮਾਜਕ ਦਿਨੋ-ਦਿਨ ਬਦਲ ਰਹੀ ਜਿਸ ਦੁਆਰਾ ਸਮਾਜ ਦੇ ਨੈਤਿਕ ਮੁੱਲਾਂ ਅਤੇ ਕਦਰਾਂ ਕੀਮਤਾਂ ਵਿਚ ਗਿਰਾਵਟ ਪੈਦਾ ਹੋ ਰਹੀ ਹੈ। ਇਸਦਾ ਸਭ ਤੋਂ ਵੱਧ ਅਸਰ ਨੌਜਵਾਨ ਵਰਗ ਤੇ ਪੈ ਰਿਹਾ ਹੈ। ਬੇਸ਼ੱਕ ਬਾਹਰੀ ਤੌਰ ਤੇ ਇਨਸਾਨ ਨੇ ਅਨੇਕਾਂ ਮੁਕਾਮਾਂ ਨੂੰ ਹਾਸਿਲ ਕੀਤਾ ਹੈ, ਨਵੀਆਂ-ਨਵੀਆਂ ਖੋਜਾਂ ਹੋ ਰਹੀਆਂ ਹਨ ਪਰੰਤੂ ਅੰਤਰੀਵ ਤੌਰ ਤੇ ਮਨੁੱਖ ਬਿਖਰਦਾ ਹੀ ਜਾ ਰਿਹਾ ਹੈ। ਜਿਸ ਭਾਰਤ ਦੇਸ਼ ਨੂੰ ਕਦੇ ਜਗਤ ਗੁਰੂ ਦੀ ਉਪਾਦੀ ਨਾਲ ਨਿਵਾਜਿਆ ਗਿਆ ਸੀ ਉਸੇ ਭਾਰਤ ਵਰਸ਼ ਵਿਚ ਅੱਜ ਰਾਜਨੀਤਿਕ, ਸਮਾਜਕ, ਪਰਿਵਾਰਕ ਅਤੇ ਵਿਅਕਤੀਗਤ ਰੂਪ ਵਿਚ ਉੱਥਲ-ਪੁੱਥਲ ਮੱਚੀ ਹੋਈ ਹੈ। ਜੀਵਨ ਦੇ ਸੱਚੇ ਮੁੱਲਾਂ ਪ੍ਰਤੀ ਕੋਈ ਵੀ ਜਾਗਰੂਕ ਨਹੀਂ ਹੈ। ਅੱਜ ਦਾ ਨੌਜਵਾਨ ਵਰਗ ਦੁਸ਼ ਪ੍ਰਵਿਰਤੀਆਂ ਦੀ ਘੁੰਮਣ ਘੇਰੀ ਵਿਚ ਫਸ ਕੇ ਨੈਤਿਕ ਪਤਨ ਦੇ ਰਾਹ ਤੇ ਚੱਲ ਪਿਆ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਵਿਚ ਅਜਿਹੇ ਆਦਰਸ਼ ਬਾਰੇ ਜਾਣੂ ਕਰਵਾਇਆ ਗਿਆ ਹੈ, ਜਿਸ ਨੂੰ ਅਧਾਰ ਬਣਾ ਕੇ ਅਸੀਂ ਚੰਗੇ ਚਰਿੱਤਰ ਅਤੇ ਨੈਤਿਕਤਾ ਦਾ ਨਿਰਮਾਣ ਕਰ ਸਕਦੇ ਹਾਂ। ਅਜਿਹੀ ਪ੍ਰੇਰਣਾ ਸਿਰਫ ਮਹਾਂਪੁਰਸ਼ਾਂ ਦੇ ਜੀਵਨ ਤੋਂ ਹੀ ਪ੍ਰਾਪਤ ਹੋ ਸਕਦੀ ਹੈ ਕਿਉਂਕਿ ਇਸ ਸੰਸਾਰ ਅੰਦਰ ਸਿਰਫ ਮਹਾਂਪੁਰਸ਼ਾਂ ਦਾ ਜੀਵਨ ਹੀ ਪਰਉਪਕਾਰੀ ਅਤੇ ਦੂਸਰਿਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।

ਅੰਤ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਸਮਾਜ ਅੰਦਰ ਅਨੇਕਾਂ ਹੀ ਧਰਮ ਪੈਂਦਾ ਹੋ ਗਏ ਹਨ। ਹਰ ਇਕ ਜਾਤੀ ਦਾ ਵਿਅਕਤੀ ਆਪਣਾ ਵੱਖਰਾ ਹੀ ਧਰਮ ਬਣਾ ਕੇ ਬੈਠਾ ਹੈ। ਗੁਰੂ ਅਰਜਨ ਦੇਵ ਜੀ ਇਸ ਗੱਲ ਦਾ ਖੰਡਨ ਕਰਦੇ ਹੋਏ ਆਪਣੀ ਬਾਣੀ ਰਾਹੀ ਇਹ ਦੱਸਦੇ ਹਨ ਕਿ ਮਨੁੱਖ ਦਾ ਅਸਲ ਧਰਮ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੈ। ਸੁਖਮਨੀ ਬਾਣੀ ਅੰਦਰ ਇਕ ਸ਼੍ਰੇਸ਼ਟ ਧਰਮ ਦੀ ਗੱਲ ਕੀਤੀ ਹੈ। ਗੁਰੂ ਜੀ ਦੱਸਦੇ ਹਨ :

ਸਰਬ ਧਰਮ ਮਹਿ ਸ੍ਰੇਸਟ ਧਰਮੁ॥

ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥25

ਅਸਲ ਵਿਚ ਧਰਮ ਮਨੁੱਖ ਨੂੰ ਸਭਿਆ ਬਣਾਉਂਦਾ ਹੈ। ਧਰਮ ਹੀ ਇਕ ਅਜਿਹਾ ਸਾਧਨ ਹੈ, ਜੋ ਸੰਸਾਰਿਕ ਜੀਵਨ ਤੋਂ ਉੱਪਰ ਉੱਡ ਕੇ ਜੀਵਨ ਜੀਉਣ ਦਾ ਸਲੀਕਾ ਦੱਸਦਾ ਹੈ। ਇਸੇ ਕਰਕੇ ਧਰਮ ਨੂੰ ਇਕ ਅਜਿਹੀ ਤਾਕਤ ਮੰਨਿਆ ਗਿਆ ਹੈ ਜੋ ਮਨੁੱਖਾਂ ਅਤੇ ਪੂਰੇ ਸਮਾਜ ਨੂੰ ਇਕ ਜੁੱਟ ਬੰਨ ਕੇ ਰੱਖਦਾ ਹੈ। ਧਰਮ ਨੂੰ ਤਾਕਤ ਇਸ ਕਰਕੇ ਕਿਹਾ ਹੈ, ਕਿਉਂਕਿ ਧਰਮ ਹੀ ਨੈਤਿਕਤਾ ਕਦਰਾਂ-ਕੀਮਤਾਂ ਨੂੰ ਅਪਣਾਉਂਣਾ ਸਿਖਾਉਂਦਾ ਹੈ। ਸਪਸ਼ਟ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਵਲੋਂ ਪ੍ਰਗਟਾਏ ਸਭਿਆਚਾਰ ਵਿਚ ਧਰਮ ਇਕ ਸ਼ਕਤੀ ਹੈ। ਇਸ ਸ਼ਕਤੀ ਦੇ ਦੁਆਰਾ ਹੀ ਮਨੁੱਖ ਆਪਣੇ ਜੀਵਨ ਨੂੰ ਚੰਗਾ ਬਣਾਉਂਦਾ ਹੈ। ਜਿਹੜਾ ਵੀ ਧਾਰਮਕ ਕਰਮ ਮਨੁੱਖ ਦੇ

ਜੀਵਨ ਨੂੰ ਸਹੀ ਦਿਸ਼ਾ ਨਹੀਂ ਦਿੰਦਾ ਸੁਖਮਨੀ ਬਾਣੀ ਵਿਚ ਉਸ ਦਾ ਵਿਰੋਧ ਕੀਤਾ ਗਿਆ ਹੈ। ਮਨੁੱਖ ਆਪਣੇ ਜੀਵਨ ਨੂੰ ਚੰਗਾ ਬਣਾਉਣ ਲਈ ਜੋ ਵੀ ਜਪ-ਤਪ, ਤੀਰਥਾਂ ਤੇ ਇਸ਼ਨਾਨ, ਯੋਗ ਅਭਿਆਸ, ਝੂਠੇ ਕਰਮ-ਕਾਂਡ, ਪੁੰਨ-ਦਾਨ, ਦਰਗਾਹਾਂ ਦੀ ਮਾਨਤਾਂ, ਇਸ਼ਟਾਂ ਦੀ ਮਾਨਤਾ, ਝੂਠੇ ਸੰਤ-ਸਾਧੂਆਂ ਦੀ ਮਾਨਤਾ, ਜੰਗਲਾਂ ’ਚ ਭਗਤੀ ਕਰਨਾ ਆਦਿ ਸਾਰੀਆਂ ਬੁਰਾਈਆਂ ਨੂੰ ਗੁਰੂ ਜੀ ਨੇ ਅੰਧ-ਵਿਸ਼ਵਾਸ਼ ਅਤੇ ਮੋਹ ਮਾਇਆ ਕਹਿ ਕੇ ਬਾਣੀ ਵਿਚ ਖੰਡਨ ਕੀਤਾ ਗਿਆ ਹੈ। ਪਰਮਾਤਮਾ ਵਿਚ ਵਿਸ਼ਵਾਸ਼ ਅਤੇ ਨੈਤਿਕਤਾ ਉੱਪਰ ਜ਼ੋਰ ਦਿੱਤਾ ਹੈ। ਸਭਿਆਚਾਰ ਦਾ ਖੇਤਰ ਬਹੁਤ ਵੱਡਾ ਹੈ। ਇੱਥੇ ਸਾਰੇ ਪੱਖਾਂ ਦਾ ਵਰਣਨ ਨਹੀਂ ਕੀਤਾ ਜਾ ਸਕਦਾ।

ਮਨੁੱਖ ਅੰਦਰ ਨੈਤਿਕ ਗੁਣਾਂ ਦੀ ਬਹੁਤ ਕਮੀ ਹੈ। ਮਨੁੱਖ ਨੇ ਆਪਣੇ ਜੀਵਨ ਅੰਦਰ ਪਿਆਰ, ਸਬਰ, ਏਕਤਾ, ਸਹਿਣਸ਼ੀਲਤਾ, ਰਜ਼ਾ, ਸਦਭਾਵਨਾ ਆਦਿ ਦੀ ਥਾਂ ਅਹੰਕਾਰ, ਮਾਣ, ਵੈਰ-ਵਿਰੋਧ, ਈਰਖਾ ਅਤੇ ਜਾਤ-ਪਾਤ ਨੂੰ ਆਪਣੇ ਜੀਵਨ ਅੰਦਰ ਸਥਾਨ ਦਿੱਤਾ ਹੈ। ਅੱਜ ਜੋ ਸਾਨੂੰ ਸਮਾਜ ਵਿਚ ਦੇਖਣ ਨੂੰ ਮਿਲਦਾ ਹੈ। ਉਸ ਦਾ ਕਾਰਨ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਹੈ। ਇਸ ਘਾਟ ਨੂੰ ਪੂਰਾ ਕਰਦੀ ਹੈ, ਸਾਡੀ ਸੁਖਮਨੀ ਬਾਣੀ , ਜਿਸ ਨੂੰ ਸਮਝ ਕੇ ਸਾਡੇ ਜੀਵਨ ਅੰਦਰ ਚੰਗੇ ਗੁਣ ਆਉਂਦੇ ਹਨ। ਇਸ ਸਦਾਚਾਰਕ ਜੀਵਨ ਨਾਲ ਹੀ ਅਸੀਂ ਪਰਮਾਤਮਾ ਦੇ ਮਾਰਗ ਤੇ ਚੱਲ ਸਕਦੇ ਹਾਂ। ਜੇਕਰ ਅੱਜ ਦਾ ਨੌਜਵਾਨ ਵਰਗ ਸੁਖਮਨੀ ਬਾਣੀ ਦੇ ਦਰਸਾਏ ਮਾਰਗ ਤੇ ਕਦਮ ਵਧਾ ਲੈਣ ਤਾਂ ਸਮਾਜ ਦੀਆਂ ਸਾਰੀਆਂ ਹੀ ਸਮੱਸਿਆਵਾਂ ਦਾ ਖਾਤਮਾ ਹੋ ਸਕਦਾ ਹੈ।

ਅਸੀਂ ਇਹ ਕਹਿ ਸਕਦੇ ਹਾਂ ਕਿ ਸਾਡੇ ਸਮਾਜ-ਸਭਿਆਚਾਰ ਦਾ ਮਹਾਨ ਹੋਣ ਦਾ ਇਹ ਹੀ ਕਾਰਨ ਹੈ ਕਿ ਸਮੇਂ-ਸਮੇਂ ਤੇ ਗੁਰੂ ਸਹਿਬਾਨਾਂ ਨੇ ਆਪਣੀ ਬਾਣੀ ਦੁਆਰਾ ਸਮਾਜ ਨੂੰ ਝੂਠੇ ਕਰਮ-ਕਾਂਡਾਂ ਵਿਚੋਂ ਕੱਢ ਕੇ ਜੀਵਨ ਦੀ ਅਸਲ ਸਚਾਈ ਨਾਲ ਜੋੜਿਆ। ਅੰਤ ਵਿਚ ਕਹਿ ਸਕਦੇ ਹਾਂ ਕਿ ਇਕ ਚੰਗੇ ਸਮਾਜ ਦੀ ਸਥਾਪਨਾ ਤਾਂ ਹੀ ਹੋ ਸਕਦੀ ਹੈ ਜੇ ਅਸੀਂ ਗੁਰੂ ਜੀ ਦੀ ਬਾਣੀ ਤੋਂ ਸੇਧ ਲੈ ਕੇ ਆਪਣੇ ਜੀਵਨ ਵਿਚ ਪਵਿੱਤਰਤਾ, ਸਾਦਗੀ, ਸੁੱਚਤਾ ਆਦਿ ਸ਼ੁਭ ਗੁਣਾਂ ਨੂੰ ਧਾਰਨ ਕਰਦੇ ਹਾਂ। ਚੰਗੇ ਨੈਤਿਕ ਗੁਣ ਸ਼ੁਭ ਕਰਮ, ਸ਼ੁਭ ਬੋਲ, ਸ਼ੁਭ ਵਿਚਾਰ, ਸ਼ੁਭ ਕਿਰਦਾਰ, ਸ਼ੁਭ ਅਮਲ ਹੀ ਇਨਸਾਨ ਨੂੰ ਸਰਵ-ਸਰੇਸ਼ਟ ਬਣਾਉਂਦੇ ਹਨ। ਇਹਨਾਂ ਅਮਲਾਂ ਨੂੰ ਧਾਰਨ ਕਰਕੇ ਅਸੀਂ ਆਪਣੇ ਸਮਾਜ-ਸਭਿਆਚਾਰ ਨੂੰ ਨਵੀਂ ਦਿਸ਼ਾ ਦੇ ਸਕਦੇ ਹਾਂ।

ਹਵਾਲੇ ਟਿੱਪਣੀਆਂ


1. ਸਵਿੰਦਰਜੀਤ ਕੌਰ, ਸਮਾਜ ਵਿਗਿਆਨ ਦੇ ਮੂਲ ਸਕੰਲਪ, ਪੰਨਾ 27

2. ਉਹੀ, ਪੰਨਾ 27

3. ਉਹੀ, ਪੰਨਾ 28

4. ਉਹੀ, ਪੰਨਾ 28

5. ਉਹੀ, ਪੰਨਾ 30

6. ਡਾ. ਗੁਰਜੀਤ ਸਿੰਘ, ਸਭਿਆਚਾਰ ਦਾ ਫਲਸਫ਼ਾ, ਪੰਨਾ 6

7. ਪ੍ਰੋ. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਭਾਗ ਤੀਜਾ ਸਭਿਆਚਾਰ: ਸਿਧਾਂਤ ਅਤੇ ਵਿਹਾਰ, ਪੰਨਾ 12

8. ਉਹੀ, ਪੰਨਾ 13

9. ਉਹੀ, ਪੰਨਾ 13

10. ਓਮ ਪ੍ਰਕਾਸ਼ ਗਾਸੋ, ਪੰਜਾਬੀ ਸਭਿਆਚਾਰ, ਪੰਨਾ 6

11. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 262

12. ਉਹੀ, ਪੰਨਾ265

13. ਉਹੀ, ਪੰਨਾ 275

14. ਉਹੀ, ਪੰਨਾ274

15. ਉਹੀ, ਪੰਨਾ 274

16. ਉਹੀ, ਪੰਨਾ269

17. ਉਹੀ, ਪੰਨਾ 268

18. ਉਹੀ, ਪੰਨਾ 264

19. ਉਹੀ, ਪੰਨਾ 278

20. ਉਹੀ, ਪੰਨਾ 278

21. ਉਹੀ, ਪੰਨਾ 268

22. ਉਹੀ, ਪੰਨਾ265

23. ਉਹੀ, ਪੰਨਾ266

### 1.1.18 **ਅਭਿਆਸ ਲਈ ਪ੍ਰਸ਼ਨ**

1. ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਦੇ ਵਿਚਾਰਧਾਰਾਈ ਪਿਛੋਕੜ ਸਬੰਧੀ ਚਰਚਾ ਕਰੋ?
2. ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਦੇ ਕਲਾਤਮਕ ਪੱਖਾਂ ਸਬੰਧੀ ਚਰਚਾ ਕਰੋ?
3. ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਦੇ ਇਤਿਹਾਸਕ ਅਤੇ ਵਿਚਾਰਧਾਰਾਈ ਆਧਾਰ ਦੱਸੋ?
4. ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਦੇ ਕਲਾਤਮਕ ਪੱਖਾਂ ਸਬੰਧੀ ਚਰਚਾ ਕਰੋ?

### 1.1.19 **ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**


- ਡਾ. ਐਸ.ਐਸ. ਕੋਹਲੀ, ਗੁਰਮਤ ਸਾਹਿਤ, ਪੰਜਾਬੀ ਸਾਹਿਤ ਦਾ ਇਤਿਹਾਸ (ਪੁਰਾਤਨ ਕਾਲ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963
- ਡਾ.ਟੀ.ਐਸ. ਸੋਢੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ, ਬਾਵਾ ਪਬਲਿਸ਼ਰਜ਼, ਪਟਿਆਲਾ, 1997
- ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ ਭਾਗ ਦੂਜਾ (ਪੂਰਵ ਮੱਧਕਾਲ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

# M.A (PUNJABI)
# SEMESTER-I
# **ਪਰਚਾ** ਪਹਿਲਾ

## ਯੂਨਿਟ-ਪੰਜਵਾਂ

## ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਸ਼ਬਦ ਤੇ ਸਲੋਕ

1.1 **ਪਾਠ ਪੰਜਵਾਂ : ਗੁਰੂ ਤੇਗ ਬਹਾਦਰ**
1.1.1 **ਭੂਮਿਕਾ**
1.1.2 **ਪਾਠ ਦਾ ਮੰਤਵ**
1.1.3 **ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਸ਼ਬਦ ਤੇ ਸਲੋਕ**
1.1.18 **ਅਭਿਆਸ ਲਈ ਪ੍ਰਸ਼ਨ**
1.1.19 **ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**

1.1.1 **ਭੂਮਿਕਾ-** ਗੁਰੂ ਤੇਗ ਬਹਾਦਰ ਜੀ ਦਾ ਜਨਮ ਪਹਿਲੀ ਅਪ੍ਰੈਲ 1621 (੧੬੨੧) ਈਸਵੀਂ ਨੂੰ ਅੰਮ੍ਰਿਤਸਰ, ਪੰਜਾਬ ਵਿਖੇ ਮੁਗਲ ਸਾਮਰਾਜ ਵੇਲੇ ਹੋਇਆ, ਬਚਪਨ ਵਿੱਚ ਉਨ੍ਹਾਂ ਦਾ ਨਾਮ ਤਿਆਗ ਮੱਲ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਉਨ੍ਹਾਂ ਦੇ ਪਿਤਾ ਜੀ ਅਤੇ ਮਾਤਾ ਨਾਨਕੀ ਜੀ ਸਨ।ਉਨ੍ਹਾਂ ਦਾ ਵਿਆਹ ਭਾਈ ਲਾਲ ਚੰਦ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ 1634 ਨੂੰ ਹੋਇਆ, ਉਨ੍ਹਾਂ ਨੂੰ ਵਿਆਹ ਤੋ 32 ਸਾਲ ਮਗਰੋਂ ਪੁੱਤਰ ਦੀ ਦਾਤ ਪ੍ਰਾਪਤ ਹੋਈ, ਪੁੱਤਰ ਹੋਣ ਮਗਰੋਂ ਉਨ੍ਹਾਂ ਨੇ ਆਪਣੇ ਪੁੱਤਰ ਗੋਬਿੰਦ ਰਾਏ ਨੂੰ 5 ਸਾਲ ਬਾਅਦ ਗੁਰੂ ਕੇ ਬਾਗ ਅਸਥਾਨ ਉਪਰ ਪਹਿਲੀ ਵਾਰ ਮਿਲੇ।ਗੁਰੂ ਤੇਗ ਬਹਾਦਰ ਸਾਹਿਬ ਜੀ ਨਿਮਰਤਾ ਦੇ ਪੁੰਜ ਤੇ ਮਨ ਨੀਵਾਂ ਤੇ ਮਤ ਉਚੀ ਦੇ ਧਾਰਨੀ ਸਨ। ਇਤਿਹਾਸ ਮੁਤਾਬਕ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਪਿਤਾ ਜੀ ਦੇ ਸਨਮੁੱਖ ਬੈਠਦੇ ਤਾ ਅੱਖਾਂ ਨੀਵੀਆਂ ਕਰ ਲੈਂਦੇ ਇਕ ਵਾਰ ਦਰਬਾਰ ਅੰਦਰ ਬੈਠੀ ਸੰਗਤ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਪੁੱਛਿਆ ਕੀ ਗੁਰੂ ਜੀ ਆਪ ਜੀ ਦੇ ਲਾਲ ਆਪ ਜੀ ਦੇ ਸਾਹਮਣੇ ਹਮੇਸ਼ਾ ਅੱਖਾਂ ਨੀਵੀਆਂ ਕਰ ਕੇ ਬੈਠ ਜਾਂਦੇ ਹਨ ਤਾ ਅੱਗੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉੱਤਰ ਦਿੱਤਾ।ਜਿਸ ਨੂੰ ਅੰਦਰ ਦੇ ਸਾਰੇ ਔਗੁਣਾਂ ਦਾ ਪਤਾ ਹੋਵੇ, ਉਸ ਦੇ ਸਾਹਮਣੇ ਨੇਤਰ ਨਹੀ ਚੁੱਕੇ ਜਾਂਦੇ।ਉਨ੍ਹਾਂ ਦੀ ਬਾਣੀ 15 ਰਾਗਾਂ ਵਿੱਚ ਦਰਜ ਹੈ। ਆਪ ਜੀ ਸਾਰੀ ਬਾਣੀ ਮਨ ਨੂੰ ਸੰਬੋਧਨ ਕਰਕੇ ਉਚਾਰਣ ਕੀਤੀ।

1.1.2 **ਪਾਠ ਦਾ ਮੰਤਵ** -ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਸ਼ਬਦ ਤੇ ਸਲੋਕ ਦੀ ਨੂੰ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ।ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਸ਼ਬਦ ਤੇ ਸਲੋਕ ਦੇ ਜ਼ਰੀਏ ਜਿੱਥੇ ਮਨੁੱਖ ਦੀਆਂ ਭਗਤੀ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ, ਉੱਥੇ ਨਾਲ਼ੋ-ਨਾਲ਼ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਸ਼ਬਦ ਤੇ ਸਲੋਕ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ, ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਸ਼ਬਦ ਤੇ ਸਲੋਕ ਦੇ ਵਿਵਹਾਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਸ਼ਬਦ ਤੇ ਸਲੋਕ ਨੂੰ ਸਮਝਣ ਦੇ ਕਾਬਿਲ ਹੋ ਸਕਣ।

### 1.1.3 ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਸ਼ਬਦ ਤੇ ਸਲੋਕ

ਗੁਰੂ ਅਰਜਨ ਦੇਵ ਜੀ ਤੋਂ ਬਾਅਦ ਗੁਰਮਤਿ ਕਾਵਿ ਵਿਚ ਅਗਲੇ ਮਹੱਤਵਪੂਰਨ ਬਾਣੀਕਾਰ ਗੁਰੂ ਤੇਗ਼ ਬਹਾਦਰ ਜੀ ਹਨ ਜਿਨ੍ਹਾਂ ਦੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਜ਼ਿਲ੍ਹਾ ਬਠਿੰਡਾ ਦੀ ਠਾਹਰ ਦਰਮਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ। ਇਨ੍ਹਾਂ ਦੀ ਲੰਮੇਰੀ ਬਾਣੀ ਕੋਈ ਨਹੀਂ, ਕੇਵਲ ਉਨਾਹਠ ਪਦੇ ਅਤੇ ਸਤਵੰਜਾ ਸਲੋਕ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਹੋਰਨਾਂ ਗੁਰੂ ਵਿਅਕਤੀਆਂ ਵਾਂਗ ਗੁਰਮਤਿ ਦਰਸ਼ਨ ਦੀ ਅਨੁਸਾਰੀ ਹੈ ਪਰ ਕੁਝ ਗੱਲਾਂ ਕਰਕੇ ਵਿਸ਼ੇਸ਼ ਵੀ ਹਨ। ਸਲੋਕਾਂ ਦੀ ਸਭ ਤੋਂ ਪਹਿਲੀ ਅਤੇ ਵੱਡੀ ਵਿਸ਼ੇਸ਼ਤਾ ਇਹ ਹੈ ਇਹ ਸਾਰੇ ਦੇ ਸਾਰੇ ਮਨ ਨੂੰ ਸੰਬੋਧਿਤ ਹਨ। ਹਰ ਸਲੋਕ ਦੀ ਦੂਜੀ ਸਤਰ ਵਿੱਚ 'ਰੇ ਮਨ', 'ਮਨ ਰੇ' ਆਦਿ ਸ਼ਬਦ ਮਿਲਦੇ ਹਨ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ 'ਮਨ' ਕੇਂਦਰ ਵਿਚ ਹੈ ਕਿਉਂਕਿ ਇਹ ਸਾਰੇ ਵਿਕਾਰਾਂ ਦੀ ਜੜ੍ਹ ਹੈ। ਏਸੇ ਲਈ ਮਨ ਨੂੰ ਜਿੱਤਣਾ ਜੱਗ ਨੂੰ ਜਿੱਤਣ ਵਰਗੀ ਗੱਲ ਕਹੀ ਗਈ ਹੈ। ਮਨ ਇਕ ਸੂਖਮ ਵਰਤਾਰਾ ਹੈ ਜਿਸ ਦੇ ਸਮੂਰਤੀ ਕਰਣ ਲਈ ਗਜ, ਹਸਤੀ, ਕੁੰਚਰ, ਸੂਕਰ, ਸੁਆਨ ਆਦਿ ਰੂਪਕ ਵਰਤੇ ਗਏ ਹਨ। ਇਨ੍ਹਾਂ ਪਸ਼ੂਆਂ ਦੇ ਲੱਛਣ ਮਨ ਦੇ ਲੱਛਣ ਹਨ। ਹਾਥੀ, ਸੂਰ ਅਤੇ ਕੁੱਤੇ ਆਦਿ ਰੂਪਕਾਂ ਵਾਲੇ ਸਲੋਕ ਵੇਖੋ:

ਤੀਰਥ ਬਰਤ ਅਰੁ ਦਾਨ ਕਰਿ, ਮਨ ਮਹਿ ਧਰੈ ਗੁਮਾਨ।

ਨਾਨਕ ਨਿਹਫਲ ਜਾਤ ਤਿਹ, ਜਿਉ ਕੁੰਚਰ ਇਸਨਾਨ ॥

ਏਕ ਭਗਤਿ ਭਗਵਾਨ ਜਿਹ ਪ੍ਰਾਣੀ ਕੈ ਤਾਹਿ ਮਨ।

ਜੈਸੇ ਸੂਕਰ ਸੁਆਨ, ਨਾਨਕ ਮਾਨੋ ਤਾਹਿ ਤਨ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੀ ਦੂਜੀ ਵਿਸ਼ੇਸ਼ਤਾ ਇਸ ਵਿਚਲੇ ਮਿਥਿਹਾਸਕ ਸੰਕੇਤ ਹਨ। ਇਹ ਸੰਕੇਤ ਦਾਰਸ਼ਨਿਕ ਮਾਨਤਾਵਾਂ ਦ੍ਰਿੜ ਕਰਾਉਣ ਦੇ ਨਾਲ ਨਾਲ ਸੰਚਾਰ ਨੂੰ ਵੀ ਸੁਖੈਨ ਬਣਾਉਂਦੇ ਹਨ। ਵਧੇਰੇ ਸੰਕੇਤ ਰਾਮ ਦਾ ਆਇਆ ਹੈ। ਗੁਰਬਾਣੀ ਪਾਠ ਦੇ ਅਭਿਆਸੀਆਂ ਅਤੇ ਸਮਝ ਰੱਖਣ ਵਾਲਿਆਂ ਨੂੰ ਸ਼ਾਇਦ ਸ਼ੰਕਾ ਨ ਹੋਵੇ ਪਰ ਜੋ ਅਭਿਆਸੀ ਨਹੀਂ ਹਨ ਜਾਂ ਅੰਤਰੀਵ ਭਾਵ ਤੇ ਜਾਣੂ ਨਹੀਂ ਹਨ, ਉਨ੍ਹਾਂ ਨੂੰ ਟਪਲਾਲੱਗ ਸਕਦਾ ਹੈ :

ਰੇ ਮਨ ਰਾਮ ਸਿਉ ਕਰ ਪ੍ਰੀਤ।

ਸਾਧੋ ਰਚਨਾ ਰਾਮ ਬਨਾਈ।

ਇੱਥੇ 'ਰਾਮ' ਦਾ ਅਰਥ ਰਮਾਇਣ ਵਾਲਾ ਰਾਮ ਜਾਂ ਦਸ਼ਰਥ ਪੁੱਤਰ ਰਾਮ ਨਹੀਂ, ਸਗੋਂ ਸਰਬ ਵਿਆਪਕ ਬ੍ਰਹਮ ਹੈ ਜੋ ਕਣ ਕਣ ਵਿਚ ਰਚਿਆ ਜਾਂ ਸਮਾਇਆ ਹੋਇਆ ਹੈ।

ਜਿਥੇ ਮਿੱਥ ਸੰਚਾਰ ਅਥਵਾ ਗੁਰਬਾਣੀ ਦੇ ਸੰਦੇਸ਼ ਨੂੰ ਆਸਾਨ ਅਤੇ ਸਰਲ ਬਣਾਉਂਦੀ ਹੈ, ਉਥੇ ਵੀ ਮਿਥਿਹਾਸਕ ਸੰਕੇਤ ਹਨ। ਰਾਮ ਅਤੇ ਰਾਵਣ ਕਿਤਨੇ ਬਲਸ਼ਾਲੀ ਸਨ, ਪਰ ਮੌਤ ਦੇ ਅੱਗੇ ਉਹ ਵੀ ਨਾ ਟਿਕ ਸਕੇ :

ਰਾਮ ਗਇਓ ਰਾਵਣ ਗਇਓ, ਜਾਕਉ ਬਹੁ ਪਰਿਵਾਰਾ ।

ਕਹੁ ਨਾਨਕ ਥਿਰੁ ਕਛੁ ਨਹੀਂ , ਸੁਪਨੇ ਜਿਉਂ ਸੰਸਾਰ ।

ਗੁਰੂ ਤੇਗ਼ ਬਹਾਦਰ ਜੀ ਦੀ ਸਾਰੀ ਬਾਣੀ ਸੰਬੋਧਨਮਈ ਹੈ ਜਾਂ ਇਹ ਸਰੋਤਮੁੱਖ ਹੈ। ਸਾਧੋ, ਮਾਈ ਪ੍ਰਾਣੀ, ਰੇ ਮਨ ਆਦਿ ਅਜੇਹੇ ਹੀ ਸੰਬੋਧਨ ਹਨ। ਇਹ ਬਾਣੀ ਵਿਚ ਕਾਵਿ-ਲੈਅ ਵੀ ਪੈਦਾ ਕਰਦੇ ਹਨ। ਜਦ ਭੋਗ ਸਮੇਂ ਪਾਠੀ ਸਿੰਘ ਰਲ ਕੇ ਨੌਵੇਂ ਮਹਲੇ ਦੇ ਸਲੋਕ ਪੜਦੇ ਹਨ ਤਾਂ ਸਰੋਤਾ ਵਿਸਮਾਦ ਦੀ ਅਵਸਥਾ ਵਿਚ ਚਲਾ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਬ੍ਰਹਮ ਦਾ ਜੋ ਸੰਕਲਪ ਹੈ, ਉਸ ਨੂੰ ਮੂਰਤੀਮਾਨ ਕਰਨ ਲਈ ਕਈ ਸਿਫ਼ਤੀ ਨਾਂ ਵਰਤੇ ਗਏ ਹਨ। ਇਹ ਨਾਂ ਹਨ, ਅਪਾਰ ਅਗਨਤ, ਅਲਪ, ਅਲੇਪਾ, ਸਰਬ ਨਿਵਾਸੀ, ਸਦਾਬਸਤ, ਸੁਆਮੀ, ਸੁਖਦਾਤਾ, ਹਰਿ, ਕਨਾਈ, ਕਿਰਪਾਨਿਧਿ, ਦੀਨ ਦਇਆਲ ਆਦਿ। ਇਨ੍ਹਾਂ ਸ਼ਬਦਾਂ ਵਿਚ ਮੂਲ ਮੰਤਰ ਵਾਲੇ ਪਰਮਾਤਮਾ ਦੇ ਵਿਸ਼ੇਸ਼ਣਾਂ ਦੀ ਪ੍ਰਤਿਧੁਨੀ ਸੁਣਾਈ ਦੇਂਦੀ ਹੈ। ਵਧੇਰੇ ਸਿਫ਼ਤੀ ਨਾਂ ਭਾਰਤੀ ਪਰੰਪਰਾ ਵਾਲੇ ਹਨ ਜਿਨ੍ਹਾਂ ਦੀ ਵਰਤੋਂ ਪੂਰਬਲੇ ਗੁਰੂ ਸਾਹਿਬਾਨ ਨੇ ਵੀ ਕੀਤੀ ਹੈ। ਗੁਰੂ ਸਾਹਿਬ ਦੀ ਬਾਣੀ ਵਿਚ ਜਿਹੜੇ ਵੈਰਾਗ ਅਤੇ ਸੰਸਾਰ ਦੀ ਨਾਸ਼ਮਾਨਤਾ ਗੱਲ ਕੀਤੀ ਜਾਂਦੀ ਹੈ, ਉਹ ਅਸਲ ਵਿਚ ਪ੍ਰਾਣੀ ਨੂੰ ਸਮਝਾਉਣੀ ਮਾਤਰ ਹੈ। ਸੰਸਾਰ ਵਿਚ ਜਿਗਿਆਸੂ ਦੀ ਉਮਰ ਥੋੜ੍ਹੀ ਹੈ, ਇਸ ਲਈ ਰੂਪਕ ਵੀ ਉਹੋ ਲਏ ਗਏ ਹਨ ਜਿਨ੍ਹਾਂ ਦੀ ਉਮਰ ਬਹੁਤ ਘੱਟ ਹੈ ਜਿਵੇਂ ਬੁਲਬੁਲਾ (ਬੁਦਬੁਦਾ) ਰੇਤ ਦੀ ਕੰਧ (ਬਾਲੂ ਕੀ ਭੀਤ) ਧੂੰਏ ਦਾ ਪਹਾੜ, ਸੁਪਨਾ ਆਦਿ।

ਗੁਰੂ ਤੇਗ ਬਾਹਦਰ ਜੀ ਦੀ ਬਾਣੀ ਦੀ ਸਾਰਥਕਤਾ ਹੋਰ ਵੀ ਵਧੇਰੇ ਉੱਘੜ ਕੇ ਸਾਹਮਣੇ ਆਉਂਦੀ ਹੈ ਜਦ ਅਸੀਂ ਵੇਖਦੇ ਹਾਂ ਕਿ ਹਰ ਪਾਸੇ ਕੋਈ ਨਾ ਕੋਈ ਡਰ ਹੈ। ਡਰਨਾ ਅਤੇ ਡਰਾਉਣਾ ਹੀ ਲੜਾਈ ਦੇ ਮੁੱਢ ਹਨ। ਡਰ ਸ਼ਕਤੀ, ਆਬਾਦੀ, ਧਨ ਆਦਿ ਕਿਸੇ ਵੀ ਚੀਜ਼ ਦਾ ਹੋ ਸਕਦਾ ਹੈ। ਏਸੇ ਲਈ ਅੱਜ ਸੰਸਾਰ ਨੂੰ ਜੀਉ ਤੇ ਜਿਉਣ ਦਿਓ ਦੀ ਨੀਤੀ ਉੱਤੇ ਚੱਲਣ ਦੀ ਲੋੜ ਹੈ। ਗੁਰੂ ਤੇਗ਼ ਬਾਹਦਰ ਜੀ ਦੀ ਬਾਣੀ ਸਾਡੀ ਏਸ ਪੱਖੋਂ ਅਗਵਾਈ ਕਰਦੀ ਹੈ :

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।

ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨ

ਗੁਰੂ ਤੇਗ਼ ਬਹਾਦਰ ਜੀ ਗੁਰੂ ਨਾਨਕ ਦੇਵ ਜੀ ਦੇ ਨੌਵੇਂ ਗੱਦੀ ਨਸ਼ੀਨ ਹਨ। ਆਪ ਜੀ ਨੇ 59 ਸ਼ਬਦਾਂ ਦੀ ਤੇ 57 ਸਲੋਕਾਂ ਦੀ ਰਚਨਾ ਕਰਕੇ ਮਨੁੱਖ ਨੂੰ ਆਪਣੀ ਬਾਣੀ ਰਾਹੀਂ ਪ੍ਰਭੂ ਭਗਤੀ ਕਰਨ ਅਤੇ ਸੁਚੱਜਾ ਜੀਵਨ ਜਿਊਣ ਦੀ ਸੇਧ ਦਿੱਤੀ ਹੈ। ਗੁਰੂ ਤੇਗ਼ ਬਹਾਦਰ ਜੀ ਉਸ ਅਨੰਤ ਪ੍ਰਮਾਤਮਾ ਦੀ ਭਗਤੀ ਅਤੇ ਉਸ ਇੱਕਓਅੰਕਾਰ ਪ੍ਰਭੂ ਦੀ ਵਡਿਆਈ ਕਰਕੇ ਮਾਨਵੀ ਜੀਵਨ ਦੀ ਸਦ—ਉਪਯੋਗਤਾ ਨੂੰ ਸਿੱਧ ਕਰਨ ਵਿੱਚ ਸਹਾਇਕ ਸਿੱਧ ਹੋਏ ਹਨ।ਆਪ ਜੀ ਦੀ ਸਮੁੱਚੀ ਬਾਣੀ ਸੰਸਾਰਿਕ ਵਾਸ਼ਨਾਵਾਂ ਦਾ ਤਿਆਗ ਕਰਕੇ ਨਾਮ ਸਿਮਰਨ ਵੱਲ ਲੱਗਣ ਦੀ ਜਾਚ ਸਿਖਾਉਂਦੀ ਹੋਈ ਮਨੁੱਖ ਨੂੰ ਭਟਕਣਾ ਤੋਂ ਬਚਾਉਂਦੀ ਹੈ।ਮਨੁੱਖੀ ਜਨਮ ਇੱਕ ਅਤਿ ਅਨਮੋਲ ਦਾਤ ਹੈ।ਮਨੁੱਖਾ ਜਨਮ ਜੁਗਾਂ—ਜੁਗਾਤਰਾਂ ਦੀ ਭਟਕਣਾ ਤੋਂ ਮਗਰੋਂ ਪ੍ਰਾਪਤ ਹੁੰਦਾ ਹੈ। ਇਸ ਲਈ ਜਾਮੇ ਵਿੱਚ ਆਉਣ ਤੋਂ ਮਗਰੋਂ ਗੁਰੂ ਜੀ ਦੀ ਬਾਣੀ ਮਨੁੱਖ ਨੂੰ ਕਰਤਾ ਪੁਰਖ ਪ੍ਰਮਾਤਮਾ ਨਾਲ ਲਿਵ ਲਗਾਉਣ ਦੀ ਜਾਚ ਸਿਖਾਉਂਦੀ ਹੈ

''ਭਈ ਪਰਾਪਤ ਮਾਨੁਖ ਦੇਹੁਰੀਆ॥

ਗੋਬਿੰਦ ਮਿਲਣ ਕੀ ਇਹੁ ਤੇਰੀ ਬਰੀਆ॥

ਅਵਰ ਕਾਜ ਤੇਰੈ ਕਿਤੈ ਨਾ ਕਾਮੁ ॥

ਮਿਲ ਸਾਧ ਸੰਗਤਿ ਭਜੁ ਕੇਵਲ ਨਾਮ॥''1

''ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥

ਨਾਨਕ ਕਹਤ ਮਿਲਣ ਕੀ ਬਰੀਆ ਸਿਮਰਤ ਕਹਾ ਨਹੀ॥''2

ਗੁਰੂ ਤੇਗ਼ ਬਹਾਦਰ ਜੀ ਦੱਸਦੇ ਹਨ ਕਿ ਮਨੁੱਖਾ ਜਨਮ ਇੱਕੋ—ਇੱਕ ਪ੍ਰਭੂ ਭਗਤੀ ਦਾ ਸਾਧਨ ਹੈ।ਜਿਸ ਦੇ ਦੁਆਰਾ ਮਨੁੱਖ ਉਸ ਅੰਤਰਜਾਮੀ ਤੇ ਅਨੰਤ ਪ੍ਰਮਾਤਮਾ ਤੱਕ ਪਹੁੰਚ ਸਕਦਾ ਹੈ। ਨਾਮ ਸਿਮਰਨ ਇੱਕ ਸਾਧਨ ਹੈ ਜਿਸ ਦੇ ਦੁਆਰਾ ਮਨੁੱਖ ਪ੍ਰਭੂ ਪ੍ਰਾਪਤੀ ਦੇ ਲਕਸ਼ ਨੂੰ ਪ੍ਰਾਪਤ ਕਰ ਸਕਦਾ ਹੈ।ਗੁਰੂ ਜੀ ਨੇ ਮਨੁੱਖੀ ਜਨਮ ਦੀ ਦੁਰਲੱਭਤਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:—

ਕਹੁ ਨਾਨਕ ਸੁਨਿ ਰੇ ਮਨਾ ਦੁਰਲੱਭ ਮਾਨੁਖ ਦੇਹ॥3

ਸਾਧੋ ਗੋਬਿੰਦ ਕੇ ਗੁਨ ਗਾਵਉ॥

ਸ਼ਰਨਜੀਤ ਕੌਰ, ਖੋਜਾਰਥੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ

ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥ਰਹਾਉ॥4

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਾਨਵਤਾ ਦੇ ਕਲਿਆਣ ਵੱਲ ਕੇਂਦਰਿਤ ਹੋਣ ਕਰਕੇ ਮਨੁੱਖ ਨੂੰ ਸਿੱਧੀ ਸੰਬੋਧਿਤ ਹੈ।ਬਚਪਨ ਤੋਂ ਹੀ ਆਪ ਲੌਕਿਕਤਾ ਦੀ ਥਾਂ ਅਧਿਆਤਮਿਕਤਾ ਵੱਲ ਜ਼ਿਆਦਾ ਰੁਚੀ ਰੱਖਦੇ ਸੀ । ''ਪੰਜ ਸਾਲ ਦੀ ਉਮਰ ਵਿੱਚ ਅੰਤਰਮਗਨ ਹੋ ਜਾਣ ਉੱਤੇ ਪਿਤਾ ਜੀ ਨੇ ਇੰਨ੍ਹਾਂ ਦਾ ਅਧਿਆਤਮਕਤਾ ਦੇ ਨੇਤਾ ਹੋਣ ਦਾ ਅਨੁਮਾਨ ਲਗਾ ਲਿਆ ਸੀ।''5 ਆਪ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਪ੍ਰਾਣ ਨਿਛਾਵਰ ਕਰਕੇ ਆਪ ਜੀ ਨੇ ਇਸ ਗੱਲ ਨੂੰ ਸਾਬਿਤ ਕਰ ਦਿਖਾਇਆ। ਆਪ ਜੀ ਮਾਨਵਤਾ ਦੇ ਕਲਿਆਣ ਦੀ ਰੁਚੀ ਨੂੰ ਮੁੱਖ ਰੱਖਦੇ ਹੋਏ ਸ਼ਹੀਦ ਹੋਏ ਅਤੇ ਮਨੁੱਖ ਨੂੰ ਮਾਨਵਤਾ ਦੇ ਕਲਿਆਣ ਦਾ ਜੋ ਪਾਠ ਪੜ੍ਹਾਇਆ ਉਹ ਸਭ ਦੇ ਸਾਹਮਣੇ ਹੈ। ਇਸ ਅਵਸਥਾ ਤੱਕ ਪਹੁੰਚਣ ਲਈ ਨਾਮ ਸਿਮਰਨ ਦੀ ਮਿਹਰ ਦਾਤ ਨੂੰ ਮਨ ਵਿੱਚ ਵਸਾਉਣਾ ਪੈਂਦਾ ਹੈ। ਮਨੁੱਖ ਉਸ ਅੰਤਰਜਾਮੀ ਅਨੰਤ ਪ੍ਰਮਾਤਮਾ ਨੂੰ ਵਣ ਜੰਗਲਾਂ ਵਿੱਚੋਂ ਲੱਭਦਾ ਫਿਰਦਾ ਹੈ। ਗੁਰੂ ਜੀ ਦੱਸਦੇ ਹਨ ਕਿ ਪ੍ਰਭੂ ਪ੍ਰਾਪਤੀ ਲਈ ਕਿਸੇ ਪਾਖੰਡ ਜਾਂ ਭੇਖ ਧਾਰਣ ਦੀ ਲੋੜ ਨਹੀਂ ਹੁੰਦੀ ਸਗੋਂ ਨਿਰਸੁਆਰਥ ਹੋ ਕਿ ਪ੍ਰਭੂ ਭਗਤੀ ਕਰਨੀ ਚਾਹੀਦੀ ਹੈ। ਗੁਰੂ ਜੀ ਨੇ ਸੰਸਾਰਿਕ ਪਦਾਰਥਾਂ ਦੇ ਤਿਆਗ ਨੂੰ ਤਰਜ਼ੀਹ ਦਿੱਤੀ ਹੈ ਅਤੇ ਮਾਨਵ ਨੂੰ ਲੋਕ ਕਲਿਆਣ ਦੀ ਭਾਵਨਾ ਤੋਂ ਜਾਣੂੰ ਕਰਾਇਆ ਹੈ। ਗੁਰੂ ਜੀ ਨੇ ਮਨੁੱਖ ਨੂੰ

ਹਉਮੈਂ ਤੇ ਹੰਕਾਰ ਦਾ ਤਿਆਗ ਕਰਨ ਦਾ ਸੁਨੇਹਾ ਦਿੱਤਾ ਹੈ। ਜਦੋਂ ਮਨੁੱਖ ਹਉਮੈਂ ਤੇ ਅਹੰਕਾਰ ਦਾ ਤਿਆਗ ਕਰਕੇ ਨਿਸ਼ਕਾਮ ਦਿਲ ਨਾਲ ਸਿਮਰਨ ਕਰਦਾ ਹੈ ਤਾਂ ਜਾ ਕੇ ਪ੍ਰਾਣੀ ਦਾ ਪ੍ਰਭੂ ਨਾਲ ਅਟੁੱਟ ਰਿਸ਼ਤਾ ਜੁੜਦਾ ਹੈ। ਗੁਰੂ ਜੀ ਫ਼ੁਰਮਾਉਂਦੇ ਹਨ:—

''ਸਾਧੋ ਮਨ ਕਾ ਮਾਨੁ ਤਿਆਗਉ॥''6

''ਤਜਿ ਅਭਿਮਾਨ ਮੋਹ ਮਾਇਆ ਫੁਨਿ ,

ਭਜਨ ਰਾਮੁ ਚਿੱਤ ਲਾਵਉ॥''7

ਮਨੁੱਖ ਦੇ ਜੀਵਨ ਦੀਆਂ ਤਿੰਨ ਮੁੱਖ ਅਵਸਥਾਵਾਂ ਮੰਨੀਆਂ ਜਾਂਦੀਆਂ ਨੇ ਬਚਪਨ, ਜੁਆਨੀ ਤੇ ਬੁਢੇਪਾ। ਮਨੁੱਖ ਨੂੰ ਤਿੰਨੇ ਅਵਸਥਾਵਾਂ ਵਿੱਚ ਪ੍ਰਭੂ ਭਗਤੀ ਤੋਂ ਅਵੇਸਲਾ ਨਹੀਂ ਹੋਣਾ ਚਾਹੀਦਾ। ਗੁਰੂ ਜੀ ਦੱਸਦੇ ਹਨ ਕਿ ਮਨੁੱਖ ਇੰਨ੍ਹਾਂ ਤਿੰਨਾਂ ਅਵਸਥਾਵਾਂ ਵਿੱਚ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ:—

"ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ॥8

"ਤਰਨਾਪੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ॥

ਬਿਰਧਿ ਭਇਓ ਅਜਹੂ ਨਹੀਂ ਸਮਝੈ ਕਉਨ ਕੁਮਤਿ ਉਰਝਾਨਾ॥9

ਮਨੁੱਖੀ ਜਨਮ ਬਹੁਤ ਹੀ ਦੁਰਲੱਭ ਹੈ ਇਸ ਲਈ ਇਸ ਅਵਸਥਾ ਦੀ ਸਫ਼ਲਤਾ ਉਦੋਂ ਹੀ ਸੰਭਵ ਹੈ ਜਦੋਂ ਮਨੁੱਖੀ ਮਨ ਅੰਦਰ ਪ੍ਰਭੂ ਪ੍ਰੇਮ ਦੀ ਲਗਨ ਲੱਗ ਜਾਂਦੀ ਹੈ, ਗੁਰੂ ਜੀ ਫ਼ੁਰਮਾਉਂਦੇ ਹਨ:—

''ਯਾ ਭੀਤਰਿ ਜੋ ਰਾਮੁ ਬਸਤੁ ਹੈ, ਸਾਚੋ ਤਾਹਿ ਪਛਾਨੋ॥''10

''ਸੁਫਲੁ ਜਨਮੁ ਨਾਨਕ ਤਬ ਹੂਆ, ਜਉ ਪ੍ਰਭ ਜਸ ਮਹਿ ਪਾਗਿਓ॥''11

ਜਦੋਂ ਤੱਕ ਮਨੁੱਖ ਦੇ ਅੰਤਹਕਰਣ ਵਿੱਚੋਂ ਹੰਕਾਰ, ਮੋਹ, ਲੋਭ, ਕਾਮ ਦਾ ਤਿਆਗ ਨਹੀਂ ਕਰਦਾ ਉਦੋਂ ਤੱਕ ਪ੍ਰਭੂ ਭਗਤੀ ਸੰਭਵ ਨਹੀਂ ਹੋ ਸਕਦੀ । ਭਾਵੇਂ ਮਨੁੱਖ ਸੰਸਾਰ ਵਿੱਚ ਇਕੱਲਾ ਆਉਂਦਾ ਹੈ, ਇਕੱਲਾ ਹੀ ਇਸ ਸੰਸਾਰ ਤੋਂ ਵਿਦਾ ਹੋ ਕੇ ਜਾਂਦਾ ਹੈ ਪ੍ਰੰਤੂ ਜਦੋਂ ਉਹ ਸਮਾਜ ਵਿੱਚ ਜਨਮ ਲੈਂਦਾ ਹੈ ਉਦੋਂ ਤੋਂ ਹੀ ਉਹ ਸੰਸਾਰਿਕ ਬੰਧਨਾਂ ਵਿੱਚ ਬੱਝ ਜਾਂਦਾ ਹੈ ਤੇ ਮੋਹ ਤੰਦਾਂ ਵਿੱਚ ਫੱਸ ਜਾਂਦਾ ਹੈ। ਗੁਰੂ ਜੀ ਦੱਸਦੇ ਹਨ ਕਿ ਇਹ ਸੰਸਾਰ ਅਸਥਿਰ ਹੈ। ਇਸ ਲਈ ਮਨੁੱਖ ਨੂੰ ਇਸ ਸੰਸਾਰ ਵਿੱਚ ਰਹਿ ਕੇ ਸੰਸਾਰਿਕ ਮਾਇਆ ਜੰਜਾਲ ਤੋਂ ਨਿਰਲੇਪ ਰਹਿਣ ਦੀ ਸੇਧ ਦਿੰਦੇ ਹਨ:—

''ਪੂਤ ਮੀਤ ਮਾਇਆ ਮਮਤਾ ਸਿਉ, ਇਹ ਬਿਧਿ ਆਪੁ ਬੰਧਾਵੈ॥

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥''12

''ਮਨੁ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ॥''13

ਗੁਰੂ ਤੇਗ਼ ਬਹਾਦਰ ਜੀ ਮਨੁੱਖ ਨੂੰ ਅਸਲ ਸਥਿਤੀ ਤੋਂ ਅਵਗਤ ਕਰਾਉਂਦੇ ਹੋਏ ਦੱਸਦੇ ਹਨ ਕਿ ਹੇ ਮਨੁੱਖ ਤੂੰ ਜਿਸ ਮਾਇਆ ਦਾ ਘੁਮੰਡ ਕਰ ਰਿਹਾ ਹੈ ਉਸ ਵਿੱਚੋਂ ਤੇਰੇ ਨਾਲ ਕੁਝ ਵੀ ਨਹੀਂ ਜਾਣਾ।ਅੰਤ ਵੇਲੇ ਪ੍ਰਭੂ ਦਾ ਕੀਤਾ ਸਿਮਰਨ ਹੀ ਕੰਮ ਆਉਂਦਾ ਹੈ:—

''ਮਾਤ ਪਿਤਾ ਭਾਈ ਸੁਤ ਬੰਧਪ, ਅਰੁ ਫੁਨਿ ਗ੍ਰਿਹ ਕੀ ਨਾਰਿ॥

ਤਨ ਤੇ ਪ੍ਰਾਣ ਹੋਤ ਜਬ ਨਿਆਰੇ , ਟੇਰਤ ਪ੍ਰੇਤਿ ਪੁਕਾਰਿ॥''14

ਸਕੇ ਸੰਬੰਧੀ ਭਾਵੇਂ ਜੀਵਨ ਦੀ ਇੱਕ ਬਹੁਤ ਵੱਡੀ ਲੋੜ ਹਨ। ਦੁੱਖ—ਸੁੱਖ ਵਿੱਚ ਸਾਥ ਦਿੰਦੇ ਹਨ ਪ੍ਰੰਤੂ ਫਿਰ ਵੀ ਮਨੁੱਖ ਬ੍ਰਹਮ ਆਨੰਦ ਦੀ ਪ੍ਰਾਪਤੀ ਕਰਨੀ ਹੈ ਤਾਂ ਪ੍ਰਭੂ ਭਗਤੀ ਤੇ ਸਿਮਰਨ ਆਵਸ਼ਕ ਹਨ।

ਸਿਮਰਨ ਕਰਨ ਵਿੱਚ ਸਭ ਤੋਂ ਵੱਡੀ ਅੜਚਣ ਮੋਹ ਮਾਇਆ ਬਣਦੀ ਹੈ। ਸੰਸਾਰਿਕ ਮੋਹ ਤਿਆਗਣ ਲਈ ਗੁਰੂ ਜੀ ਨੇ ਨਾਮ ਦਾ ਅਭਿਆਸ ਕਰਨ ਲਈ ਕਿਹਾ ਹੈ:—

''ਮਦਿ ਮਾਇਆ ਕੈ ਭਇਓ ਬਾਵਰੋ, ਹਰਿ ਜਸੁ ਨਹਿ ਉਚਰੈ ॥''17

''ਮਨੁ ਮਾਇਆ ਮੈ ਫਧਿ ਰਹਿਓ, ਬਿਸਰਿਓ ਗੋਬਿੰਦ ਨਾਮੁ॥''18

ਮਾਇਆ ਵਿੱਚ ਗ਼ਲਤਾਨ ਮਨੁੱਖ ਪ੍ਰਭੂ ਭਗਤੀ ਨੂੰ ਮਨੋ ਵਿਸਾਰ ਬੈਠਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੱਸਦੇ ਹਨ ਕਿ ਜਦੋਂ ਤੱਕ ਮਨੁੱਖ ਬਾਹਰੀ ਅਡੰਬਰਾਂ ਦਾ ਤਿਆਗ ਕਰਕੇ ਸਰਬਕਾਲਿਕ, ਸਰਵ ਸਮੱਰਥਾਵਾਨ ਪ੍ਰਮਾਤਮਾ ਦੀ ਸ਼ਰਨ ਵਿੱਚ ਨਹੀਂ ਆ ਜਾਂਦਾ ਉਦੋਂ ਤੱਕ ਪਰਮ ਆਨੰਦ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ। ਇਸ ਕਰਕੇ ਗੁਰੂ ਜੀ ਕਹਿੰਦੇ ਹਨ ਕਿ ਮਨੁੱਖ ਤੀਰਥ, ਵਰਤ ਨੇਮ, ਫੋਕਟ ਦੇ ਪਾਖੰਡਾਂ ਤੋਂ ਬਚਣਾ ਚਾਹੀਦਾ ਹੈ।ਇਹ ਸਭ ਵਿਆਰਥ ਦੇ ਕਾਰਜ ਹਨ:—

ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ॥ ਰਹਾਉ॥
ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥
ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ॥
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ॥
ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ॥
ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ॥19

''ਕਹਾ ਭਇਓ ਤੀਰਥ ਬ੍ਰਤ ਕੀਏ , ਰਾਮ ਸਰਨਿ ਨਹੀ ਆਵੈ॥''20

ਇਕਾਗਰ ਮਨ ਨਾਲ ਇਕ ਚਿੱਤ ਹੋ ਕੇ ਪ੍ਰਭੂ ਦਾ ਕੀਤਾ ਗਿਆ ਸਿਮਰਨ ਮਨੁੱਖ ਨੂੰ ਸਹਿਜ ਸੁਭਾਅ ਹੀ ਪ੍ਰਮਾਤਮਾ ਨਾਲ ਜੋੜਦਾ ਹੈ।ਸਹਿਜ ਅਵਸਥਾ ਦੀ ਪ੍ਰਾਪਤੀ ਲਈ ਪਹਿਲਾ ਨਾਮ ਜਪਣ ਦੀ ਕਰੜੀ ਘਾਲਣਾ ਕਰਨੀ ਪੈਂਦੀ ਹੈ। ਇਸ ਕਲਯੁੱਗ ਵਿੱਚ ਗੁਰੂ ਤੇਗ਼ ਬਹਾਦਰ ਜੀ ਨੇ ਪ੍ਰਭੂ ਪ੍ਰਾਪਤੀ ਲਈ ਪੂਜਾ, ਵਰਤ, ਤੀਰਥ ਯਾਤਰਾ, ਪਾਖੰਡ ਦੀ ਬਜਾਏ ਮਨੁੱਖ ਲਈ ਨਾਮ ਸਾਧਨਾ ਕਰਨ ਦੀ ਵਿਧੀ ਨੂੰ ਸਭ ਤੋਂ ਉੱਤਮ ਮੰਨਿਆ ਹੈ। ਗੁਰੂ ਜੀ ਦੀ ਆਪਣੀ ਬਾਣੀ ਵਿੱਚ ਮਨੁੱਖ ਨੂੰ ਸਤੁ ਮਾਰਗ ਉੱਤੇ ਚੱਲਣ ਦਾ ਸੰਕੇਤ ਦਿੱਤਾ ਹੈ। ਉੱਥੇ ਮਾਨਵ ਜੀਵਨ ਦੀ ਸਾਰਥਿਕਤਾ ਨੂੰ ਪੇਸ਼ ਕੀਤਾ ਹੈ। ਸੱਚੇ ਮਨ ਨਾਲ ਪ੍ਰਭੂ ਦਾ ਜਾਪ ਕਰਨ ਨਾਲ ਹੀ ਭਵ—ਸਾਗਰ ਤੋਂ ਪਾਰ ਲੰਘਿਆਂ ਜਾ ਸਕਦਾ ਹੈ।

''ਤੀਰਥ ਕਰੈ ਬ੍ਰਤ ਫੁਨਿ ਰਾਖੈ , ਨਹ ਮਨੂਆ ਬਸਿ ਜਾ ਕੋ॥

ਨਿਹਫਲ ਧਰਮੁ ਉਹ ਤਾਹਿ ਤੁਮ ਮਾਨਹੁ , ਸਾਚੁ ਕਹਤ ਮੈ ਯਾ ਕਉ॥''21

ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਬਾਣੀ ਦੁਆਰਾ ਮਨੁੱਖ ਨੂੰ ਇੱਕ ਹੋਰ ਸੱਚ ਤੋਂ ਜਾਣੂੰ ਕਰਵਾਉਂਦੇ ਪ੍ਰਮਾਤਮਾ ਨੂੰ ਆਪਣੀ ਅੰਤਰ ਆਤਮਾ ਵਿੱਚੋਂ ਖੋਜਣ ਦੀ ਸਿਖਿਆ ਦਿੱਤੀ ਹੈ। ਪ੍ਰਮਾਤਮਾ ਸਰਬਕਾਲਿਕ ਅਤੇ ਸਰਵ ਵਿਆਪਕ ਹੈ। ਬਾਹਰੀ ਅਡੰਬਰਾਂ ਦੁਆਰਾ ਪ੍ਰਮਾਤਮਾ ਦੀ ਪ੍ਰਾਪਤੀ ਸੰਭਵ ਨਹੀਂ ਸਗੋਂ ਉਸਨੂੰ ਪ੍ਰਾਪਤ ਕਰਨ ਲਈ ਮਾਨਵੀ ਹਿਰਦੇ ਦਾ ਵਸੀਕਰਨ ਬਹੁਤ ਜ਼ਰੂਰੀ ਹੈ। ਜਦੋਂ ਮਨ ਭਟਕਣਾ ਤੋਂ ਰਹਿਤ ਹੋਵੇਗਾਂ ਤਾਂ ਸਹਿਜ ਸੁਭਾਅ ਹੀ ਮਨੁੱਖ ਦੀ ਲਿਵ ਅਗੰਮੀ ਨੂਰ ਵੱਲ ਲੱਗਣੀ ਸੰਭਵ ਹੈ। ਗੁਰੂ ਜੀ ਦੀ ਬਾਣੀ ਵਿੱਚ ਅਜਿਹੀ ਝਲਕ ਵੇਖਣ ਨੂੰ ਮਿਲਦੀ ਹੈ:—

''ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ॥

ਰਤਨੁ ਰਾਮੁ ਘਟ ਹੀ ਕੇ ਭੀਤਰ ਤਾ ਕੋ ਗਿਆਨੁ ਨ ਪਾਇਓ॥22

''ਅੰਤਰੁ ਭਲਿ ਨਿਰਮਲ ਨਾਹੀਂ ਕੀਨਾ , ਬਾਹਰਿ ਭੇਖ ਉਦਾਸੀ॥

ਹਿਰਦਾ ਕਮਲ , ਘਟਿ ਬਰਹਮੁ ਨ ਚੀਨਾ, ਕਾਹੇ ਭਈਆ ਸੰਨਿਆਸੀ॥ ''23

ਜੀਵਨ ਛਿਣ—ਭੰਗਰ ਹੈ।ਇਸ ਲਈ ਸਮਾਂ ਰਹਿੰਦੇ ਹੀ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ। ਮਨੁੱਖ ਇੱਕ ਵਿਵੇਕਸ਼ੀਲ ਪ੍ਰਾਣੀ ਹੈ। ਉਸ ਨੂੰ ਚੰਗੇ—ਬੁਰੇ ਦਾ ਗਿਆਨ ਹੈ। ਮੌਤ ਜੀਵਨ ਦੀ ਅਟੱਲ ਸਚਾਈ ਹੈ ਇਸ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ । ਸਗੋਂ ਮਨੁੱਖ ਇਸ ਸੰਸਾਰ ਵਿੱਚ ਆ ਕੇ ਮਾਇਆ ਜਾਲ ਵਿੱਚ ਫੱਸ ਜਾਂਦਾ ਹੈ ਤੇ ਪ੍ਰਭੂ ਪ੍ਰਮਾਤਮਾ ਨੂੰ ਮਨੋ ਵਿਸਾਰ ਦਿੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਮਨੁੱਖ ਨੂੰ ਵਸਤੂਆਂ ਦੇ ਅਸਥਾਈਪਣ ਦਾ ਅਭਾਸ ਕਰਵਾ ਕੇ ਜੀਵ ਨੂੰ ਅਸਲ ਸੱਚ ਤੋਂ ਵਾਕਿਫ਼ ਕਰਵਾਉਂਦੇ ਹਨ ਕਿ ਜਿਸ ਤਰ੍ਹਾਂ ਜੀਵਨ ਉਪਜਿਆ ਹੈ ਉਸੇ ਤਰ੍ਹਾਂ ਹੀ ਇੱਕ ਦਿਨ ਖ਼ਤਮ ਹੋ ਜਾਣਾ ਹੈ:—

''ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥

ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਉਹ ਮੈ ਮਾਨੁ॥ ''24

ਗੁਰੂ ਜੀ ਨੇ ਮਾਨਵੀ ਆਚਰਨ ਦੀ ਸ਼ੁੱਧਤਾ ਦੇ ਸੰਕਲਪ ਨੂੰ ਪੇਸ਼ ਕਰਦੇ ਹੋਏ ਮਨੁੱਖ ਨੂੰ ਲੋਭ—ਲਾਲਚ, ਮੋਹ—ਮਾਇਆ, ਹਉਮੈਂ, ਅਹੰਕਾਰ ਦਾ ਤਿਆਗ ਕਰਨ ਲਈ ਕਿਹਾ ਹੈ। ਗੁਰੂ ਜੀ ਨੇ ਖ਼ੁਦ ਆਪ ਨਿਰਸੁਆਰਥ ਹੋ ਕੇ ਲੋਕ ਕਲਿਆਣ ਲਈ ਜੀਵਨ ਅਰਪਣ ਕਰਕੇ ਇਸਦੀ ਸਭ ਤੋਂ ਵੱਡੀ ਮਿਸਾਲ ਕਾਇਮ ਕੀਤੀ ਹੈ। ਪ੍ਰਭੂ ਭਗਤੀ, ਆਤਮ ਸਮਰਪਣ, ਤਿਆਗਤਾ ਅਤੇ ਨਿਰਸੁਆਰਥ ਉਹਨਾਂ ਦੀ ਸ਼ਖ਼ਸੀਅਤ ਦੇ ਮੁੱਖ ਪੱਖ ਹਨ। ਗੁਰੂ ਜੀ ਨੇ ਮਨੁੱਖ ਨੂੰ ਨਿੰਦਿਆ ਛੱਡ ਕੇ ਸੱਚੇ ਮਨ ਨਾਲ ਪ੍ਰੇਮ ਸਹਿਤ ਪ੍ਰਭੂ ਜਾਪ ਕਰਨ ਦਾ ਸੁਨੇਹਾ ਦਿੱਤਾ ਹੈ:—

''ਨਾਨਕ ਭਉਜਲ ਪਾਰਿ ਪਰੈ , ਜਉ ਗਾਵੈ ਪ੍ਰਭ ਕੇ ਗੀਤ॥ ''25

''ਕਹੁ ਨਾਨਕ ਤਿਹ ਭਜਨ ਤੇ , ਨਿਰਭੈ ਪਦੁ ਪਾਵੈ॥ ''26

ਗੁਰੂ ਜੀ ਦੀ ਸਮੁੱਚੀ ਬਾਣੀ ਗੌਰ ਨਾਲ ਵਾਚਣ *ਤੇ ਪਤਾ ਲਗਦਾ ਹੈ ਕਿ ਸਿਮਰਨ ਮਾਇਆ, ਵਿਕਾਰ, ਭਰਮ, ਕਾਮ ਆਦਿ ਦੇ ਬੰਧਨਾਂ ਤੋਂ ਮੁਕਤ ਹੋਣ ਦਾ ਬ੍ਰਹਮ ਅਸਤਰ ਹੈ। ਗੁਰੂ ਜੀ ਆਪਣੀ ਬਾਣੀ ਵਿੱਚ ਮਨੁੱਖ ਨੂੰ ਵਾਰ—ਵਾਰ ਇਹ ਅਹਿਸਾਸ ਕਰਵਾਉਂਦੇ ਹਨ ਇਹ ਦਿਸਦਾ ਸੰਸਾਰ ਨਾਸ਼ਵਾਨ ਤੇ ਅਸਥਾਈ ਹੈ ਇਸ ਲਈ ਸਮਾਂ ਰਹਿੰਦੇ ਹੀ ਪ੍ਰਭੂ ਮਿਲਾਪ ਲਈ ਯਤਨ ਕਰਨੇ ਚਾਹੀਦੇ ਹਨ। ਪ੍ਰਮਾਤਮਾ ਅਪਰੰਮਪਾਰ ਹੈ। ਮਨੁੱਖੀ ਮਨ ਦੀ ਭਟਕਣਾ ਕੇਵਲ ਤੇ ਕੇਵਲ ਪ੍ਰਮਾਤਮਾ ਹੀ ਸ਼ਾਂਤ ਕਰ ਸਕਦਾ ਹੈ। ਬਾਹਰੀ ਅਡੰਬਰ ਉਸਦੇ ਅਸ਼ਾਂਤ ਹੋਏ ਮਨ ਨੂੰ ਸ਼ਾਂਤ ਨਹੀਂ ਕਰ ਸਕਦੇ।ਗੁਰੂ ਜੀ ਦੀ ਬਾਣੀ ਮਨੁੱਖ ਨੂੰ ਛਿਣ—ਭੰਗਰਤਾ ਤੇ ਨਾਸ਼ਮਾਨਤਾ ਦਾ ਅਹਿਸਾਸ ਕਰਵਾ ਕਿ ਢਹਿ—ਢੇਰੀ ਹੋ ਕੇ ਬੈਠਣ ਦੀ ਬਜਾਏ ਜੀਵਨ ਦੀ ਉਤਕ੍ਰਿਸ਼ਠਤਾ ਵੱਲ ਆਸ਼ਰਿਤ ਕਰਦੀ ਹੈ। ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੀ ਸਮੁੱਚੀ ਬਾਣੀ ਮਨੁੱਖ ਦੇ ਯਥਾਰਥ ਤੱਕ ਪਹੁੰਚਣ ਦੀ ਚੇਸ਼ਠਾ ਉੱਤੇ ਕੇਂਦਰਤ ਹੈ। ਗੁਰੂ ਜੀ ਦੀ ਆਪਣੀ ਲੰਮੀ ਸਾਧਨਾ ਤੇ ਸੰਜਮ ਵਾਲੀ ਸਥਿਤੀ ਨੂੰ ਉਨ੍ਹਾਂ ਦੇ ਇਸ ਸਿਧਾਂਤ ਨੂੰ ਸਮਝਣ ਵਿੱਚ ਬਹੁਤ ਹੱਦ ਤੱਕ ਸਹਾਇਕ ਸਿੱਧ ਹੁੰਦੀ ਹੈ।

ਹਵਾਲੇ

1. ਗੁਰੂ ਗਰੰਥ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਸ਼੍ਰੀ ਅੰਮ੍ਰਿਤਸਰ, ਅੰਗ / ਪੰਨਾ—387.
2. ਉਹੀ , ਅੰਗ / ਪੰਨਾ—631
3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ—1427.
4. ਉਹੀ , ਅੰਗ—219
5. ਉਹੀ , ਅੰਗ—219
6. ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅਮ੍ਰਿਤਸਰ, ਅੰਗ / ਪੰਨਾ—219.
7. ਉਹੀ , ਅੰਗ / ਪੰਨਾ—219.
8. ਉਹੀ, ਅੰਗ—1428.
9. ਉਹੀ, ਅੰਗ—902.
10 ਉਹੀ , ਅੰਗ / ਪੰਨਾ—1186.

11. ਉਹੀ, ਅੰਗ / ਪੰਨਾ—1008.
12. ਉਹੀ , ਅੰਗ / ਪੰਨਾ—ਵਰਕੇ — 219.
13. ਉਹੀ, ਅੰਗ / ਪੰਨਾ—902.
14. ਉਹੀ, ਅੰਗ / ਪੰਨਾ—536.
15. ਉਹੀ, ਅੰਗ / ਪੰਨਾ—715.
16. ਉਹੀ, ਪੰਨਾ—536.
17. ਉਹੀ, ਪੰਨਾ—536
18. ਉਹੀ, ਅੰਗ—1428
19. ਉਹੀ, ਅੰਗ—831.
20. ਉਹੀ , ਅੰਗ / ਪੰਨਾ—830.
21. ਉਹੀ , ਅੰਗ / ਪੰਨਾ—831.
22. ਉਹੀ , ਅੰਗ / ਪੰਨਾ—702—703.
23. ਉਹੀ , ਅੰਗ / ਪੰਨਾ—176.
24. ਉਹੀ , ਅੰਗ / ਪੰਨਾ—127
25. ਉਹੀ , ਅੰਗ / ਪੰਨਾ—536.
26. ਉਹੀ , ਅੰਗ / ਪੰਨਾ—726.
27. ਉਹੀ, ਅੰਗ—632
28. ਉਹੀ, ਅੰਗ—411.
29. ਉਹੀ, ਅੰਗ—1427.
30. ਉਹੀ, ਪੰਨਾ—536.
31. ਉਹੀ, ਪੰਨਾ—702
32. ਉਹੀ, ਪੰਨਾ—718
33. ਉਹੀ, ਪੰਨਾ—902

# ਗੁਰੂ ਤੇਗ ਬਹਾਦਰ ਜੀ ਬਾਣੀ:ਸ਼ਬਦ ਅਤੇ ਸਲੋਕ-2

ਸਿਖ-ਚਿੰਤਨ ਵਿਚ ਸ਼ਹਾਦਤ ਸੰਬੰਧੀ ਪ੍ਰਾਪਤ ਚਿੰਤਨ, ਸ਼ਹਾਦਤ ਦੇ ਵਰਤਾਰੇ ਨੂੰ ਸਿਧਾਂਤਕ ਪਧਰ 'ਤੇ ਸਥਾਪਿਤ ਕਰਨ ਦੀ ਥਾਂ, ਸ਼ਹਾਦਤ ਦੇ ਵਿਵਹਾਰਕ ਵਰਤਾਰੇ ਵਲ ਵਧੇਰੇ ਕੇਂਦਰਿਤ ਰਿਹਾ ਹੈ। ਸਿਖ ਪਰੰਪਰਾ ਵਿਚ ਹੋਈਆਂ ਗੁਰ-ਸ਼ਹਾਦਤਾਂ ਸਾਹਿਤਕ ਅਤੇ ਇਤਿਹਾਸ ਦੇ ਲਕੀਰੀ ਪਾਸਾਰ ਵਾਲੇ ਚਿੰਤਨ ਦੇ ਨੁਕਤੇ ਤੋਂ ਹੀ ਪੇਸ਼ ਕੀਤੇ ਜਾਣ ਕਾਰਨ, ਇਹਨਾਂ ਸ਼ਹਾਦਤਾਂ ਦੇ ਅਨੁਭਵਮਈ ਅਤੇ ਗਿਆਨਾਤਮਕ ਪੱਖ ਸਿਧਾਂਤਕ ਰੂਪ ਵਿਚ ਸਥਾਪਿਤ ਨਹੀਂ ਹੋ ਸਕੇ। ਸਿਖ-ਅਕਾਦਮਿਕਤਾ ਵਿਚ ਸ਼ਹਾਦਤ ਸੰਬੰਧੀ ਚਿੰਤਨ ਦੀ ਦਿਸ਼ਾ ਇਤਿਹਾਸ ਦੇ ਵਿਰੋਧਾਮਈ ਪੱਖ ਵਲ ਉਲਾਰੂ ਰਹੀ ਹੈ ਅਤੇ ਪੰਜਾਬੀ ਚਿੰਤਨ-ਦ੍ਰਿਸ਼ਟੀ ਵੀ ਸ਼ਹਾਦਤ ਸੰਬੰਧੀ ਕੋਈ ਨਵੀਂ ਦਿਸ਼ਾ ਖੋਜਣ ਦੀ ਥਾਂ, ਰਾਜਨੀਤਿਕ ਅਤੇ ਸਮਾਜਿਕ ਸੰਦਰਭ ਦੇ ਘੇਰੇ ਵਿਚ ਰਖ ਕੇ ਹੀ ਅਧਿਐਨ ਕਰਦੀ ਰਹੀ, ਜਿਸ ਨਾਲ 'ਹਿੰਦ ਦੀ ਚਾਦਰ' ਦਾ ਸੰਕਲਪ ਵੀ ਸੀਮਤ ਅਰਥਾਂ ਵਿਚ ਸਥਾਪਿਤ ਹੋ ਗਿਆ। ਇਸ ਕਰਕੇ ਨਿਸਚਿਤ ਵਰਗਾਂ ਵਲੋਂ ਇਕ ਵਰਗ ਨੂੰ ਨੀਵਾਂ ਵਿਖਾਉਣ ਦੀ ਰਾਜਨੀਤੀਕ ਰੁਚੀ ਲਗਾਤਾਰ ਰਹਿੰਦੀ ਹੈ। ਬਿਹਾਰ ਪ੍ਰਾਂਤ ਦੇ ਵਾਸੀਆਂ ਅੰਦਰ ਗੁਰੂ ਤੇਗ ਬਹਾਦਰ ਜੀ ਨੂੰ ਪਿਤਾ ਰੂਪ ਜਾਨਣ ਦਾ ਅਨੁਭਵ ਪਿਆ ਹੋਇਆ ਹੈ, ਜੋ 'ਹਿੰਦ ਦੀ ਚਾਦਰ' ਦੇ ਵਰਤਾਰੇ ਨੂੰ ਧਰਮ ਦੇ 'ਸਗਲ ਅਨੁਭਵ' ਦੀ ਵਿਧੀ ਰਾਹੀਂ ਸਮਝਣ ਨਾਲ ਪ੍ਰਗਟ ਹੁੰਦਾ ਹੈ। ਇਤਿਹਾਸਕ ਅਧਿਐਨ ਤੋਂ ਪ੍ਰਾਪਤ ਤੱਥ ਦੀ ਲਕੀਰੀ ਸਮਝ 'ਤੇ ਆਧਾਰਿਤ ਨਤੀਜੇ, ਗੁਰੂ ਸਾਹਿਬ ਦੀ ਸ਼ਹਾਦਤ ਦੇ ਮੂਲ ਅਨੁਭਵ ਦਾ ਅਨੁਸਰਣ ਕਰਨ ਲਈ ਸੀਮਤ ਹਨ। ਇਸ ਲਈ ਗੁਰੂ ਸਾਹਿਬ ਦੀ ਸ਼ਹਾਦਤ ਨੂੰ, ਇਤਿਹਾਸ ਦੇ ਇਕਿਹਰੇ ਨੇਮਾਂ ਤੋਂ ਬਾਹਰ ਜਾ ਕੇ ਦੇਖਿਆ ਜਾਣਾ ਜ਼ਰੂਰੀ ਹੈ। ਇਸ ਪਰਚੇ ਦਾ ਉਦੇਸ਼ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਪਰਾ-ਇਤਿਹਾਸਕ ਅਧਿਐਨ ਤੋਂ ਸਮਝਣਾ ਹੈ, ਜਿਸ ਕਾਰਨ ਪਰਚੇ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਸ਼ਹਾਦਤ ਸ਼ਬਦ ਦੇ ਮੂਲ ਤੇ ਵਿਕਾਸ ਬਾਰੇ ਸੰਖੇਪ ਚਰਚਾ ਕੀਤੀ ਹੈ। ਦੂਸਰੇ ਭਾਗ ਵਿਚ ਸਿਖ ਸੰਦਰਭ ਦੇ ਨੁਕਤੇ ਤੋਂ ਇਤਿਹਾਸ ਤੇ ਪਰਾ-ਇਤਿਹਾਸ ਸੰਬੰਧੀ ਦਿਸ਼ਾ ਨੂੰ ਸੂਤਰਬਧ ਕਰਨ ਦਾ ਯਤਨ ਕੀਤਾ ਹੈ ਅਤੇ ਤੀਸਰੇ ਭਾਗ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਪਰਾ-ਇਤਿਹਾਸ ਪਹੁੰਚ ਵਿਧੀ ਰਾਹੀਂ ਸਮਝਣ ਦਾ ਯਤਨ ਕੀਤਾ ਗਿਆ ਹੈ।

'ਸ਼ਹਾਦਤ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਗਵਾਹੀ ਹਨ ਭਾਵ ਕਿਸੇ ਸਚ ਜਾਂ ਸਚੀ ਘਟਨਾ ਨੂੰ ਪ੍ਰਮਾਣਿਤ ਕਰਨ ਲਈ ਦਿਤੀ ਗਵਾਹੀ। ਹਰਭਜਨ ਸਿੰਘ ਅਨੁਸਾਰ "ਰਬ ਆਪਣੇ ਕੌਤੁਕਾਂ ਰਾਹੀਂ ਪੈਗ਼ੰਬਰਾਂ ਦੀ ਮਾਰਫਤ ਮਨੁਖਤਾ ਦੀ ਅਗਵਾਈ ਕਰਦਾ ਹੈ। ਮਨੁਖਤਾ ਦੀ ਅਗਵਾਈ ਵਾਸਤੇ ਪ੍ਰਗਟ ਹੋਣ ਵਾਲੇ ਰਬ ਦੇ ਦੈਵੀ ਕੌਤੁਕਾਂ ਦੀ ਸਤਤਾ ਨੂੰ ਪ੍ਰਮਾਣਿਤ ਕਰਕੇ ਉਨ੍ਹਾਂ ਨੂੰ 'ਪੁਨੀਤ ਇਤਿਹਾਸ' ਦਾ ਦਰਜਾ ਦੇਣ ਵਾਸਤੇ ਦਿਤੀ ਗਵਾਹੀ ਸ਼ਹਾਦਤ ਹੈ"। ਨਿਸਚਿਤ ਤੌਰ 'ਤੇ ਸ਼ਹਾਦਤ ਦੀ ਇਹ ਪ੍ਰੀਭਾਸ਼ਾ ਸਾਮੀ ਪਰੰਪਰਾਵਾਂ ਨੂੰ ਧਿਆਨ ਵਿਚ ਰਖ ਕੇ ਦਿਤੀ ਗਈ ਹੈ, ਕਿਉਂਕਿ ਸਾਮੀ ਧਰਮਾਂ ਵਿਚ ਘਟਿਤ ਅਨੇਕਾਂ ਘਟਨਾਵਾਂ ਵਿਚ ਕਿਸੇ ਰਬੀ/ਦੈਵੀ ਕੌਤਕ ਨੂੰ ਦੇਖ ਕੇ, ਸੰਬੰਧਿਤ ਵਿਅਕਤੀ ਇਸ ਗਲ ਦੀ ਗਵਾਹੀ ਭਰਦਾ ਸੀ ਕਿ ਉਸ ਨੇ ਇਹ ਕੌਤੁਕ ਆਪਣੀ ਅੱਖੀਂ ਦੇਖਿਆ ਹੈ।

ਭਾਰਤੀ ਪਰੰਪਰਾ ਵਿਚ 'ਸ਼ਹੀਦ/ਸ਼ਹਾਦਤ' ਸ਼ਬਦ ਇਸਲਾਮ ਦੇ ਭਾਰਤ ਆਉਣ ਨਾਲ ਪ੍ਰਚਲਿਤ ਹੋਇਆ ਸੀ ਪਰੰਤੂ ਵਿਸ਼ੇਸ਼ ਤੌਰ ਤੇ ਸਿਖ ਪਰੰਪਰਾ ਵਿਚ ਇਸ ਸ਼ਬਦ ਨੂੰ ਵਧੇਰੇ ਮਕਬੂਲਤਾ ਮਿਲੀ। ਭਾਵੇਂ ਕਿ ਬਾਅਦ ਵਿਚ ਇਸ ਸ਼ਬਦ ਦਾ ਪ੍ਰਚਲਨ ਪੂਰੇ ਭਾਰਤ ਵਿਚ ਹੋ ਗਿਆ ਸੀ ਪਰੰਤੂ ਸਿਖ ਪਰੰਪਰਾ ਦੇ ਇਸ ਸ਼ਬਦ ਨੂੰ ਗ੍ਰਹਿਣ ਕਰਨ ਤੋਂ ਪਹਿਲਾ, ਭਾਰਤੀ ਪਰੰਪਰਾ ਵਿਚ ਇਸ ਦਾ ਜ਼ਿਕਰ ਨਾ ਦੇ ਬਰਾਬਰ ਹੀ ਸੀ। ਗੁਰਬਚਨ ਸਿੰਘ ਤਾਲਿਬ ਅਨੁਸਾਰ "ਇਹ ਸੰਦੇਹਪੂਰਣ ਹੈ ਕਿ ਭਾਰਤ ਵਿਚ ਸਿਖਾਂ ਤੋਂ ਪਹਿਲਾਂ ਕਿਸੇ ਹੋਰ ਗੈਰ ਮੁਸਲਿਮ ਕੌਮ ਨੇ ਇਸ ਸੰਕਲਪ ਨੂੰ ਅਪਣਾਇਆ ਹੋਵੇ। ਸਿਖ ਕੌਮ ਵਲੋਂ ਇਸ ਸੰਕਲਪ ਨੂੰ ਅਪਣਾ ਲੈਣ ਪਿਛੋਂ ਧਰਮ ਦੀ ਖਾਤਿਰ ਅਤੇ ਬਰਤਾਨਵੀਂ ਰਾਜ ਦੇ ਵਿਰੁਧ ਦੇਸ਼ ਭਗਤੀ ਦੀ ਲਹਿਰ ਦੌਰਾਨ ਦਿਤੀਆਂ ਕੁਰਬਾਨੀਆਂ ਦੇ ਜ਼ਿਕਰ ਲਈ ਸ਼ਹਾਦਤ ਪਦ ਦੀ ਵਰਤੋਂ ਆਮ ਹੋ ਗਈ"। ਸਨਾਤਨ ਪਰੰਪਰਾ ਵਿਚ ਇਸ ਸੰਬੰਧੀ ਕੁਰਬਾਨੀ, ਬਲੀਦਾਨ ਸ਼ਬਦ ਵਧੇਰੇ ਪ੍ਰਚਲਿਤ ਰਹੇ ਸਨ ਅਤੇ ਜੈਨ ਤੇ ਬੁਧ ਪਰੰਪਰਾਵਾਂ ਅਹਿੰਸਾਵਾਦੀ ਬਿਰਤੀ ਦੇ ਧਾਰਨੀ ਹੋਣ ਕਾਰਨ 'ਸ਼ਹਾਦਤ' ਸ਼ਬਦ ਇਨ੍ਹਾਂ ਦੋਹਾਂ ਪਰੰਪਰਾਵਾਂ ਵਿਚ ਅਪ੍ਰਚਲਿਤ ਹੀ ਰਿਹਾ ਸੀ। ਜਸਬੀਰ ਸਿੰਘ ਆਹਲੂਵਾਲੀਆ ਨੇ ਸਨਾਤਨ ਪਰੰਪਰਾ ਵਿਚ ਸ਼ਹਾਦਤ ਦੇ ਸੰਕਲਪ ਦੀ ਅਣਹੋਂਦ ਦਾ ਕਾਰਨ, ਇਸ ਦੀ ਅਨੁਸਾਰੀ ਤੇ ਉਦਾਸੀਨ ਬਿਰਤੀ ਦਾ ਹੋਣਾ ਦਸਿਆ ਹੈ। ਸਨਾਤਨ ਪਰੰਪਰਾ ਆਪਣੇ ਵਿਰੁਧ ਕਿਸੇ ਨਵੀਂ ਚੁਣੋਤੀ ਨੂੰ ਆਪਣੇ ਅੰਦਰ

ਜਜ਼ਬ ਕਰ ਕੇ ਆਪਣੇ ਅਨੁਸਾਰੀ ਬਣਾਉਣ 'ਤੇ ਕੇਂਦਰਿਤ ਰਹੀ ਹੈ ਅਤੇ ਆਪਣੇ ਤੋਂ ਬਲਵਾਨ ਧਿਰ ਪ੍ਰਤੀ ਅਜਿਹਾ ਕਰਨ ਦੀ ਅਸਮਰਥਾ ਤੇ ਸਿਖ ਪੰਥ ਵਾਂਗ ਅਜਿਹੀ ਧਿਰ ਵਿਰੁਧ ਮੁਕੰਮਲ ਵਿਦਰੋਹੀ ਨੀਤੀ ਦੀ ਅਣਹੋਂਦ ਨੇ ਸਨਾਤਨ ਪਰੰਪਰਾ ਨੂੰ ਸ਼ਹਾਦਤਾਂ ਤੋਂ ਵਾਝੇਂ ਰਖਿਆ ਹੈ। ਸ਼ਹਾਦਤ ਦੇ ਸੰਕਲਪ ਨੂੰ ਸਿਰਫ ਰਾਸ਼ਟਰ ਪ੍ਰੇਮ ਹਿਤ ਕੀਤੀ ਕੁਰਬਾਨੀ ਤਕ ਹੀ ਸੀਮਤ ਕਰ ਕੇ ਨਹੀਂ ਸਮਝਿਆ ਜਾ ਸਕਦਾ, ਕਿਉਂਕਿ ਦੇਸ਼ ਪ੍ਰੇਮ ਜਾਂ ਰਾਸ਼ਟਰ ਪ੍ਰੇਮ ਹਿਤ ਕੀਤੀ ਕੁਰਬਾਨੀ ਪਿਛੇ ਲੁਪਤ ਭਾਵਨਾ ਹਦਬੰਦੀ ਦਾ ਸ਼ਿਕਾਰ ਹੋਣ ਕਾਰਨ ਸਮੁਚੀ ਮਾਨਵਤਾ ਦੇ ਦਰਦ ਨੂੰ ਆਪਣੇ ਕਲਾਵੇ ਵਿਚ ਲੈਣ ਦੇ ਅਸਮਰਥ ਹੈ ਜਦਕਿ ਸ਼ਹਾਦਤ ਦਾ ਆਸ਼ਾ ਸਮੁਚੀ ਮਾਨਵਤਾ ਦੇ ਦਰਦ ਨੂੰ ਆਪਣੀ ਅੰਤ੍ਰੀਵੀ-ਬਾਹਰੀ ਚੇਤਨਾ ਦਾ ਹਿਸਾ ਮੰਨਦਾ ਹੋਇਆ, ਮਾਨਵੀ ਹਿਤਾਂ ਦੀ ਰਾਖੀ ਲਈ ਵਚਨਬਧਤਾ ਪੇਸ਼ ਕਰਦਾ ਹੈ।

ਭਾਰਤ ਵਿਚ ਸਿਖ ਸ਼ਹਾਦਤਾਂ ਰਾਹੀਂ ਇਸ ਸ਼ਬਦ ਨੇ ਨਵੇਂ ਅਰਥਾਂ ਵਿਚ ਪ੍ਰਵੇਸ਼ ਕੀਤਾ ਸੀ। ਸਿਖ ਸ਼ਹਾਦਤ ਦਾ ਆਸ਼ਾ ਬ੍ਰਹਿਮੰਡੀ ਅਨੁਭਵ ਹੈ, ਜਿਸ ਪਿਛੇ ਕੰਮ ਕਰ ਰਹੀ ਚੇਤਨਾ ਅਧਿਆਤਮਕ ਤੇ ਧਰਮ ਦੇ ਆਦਰਸ਼ਾਂ ਅਨੁਸਾਰੀ ਹੈ। ਸਿਖੀ ਵਿਚ ਸ਼ਹਾਦਤ ਦੇ ਵਿਵਹਾਰਿਕਤਾ ਵਿਚ ਆਉਣ ਤੋਂ ਪੂਰਵ ਗੁਰਬਾਣੀ ਵਿਚ 'ਪਹਿਲਾ ਮਰਣਿ ਕਬੂਲਿ ਜੀਵਨ ਕੀ ਛਡਿ ਆਸ'; '……ਸਿਰ ਦੀਜੈ ਕਾਣਿ ਨਾ ਕੀਜੈ'; 'ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ; 'ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ' ਆਦਿ ਵਚਨਾਂ ਰਾਹੀਂ ਸਰੀਰਿਕ ਮੌਤ ਦਾ ਡਰ ਦੂਰ ਕਰਕੇ, ਸਿਧਾਂਤਕ ਧਰਾਤਲ ਸਿਰਜਿਆ ਜਾ ਚੁਕਾ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਿਖੀ ਵਿਚ ਸ਼ਹਾਦਤ ਦਾ ਸਫਰ ਆਰੰਭ ਹੁੰਦਾ ਹੈ, ਜਿਸ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਨਵਾਂ ਮੋੜ ਦਿਤਾ। ਗੁਰਭਗਤ ਸਿੰਘ ਨੇ ਇਹਨਾਂ ਸ਼ਹਾਦਤਾਂ ਨੂੰ ਉਦਾਤ ਸ਼ਹਾਦਤ ਕਿਹਾ ਹੈ ਤੇ ਇਨ੍ਹਾਂ ਨੂੰ ਕੇਵਲ ਇਤਿਹਾਸਕ ਤੱਥਾਂ ਨਾਲ ਜੋੜ ਕੇ ਦੇਖਣ ਨੂੰ ਸੀਮਤ ਦ੍ਰਿਸ਼ਟੀਕੋਣ ਮੰਨਿਆ ਹੈ ਕਿਉਂਕਿ ਇਨ੍ਹਾਂ ਸ਼ਹਾਦਤਾਂ ਪਿਛੇ ਕੰਮ ਕਰ ਰਹੀ ਚੇਤਨਤਾ ਦਾ ਵਿਸ਼ਾਲ ਦਾਇਰਾ ਇਤਿਹਾਸ ਦੇ ਰੇਖਕੀ ਪਰਿਪੇਖ ਤੋਂ ਕਿਤੇ ਅਗਾਂਹ ਤਕ ਫੈਲਿਆ ਹੋਇਆ ਹੈ।

ਪਰਚੇ ਦੇ ਇਸ ਭਾਗ ਵਿਚ ਇਤਿਹਾਸ ਤੇ ਪਰਾ-ਇਤਿਹਾਸ ਨੂੰ ਸਿਖ-ਚਿੰਤਕਾਂ ਦੀ ਦ੍ਰਿਸ਼ਟੀ ਤੋਂ ਸੂਤਰਬਧ ਕਰਨ ਦਾ ਯਤਨ ਕੀਤਾ ਹੈ। ਇਤਿਹਾਸ ਦਾ ਸੰਬੰਧ ਬੀਤ ਚੁਕੇ ਸਮੇਂ ਵਿਚ ਵਾਪਰੀਆਂ ਘਟਨਾਵਾਂ ਨਾਲ ਹੁੰਦਾ ਹੈ। ਇਤਿਹਾਸਕਾਰ ਆਪਣੀ ਤਰਕਯੁਕਤ ਬੁੱਧੀ ਨਾਲ ਇਨ੍ਹਾਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਇਨ੍ਹਾਂ ਘਟਨਾਵਾਂ ਦੇ ਵਿਸ਼ਲੇਸ਼ਣ ਲਈ ਤੱਥਾਂ ਉਪਰ ਨਿਰਭਰ ਕਰਦਾ ਹੈ। ਇਨ੍ਹਾਂ ਤੱਥਾਂ ਦਾ ਗੂੜ ਅਧਿਐਨ ਕਰਨ ਤੋਂ ਬਾਅਦ ਜੋ ਸਿਟੇ ਨਿਕਲਦੇ ਹਨ, ਉਹ ਉਸ ਸਮੇਂ ਦਾ ਇਤਿਹਾਸ ਬਣ ਜਾਂਦਾ ਹੈ। ਈ. ਐਚ ਕਾਰ ਆਪਣੀ ਰਚਨਾ 'ਇਤਿਹਾਸ ਕੀ ਹੈ' ਵਿਚ ਇਤਿਹਾਸ ਲਿਖਣ ਲਈ ਤੱਥਾਂ ਉਪਰ ਵਿਸ਼ੇਸ਼ ਜ਼ੋਰ ਦਿੰਦਾ ਹੈ ਪਰ ਇਸ ਤੋਂ ਵੀ ਜ਼ਿਆਦਾ ਉਹ ਤੱਥਾਂ ਦੀ ਭਰੋਸੇਯੋਗਤਾ ਉਪਰ ਵਿਸ਼ਵਾਸ ਕਰਦਾ ਹੈ। ਉਹ ਲਿਖਦਾ ਹੈ ਕਿ "ਇਤਿਹਾਸ, ਇਤਿਹਾਸਕਾਰ ਅਤੇ ਤੱਥਾਂ ਦਰਮਿਆਨ ਚੱਲਣ ਵਾਲੀ ਅੰਤਰ ਕਿਰਿਆ ਦੀ ਨਿਰੰਤਰ ਪ੍ਰਕਿਰਿਆ ਦਾ ਨਾਮ ਹੈ। ਇਹ ਅਤੀਤ ਅਤੇ ਵਰਤਮਾਨ ਵਿਚਕਾਰ ਕਦੇ ਨਾ ਖਤਮ ਹੋਣ ਵਾਲਾ ਸੰਵਾਦ ਹੈ"। ਇਤਿਹਾਸਕਾਰ, ਇਤਿਹਾਸ ਵਿਚ ਆਪਣੇ ਵਿਚਾਰ ਪੇਸ਼ ਨਹੀਂ ਕਰਦਾ ਅਤੇ ਨਾ ਹੀ ਕਰ ਸਕਦਾ ਹੈ।

ਇਸ ਪਰਚੇ ਵਿਚ ਅਸੀਂ ਪਰਾ-ਇਤਿਹਾਸ ਸ਼ਬਦ ਨੂੰ ਪਰਾ-ਭੌਤਿਕ ਸ਼ਬਦ ਦੇ ਸੰਦਰਭ ਵਿਚ ਰਖ ਕੇ ਸਮਝਣ ਦਾ ਯਤਨ ਕੀਤਾ ਹੈ। ਪਰਾ-ਭੌਤਿਕਤਾ ਦੀ ਹਾਲਤ ਨੂੰ ਭਾਈ ਵੀਰ ਸਿੰਘ ਦੇ ਇਨ੍ਹਾਂ ਸ਼ਬਦਾਂ ਤੋਂ ਵੀ ਸਮਝਿਆ ਜਾ ਸਕਦਾ ਹੈ ਕਿ "ਅਸਾਂ ਜੋ ਆਪਣੇ ਗਿਆਨ ਇੰਦ੍ਰਿਆਂ ਦੀ ਹੱਦ ਨੂੰ, ਗਿਆਨ ਦੀ ਹੱਦ ਮੰਨ ਲਿਆ ਹੈ, ਗਲਤ ਹੈ। ਇਹ ਹਦ ਤਾਂ ਹੈ, ਪਰ 'ਸਾਡੇ ਗਿਆਨ ਇੰਦ੍ਰਿਆ ਦੀ ਹੱਦ ਹੈ, ਜੋ ਕੁਝ ਸੱਚੀ ਮੁਚੀ ਹੈ, ਚਾਹੇ ਅੱਗੇ ਯਾ ਪਰੇ ਹੈ ਅੰਤਰਿਗਤ ਕਿਤੇ ਹੈ, ਇਹ ਹੱਦ ਉਸ ਦੀ ਹੱਦ ਨਹੀਂ ਹੈ"। ਹਿੰਮਤ ਸਿੰਘ ਨੇ ਦਰਸ਼ਨ, ਇਤਿਹਾਸ, ਭੌਤਿਕ-ਵਿਗਿਆਨ ਆਦਿ ਪਦਾਂ ਨੂੰ ਮਨੁਖ ਦੀਆਂ ਕਾਰਨਯੁਕਤ ਸੰਭਾਵਨਾਵਾਂ ਨਾਲ ਸੰਬੰਧਿਤ ਪਰ ਪਰਾ-ਦਰਸ਼ਨ, ਪਰਾ-ਇਤਿਹਾਸ, ਪਰਾ-ਭੌਤਿਕ ਆਦਿ ਪਦਾਂ ਨੂੰ ਮਨੁਖੀ ਅੰਤ੍ਰੀਵ ਚੇਤਨਾ ਦਾ ਪ੍ਰਗਟਾਵਾ ਮੰਨਿਆ ਹੈ। ਪਰਾ ਸ਼ਬਦ ਇਨ੍ਹਾਂ ਸ਼ਬਦਾ ਦੀ ਸੀਮਤਾ ਨੂੰ ਤੋੜ ਕੇ, ਇਨ੍ਹਾਂ ਸ਼ਬਦਾਂ ਦਾ ਬ੍ਰਹਿਮੰਡੀਕਰਨ ਕਰਦਾ ਹੈ, ਜਿਸ ਕਰਕੇ ਇਹ ਸ਼ਬਦ ਇਸ ਦਿਸਦੇ ਜਗਤ ਤੋਂ ਪਾਰ ਕਿਸੇ ਅਣਦਿਸਦੇ ਜਗਤ ਨੂੰ ਪ੍ਰਸਤੁਤ ਕਰਦੇ ਹਨ। ਇਸ ਲਈ ਪਰਾ-ਇਤਿਹਾਸਕ ਸ਼ਬਦ ਇਤਿਹਾਸ ਦੇ ਨਿਯਮਾਂ ਦੀ ਘੇਰਾਬੰਦੀ ਤੋਂ ਬਾਹਰ ਚਲਾ ਜਾਂਦਾ ਹੈ। ਇਸ ਲਈ ਪਰਾ-ਇਤਿਹਾਸ ਵੀ ਸਾਡੇ ਗਿਆਨ ਇੰਦ੍ਰਰਿਆਂ ਦੀ ਹੱਦ ਵਿਚ ਲਿਖੇ ਇਤਿਹਾਸ ਤੋਂ ਪਾਰ ਜਾ ਕੇ ਲਿਖਿਆ ਗਿਆ ਇਤਿਹਾਸ ਹੁੰਦਾ ਹੈ।

ਭਾਈ ਵੀਰ ਸਿੰਘ ਦੁਆਰਾ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਲਿਖੀ ਲੰਮੀ ਭੂਮਿਕਾ ਵਿਚ ਵੀ ਇਤਿਹਾਸ ਤੇ ਇਤਿਹਾਸਕਾਰ

ਦੀਆਂ ਸੀਮਾਵਾਂ ਨੂੰ ਵਿਸਥਾਰਿਤ ਦ੍ਰਿਸ਼ਟੀਗੋਚਰ ਕਰਦੇ ਹਨ ਭਾਂਵੇ ਕਿ ਉਹ ਇਤਿਹਾਸ ਦੀ ਆਪਣੀ ਵਿਸ਼ੇਸ਼ ਭੂਮਿਕਾ ਤੋਂ ਵੀ ਇਨਕਾਰੀ ਨਹੀਂ ਹਨ ਪਰੰਤੂ ਇਤਿਹਾਸ ਅਤੇ ਇਤਿਹਾਸਕਾਰ ਰੂਹਾਨੀ ਪੁਰਸ਼ਾਂ ਦੇ ਅੰਤ੍ਰੀਵ ਭਾਵ ਨੂੰ ਜਾਨਣ ਦੇ ਅਸਮਰਥ ਹੋਣ ਕਾਰਨ, ਭਾਈ ਵੀਰ ਸਿੰਘ ਨੇ ਨਿਰੇ ਇਤਿਹਾਸਕ ਵਾਕਿਆ ਨੂੰ ਸਿਖ ਈਮਾਨ ਦੀ ਟੇਕ ਨਹੀਂ ਮੰਨਿਆ। ਉਹ ਲਿਖਦੇ ਹਨ ਕਿ "ਕਾਰਨ ਕੁਝ ਇਸ ਤਰਾਂ ਜਾਪਦਾ ਹੈ ਕਿ ਜਗਤ ਕਲਾਧਾਰੀ ਦੇ ਪਰਸੁਆਰਥ ਦੇ ਪ੍ਰਯੋਜਨ ਅਥਵਾ ਉਸ ਦੇ ਅੰਦਰਲੇ ਟਿਕਾਉ ਤੇ ਉਚੇ ਆਸ਼ੇ ਨੂੰ ਨਹੀਂ ਲਖਦਾ। ਰੂਹਾਨੀ ਔਜ਼ ਵਾਲੇ ਗਰਜ਼ ਦੀ ਥਾਂ ਬੇਗਰਜ਼ੀ ਤੇ ਪਰਸੁਆਰਥ ਵਿਚ ਜੀਉਂਦੇ ਹਨ। ਉਹਨਾਂ ਦਾ ਅੰਦਰਲਾ ਭਾਵ ਦੁਖਾਂ ਸੁਖਾਂ ਤੋਂ ਕੋਈ ਉਚੇਰੀ ਟੇਕ ਧਾਰਦਾ ਹੈ। ......ਇਤਿਹਾਸਕਾਰ ਬੀ ਜਗਤ ਵਿਚੋਂ ਹੀ ਹੁੰਦਾ ਹੈ। ਉਸ ਦਾ ਦਿਲ ਕਲਾਧਾਰੀ ਦੇ ਅੰਦਰਲੇ ਨੂੰ ਤੇ ਉਸ ਦੇ ਪ੍ਰਯੋਜਨ ਨੂੰ ਸਮਝਣ ਵਲੋਂ ਵਧੇਰੇ ਅਰੁਚੀ ਵਿਚ ਹੁੰਦਾ ਹੈ ਤੇ ਉਸ ਦੇ ਨਾਲ ਕਰਾਮਾਤਾਂ ਦੀਆਂ ਰਵਾਇਤਾਂ ਸੁਣਕੇ ਵਧੇਰੇ ਸੰਸੇ ਵਿਚ ਪੈ ਜਾਂਦਾ ਹੈ। ਸੋ ਅਕਸਰ ਵਿਗਿਯਾਨਿਕ ਇਤਿਹਾਸਕਾਰ ਜਾਣੇ ਜਾਂ ਅਣਜਾਣੇ ਅੰਨਯਾਯ ਕਰ ਗਏ ਹਨ"। ਉਪਰੋਕਤ ਕਥਨ ਭਾਈ ਸੰਤੋਖ ਸਿੰਘ ਰਚਿਤ ਸੂਰਜ ਪ੍ਰਕਾਸ਼ ਗ੍ਰੰਥ ਦੇ ਕੇਵਲ ਇਤਿਹਾਸਕ ਗ੍ਰੰਥ ਨਾ ਹੋਣ ਭਾਵ ਪਰਾ-ਇਤਿਹਾਸਕ ਰੂਪ ਵਿਚ ਲਿਖੇ ਜਾਣ ਵਲ ਵੀ ਇਸ਼ਾਰਾ ਕਰਦਾ ਹੈ।

ਪ੍ਰੋ. ਪੂਰਨ ਸਿੰਘ ਇਤਿਹਾਸ/ਇਤਿਹਾਸਕਾਰਾਂ ਸੰਬੰਧੀ ਸਖਤ ਟਿਪਣੀ ਰਾਹੀਂ, ਆਪਣੇ ਆਪ ਨੂੰ ਇਤਿਹਾਸ ਦੀ ਘੇਰੇਬੰਦੀ ਤੋਂ ਦੂਰ ਖੜਾ ਕਰ ਲੈਂਦੇ ਹਨ ਅਤੇ ਨਿਰੋਲ ਤੱਥਾਂ 'ਤੇ ਆਧਾਰਿਤ ਰਹਿ ਕੇ ਕਿਸੇ ਵਰਤਾਰੇ ਦੀ ਵਿਆਖਿਆ ਕਰਨ ਵਾਲੇ ਇਤਿਹਾਸਕਾਰਾਂ ਬਾਰੇ ਸਖ਼ਤ ਸ਼ਬਦ ਲਿਖਦੇ ਹਨ : "ਅਨਿੱਜੀ ਘਟਨਾਵਾਂ ਜਾਂ ਵਿਕਲੌਤਰੇ ਤੱਥ ਜਿਨ੍ਹਾਂ ਨੂੰ ਸਾਡੇ ਇਹ ਅਨੋਖੇ ਇਤਿਹਾਸਕਾਰ ਬੜੇ ਕੀਮਤੀ ਸਮਝਦੇ ਸਨ, ਵਾਸਤਵ ਵਿਚ ਯਤੀਮ ਤੇ ਵਿਚਾਰੇ ਹਨ। ਜੇ ਇਤਿਹਾਸਕਾਰ ਇਹਨਾਂ ਨੂੰ ਅਪਣੀ ਉਤਸਕ ਭਾਵਨਾ ਦੇ ਕਾਰਨ ਨਾ ਸਾਂਭ ਲੈਂਦੇ ਤਾਂ ਇਹਨਾਂ ਨੇ ਆਪਣੀ ਮੌਤ ਆਪੇ ਹੀ ਮਰ ਜਾਣਾ ਸੀ, ਪਰ ਇਹ ਇਤਿਹਾਸਕਾਰ ਆਪ ਵੀ ਉਤਨੇ ਹੀ ਕੰਗਲੇ ਤੇ ਥੋਥੇ ਹੁੰਦੇ ਹਨ ਜਿਤਨੇ ਕਿ ਇਹਨਾਂ ਦੇ ਇਕੱਤਰ ਕੀਤੇ ਗਏ ਤੱਥ......ਪਰ ਆਤਮਾ ਵਿਚ ਘਟਦੇ ਵਰਤਾਰਿਆਂ ਬਾਰੇ ਤਾਂ ਸਾਡੀ ਪਹੁੰਚ ਹੋਰ ਵੀ ਕਠਿਨ ਹੁੰਦੀ ਹੈ। ਵਾਸਤਵ ਵਿਚ ਇਹ ਆਤਮਿਕ ਚੇਤਨਤਾ ਹੀ ਮਹਾਨ ਮਨੁੱਖਾਂ ਦੀ ਸਿਰਜਣ ਜਾਂ ਜਣਨੀ ਹੁੰਦੀ ਹੈ"।

ਸਿਰਦਾਰ ਕਪੂਰ ਸਿੰਘ 'ਮਾਲਵੇ ਦੇ ਸਫ਼ਰਾਂ ਦੀ ਸਾਖ਼ੀ ਪੋਥੀ' ਵਿਚ ਕੁਝ ਅਜਿਹਾ ਹੀ ਨਜ਼ਰੀਆ ਇਤਿਹਾਸ ਪ੍ਰਤੀ ਅਪਣਾਉਂਦੇ ਹੋਏ, ਇਤਿਹਾਸ ਦੇ ਦਾਇਰੇ ਤੋਂ ਬਾਹਰ ਵੀ ਬਹੁਤ ਕੁਝ ਵਾਪਰਨ ਵਲ ਇਸ਼ਾਰਾ ਕਰਦੇ ਹਨ ਅਤੇ ਇਸ ਗਲ ਪ੍ਰਤੀ ਖਿਝ ਵੀ ਪ੍ਰਗਟ ਕਰਦੇ ਹਨ ਕਿ ਪਛਮੀ ਵਿਦਵਾਨ ਜਿਨ੍ਹਾਂ ਖੋਜ ਵਿਧੀਆਂ, ਸਿਧਾਂਤਾਂ ਨੂੰ ਦੋ-ਤਿੰਨ ਸਦੀਆਂ ਹੰਢਾ ਕੇ, ਉਨ੍ਹਾਂ ਪ੍ਰਤੀ ਉਦਾਸੀਨ ਹੋ ਰਹੇ ਹਨ, ਪਰੰਤੂ ਸਾਡੇ ਖੋਜੀ ਵਿਦਵਾਨ ਬੜੇ ਚਾਅ ਤੇ ਦ੍ਰਿੜਤਾ ਨਾਲ ਉਨ੍ਹਾਂ ਨੂੰ ਅਪਣਾਉਂਦੇ ਤੇ ਪਹਿਰਾ ਦਿੰਦੇ ਹਨ। ਇਸ਼ਾਰਾ ਸਪਸ਼ਟ ਪਰੰਪਰਾ ਦੀ ਆਤਮਿਕ ਬਿਰਤੀ ਤੋਂ ਕਿਨਾਰਾ ਕਰਕੇ ਸਿਰਫ ਇਕਹਿਰੀਆਂ ਧਾਰਨਾਵਾਂ ਨੂੰ ਅਪਨਾਉਣ ਵਲ ਹੈ।

ਬਲਕਾਰ ਸਿੰਘ, ਗੁਰੂ ਸਾਹਿਬਾਨ ਨਾਲ ਸੰਬੰਧਿਤ ਵਰਤਾਰਿਆਂ ਨੂੰ ਪਾਰ-ਇਤਿਹਾਸਕ ਵਿਧੀ ਰਾਹੀਂ ਅਧਿਐਨ ਕਰਨ ਵਲ ਰੁਚਿਤ ਹੈ, ਜਿਸ ਲਈ ਉਹ ਭੱਟ ਬਾਣੀ, ਭਾਈ ਗੁਰਦਾਸ, ਭਾਈ ਨੰਦ ਲਾਲ ਆਦਿ ਦੇ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਹਵਾਲਿਆਂ ਨੂੰ ਪਾਰ-ਇਤਿਹਾਸਕ ਰੂਪ ਵਿਚ ਦੇਖਦੇ ਹਨ। ਉਹ ਇਤਿਹਾਸ ਦੁਆਰਾ ਹਰ ਦੈਵੀ ਗਲ ਨੂੰ ਮਿਥਹਾਸ ਸਮਝ ਕੇ ਨਕਾਰਨ ਕਰਕੇ ਇਤਿਹਾਸ ਦਾ ਦਾਇਰਾ ਸੀਮਤ ਮੰਨਦੇ ਹਨ। ਉਹ ਲਿਖਦੇ ਹਨ ਕਿ "ਇਤਿਹਾਸ ਤਾਂ ਪ੍ਰਾਪਤ ਤੱਥਾਂ ਨੂੰ ਸੰਭਾਲਣ ਦੀ ਇੰਦ੍ਰਿਆਵੀ ਵਿਧੀ ਹੋ ਜਾਂਦਾ ਹੈ ਅਤੇ ਇਸ ਦੇ ਵਰਤਾਰਿਆਂ ਅਤੇ ਵੇਰਵਿਆਂ ਨੂੰ ਉਸ ਤਰਾਂ ਅਡਿੱਗ ਅਤੇ ਅਡੋਲ ਨਹੀਂ ਸਮਝਿਆ ਜਾ ਸਕਦਾ, ਜਿਸ ਤਰਾਂ ਸਤਿ ਨਾਲ ਜੁੜੇ ਵਰਤਾਰਿਆਂ ਅਤੇ ਵੇਰਵਿਆਂ ਨੂੰ ਸਮਝਿਆ ਜਾਂਦਾ ਹੈ ਤੇ ਸਮਝਿਆ ਜਾਂਦਾ ਰਹੇਗਾ। ਇਤਿਹਾਸਕ ਪ੍ਰਸੰਗ ਵਿਚ ਇਕ ਨਾਇਕ ਹੁੰਦਾ ਹੈ ਅਤੇ ਪਾਰ-ਇਤਿਹਾਸਕ ਪ੍ਰਸੰਗ ਵਿਚ ਦਿੱਭ-ਨਾਇਕ ਹੁੰਦਾ ਹੈ"। ਉਪਰੋਕਤ ਚਰਚਾ ਤੋਂ ਇਸ ਗਲ ਦਾ ਭਲੀ ਭਾਂਤ ਅੰਦਾਜਾ ਹੋ ਜਾਂਦਾ ਹੈ ਕਿ ਰੂਹਾਨੀ ਮਹਾਂਪੁਰਸ਼ਾ ਦੇ ਜੀਵਨ ਨੂੰ ਸਿਰਫ ਇਕਹਿਰੇ ਇਤਿਹਾਸਕ ਤੱਥਾਂ 'ਤੇ ਆਧਾਰਿਤ ਰਹਿ ਕੇ ਕਲਮਬਧ ਨਹੀਂ ਕੀਤਾ ਜਾ ਸਕਦਾ, ਕਿਉਂਕਿ ਰੂਹਾਨੀ/ਅਧਿਆਤਮਕ ਮਹਾਂਪੁਰਸ਼ਾਂ ਦੇ ਜੀਵਨ ਵਿਚ ਘਟਦੇ ਵਿਸਮਾਦੀ ਤੇ ਰਹਸਪੂਰਨ ਵਰਤਾਰੇ ਸਿਰਫ ਇਤਿਹਾਸਕ ਤੱਥਾਂ ਦੇ ਮੁਹਤਾਜ ਨਹੀ ਸਗੋਂ ਪਾਰ-ਇਤਿਹਾਸਕ ਦ੍ਰਿਸ਼ਟੀ ਦੀ ਮੰਗ ਕਰਦੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ, ਵਿਸ਼ਵ ਇਤਿਹਾਸ ਵਿਚ ਹੋਈਆਂ ਸ਼ਹਾਦਤਾ ਵਿਚ ਨਿਵੇਕਲਾ ਸਥਾਨ ਹੈ। ਸ਼ਹਾਦਤ ਪਿਛੇ ਚਲ ਰਿਹਾ ਸਗਲ ਵਰਤਾਰਾ ਕਿਸੇ ਨਿਸਚਿਤ ਜਾਂ ਖਾਸ ਧਰਮ ਦੇ ਹਿਤਾਂ ਜਾਂ ਹੋਂਦ ਦੀ ਰਾਖੀ ਵਲ ਸੇਧਿਤ

ਨਾ ਹੋ ਕੇ, ਮਾਨਵੀ ਧਰਮ ਦੇ ਸਾਂਝੇ ਦਰਦ ਦੀ ਪੈਰਵਾਈ ਸੀ। ਇਤਿਹਾਸ ਦੀ ਤਵਾਰੀਖ ਵਿਚ ਅਜਿਹਾ ਸਾਕਾ ਪਹਿਲੀ ਵਾਰ ਹੋਇਆ ਸੀ, ਜਿਸ ਦੀ ਗਵਾਹੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ 'ਤੇਗ ਬਹਾਦਰ ਸੀ ਕਿਯ਼ਾ ਕਰੀ ਨ ਕਿਨਹੂੰ ਆਨ' ਕਹਿ ਕੇ ਭਰੀ ਹੈ।

ਗੁਰੂ ਸਾਹਿਬ ਦੀ ਸ਼ਹਾਦਤ ਪਿਛੇ ਅਜਿਹੀ ਨਿਰਭਉ-ਨਿਰਵੈਰ ਬਿਰਤੀ ਪ੍ਰਕਾਸ਼ਮਾਨ ਸੀ ਜੋ 'ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤਿ ਆਨਿ' ਦੇ ਆਸ਼ੇ 'ਤੇ ਕੇਂਦ੍ਰਿਤ ਸੀ। ਬਾਕੀ ਗੁਰੂ ਸਾਹਿਬਾਨ ਵਾਂਗ, ਗੁਰੂ ਤੇਗ ਬਹਾਦਰ ਜੀ ਦਾ ਮੁਗ਼ਲਈ ਸਲਤਨਤ ਨਾਲ ਵਿਰੋਧ, ਇਤਿਹਾਸ ਵਿਚ ਹੋਏ ਰਾਜੇ-ਮਹਾਂਰਾਜਿਆਂ/ਸ਼ਾਸਕਾਂ ਦੇ ਵਿਰੋਧ ਦੀ ਤਰਾਂ ਨਹੀਂ ਪਰੰਤੂ ਔਰੰਗਜੇਬ ਦੀਆਂ ਦੂਸਰੇ ਧਰਮ ਪ੍ਰਤੀ ਅਸਹਿਣਸ਼ੀਲ ਤੇ ਦਮਨਕਾਰੀ ਨੀਤੀਆਂ ਦਾ ਵਿਰੋਧ ਸੀ। ਪਰੰਤੂ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਿਰਫ ਇਤਿਹਾਸ ਦੇ ਇਕਹਿਰੇ ਪਰਿਪੇਖ ਵਿਚ ਨਹੀਂ ਸਮਝਣਾ ਚਾਹੀਦਾ ਕਿਉਂਕਿ ਇਤਿਹਾਸ ਰਾਸ਼ਟਰ ਪ੍ਰੇਮ ਹਿਤ ਕੀਤੀ ਕੁਰਬਾਨੀ ਦੇ ਭਾਵਾਂ ਨੂੰ ਆਪਣੀ ਲਿਖਤ ਵਿਚ ਸਮੇਟ ਸਕਦਾ ਹੈ ਪਰੰਤੂ ਗੁਰੂ ਸਾਹਿਬ ਦੀ ਸ਼ਹਾਦਤ ਦੇ ਨਿਰਭਉ, ਨਿਰਵੈਰ ਬਿਰਤੀ ਵਾਲੇ ਬ੍ਰਹਿਮੰਡੀ ਆਸ਼ੇ ਨੂੰ ਇਤਿਹਾਸ ਦੇ ਤੱਥਾਂ ਤਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਿਰਫ ਇਤਿਹਾਸਕ ਦ੍ਰਿਸ਼ਟੀ ਤੋਂ ਦੇਖਿਆਂ ਦੇਸ਼ ਪ੍ਰੇਮ ਦੇ ਸੀਮਤ ਦਾਇਰੇ ਅਧੀਨ ਰਹਿਣ ਕਾਰਨ ਸਿਖ-ਸ਼ਹਾਦਤ ਸੰਬੰਧੀ ਸੀਮਤ ਵਿਆਖਿਆ ਦੀ ਸੰਭਾਵਨਾ ਬਣੀ ਰਹਿੰਦੀ ਹੈ, ਜਦਕਿ ਗੁਰੂ ਸਾਹਿਬ ਦੀ ਸ਼ਹਾਦਤ ਸਮੁਚੀ ਮਾਨਵਤਾ ਦੇ ਦਰਦ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਗੁਰਭਗਤ ਸਿੰਘ ਨੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਕੇਵਲ ਇਤਿਹਾਸਕ ਤਥਾਂ ਵਲੋਂ ਵਿਕੇਂਦ੍ਰਿਤ ਕਰਕੇ, ਅਕਾਲ ਪੁਰਖ ਦੀ ਜੋਤ ਹੋ ਕੇ ਸ਼ਹੀਦ ਹੋਣ ਵਲ ਕੇਂਦ੍ਰਿਤ ਕੀਤਾ ਹੈ, ਜਿਸਨੂੰ ਸਿਖ ਸ਼ਹਾਦਤ ਦਾ ਨਿਵੇਕਲਾਪਣ ਵੀ ਦਸਿਆ ਹੈ ਤੇ ਇਤਿਹਾਸ ਨੂੰ ਮੋੜ ਦੇਣ ਦੇ ਸਮਰਥ ਵੀ। ਉਹ ਲਿਖਦੇ ਹਨ ਕਿ "ਜੋਤ ਹੋਣਾ ਅਤੇ ਜੋਤ ਦਾ ਸਾਖੀ ਬਣਨਾ ਪਰਮ ਰੌਸ਼ਨੀ ਦੇ ਹੀ ਦੋ ਪੱਖ ਹਨ। ......ਪਰਮ ਰੌਸ਼ਨੀ ਦੇ ਇਨ੍ਹਾਂ ਦੋਹਾਂ ਪੱਖਾਂ ਨੂੰ ਸਾਕਾਰ ਕਰਨਾ, ਸਫੋਦਿਤ ਕਰਨਾ, ਇਨ੍ਹਾਂ ਨਾਲ ਇਤਿਹਾਸ ਨੂੰ ਮੋੜਨਾ ਇਸ ਦੇ ਖਾਲੀਪਣ ਨੂੰ ਭਰਪੂਰ ਕਰਨਾ ਹੀ ਸਿਖ ਸ਼ਹਾਦਤ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੀ ਇਨ੍ਹਾਂ ਵੱਡੇ ਅਰਥਾਂ ਵਿਚ ਹੀ ਸਮਝਣੀ ਚਾਹੀਦੀ ਹੈ"।

ਗੁਰੂ ਸਾਹਿਬ ਦੀ ਸ਼ਹਾਦਤ ਨੂੰ ਕੇਵਲ ਇਤਿਹਾਸਕ ਦ੍ਰਿਸ਼ਟੀ ਰਾਹੀਂ ਦੇਖਣਾ ਅਸਲ ਵਿਚ ਸਿਖ ਗੁਰੂ-ਪਰੰਪਰਾ ਵਿਚ 'ਜੋਤਿ ਤੇ ਜੁਗਤਿ' ਦੇ ਸੰਕਲਪਕ ਵਰਤਾਰੇ ਤੋਂ ਅਭਿਜ ਰਹਿਣਾ ਵੀ ਹੈ, ਜਿਸ ਵਿਚ ਦੇਹ ਅਕੇਂਦ੍ਰਿਤ ਰਹਿਣ ਕਾਰਨ, ਜ਼ਿਆਦਾ ਮਹਤਵਪੂਰਨ ਨਹੀਂ ਹੈ। ਗੁਰੂ ਜੋਤਿ ਦਾ "ਜੋਤਿ ਓਹਾ ਜੁਗਤਿ ਸਾਇ......" ਹੋ ਕੇ ਦੂਸਰੇ ਗੁਰੂ ਵਿਚ ਪਲਟਣ ਦਾ ਰਹਸਮਈ ਵਰਤਾਰਾ ਦੇਹੀ ਸੀਮਾਵਾਂ ਤੋਂ ਪਰੇ ਹੈ। ਬਲਕਾਰ ਸਿੰਘ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਦੇਹ ਪ੍ਰਸੰਗ ਨੂੰ ਹਾਸ਼ੀਏ 'ਤੇ ਰਖ ਕੇ, ਬਦੇਹ ਪ੍ਰਸੰਗ ਨੂੰ ਕੇਂਦਰ ਵਿਚ ਰਖਦੇ ਹਨ ਕਿਉਂਕਿ ਉਹਨਾਂ ਅਨੁਸਾਰ ਗੁਰੂ ਦੇ ਬਦੇਹ ਪ੍ਰਸੰਗ ਵਿਚ ਦੇਹ ਪ੍ਰਸੰਗ ਸ਼ਾਮਿਲ ਰਹਿੰਦਾ ਹੈ। ਉਹ ਲਿਖਦੇ ਹਨ ਕਿ "ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਦੇਹੀ-ਸਰੋਕਾਰਾਂ ਦੇ ਖਾਤਮੇ ਤਕ ਮਹਿਦੂਦ ਕਰਕੇ ਵੇਖਣ ਦੀ ਇਤਿਹਾਸਕਤਾ ਨਾਲ ਸਿੱਖ-ਸ਼ਹੀਦੀ ਦੇ ਸੰਕਲਪੀ ਪ੍ਰਗਟਾਵੇ ਦੀ ਥਾਂ ਤੇ ਸ਼ਹੀਦੀ ਕਰਣ ਦਾ ਵਰਤਾਰਾ ਹੀ ਸਾਹਮਣੇ ਆਉਂਦਾ ਰਿਹਾ ਹੈ। ......ਗੁਰੂ ਸਾਹਿਬ ਵਾਸਤੇ ਸਰੀਰ, ਕੇਵਲ ਮਾਤਰ ਮਾਧਿਅਮ ਸੀ। ਜਿਸ ਜੋਤਿ ਅਤੇ ਜੁਗਤਿ ਦਾ ਸਰੀਰ ਮਾਧਿਅਮ ਸੀ, ਉਹ ਜੋਤਿ ਤਾਂ ਗੁਰੂ ਹਰਗੋਬਿੰਦ ਸਾਹਿਬ ਵਿਚ ਵਰਤ ਰਹੀ ਸੀ"। ਇਸੇ ਪ੍ਰਸੰਗ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੇਂ 'ਜੋਤਿ ਅਤੇ ਜੁਗਤਿ' ਗੁਰੂ ਗੋਬਿੰਦ ਰਾਏ ਵਿਚ ਵਰਤ ਰਹੀ ਸੀ। ਇਸ ਲਈ ਸ਼ਹੀਦੀ ਕਰਣ ਦੇ ਵਰਤਾਰੇ ਦੇ ਨਾਲ-ਨਾਲ ਗੁਰੂ ਸਾਹਿਬ ਦੀ ਸ਼ਹਾਦਤ ਦੇ ਸੰਕਲਪਕ ਵਰਤਾਰੇ ਦੀ ਸਮਝ ਅਤਿ ਮਹਤਵਪੂਰਨ ਹੈ ਅਤੇ ਫਿਰ '......ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ' ਦੀ ਰਮਜ਼ ਵੀ ਪਰਾ-ਇਤਿਹਾਸਕ ਦ੍ਰਿਸ਼ਟੀ ਰਾਹੀਂ ਸਮਝ ਪੈਣ ਦੀ ਵਧੇਰੇ ਸੰਭਾਵਨਾ ਹੈ।

ਹਵਾਲੇ


1. ਹਰਭਜਨ ਸਿੰਘ, ਸ਼ਹੀਦ ਅਤੇ ਸ਼ਹਾਦਤ: ਸੰਕਲਪਾਤਮਕ ਵਿਵੇਚਨ, ਪੰਨਾ 1.

2. Gurbachan Singh Talib, Publication Bureau Punjabi University, Patiala, 1979, p 180.

3. ਆਹਲੂਵਾਲੀਆ, ਜਸਬੀਰ ਸਿੰਘ, ਸਿਖ ਫ਼ਲਸਫ਼ੇ ਦੀ ਭੂਮਿਕਾ, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1976, ਪੰਨੇ 81-82.

4. ਗੁਰਭਗਤ ਸਿੰਘ, ਸ਼ਹਾਦਤ: ਗੌਰਵਸ਼ੀਲ ਇਤਿਹਾਸਕ ਦਖ਼ਲ, ਸਿੱਖ ਸ਼ਹਾਦਤ, 2004.

5.ਈ. ਐਚ. ਕਾਰ, ਇਤਿਹਾਸ ਕੀ ਹੈ, ਐਸ. ਡੀ. ਗਜ਼ਰਾਨੀ (ਅਨੁ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 1.

6.ਭਾਈ ਵੀਰ ਸਿੰਘ, ਗੁਰੂ ਨਾਨਕ ਚਮਤਕਾਰ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰਨਾ 2.

7.Himat isngh, Philosophical Essays : Contemplative Discourses on Meta-Pihlosphy and Meta-History, University Campus, Patiala, 1989, page ii .

8. ਪੂਰਨ ਸਿੰਘ, ਸਿੱਖੀ ਦੀ ਆਤਮਾ, ਕਿਰਪਾਲ ਸਿੰਘ ਕਸੇਲ (ਅਨੁ.), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014, ਪੰਨਾ 217.

9. ਕਪੂਰ ਸਿੰਘ, ਸਿਰਦਾਰ, ਮਾਲਵੇ ਦੇ ਸਫ਼ਰਾਂ ਦੀ ਸਾਖ਼ੀ ਪੋਥੀ, ਸ਼੍ਰੋ.ਗੁ.ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨੇ 35-37.

10.ਬਲਕਾਰ ਸਿੰਘ, ਦਸਮ ਪਾਤਸ਼ਾਹ ਹਜ਼ੂਰ ਦਾ ਪਾਰ-ਇਤਿਹਾਸਕ ਪ੍ਰਸੰਗ, ਪੰਨਾ 3.

11.ਗੁਰਭਗਤ ਸਿੰਘ, ਸ਼ਹਾਦਤ: ਗੌਰਵਸ਼ੀਲ ਇਤਿਹਾਸਕ ਦਖ਼ਲ, ਸਿੱਖ ਸ਼ਹਾਦਤ, 2004.

12. ਬਲਕਾਰ ਸਿੰਘ, ਸ਼ਹੀਦੀ-ਸ੍ਰੋਤ ਅਤੇ ਸ਼ਹੀਦੀ-ਪ੍ਰਸੰਗ ਦੇ ਧਰੋਹਰ: ਗੁਰੂ ਅਰਜਨ ਦੇਵ ਜੀ,ਪੰਨਾ 6.

# ਗੁਰੂ ਤੇਗ ਬਹਾਦਰ: ਸ਼ਬਦ ਅਤੇ ਸਲੋਕ-3

ਗੁਰੂ ਤੇਗ਼ ਬਹਾਦਰ ਸਿੱਖ ਧਰਮ ਦੇ ਨੌਵੇਂ ਗੁਰੂ ਦੇ ਰੂਪ ਵਿਚ ਉਪਸਥਿਤ ਹਨ। ਇਨ੍ਹਾਂ ਦਾ ਆਦਿ ਗੁਰੂ ਨਾਨਕ ਦੇਵ ਦੁਆਰਾ ਸਥਾਪਿਤ ਗੁਰੂ ਪਰੰਪਰਾ ਵਿਚ ਵਿਸ਼ੇਸ਼ ਤੇ ਮਹੱਤਵਪੂਰਨ ਸਥਾਨ ਹੈ। ਇਹ ਸਿੱਖ ਧਰਮ ਦੇ ਲਈ "ਨੌਵੇਂ ਨਾਨਕ" ਦਾ ਰੂਪ ਹਨ।

ਗੁਰੂ ਤੇਗ ਬਹਾਦਰ ਜੀ ਦਾ ਵਿਅਕਤਿਤਵ ਬਹੁਮੁਖੀ ਅਤੇ ਵਿਲੱਖਣ ਸੀ। ਇਨ੍ਹਾਂ ਦੀ ਸ਼ਖਸੀਅਤ ਵਿਚ ਪੂਰਨ ਗੁਰੂ, ਵਿਸ਼ਿਸ਼ਟ ਕਵੀ ਅਤੇ ਮਹਾਨ ਧਰਮ ਰਖਿਅਕ ਦੇ ਸਾਰੇ ਲੱਛਣ ਮੌਜੂਦ ਹਨ। ਇਨ੍ਹਾਂ ਨੇ ਪੂਰਨ ਗੁਰੂ ਦੇ ਰੂਪ ਵਿਚ ਸਿੱਖਾਂ ਨੂੰ ਸੰਗਠਿਤ ਅਤੇ ਸ਼ਕਤੀਸ਼ਾਲੀ ਬਣਾਇਆ। ਇਕ ਮਹਾਮਾਨਵ ਦੇ ਰੂਪ ਵਿਚ ਆਪ ਨੇ ਕੇਵਲ ਸਿੱਖ ਧਰਮ ਹੀ ਨਹੀਂ, ਬਲਕਿ ਹਿੰਦੂ ਧਰਮ ਦੀ ਵੀ ਰੱਖਿਆ ਕੀਤੀ। ਗੁਰੂ ਜੀ ਦੀ ਬਾਣੀ ਦਾ ਜਾਪ ਕਰਨ ਨਾਲ ਮਨ ਦਾ ਡਰ, ਨਿਡਰਤਾ ਅਤੇ ਆਤਮ-ਵਿਸ਼ਵਾਸ ਵਰਗੇ ਗੁਣ ਵਿਕਸਿਤ ਹੁੰਦੇ ਹਨ। ਕਿਹਾ ਜਾਏ ਕਿ ਨੌਂਵੇ ਗੁਰੂ ਜੀ ਦੀ ਬਾਣੀ ਸਾਨੂੰ ਵਾਸਤਵਿਕ ਮਾਨਵਤਾ ਦਾ ਪਾਠ ਪੜਾਉਂਦੀ ਹੋਈ ਧਰਮ-ਹਿਤ ਸ਼ੁਭ ਕਰਮ ਕਰਨ ਦੇ ਲਈ ਉਤਸ਼ਾਹਿਤ ਕਰਦੀ ਹੈ ਤਾਂ ਇਹ ਠੀਕ ਹੋਵੇਗਾ। ਸੰਖੇਪ ਵਿਚ ਗੁਰੂ ਤੇਗ਼ ਬਹਾਦਰ ਸੰਪੂਰਨ ਵਿਅਕਤਿਤਵ ਦੇ ਸੁਆਮੀ ਹਨ।

ਵੈਰਾਗਮਈ ਮੂਰਤੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਵੈਸਾਖ ਸੁਦੀ ਸੰਮਤ 1678 ਬਿਕਰਮੀ (1 ਅਪ੍ਰੈਲ 1621 ਈ.) ਨੂੰ ਮਾਤਾ ਨਾਨਕੀ ਜੀ ਦੇ ਗਰਭ ਤੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਗੁਰੂ ਦੇ ਮਹਲ (ਅੰਮ੍ਰਿਤਸਰ) ਵਿਚ ਐਤਵਾਰ ਵਾਲੇ ਦਿਨ ਪਹਰ ਰਾਤ ਵਿਚ ਹੋਇਆ ਸੀ। ਇਸ ਮਿਤੀ ਨਾਲ ਡਾ. ਤਾਰਨ ਸਿੰਘ, ਪ੍ਰੋ. ਕਰਤਾਰ ਸਿੰਘ, ਪ੍ਰਿ. ਸਤਿਬੀਰ ਸਿੰਘ, ਗਿਆਨੀ ਸਿੰਘ, ਪ੍ਰੋ. ਸਾਹਿਬ ਸਿੰਘ ਆਦਿ ਸਹਿਮਤ ਹਨ। ਡਾ. ਕੇਸਰ ਸਿੰਘ ਛਿੱਬਰ 19 ਮਘਰ ਸੰਮਤ 1678 ਦਿੰਦੇ ਹਨ। ਗੁਲਾਬ ਸਿੰਘ (ਗੁਰ ਪ੍ਰਣਾਲੀ) ਮਘਰ ਸੁਦੀ 2, 1678 ਬਿਕਰਮੀ ਦਿੰਦੇ ਹਨ। ਸ੍ਰੀ ਪਿਆਰਾ ਸਿੰਘ ਪਦਮ ਅਨੁਸਾਰ "ਬਾਣੀ ਗੁਰੂ ਤੇਗ ਬਹਾਦੁਰ" ਨਾਮੀ ਹਿੰਦੀ ਰਚਨਾ ਵਿਚ 18 ਨਵੰਬਰ 1621 ਈ. (1678 ਬਿ: ਮੱਘਰ) ਮਿਤੀ ਦਿੰਦੇ ਹਨ। ਪਰੰਤੂ ਇਸ ਨਵੀਂ ਮਿਤੀ ਦਾ ਉਨ੍ਹਾਂ ਨੇ ਕੋਈ ਸ੍ਰੋਤ ਨਹੀਂ ਦਿਤਾ। ਇਨ੍ਹਾਂ ਦੀ ਹੀ ਇਕ ਪੁਸਤਕ "ਸਾਡੇ ਗੁਰਦੇਵ" ਵਿਚ 1621 ਈ. 1 ਅਪ੍ਰੈਲ ਮਿਤੀ ਹੀ ਦਿੱਤੀ ਗਈ ਹੈ। ਨਾਰੰਗ ਗੁਪਤਾ ਆਦਿ ਆਪਣੇ ਪੰਜਾਬ ਦੇ ਇਤਿਹਾਸ ਵਿਚ 1622 ਈ. ਦਸਦੇ ਹਨ, ਪਰ ਨਾ ਹੀ ਸੰਮਤ ਦਿੱਤਾ ਗਿਆ ਹੈ ਤੇ ਨਾ ਹੀ ਇਸ ਮਿਤੀ ਦਾ ਕੋਈ ਸ੍ਰੋਤ, ਇਸ ਲਈ 1622 ਈ. ਠੀਕ ਨਹੀਂ ਹੋ ਸਕਦਾ।

ਇਨ੍ਹਾਂ ਦੀ ਜਨਮ ਦੇ ਅਵਸਰ ਉੱਤੇ ਇਨ੍ਹਾਂ ਦੇ ਪਿਤਾ ਜੀ ਨੇ ਇਨ੍ਹਾਂ ਨੇ ਤੇਗ਼ ਅਤੇ ਤੇਗ ਦਾ ਧਨੀ ਮੰਨਦੇ ਹੋਏ ਇਨ੍ਹਾਂ ਦਾ ਨਾਂ ਤੇਗ ਬਹਾਦਰ ਰੱਖਿਆ ਹੈ ਅਤੇ ਇਨ੍ਹਾਂ ਦੇ ਭਵਿੱਖ ਵਿਚ ਇਹ ਮਹਾਨ "ਗੁਰੂ ਵਿਅਕਤੀ" ਹੋਣਗੇ। ਮਾਤਾ ਨਾਨਕੀ ਦੀ ਇਸ ਭਵਿੱਖਬਾਣੀ ਨੂੰ ਸੁਣ ਦੇ ਬਹੁਤ ਪ੍ਰਸੰਨ ਹੋਈ। ਤੇਗ਼ ਬਹਾਦਰ ਗੁਰੂ ਜੀ ਦੇ ਸਭ ਤੋਂ ਛੋਟੇ ਅਤੇ ਪੰਜਵੇਂ ਸਪੁੱਤਰ ਸਨ। ਇਨ੍ਹਾਂ ਦੇ ਦੂਸਰੇ ਚਾਰ ਭਰਾਵਾਂ ਦੇ ਨਾਮ ਸਨ, ਬਾਬਾ ਸੂਰਜ ਮਲ, ਬਾਬਾ ਗੁਰਦਿੱਤਾ, ਬਾਬਾ ਅਣੀ ਰਾਏ, ਬਾਬਾ ਅਟੱਲ। ਇਨ੍ਹਾਂ ਦੀ ਭੈਣ ਵੀ ਸੀ ਜਿਸ ਦਾ ਨਾਮ ਬੀਬੀ ਵੀਰੋ ਸੀ। ਇਨ੍ਹਾਂ ਸਭ ਦੇ ਬਾਰੇ ਵਿਚ "ਗੁਰ ਪ੍ਰਤਾਪ ਸੂਰਜ" ਵਿਚ ਪ੍ਰਾਪਤ ਉਲੇਖ ਮਿਲਦਾ ਹੈ।

ਗੁਰੂ ਤੇਗ਼ ਬਹਾਦਰ ਜੀ ਦਾ ਬਚਪਨ ਅੰਮ੍ਰਿਤਸਰ ਵਿਚ ਬਤੀਤ ਹੋਇਆ। ਇਨ੍ਹਾਂ ਦਾ ਪਾਲਣ-ਪੋਸ਼ਣ ਬੜੇ ਲਾਡ-ਪਿਆਰ ਨਾਲ ਕੀਤਾ ਗਿਆ। ਇਨ੍ਹਾਂ ਦੀ ਮਾਤਾ ਇਨ੍ਹਾਂ ਨੂੰ ਧਾਰਮਿਕ ਸਿੱਖਿਆ ਦਿਆ ਕਰਦੇ ਸਨ। ਇਸ ਦਾ ਪ੍ਰਭਾਵ ਬਾਲਕ ਉੱਤੇ ਵਿਸ਼ੇਸ਼ ਪਿਆ। ਸ਼ਾਲਕ ਤੇਗ਼ ਬਹਾਦਰ ਛੋਟੀ ਉਮਰ ਵਿਚ ਪ੍ਰਮਾਤਮਾ-ਚਿੰਤਕ ਵਿਚ ਸਮਾਂ ਬਤੀਤ ਕਰਨ ਲੱਗਾ। ਉਹ ਸਮੇਂ-ਸਮੇਂ ਤੇ ਲੋਕਾਂ ਨੂੰ ਮਿਲਦਾ ਰਹਿੰਦਾ ਸੀ। ਉਹ ਛੋਟੀ ਉਮਰ ਵਿਚ ਹੀ ਬਹੁਤ ਹੋਣਹਾਰ ਸੀ। ਬਚਪਨ ਦੀਆਂ ਅਨੇਕ ਘਟਨਾਵਾਂ ਤੋਂ ਇਨ੍ਹਾਂ ਦੀ ਅਲੋਕਿਕ ਪ੍ਰਤਿਭਾ ਦੇ ਦਰਸ਼ਨ ਹੁੰਦੇ ਹਨ। ਮਹਾਂਕਵੀ ਸੰਤੋਖ ਸਿੰਘ ਆਪਣੇ ਪ੍ਰਸਿੱਧ ਗ੍ਰੰਥ "ਸੂਰਜ ਪ੍ਰਕਾਸ" ਵਿਚ ਬਾਲਕ ਤੇਗ਼ ਬਹਾਦਰ ਦੇ ਬਚਪਨ ਦੀ ਇਕ ਘਟਨਾ ਦਾ ਵਰਨਣ ਕਰਦੇ ਹਨ, ਜੋ ਇਸ ਤਰ੍ਹਾਂ ਹੈ- ਇਕ ਵਾਰ ਇਕ ਮਾਂ ਆਪਣੇ ਬੱਚੇ ਨੂੰ ਲੈ ਕੇ ਬਾਲਕ ਤੇਗ਼ ਬਹਾਦਰ ਦੇ ਕੋਲ ਗਈ, ਉਸ ਨੂੰ ਕਹਿਣ ਲੱਗੀ ਕਿ ਮੇਰਾ ਪੁੱਤਰ ਬੀਮਾਰ ਰਹਿੰਦਾ ਹੈ, ਉਸ ਦੇ ਨਿਰੋਗ ਹੋਣ ਦੇ ਉਪਾਅ ਦੱਸੋ, ਉਸ ਨੂੰ ਅਰੋਗ ਜੀਵਨ ਦਾ ਆਸ਼ੀਰਵਾਦ ਦਿਉ। ਸ਼ਾਲਕ ਤੇਗ਼ ਬਹਾਦਰ ਨੇ ਕੁਝ ਹੋਰ ਜਾਣਕਾਰੀ ਪ੍ਰਾਪਤ ਕਰ ਕੇ ਉਸ ਇਸਤਰੀ ਨੂੰ ਕੁਝ ਦਿਨਾਂ ਤੋਂ ਬਾਅਦ ਆਉਣ ਲਈ

ਕਿਹਾ। ਕੁਝ ਦਿਨਾਂ ਤੋਂ ਬਾਅਦ ਉਹ ਇਸਤਰੀ ਆਪਣੇ ਬੱਚੇ ਨੂੰ ਲੈ ਕੇ ਦੁਬਾਰਾ ਬਾਲਕ ਤੇਗ਼ ਬਹਾਦਰ ਕੋਲ ਆਈ। ਬਾਲਕ ਨੇ ਕਿਹਾ, "ਤੇਹਾ ਬੱਚਾ ਗੁੜ ਆਦਿ ਮਿਠੀਆਂ ਚੀਜ਼ਾਂ ਖਾਣੀਆਂ ਛੱਡ ਦੇਵੇ, ਉਹ ਬਹੁਤ ਜਲਦੀ ਠੀਕ ਹੋ ਜਾਵੇਗਾ।" ਬਾਲਕ ਦੀ ਇਹ ਸਾਧਾਰਣ ਜਿਹੀ ਗੱਲ ਸੁਣ ਕੇ ਇਸਤਰੀ ਹੈਰਾਨ ਹੋਈ ਅਤੇ ਕੁਝ ਨਿਰਾਸ਼ ਹਨ ਨਾਲ ਕਹਿਣ ਲੱਗੀ "ਬਾਬਾ ਜੀ, ਇਹ ਗੱਲ ਤਾਂ ਤੁਸੀਂ ਪਹਿਲੇ ਦਿਨ ਹੀ ਦੱਸ ਸਕਦੇ ਸੀ।" ਇਸ ਤੇ ਬਾਲਕ ਨੇ ਕਿਹਾ, "ਅੱਜ ਤੋਂ ਕੁਝ ਦਿਨ ਪਹਿਲਾਂ ਮੈਂ ਆਪ ਗੁੜ ਖਾਂਦਾ ਹੁੰਦਾ ਸਾਂ। ਮੈਂ ਹੁਣ ਗੁੜ ਖਾਣਾ ਛੱਡ ਦਿੱਤਾ ਹੈ। ਹੁਣ ਮੈਂ ਇਸ ਯੋਗ ਬਣ ਚੁੱਕਿਆ ਹਾਂ ਕਿ ਇਸ ਗੱਲ ਦਾ ਤੁਹਾਨੂੰ ਸੁਝਾ ਦੇ ਸਕਾਂ।" ਇਹ ਸੁਣ ਕੇ ਉਹ ਇਸਤਰੀ ਚਲੀ ਗਈ। ਇਸ ਤਰ੍ਹਾਂ ਦੇ ਅਨੇਕ ਪ੍ਰਸੰਗ ਬਾਲਕ ਤੇਗ਼ ਬਹਾਦਰ ਦੇ ਬਚਪਨ ਦੇ ਮਿਲਦੇ ਹਨ ਜਿਸ ਤੋਂ ਇਹ ਪਤਾ ਲਗਦਾ ਹੈ ਕਿ (ਗੁਰੂ) ਤੇਗ਼ ਬਹਾਦਰ ਕਥਨੀ ਅਤੇ ਕਰਨੀ ਵਿਚ ਪੂਰਣ ਵਿਸ਼ਵਾਸ ਰੱਖਦੇ ਸਨ। ਉਹ ਬਾਲ ਅਵਸਥਾ ਵਿਚ ਵੀ ਉਹੀ ਉਪਦੇਸ਼ ਦਿੰਦੇ ਸਨ ਜਿਸ ਨੂੰ ਉਨ੍ਹਾਂ ਨੇ ਆਪਣੇ ਜੀਵਨ ਵਿਚ ਵੀ ਗ੍ਰਹਿਣ ਕੀਤਾ ਹੁੰਦਾ ਸੀ।

ਬਚਪਨ ਵਿਚ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਸਤਰ ਵਿਦਿਆ, ਸੰਗੀਤ, ਧਰਮ ਅਤੇ ਰਾਜਨੀਤੀ ਦੀ ਪ੍ਰਚਲਤ ਵਿਦਿਆ ਪ੍ਰਦਾਨ ਕੀਤੀ ਗਈ। ਇਨ੍ਹਾਂ ਨੂੰ ਆਰਥਿਕ ਸਿੱਖਿਆ ਵਿਦਵਾਨ ਭਾਈ ਬੁੱਢਾ ਤੋਂ ਪ੍ਰਾਪਤ ਹੋਈ। ਤੇਗ਼ ਬਹਾਦਰ ਨੂੰ ਪੰਜਾਬੀ ਦੇ ਨਾਲ-ਨਾਲ ਬ੍ਰਿਜ (ਹਿੰਦੀ) ਭਾਸ਼ਾ ਦੀ ਸਿੱਖਿਆ ਵੀ ਦਿੱਤੀ ਗਈ। ਸਿੱਖ ਧਰਮ-ਦਰਸ਼ਨ ਦੇ ਅਧਿਕਾਰੀ ਵਿਦਵਾਨ ਭਾਈ ਗੁਰਦਾਸ ਨੇ ਬਾਲਕ ਨੂੰ ਦਰਸ਼ਨ, ਸਾਹਿਤ ਆਦਿ ਵਿਸ਼ਿਆਂ ਵਿਚ ਪਰਵੀਨ ਬਣਾਇਆ।

ਬਾਲਕ ਤੇਗ਼ ਬਹਾਦਰ ਆਪਣੇ ਪਿਤਾ ਗੁਰੂ ਹਰਿਗੋਬਿੰਦ ਜੀ ਦੇ ਨਾਲ ਕੁਝ ਸਾਲਾਂ ਤਕ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਵਿਚ ਰਹੇ। ਉਥੇ ਉਨ੍ਹਾਂ ਦਾ ਸ਼ੁਭ ਵਿਆਹ ਲਾਲ ਚੰਦ ਜੀ ਦੀ ਸਪੁੱਤਰੀ ਗੁਜਰੀ ਜੀ ਦੇ ਨਾਲ ਹੋਇਆ।

ਗੁਰੂ ਹਰਿਗੋਬਿੰਦ ਨੇ ਕਰਤਾਰਪੁਰ ਵਿਚ ਸਿੱਖ-ਧਰਮ ਦਾ ਪ੍ਰਚਾਰ ਹੋਰ ਅਧਿਕ ਜ਼ੋਰਾਂ ਨਾਲ ਕਰਨਾ ਆਰੰਭ ਕਰ ਦਿੱਤਾ। ਉਨ੍ਹਾਂ ਨੇ ਸਿੱਖ-ਸੰਗਠਨ ਨੂੰ ਸੈਨਿਕ ਰੂਪ ਵਿਚ ਪਰਿਵਰਤਿਤ ਕਰ ਕੇ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਦੀਆਂ ਇਨ੍ਹਾਂ ਗਤੀਵਿਧੀਆਂ ਨੇ ਮੁਗਲ-ਸ਼ਾਸਕਾਂ ਨੂੰ ਲਾਹੌਰ ਪਹੁੰਚਾਈ ਅਤੇ ਮੁਗਲਾਂ ਦੀ ਸਹਾਇਤਾ ਨਾਲ ਗੁਰੂ ਹਰਿਗੋਬਿੰਦ ਜੀ ਉੱਪਰ ਆਕ੍ਰਮਣ ਕਰ ਦਿੱਤਾ। ਗੁਰੂ ਦੇਵ ਇਸ ਸਮੇਂ ਸੈਨਿਕ-ਸੰਗਠਨ ਵਿਚ ਲੱਗੇ ਹੋਏ ਸਨ। ਪਰੰਤੂ ਫਿਰ ਵੀ ਉਨ੍ਹਾਂ ਨੇ ਹਮਲੇ ਦਾ ਮੂੰਹ ਤੋੜ ਜਵਾਬ ਦਿੱਤਾ। ਖੂਬ ਘਮਸਾਨ ਯੁੱਧ ਹੋਇਆ। ਇਸ ਯੁੱਧ ਵਿਚ ਬਾਲਕ ਤੇਗ਼ ਬਹਾਦਰ ਨੇ ਆਪਣੀ ਸੂਰਬੀਰਤਾ ਦੇ ਅਨੇਕ ਚਮਤਕਾਰ ਦਿਖਾਏ। ਅੰਤ ਵਿਚ ਜਿੱਤ ਸ੍ਰੀ ਗੁਰੂ ਹਰਿਗੋਬਿੰਦ ਨੂੰ ਪ੍ਰਾਪਤ ਹੋਈ। ਇਸ ਯੁੱਧ ਵਿਚ ਵਿਰੁੱਧੀ ਸੈਨਾ ਦਾ ਪ੍ਰਸਿੱਧ ਯੋਧਾ ਪੈਂਦੇ ਖਾਂ ਮਾਰਿਆ ਗਿਆ।

ਬਾਲਕ ਤੇਗ਼ ਬਹਾਦਰ ਉਪਰ ਇਸ ਯੁੱਧ ਦਾ ਪ੍ਰਭਾਵ ਪਿਆ, ਉਸ ਨੇ ਆਪਣੇ ਸਾਹਮਣੇ ਸੈਨਿਕਾਂ ਨੂੰ ਮਰਦੇ ਦੇਖਿਆ। ਮਨੁੱਖ ਜੀਵਨ ਦੀ ਛਿੰਨ-ਭੰਗੁਰਤਾ ਬਾਲਕ ਤੇਗ਼ ਬਹਾਦਰ ਦੇ ਦਿਮਾਗ ਉਪਰ ਆਪਣਾ ਅਸਰ ਕਰ ਗਈ। ਇਸ ਸਮੇਂ ਯੁਵਕ ਤੇਗ਼ ਬਹਾਦਰ ਦੇ ਕੁਝ ਰਿਸ਼ਤੇਦਾਰਾਂ ਦੀ ਮੌਤ ਵੀ ਹੋਈ। ਇਸ ਯੁੱਧ ਦੇ ਉਪਰਾਂਤ ਯੁਵਕ ਦਾ ਮਨ ਅਧਿਆਤਮਕ ਚਿੰਤਨ ਵੱਲ ਹੋਰ ਅਧਿਕ ਹੋ ਗਿਆ।

ਕੁਝ ਸਾਲਾਂ ਤੋਂ ਬਾਅਦ ਗੁਰੂ ਹਰਿਗੋਬਿੰਦ ਨੇ ਸਿੱਖ-ਸ਼ਕਤੀ ਨੂੰ ਸੰਗਠਨ ਕਰਨ ਲਈ ਯੁੱਧ ਸਥਾਨ ਤੋਂ ਦੂਰ ਰਹਿਣ ਦਾ ਇਰਾਦਾ ਕੀਤਾ। ਉਸ ਸਮੇਂ ਉਨ੍ਹਾਂ ਨੂੰ ਬਿਲਾਸਪੁਰ ਰਿਆਸਤ ਦੇ ਰਾਜਾ ਕਲਿਆਣ ਚੰਦਰ ਦਾ ਨਿਮੰਤਰਣ ਪੱਤਰ ਪ੍ਰਾਪਤ ਹੋਇਆ। ਉਹ ਆਪਣੇ ਪਰਿਵਾਰ-ਸਹਿਤ ਬਿਲਾਸਪੁਰ ਚਲ ਪਏ। ਉਥੇ ਕੁਝ ਇਕ ਨਵੇ ਨਗਰ-ਕੀਰਤਪੁਰ ਦੀ ਨੀਂਹ ਰੱਖੀ, ਜੋ ਕਿ ਸਿੱਖ ਧਰਮ ਦਾ ਪ੍ਰਧਾਨ ਕੇਂਦਰ ਦੇ ਰੂਪ ਵਿਚ ਵਿਕਸਿਤ ਹੋਣ ਲੱਗਾ। ਬਾਲਕ ਤੇਗ਼ ਬਹਾਦਰ ਵੀ ਗੁਰੂ ਹਰਿਗੋਬਿੰਦ ਦੇ ਨਾਲ ਕੀਰਤਪੁਰ ਚਲੇ ਗਏ। ਬਾਲਕ ਤੇਗ਼ ਬਹਾਦਰ ਕਰੀਬ ਦਸ ਸਾਲ ਕੀਰਤਪੁਰ ਵਿਚ ਰਹੇ। ਇਸ ਸਮੇਂ ਇਨ੍ਹਾਂ ਦੇ ਸਿੱਖਿਅਕ ਬਾਬਕ ਅਤੇ ਜੋਧਾਮਲ ਜੀ ਦਾ ਦੇਹਾਂਤ ਹੋਇਆ। ਇਨ੍ਹਾਂ ਦੁਖਦਾਈ ਘਟਨਾਵਾਂ ਨੇ ਬਾਲਕ ਤੇਗ਼ ਬਹਾਦਰ ਨੂੰ ਅਧਿਆਤਮਕਤਾ ਵੱਲ ਪ੍ਰੇਰਿਤ ਕੀਤਾ। ਇਨ੍ਹਾਂ ਦਾ ਜੀਵਨ ਵੈਰਾਗਮਈ ਹੋ ਗਿਆ। ਬਾਲਕ ਤੇਗ਼ ਬਹਾਦਰ ਦੀ ਅਜਿਹੀ ਮਾਨਸਿਕ ਸਥਿਤੀ ਦੇਖ ਕੇ ਗੁਰੂ ਹਰਿਗੋਬਿੰਦ ਨੇ ਆਪਣੇ ਪੋਤਰੇ ਹਰਿਰਾਇ ਨੂੰ ਗੁਰ-ਗੱਦੀ ਦੇ ਯੋਗ ਸਮਝਿਆ। ਸ਼ਾਲਕ ਹਰਿਰਾਇ ਵਿਚ ਲੋਕਾਂ ਨੂੰ ਸੰਗਠਨ ਕਰਨ ਅਤੇ ਸੈਨਿਕ ਰੂਪ ਵਿਚ ਸ਼ਕਤੀਸ਼ਾਲੀ ਬਨਾਉਣ ਦੀ ਯੋਗਤਾ ਨੂੰ ਦੇਖ ਕੇ ਉਨ੍ਹਾਂ ਨੂੰ ਗੁਰ-ਗੱਦੀ ਤੇ ਬਿਠਾਇਆ। ਗੁਰੂ ਦੇਵ ਨੇ ਹਰਿਰਾਇ ਨੂੰ ਗੁਰ-ਗੱਦੀ ਤੇ ਬਿਰਜਮਾਨ ਕਰਦੇ ਸਮੇਂ ਉਸ ਨੂੰ ਸ਼ਸਤਰ, ਘੋੜੇ ਆਦਿ ਰੱਖਣ ਦਾ ਉਪਦੇਸ਼ ਦਿੱਤਾ।

ਸੈਨਾ ਦੋ ਸੋ ਦੋ ਹਜ਼ਾਰ

ਰਾਖੋ ਸੰਗ ਸੁਚੇਤ ਧਾਰ।।

ਬਾਲਕ ਤੇਗ਼ ਬਹਾਦਰ ਨੇ ਗੁਰ-ਗੱਦੀ ਨਾ ਮਿਲਣ ਤੇ ਕੋਈ ਗੁੱਸਾ ਨਾ ਕੀਤਾ ਬਲਕਿ ਆਪਣਾ ਬਹੁਤਾ ਸਮਾਂ ਅਕਾਲ ਪੁਰਖ ਦੀ ਅਰਾਧਨਾ ਵਿਚ ਬਿਤਾਉਣ ਲੱਗ ਪਏ। ਪਰੰਤੂ ਤੇਗ ਬਹਾਦਰ ਨੂੰ ਗੁਰ-ਗੱਦੀ ਨਾ ਦਿੱਤੇ ਜਾਣ ਤੇ ਉਨ੍ਹਾਂ ਜੀ ਦੀ ਮਾਤਾ ਨੇ ਬਹੁਤ ਰੋਸ ਪ੍ਰਗਟ ਕੀਤਾ। ਇਸ ਰੋਸ ਨੂੰ ਸੁਣ ਕੇ ਛੇਵੇਂ ਪਾਤਸ਼ਾਹ ਨੇ ਇਨ੍ਹਾਂ ਦੀ ਮਾਤਾ ਜੀ ਨੂੰ ਸੰਭਾਵਨਾ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਨੂੰ ਗੁਰ-ਗੱਦੀ ਮਿਲਣ ਦਾ ਸਮਾਂ ਅਜੇ ਆਉਣਾ ਹੈ।

ਗੁਰੂ ਹਰਿਗੋਬਿੰਦ ਨੇ ਮਹਾਂ ਪ੍ਰਸਥਾਨ ਕਰਨ ਤੋਂ ਪਹਿਲਾਂ ਬਾਲਕ ਤੇਗ਼ ਬਹਾਦਰ ਅਤੇ ਮਾਤਾ ਨਾਨਕ ਨੂੰ ਬਾਬਾ ਬਕਾਲਾ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਰਹਿਣ ਦਾ ਆਦੇਸ਼ ਦਿੱਤਾ। ਇਸ ਸਮੇਂ ਤੇਗ਼ ਬਹਾਦਰ ਦੀ ਉਮਰ 23 ਸਾਲ ਦੀ ਸੀ।

ਤੇਗ਼ ਬਹਾਦਰ ਪਰਿਵਾਰ ਸਮੇਤ ਬਾਬਾ ਬਕਾਲਾ ਸੰਨ 1644 ਵਿਚ ਪਹੁੰਚੇ। ਇਥੇ ਇਨ੍ਹਾਂ ਨੇ ਲਗਭਗ ਵੀਹ ਸਾਲ ਅਕਾਲ ਪੁਰਖ ਦੇ ਨਾਮ ਸਿਮਰਨ ਅਤੇ ਕੀਰਤਨ ਵਿਚ ਲਗਾਏ ਸਨ। ਇਨ੍ਹਾਂ ਦੀ ਪਵਿੱਤਰ ਹਿਰਦੇਂ ਨਾਲ ਕੀਤੀ ਗਈ ਉਪਾਸਨਾ ਤੋਂ ਪਰਮਾਤਮਾ ਬਹੁਤ ਪ੍ਰਸੰਨ ਹੋਏ। ਇਸ ਸਮੇਂ ਤੇਗ਼ ਬਹਾਦਰ ਜੀ ਦੀ ਆਤਮਾ ਪਰਮਾਤਮਾ ਨਾਲ ਮਿਲਾਪ ਕਰ ਚੁੱਕੀ ਸੀ। ਬਾਬਾ ਬਕਾਲਾ ਵਿਚ ਰਹਿੰਦੇ ਸਮੇਂ ਤੇਗ਼ ਬਹਾਦਰ ਸਮਾਂ ਮਿਲਣ ਤੇ ਲੋਕਾਂ ਨੂੰ ਮਿਲਦੇ ਅਤੇ ਕਦੀ-ਕਦੀ ਸ਼ਿਕਾਰ ਖੇਡਣ ਲਈ ਵੀ ਜਾਇਆ ਕਰਦੇ ਸਨ। ਇਸ ਪ੍ਰਕਾਰ ਇਨ੍ਹਾਂ ਦਾ ਜੀਵਨ ਮੁੱਖ ਰੂਪ ਵਿਚ ਪਰਮਾਤਮਾ ਦੀ ਭਗਤੀ ਵਿਚ ਹੀ ਬਤੀਤ ਹੁੰਦਾ ਸੀ।

ਇਸੀ ਸਮੇਂ ਗੁਰੂ ਹਰਿਰਾਏ ਆਪਣੇ ਛੋਟੇ ਸਾਹਿਬਜ਼ਾਦੇ ਹਰਿਕ੍ਰਿਸ਼ਨ ਨੂੰ ਗੁਰਗੱਦੀ ਤੇ ਬਿਰਾਜਮਾਨ ਕਰਕੇ 6 ਅਕਤੂਬਰ ਸੰਨ 1661 ਈ. ਵਿਚ ਜੋਤੀ ਜੋਤ ਵਿਚ ਲੀਨ ਹੋ ਗਏ। ਹਰਿਕ੍ਰਿਸ਼ਨ ਜੀ ਸਿੱਖਾਂ ਦੇ ਅੱਠਵੇਂ ਗੁਰੂ ਸਨ। ਇਨ੍ਹਾਂ ਨੇ ਗੁਰੂ ਨਾਨਕ ਦੇ ਅਧਿਆਤਮਕ ਸਿਧਾਤਾਂ ਨੂੰ ਵਿਵਹਾਰਿਕ ਬਨਾਉਣ ਵਿਚ ਪੂਰਣ ਸਫਲਤਾ ਪ੍ਰਾਪਤ ਕੀਤੀ। ਇਨ੍ਹਾਂ ਦੇ ਸੇਵਾ ਆਦਿ ਗੁਣਾਂ ਤੋਂ ਸਾਧਾਰਣ ਵਿਅਕਤੀ ਤੋਂ ਲੈ ਕੇ ਰਾਜਾ ਜੈ ਸਿੰਘ ਤੱਕ ਬਹੁਤ ਪ੍ਰਭਾਵਿਤ ਹੋਏ ਅਤੇ ਇਨ੍ਹਾਂ ਦੇ ਪ੍ਰਸ਼ੰਸਕ ਬਣੇ। ਗੁਰੂ ਹਰਿਕ੍ਰਿਸ਼ਨ ਨੇ ਮਹਾਂ ਪ੍ਰਸਥਾਨ ਤੋਂ ਪਹਿਲਾਂ ਸਿੱਖਾਂ ਨੂੰ ਇੱਕਠਿਆਂ ਕੀਤਾ ਅਤੇ ਉਨ੍ਹਾਂ ਨੂੰ ਆਦੇਸ਼ ਦਿੱਤਾ ਕਿ "ਬਾਬਾ ਬਕਾਲਾ" ਵਿਚ ਤਪੱਸਿਆ ਵਿਚ ਲੀਨ ਤੇਗ਼ ਬਹਾਦਰ ਜੀ ਗੁਰੂ ਨਾਨਕ ਦੀ ਅਧਿਆਤਮਕ-ਗੱਦੀ ਦੇ ਭਾਵੀ ਸੁਆਮੀ ਹੋਣਗੇ।

ਗੁਰੂ ਹਰਿਕ੍ਰਿਸ਼ਨ ਦੇ "ਬਾਬਾ ਬਕਾਲਾ" ਦੇ ਸੰਕੇਤ ਨੂੰ ਪ੍ਰਾਪਤ ਕਰਕੇ ਸਿੱਖ ਸੰਗਤ ਬਾਬਾ ਬਕਾਲਾ ਨਵੇਂ ਗੁਰੂ ਨੂੰ ਗੁਰ-ਗੱਦੀ ਤੇ ਬਿਰਾਜਮਾਨ ਕਰਨ ਲਈ ਪਹੁੰਚੀ। ਇੱਧਰ ਇਹ ਸੂਚਨਾ ਮਿਲਦੇ ਹੀ, ਗੁਰੂ ਪਰਿਵਾਰ ਨਾਲ ਸੰਬੰਧਤ ਧੀਰਮਲ ਅਤੇ 22 ਹੋਰ ਸੋਢੀ ਵੰਸ਼ ਦੇ ਸਾਧ ਆਪਣੇ-ਆਪ ਨੂੰ ਗੁਰੂ ਘਰ ਦਾ ਉਤਰਾਧਿਕਾਰੀ ਘੋਸ਼ਿਤ ਕਰਕੇ ਆਪਣੇ ਗੱਦੀ ਜਮਾ ਕੇ ਬੈਠ ਗਏ। ਇਹ ਹਰਿਕ੍ਰਿਸ਼ਨ ਨੇ ਸੰਕੇਤ ਦਿੱਤਾ ਸੀ।

ਸਾਰੀ ਸਿੱਖ ਸੰਗਤ ਨੂੰ ਇਹਨਾਂ 22 ਸਾਧੂਆਂ ਵਿਚ ਹੰਕਾਰ ਦੀ ਭਾਵਨਾ ਦਿਖਾਈ ਦਿੱਤੀ। ਇਨ੍ਹਾਂ ਵਿਚੋਂ ਕਿਸੀ ਵਿਚ ਵੀ ਗੁਰੂ ਨਾਨਕ ਦੀ ਜੋਤੀ ਨਜਰ ਨਹੀਂ ਸੀ ਆਉਂਦੀ। ਉਨ੍ਹਾਂ ਨੇ ਕੁਝ ਸੋਚ-ਵਿਚਾਰ ਕਰਨ ਤੋਂ ਬਾਅਦ ਬਾਬਾ ਬਕਾਲਾ ਦੇ ਨਿਵਾਸੀਆਂ ਤੋਂ ਕਿਸੇ ਹੋਰ ਸੰਤ ਮਹਾਤਮਾ ਬਾਰੇ ਵਿਚ ਪੁੱਛਿਆ। ਲੋਕਾਂ ਨੇ ਇਕ ਅਜਿਹੇ ਸੰਤ ਮਹਾਤਮਾ ਦੇ ਸੰਬੰਧ ਵਿਚ ਦੱਸਿਆ ਜੋ ਗੁਰੂ ਨਾਨਕ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਦਾ ਹੈ ਅਤੇ ਆਪਣਾ ਅਧਿਕ ਸਮਾਂ ਇਕਾਂਤ ਵਿਚ ਬਤੀਤ ਕਰਦਾ ਹੈ। ਮੱਖਣ ਸ਼ਾਹ ਦੇ ਨਾਲ ਸਿੱਖ-ਸੰਗਤ ਉਨ੍ਹਾਂ ਦੇ ਕੋਲ ਪਹੁੰਚੀ। ਮੱਖਣ ਸ਼ਾਹ ਉਨ੍ਹਾਂ ਦੇ ਚਿਹਰੇ ਦੀ ਅਲੌਕਿਕ ਆਭਾ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸਨੂੰ ਸੰਤ ਮਹਾਤਮਾ ਨਾਲ ਵਾਰਤਾਲਾਪ ਕਰਨ ਤੋਂ ਪਤਾ ਲਗਦਾ ਹੈ ਕਿ ਉਹੀ ਮਹਾਂਪੁਰਸ਼ ਹਨ ਜਿਸ ਵੱਲ ਗੁਰੂ ਹਰਿਕ੍ਰਿਸ਼ਨ ਨੇ ਸੰਕੇਤ ਕੀਤਾ ਸੀ। ਮੱਖਣ ਸਾਹ ਨੇ ਸੱਚੇ ਤੇ ਵਾਸਤਵਿਕ ਵਿਅਕਤੀ ਨੂੰ ਲੱਭ ਲਿਆ। ਉਹ ਖੁਸ਼ੀ ਨਾਲ ਬੋਲ ਉਠਿਆ-

ਉਥੇ ਚੜ੍ਹ ਮੰਦਰ ਫੇਰ ਸੁਨਾਇਆ।

ਆਵੋ ਸਿੱਖੋ ਮੈਂ ਸਤਿਗੁਰ ਲੱਧਾ।

ਜਾਕੀ ਮਹਿਮਾ ਅਗਮ ਅਗਾਧਾ।

ਇਸ ਸਮੇਂ ਗਿਆਨੀ ਦਰਗਾਹ ਮੱਲ ਅਤੇ ਮਾਤਾ ਸੁਲੱਖਣੀ ਗੁਰੂ ਹਰਿਕ੍ਰਿਸ਼ਨ ਦੇ ਸੰਕੇਤ ਨੂੰ ਪ੍ਰਾਪਤ ਕਰਕੇ ਬਾਬਾ ਬਕਾਲਾ ਪਹੁੰਚ ਗਏ। ਉਹ ਮਾਤਾ ਨਾਨਕੀ ਜੀ ਨੂੰ ਮਿਲੇ। ਮਾਤਾ ਨਾਨਕੀ ਜੀ ਨੇ ਦੱਸਿਆ ਕਿ ਇਥੇ ਕੁਝ ਦਿਨਾਂ ਤੋਂ ਧੀਰਮਲ, ਹਰਿ ਜੀ ਮੀਠਾ ਆਦਿ ਆਪਣੇ ਆਪ ਨੂੰ ਗੁਰ-ਗੱਦੀ ਦੇ ਉਤਰਾਧਿਕਾਰੀ ਘੋਸ਼ਿਤ ਕਰ ਰਹੇ ਹਨ। ਦਰਗਾਹ ਮੱਲ ਨੇ ਇਸ ਤੋਂ ਸੰਕੇਤ ਪ੍ਰਾਪਤ ਕਰਕੇ ਅੰਮ੍ਰਿਤਸਰ ਆਦਿ ਸ਼ਹਿਰਾਂ ਦੇ ਪ੍ਰਸਿੱਧ ਸਿੱਖਾਂ ਨੂੰ ਪੱਤਰ ਲਿਖਿਆ। ਮਾਤਾ ਨਾਨਕੀ ਦੇ ਆਦੇਸ਼ ਦੁਆਰਕਾ ਦਾਸ ਅੰਮ੍ਰਿਤਸਰ ਦੇ ਮਹਾਨ ਗਿਆਨੀ ਗੜਿਆ ਜੀ ਨੂੰ ਲੈ ਕੇ ਬਾਬਾ ਬਕਾਲਾ ਪਹੁੰਚਿਆ। ਇਨ੍ਹਾਂ ਲੋਕਾਂ ਨੇ ਵਿਰਾਟ ਸਭਾ ਦਾ ਆਯੋਜਨ ਕਰਕੇ ਸਾਰੀ ਜਨ-ਸਾਧਾਰਣ ਨੂੰ ਤੇਗ਼ ਬਹਾਦਰ ਨੂੰ ਗੁਰੂ ਬਣਾਉਣ ਦੀ ਸੂਚਨਾ ਦਿੱਤੀ। ਪ੍ਰੋ. ਸਾਹਿਬ ਸਿੰਘ ਅਨੁਸਾਰ ਗੁਰੂ ਜੀ ਅਗਸਤ 1644 ਈ. ਵਿਚ ਗੁਰੂ ਪਦ ਉੱਤੇ ਬਿਰਾਜਮਾਨ ਹੋਏ। ਸੋਹਣ ਸਿੰਘ ਸ਼ੀਤਲ ਅਨੁਸਾਰ ਇਹ ਮਿਤੀ 20 ਮਾਰਚ ਸੰਨ 1664 ਹੈ। ਪ੍ਰਸਿੱਧ ਇਤਿਹਾਸਕਾਰ ਗੋਕਲ ਚੰਦ ਨਾਰੰਗ ਅਗਸਤ ਸੰਨ 1644 ਈ. ਹੀ ਮੰਨਦੇ ਹਨ। ਪਰੰਤੂ ਸਰੂਪ ਦਾਸ ਭੱਲਾ ਦੇ ਅਨੁਸਾਰ ਗੁਰੂ ਵਾਂਗ ਦੇ ਅਧਿਕਾਰੀ ਦੁਆਰਕਾ ਦਾਸ ਨੇ ਗੋਇੰਦਵਾਲ ਨਗਰ ਤੋਂ ਬਹੁਤ ਵੱਡੀ ਸੰਗਤ ਲੈ ਕੇ ਅਤੇ ਮਾਤਾ ਨਾਨਕੀ ਅਤੇ ਭਾਈ ਗੜੀਆ ਜੀ ਦੀ ਮੌਜੂਦਗੀ ਵਿਚ ਬਕਾਲਾ ਨਗਰ ਵਿਚ ਆ ਕੇ ਗੁਰੂ ਤੇਗ਼ ਬਹਾਦਰ ਜੀ ਦੀ ਝੋਲੀ ਵਿਚ ਨਾਰੀਅਲ ਅਤੇ ਮੱਥੇ ਉੱਤੇ ਗੁਰ-ਗੱਦੀ ਦਾ ਤਿਲਕ ਲਗਾਇਆ। ਸ੍ਰੀ ਗੁਲਾਬ ਸਿੰਘ ਨੇ ਆਪਣੀ ਪ੍ਰਸਿੱਧ ਕਿਰਤ "ਸ਼ਹੀਦੀ ਪ੍ਰਸੰਥ" ਵਿਚ ਤੇਗ਼ ਬਹਾਦਰ ਦੇ ਗੁਰੂ-ਪਦ ਉਪਰ ਬਿਰਾਜਮਾਨ ਹੋਣ ਦੇ ਸੰਬੰਧ ਵਿਚ ਲਿਖਿਆ ਹੈ-

ਤਬ ਮੰਜੀ ਸਭ ਹੀ ਛਿਪ ਗਈ,

ਤੇਜ ਤਰਨ ਤੇ ਜਿਉਂ ਨਸ ਗਈ।

ਯੋਗ ਪ੍ਰਗਟੇ ਗੁਰ ਤੇਗ ਬਹਾਦਰ,

ਜਨ ਆਪਣੇ ਦੀ ਰਾਖੀ ਚਾਦਰ।

ਗੁਰੂ ਤੇਗ਼ ਬਹਾਦਰ ਗੁਰ-ਗੱਦੀ ਉੱਤੇ ਬਿਰਾਜਮਾਨ ਹੋਣ ਤੋਂ ਬਾਦ ਸਿੱਖ-ਧਰਮ ਸਥਾਨਾਂ ਨੂੰ ਦੇਖਣ ਲਈ ਚੱਲ ਪਏ। ਪਹਿਲਾਂ ਗੁਰੂ ਸਾਹਿਬ ਅੰਮ੍ਰਿਤਸਰ ਗਏ ਜਿਵੇ ਹੀ ਹਰਿਮੰਦਰ ਦੇ ਪੁਜਾਰੀਆਂ ਨੂੰ ਪਤਾ ਲੱਗਾ ਕਿ ਗੁਰੂ ਦੇਵ ਗੁਰਦੁਆਰਾ ਦੇ ਦਰਸ਼ਨ ਕਰਨ ਆ ਰਹੇ ਹਨ, ਉਨ੍ਹਾਂ ਦੇ ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ ਹੀ ਗੁਰਦੁਆਰੇ ਦੇ ਦਰਵਾਜੇ ਬੰਦ ਕਰ ਦਿੱਤੇ। ਪੁਜਾਰੀਆਂ ਦੇ ਮਨ ਵਿਚ ਇਹ ਡਰ ਬੈਠ ਗਿਆ ਕਿ ਜੇਕਰ ਗੁਰੂ ਦੇਵ ਗੁਰਦੁਆਰੇ ਵਿਚ ਪ੍ਰਵੇਸ਼ ਕਰ ਗਏ ਤਾਂ ਉਨ੍ਹਾਂ ਦੇ ਹੱਥਾਂ ਵਿਚੋਂ ਸਾਰੀ ਦੌਲਤ ਚਲੀ ਜਾਵੇਗੀ। ਉਨ੍ਹਾਂ ਨੂੰ ਆਪਣਾ ਸਨਮਾਨ ਘੱਟ ਜਾਣ ਦਾ ਸ਼ੱਕ ਹੋਣ ਲੱਗਾ।

ਗੁਰੂ ਦੇਵ ਨੇ ਮਸੰਦਾਂ ਦੇ ਬੁਰੇ ਵਿਹਾਰ ਪ੍ਰਤੀ ਗੁੱਸਾ ਪ੍ਰਗਟ ਨਹੀਂ ਕੀਤਾ ਅਤੇ ਨਾ ਹੀ ਇਸ ਨੂੰ ਕੋਈ ਮਹੱਤਵ ਦਿੱਤਾ। ਉਹ ਦਰਬਾਰ ਸਾਹਿਬ (ਹਰਿਮੰਦਰ) ਨਜਦੀਕੀ ਸਥਾਨ ਉੱਪਰ ਰਹਿ ਕੇ ਗੁਰੂ ਨਾਨਕ ਦੇ ਉਪਦੇਸ਼ ਦਾ ਪ੍ਰਚਾਰ ਕਰਨ ਲੱਗੇ। ਉੱਥੇ ਹੀ ਅੱਜ ਕੱਲ "ਥੜ੍ਹਾ ਸਾਹਿਬ" ਨਾਮਕ ਗੁਰਦੁਆਰਾ ਸਥਿਤ ਹੈ। ਉਥੇ ਲੋਕ ਇੱਕਠੇ ਹੋ ਕੇ ਗੁਰੂ ਜੀ ਦੇ ਉਪਦੇਸ਼ ਸੁਨਣ ਲੱਗੇ ਅਤੇ ਆਪਣੇ ਜੀਵਨ ਨੂੰ ਸਫਲ ਬਨਾਉਣ ਲੱਗੇ। ਗੁਰੂ ਜੀ ਦੇ ਕ੍ਰਾਂਤੀਕਾਰੀ ਵਿਚਾਰਾਂ ਦਾ ਅੰਮ੍ਰਿਤਸਰ ਦੇ ਨਿਕਟਵਰਤੀ ਸਥਾਨਾਂ ਦੇ ਲੋਕਾਂ ਉੱਪਰ ਬਹੁਤ ਪ੍ਰਭਾਵ ਪਿਆ। ਸਿੱਖਾਂ ਨੇ ਇਹ ਅਨੁਭਵ ਕੀਤਾ ਕਿ ਗੁਰੂ ਜੀ ਦੇ ਨਾਲ ਪੂਰਣ ਆਦਰ-ਸਤਿਕਾਰ ਨਹੀਂ ਦਿਖਾਇਆ। ਮਸੰਦਾਂ ਵਿਚੋਂ ਵੀ ਅਧਿਕ ਨੇ ਗੁਰੂ ਜੀ ਦੇ ਪ੍ਰਤੀ ਕੀਤੀ ਅਨਿਆਇ ਦੇ ਪ੍ਰਤੀ ਪਸ਼ਚਾਤਾਪ ਕੀਤਾ। ਹਰੀਆ ਜੀ ਦੇ ਅਨੁਰੋਧ ਉੱਪਰ ਅੰਮ੍ਰਿਤਸਰ ਤੋਂ ਗੁਰੂ ਜੀ ਵੱਲਾ ਨਾਮਕ ਪਿੰਡ ਵਿਚ ਧਾਰਮਿਕ ਉਪਦੇਸ਼ ਦੇਣ ਗਏ। ਇਨ੍ਹਾਂ ਦੇ ਉਪਦੇਸ਼ਾਂ ਤੋਂ ਲੋਕ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਸੇਵਕ ਬਣਦੇ ਗਏ।

ਅੰਮ੍ਰਿਤਸਰ ਤੋਂ ਗੁਰੂ ਜੀ ਗੋਇੰਦਵਾਲ ਸਾਹਿਬ ਹੁੰਦੇ ਹੋਏ ਬਿਆਸ ਪਹੁੰਚੇ। ਇਨ੍ਹਾਂ ਸਭ ਸਥਾਨਾਂ ਤੇ ਸਰਧਾਲੂਆਂ ਨੇ ਇਨ੍ਹਾਂ ਨੇ ਪੂਰਣ ਸਨਮਾਨ ਦਿੱਤਾ। ਇਨ੍ਹਾਂ ਦੇ ਦਰਸ਼ਨਾਂ ਲਈ ਲੋਕਾਂ ਦੀ ਭੀੜ ਵੱਧਣ ਲੱਗੀ। ਇਨ੍ਹਾਂ ਨੂੰ ਕਈ ਪ੍ਰਕਾਰ ਦੀਆਂ ਕੀਮਤੀ ਵਸਤੂਆਂ ਭੇਂਟ ਦੇ ਰੂਪ ਵਿਚ ਮਿਲਣ ਲੱਗੀਆਂ। ਕੁਝ ਸਮੇਂ ਤੋਂ ਬਾਅਦ ਇਹ ਕੀਰਤਪੁਰ ਸਾਹਿਬ ਗਏ। ਪਰੰਤੂ ਉਥੇ ਉਹ ਅਧਿਕ ਸਮਾਂ ਨਾ ਰਹਿ ਸਕੇ। ਇਸ ਦੇ ਮੁੱਖ ਕਾਰਨ ਸਨ-ਪਹਿਲਾਂ ਗੁਰੂ ਜੀ ਦੇ ਨਿਕਟਵਰਤੀ ਲੋਕ ਇਨ੍ਹਾਂ ਦੀ

ਵੱਧਦੀ ਸ਼ਾਖ ਦੇਖ ਕੇ ਈਰਖਾ ਕਰਨ ਲੱਗੇ ਸਨ। ਦੂਸਰੀ ਗੁਰੂ ਜੀ ਸਿੱਖ ਧਰਮ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ ਜੋ ਕਿ ਉੱਥੇ ਰਹਿ ਕੇ ਭਲੀ-ਭਾਂਤ ਨਹੀਂ ਹੋ ਸਕਦਾ ਸੀ। ਕਨਿੰਘਮ ਆਪਣੇ ਪ੍ਰਸਿੱਧ ਗ੍ਰੰਥ "ਸਿੱਖਾਂ ਦਾ ਇਤਿਹਾਸ" ਵਿਚ ਲਿਖਦੇ ਹਨ ਕਿ ਗੁਰੂ ਤੇਗ਼ ਬਹਾਦਰ ਨੇ ਇਹ ਅਨੁਭਵ ਕਰ ਲਿਆ ਸੀ ਕਿ ਮੁਗਲ ਸ਼ਾਸਤਕ ਦੀ ਸੰਪਰਦਾਇਕ ਹਿੰਸਕ ਨੀਤੀ ਦੇ ਕਾਰਣ ਸਿੱਖ ਧਰਮ ਦੇ ਪ੍ਰਚਾਰ ਲਈ ਕੋਈ ਸੁਰੱਖਿਆਤ ਸਥਾਨ ਨੂੰ ਕੇਂਦਰ ਬਣਾਇਆ ਜਾਣਾ ਚਾਹੀਦਾ ਹੈ ਜਿਸ ਨਾਲ ਸਿੱਖ ਧਰਮ ਅੱਗੇ ਵੱਧ ਸਕੇ।" ਇਸ ਦ੍ਰਿਸ਼ਟੀਕੋਣ ਨੂੰ ਮੁੱਖ ਰੱਖ ਕੇ ਗੁਰੂ ਦੇਵ ਨੇ ਕੀਰਤਪੁਰ ਤੋਂ ਕੁਝ ਦੂਰ ਮਾਖੋਵਾਲ ਕਸਬੇ ਵਿਚ ਜ਼ਮੀਨ ਖ਼ਰੀਦ ਕੇ ਇਕ ਨਵੇਂ ਨਗਰ ਦੀ ਨੀਂਹ ਰੱਖੀ ਜਿਸਦਾ ਨਾਮ ਆਪਣੀ ਮਾਤਾ ਜੀ ਦੇ ਨਾਮ ਉੱਪਰ "ਨਾਨਕੀ ਚੱਕ" ਰੱਖਿਆ, ਜੋ ਕਿ ਬਾਅਦ ਵਿਚ ਆਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਇਹ ਉਹੀ ਨਗਰ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਨੇ ਸੰਨ 1699 ਈ. ਵਿਚ ਨਿਰਾਲੇ ਖਾਲਸੇ ਦਾ ਨਿਰਮਾਣ ਕੀਤਾ। "ਨਾਨਕੀ ਚੱਕ" ਵਿਚ ਗੁਰੂ ਤੇਗ਼ ਬਹਾਦਰ "ਸੱਚੇ ਬਾਦਸ਼ਾਹ" ਦੇ ਨਾਮ ਨਾਲ ਪ੍ਰਸਿੱਧ ਹੋਏ। ਇਨ੍ਹਾਂ ਦੇ ਦਰਬਾਰ ਵਿਚ ਦਰਗਾਹ ਮੱਲ ਦੇ ਸਪੁੱਤਰ ਮਤੀਦਾਸ ਦੀਵਾਨ ਦੇ ਪਦ ਉਪਰ ਪਦ ਦਿੱਤਾ ਗਿਆ। ਭਾਈ ਮਤੀਦਾਸ "ਗੁਰ ਦਰਬਾਰ" ਵਿਚ ਲੇਖਕ ਦੇ ਰੂਪ ਵਿਚ ਕੰਮ ਕਰਦੇ ਗਏ। ਗੁਰੂ ਜੀ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੇ ਸਿੱਖ ਬਣਦੇ ਗਏ। ਇਸ ਪ੍ਰਕਾਰ ਕੁਝ ਹੀ ਸਾਲਾਂ ਵਿਚ ਸੰਖਿਆ ਬਹੁਤ ਵੱਧ ਗਈ। ਇਨ੍ਹਾਂ ਦੇ ਉਪਦੇਸ਼ਾਂ ਦਾ ਪ੍ਰਭਾਵ ਹਿੰਦੂਆਂ ਅਤੇ ਮੁਸਲਮਾਨਾਂ ਉੱਪਰ ਵੀ ਪਿਆ ਅਤੇ ਉਹ ਉਨ੍ਹਾਂ ਨੂੰ ਅਵਤਾਰ ਅਤੇ ਪੈਗੰਬਰ ਦੇ ਰੂਪ ਵਿਚ ਸਨਮਾਨਿਤ ਕਰਨ ਲੱਗੇ। ਇਸ ਸਮੇਂ ਤੱਕ ਆਨੰਦਪੁਰ ਵਿਚ ਹੀ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਸੰਦੇਸ਼ ਨੂੰ ਸਾਰੇ ਭਾਰਤ ਵਿਚ ਫੈਲਾਉਣ ਦਾ ਨਿਸਚਾ ਕੀਤਾ।

ਤੇਗ਼ ਬਹਾਦਰ ਜੀ ਦੇ ਗੁਰੂ ਬਨਣ ਦੀਆਂ ਸ਼ੁਭ ਸੂਚਨਾਵਾਂ ਇਕਦਮ ਹੀ ਸਾਰੇ ਭਾਰਤ ਵਿਚ ਫੈਲ ਗਈਆਂ। ਗੁਰੂ ਜੀ ਤੋਂ ਪਹਿਲਾਂ ਅਨੇਕ ਸਿੱਖ ਸੰਗਤਾਂ ਉੱਤਰ ਭਾਰਤ ਦੇ ਅਨੇਕ ਪ੍ਰਦੇਸ਼ਾਂ ਵਿਚ ਬਣ ਚੁੱਕੀਆਂ ਸਨ। ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਦੇ ਸਿੱਖਾ ਨੇ ਗੁਰੂ ਦਰਸ਼ਨ ਦੀ ਇੱਛਾ ਅਨੇਕਾ ਵਾਰ ਪ੍ਰਗਟ ਕੀਤੀ। ਇਨ੍ਹਾਂ ਪ੍ਰਦੇਸ਼ਾਂ ਦੇ ਸਿੱਖ ਜਦੋਂ ਵੀ ਪੰਜਾਬ ਆਉਂਦੇ, ਉਹ ਗੁਰੂ ਜੀ ਨੂੰ ਆਪਣੇ ਕੋਲ ਆਉਣ ਦਾ ਨਿਮੰਤਰਣ ਦਿੰਦੇ ਸਨ। ਗੁਰੂ ਜੀ ਨੇ ਅਨੁਭਵ ਕੀਤਾ ਕਿ ਗੁਰੂ ਨਾਨਕ ਦੇ ਮਾਰਗ ਨੂੰ ਹੋਰ ਅਧਿਕ ਪ੍ਰਚਾਰਤ ਕਰਨ ਚਾਹੀਦਾ ਹੈ। ਇਸੀ ਸਮੇਂ ਉਨ੍ਹਾਂ ਦੇ ਮਨ ਵਿਚ ਵਿਚਾਰ ਉਤਪੰਨ ਹੋਇਆ ਕਿ ਗੁਰੂ ਨਾਨਕ ਦੁਆਰਾ ਸੰਸਥਾਪਿਤ ਸੰਗਤਾਂ ਨੂੰ ਸੰਗਠਿਤ ਤੇ ਦ੍ਰਿੜ ਬਨਾਉਣਾ ਚਾਹੀਦਾ ਹੈ। ਇਸੀ ਉਦੇਸ਼ ਦੀ ਪੂਰਤੀ ਦੇ ਲਈ ਗੁਰੂ ਸਾਹਿਬ ਨੇ ਮਾਤਾ ਨਾਨਕੀ ਜੀ, ਪਤਨੀ ਗੁਜਰੀ ਜੀ ਅਤੇ ਮਾਮਾ ਕ੍ਰਿਪਾਲ ਚੰਦ ਜੀ ਨਾਲ ਪਹਿਲਾ ਪੜਾਉ ਸੈਫਾਬਾਦ ਦੇ ਨਵਾਬ ਸੈਫਦੀਨ ਦੇ ਘਰ ਕੀਤਾ। ਨਵਾਬ ਸੈਫਦੀਨ ਗੁਰੂ ਘਰ ਦਾ ਸ਼ਰਧਾਲੂ ਸੀ। ਇਸਨੇ ਆਪਣੀ ਬੇਗਮ ਸਹਿਤ ਗੁਰੂ ਪਰਿਵਾਰ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਨੇ ਸ਼ਰਧਾਵਸ਼ ਹੋ ਕੇ ਗੁਰੂ ਜੀ ਨੇ ਤੰਬੂ, ਘੋੜੇ ਆਦਿ ਦੀ ਭੇਂਟ ਦਿੱਤੀ ਜਿਸ ਨੂੰ ਗੁਰੂ ਜੀ ਨੇ ਸਵੀਕਾਰ ਕਰਦੇ ਹੋਏ ਉਪਦੇਸ਼ ਦਿੱਤਾ, ਪਰਮਾਤਮਾ ਨੂੰ ਹਮੇਸ਼ਾਂ ਯਾਦ ਕਰਨਾ, ਲੋਕਾਂ ਦੀ ਤਨ-ਮਨ-ਧਨ ਨਾਲ ਸੇਵਾ ਕਰਨਾ ਅਤੇ ਸ਼ੁਭ ਕਰਮਾਂ ਨੂੰ ਜੀਵਨ ਵਿਚ ਮਹੱਤਵਪੂਰਨ ਸਥਾਨ ਦੇਣਾ। ਉਥੋਂ ਗੁਰੂ ਦੇਵ ਕੈਥਲ, ਪੇਹੇਵਾ ਆਦਿ ਸਥਾਨਾਂ ਉਪਰ ਲੋਕਾਂ ਨੂੰ ਸੱਚ ਅਤੇ ਧਰਮ ਦਾ ਉਪਦੇਸ਼ ਦੇਂਦੇ ਹੋਏ ਕੁਰੂਕਸ਼ੇਤਰ ਵਿਚ ਪਹੁੰਚੇ। ਗੁਰੂ ਜੀ ਦੀ ਨਗਰ ਵਿਚ ਪਹੁੰਚਣ ਦੀ ਖ਼ਬਰ ਸੁਣਦੇ ਹੀ ਸਿੱਖ, ਹਿੰਦੂ ਆਦਿ ਇਨ੍ਹਾਂ ਦੇ ਦਰਸ਼ਨ ਕਰਨ ਲਈ ਆਉਣ ਲੱਗੇ। ਉੱਥੇ ਉਨ੍ਹਾਂ ਨੇ ਲੋਕਾਂ ਨੂੰ ਮਾਨਵਤਾ ਦਾ ਪਾਠ ਸਿਖਾਇਆ। ਦਿੱਲੀ ਜਾਂਦੇ ਹੋਏ ਗੁਰੂ ਜੀ ਨੇ ਸਾਤਵਿਕ ਉਦਾਸੀ ਵੈਸ਼ਨਵ ਸਾਧੂ ਭਾਈ ਮਲੂਕ ਦਾਸ ਦਾ ਉੱਧਾਰ ਕੀਤਾ। ਜੋ ਪਹਿਲਾਂ ਉਨ੍ਹਾਂ ਨੇ ਵੀਰ-ਭੇਸ ਨੂੰ ਦੇਖ ਕੇ ਉਨ੍ਹਾਂ ਦੀ ਅਧਿਆਤਮਕ ਸ਼ਕਤੀ ਨੂੰ ਨਾ ਪਹਿਚਾਣ ਸਕਿਆ, ਲੇਕਿਨ ਬਾਅਦ ਵਿਚ ਉਸ ਤੋਂ ਜਾਣੂ ਹੋ ਗਿਆ ਸੀ। ਇਸ ਤੋਂ ਬਾਅਦ ਭਾਈ ਮਲੂਕ ਦਾਸ ਨੇ ਗੁਰੂ ਜੀ ਦੇ ਚਰਨ ਛੂਹੇ ਅਤੇ ਇਕ ਗੁਰਬਾਣੀ ਸੰਬੰਧੀ ਪੁਸਤਕ ਦਿਤੀ, ਜੋ ਅੱਜ ਵੀ ਉਥੋਂ ਦੇ ਇਤਿਹਾਸਕ-ਸਮਾਰਗ ਵਿਚ ਸੁਰੱਖਿਆਤ ਹੈ।

ਇਸ ਤੋਂ ਬਾਅਦ ਗੁਰੂ ਜੀ ਸੱਚ ਧਰਮ ਦਾ ਪ੍ਰਚਾਰ ਕਰਦੇ ਹੋਏ ਦਿੱਲੀ ਪਹੁੰਚੇ। ਡਾ. ਤ੍ਰਿਲੋਚਨ ਸਿੰਘ, ਪ੍ਰੋ. ਪ੍ਰੀਤਮ ਸਿੰਘ ਗਿੱਲ ਆਦਿ ਵਿਦਵਾਨਾਂ ਦਾ ਇਹ ਮੱਤ ਹੈ। ਪਰੰਤੂ ਕਈ ਸਿੱਖ ਇਤਿਹਾਸਕਾਰ ਠਾਕਰ ਦੇਸਰਾਜ, ਗਿਆਨੀ ਗਿਆਨ ਸਿੰਘ, ਭਾਈ ਅਵਤਾਰ ਸਿੰਘ ਆਦਿ ਇਸ ਪੱਖ ਵਿਚ ਨਹੀਂ ਹਨ। ਰਾਜਾ ਜੈ ਸਿੰਘ ਖ਼ਬਰ ਮਿਲਦੇ ਹੀ ਗੁਰੂ ਜੀ ਦੇ ਕੋਲ ਗਏ ਅਤੇ ਉਨ੍ਹਾਂ ਨੂੰ ਆਪਣੇ ਮਹਿਲਾਂ ਵਿਚ ਲੈ ਆਏ। ਰਾਜਾ ਜੈ ਸਿੰਘ ਦੀ ਰਾਣੀ ਨੇ ਗੁਰ-ਪਰਿਵਾਰ ਦਾ ਹਾਰਦਿਕ ਸਵਾਗਤ ਕੀਤਾ। ਇਸੀ ਸਮੇਂ ਦਿੱਲੀ ਦੇ ਮਸ਼ਹੂਰ ਸਿੱਖ ਵਿਉਪਾਰੀ ਲੱਖੀ ਰਾਇ ਆਪਣੇ ਪਰਿਵਾਰ-ਸਹਿਤ ਗੁਰੂ ਦੇਵ ਦੇ ਦਰਸ਼ਨ ਕਰਨ ਲਈ ਹਾਜ਼ਰ ਹੋਇਆ। ਗੁਰੂ ਜੀ ਨੇ ਉਨ੍ਹਾਂ ਦੇ ਸੱਚੇ ਆਚਰਨ ਅਤੇ ਪਰਉਪਕਾਰ ਕਰਨ ਦੇ ਉਪਦੇਸ਼ ਦਿੱਤੇ। ਦਿੱਲੀ ਵਿਚ ਕੁਝ ਸਪਤਾਹ ਰਹਿਣ ਤੋਂ ਬਾਅਦ ਗੁਰੂ ਜੀ ਹਿੰਦੂਆਂ ਦੇ ਪ੍ਰਸਿੱਧ ਸਥਾਨ ਮਥੁਰਾ ਗਏ। ਉਥੇ ਆਪ ਨੇ ਕੰਮ ਟਿੱਲੇ ਉੱਪਰ ਨਿਵਾਸ ਕੀਤਾ। ਉੱਥੋਂ ਗੁਰੂ ਜੀ ਵਿਰੰਦਾਵਨ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਦੇ ਲੀਲਾ ਸਥਾਨਾਂ ਦੇ

ਦਰਸ਼ਨ ਕਰਕੇ ਆਗਰਾ ਨਗਰ ਵਿਚ ਠਹਿਰੇ। ਆਗਰਾ ਨਗਰ ਵਿਚ ਨੌਵੇਂ ਗੁਰੂ ਜੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਗੁਰੂ ਰਾਮਦਾਸ ਅਤੇ ਭਾਈ ਗੁਰਦਾਸ ਜੀ ਸਿੱਖ ਧਰਮ ਦੇ ਪ੍ਰਤੀਨਿਧ ਦੇ ਰੂਪ ਵਿਚ ਠਹਿਰ ਚੁੱਕੇ ਸਨ। ਇਕ ਧਰਮ ਸ਼ਰਧਾਲੂ ਸੇਵਕਾ ਮਾਈ ਜੱਸੀ ਨੇ ਗੁਰੂ ਜੀ ਨੂੰ ਦੋ ਦਿਨ ਲਈ ਉੱਥੇ ਠਹਿਰਾਇਆ। ਇਹ ਸਥਾਨ ਹੁਣ ਵੀ "ਮਾਈਖਾਨ ਗੁਰੂ ਸਿਆਰਥ" ਦੇ ਨਾਮ ਨਾਲ ਪ੍ਰਸਿੱਧ ਹੈ। ਉਥੋਂ ਗੁਰੂ ਜੀ ਅਟਾਵਾ, ਕਾਨ੍ਹਪੁਰ, ਫਤਿਹਪੁਰ ਹੁੰਦੇ ਹੋਏ ਪ੍ਰਯਾਗ (ਇਲਾਹਾਬਾਦ) ਪਹੁੰਚੇ। ਪ੍ਰਯਾਗ ਹਿੰਦੂਆਂ ਦਾ ਪ੍ਰਸਿੱਧ ਤੀਰਥ ਅਸਥਾਨ ਹੈ। ਇਹ ਨਗਰ ਤਿੰਨ ਨਦੀਆਂ-ਗੰਗਾ, ਜਮਨਾ ਅਤੇ ਸਰਸਵਤੀ ਦੇ ਸੰਗਮ ਦੇ ਕਾਰਣ ਤ੍ਰਿਵੇਣੀ ਦੇ ਨਾਮ ਨਾਲ ਪ੍ਰਸਿੱਧ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਜੀ ਦੀ ਪ੍ਰਯਾਗ ਤੀਰਥ-ਯਾਤਰਾ ਦਾ ਉਲੇਖ ਕੀਤਾ ਹੈ:-

ਮੁਰ ਪਿਤਾ ਪੂਰਬ ਕੀਅਸ ਧਿਆਨਾ।

ਭਾਂਤ-ਭਾਂਤ ਕੇ ਤੀਰਥ ਨਾਨਾ।

ਜ਼ਬ ਹੀ ਜਾਤ ਤ੍ਰਿਬੇਣੀ ਭਏ।

ਪੁੰਨ ਦਾਨ ਦਿਨ ਕਰਤ ਬੀਤਏ।

ਤਹੀ ਪ੍ਰਕਾਸ਼ ਹਮਾਰਾ ਭਈਉ।

ਪਟਨਾ ਸ਼ਹਿਰ ਬਿਖੈ ਭਵ ਲਈਉ।

ਇਲਾਹਬਾਦ ਵਿਚ ਹੀ ਗੁਰੂ ਜੀ ਨੇ ਪਾਖੰਡੀ ਸਾਧੂਆਂ ਨੂੰ ਸੱਚ-ਧਰਮ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੂੰ ਆਡੰਬਰ ਵਾਲਾ ਜੀਵਨ ਤਿਆਗਣ ਲਈ ਕਿਹਾ ਅਤੇ ਪਵਿੱਤਰ ਹਿਰਦੇ ਨਾਲ ਪਰਮਾਤਮਾ-ਭਗਤੀ ਕਰਨ ਦਾ ਉਪਦੇਸ਼ ਦਿੱਤਾ। ਇਲਾਹਾਬਾਦ ਵਿਚ ਗੁਰੂ ਜੀ ਕਰੀਬ ਪੰਜ ਮਹੀਨੇ ਰਹੇ।

ਪ੍ਰਯਾਗ ਤੋਂ ਮਿਰਜਾਪੁਰ ਹੁੰਦੇ ਹੋਏ ਗੁਰੂ ਤੇਗ ਵਾਰਾਨਸੀ ਗਏ ਜੋ ਕਿ ਗੁਰੂ ਨਾਨਕ ਮਿਸ਼ਨ ਦਾ ਪ੍ਰਸਿੱਧ ਕੇਂਦਰ ਸੀ। ਉਥੇ ਗੁਰੂ ਜੀ ਦੀ ਵੈਸ਼ਨਵ-ਚਿੰਤਕਾਂ ਨਾਲ ਗੱਲਬਾਤ ਹੋਈ। ਇਨ੍ਹਾਂ ਦੇ ਅਧਿਆਤਮਕ ਗਿਆਨ ਤੋਂ ਸਾਧੂ-ਮਹਾਤਮਾ ਬਹੁਤ ਪ੍ਰਭਾਵਿਤ ਹੋਏ।

ਗੁਰੂ ਜੀ ਨੇ ਪ੍ਰਭੂ ਭਗਤੀ ਦੁਆਰਾ ਮੁਕਤੀ ਪ੍ਰਾਪਤ ਕਰਨ ਦਾ ਉਪਦੇਸ਼ ਲੋਕਾਂ ਨੂੰ ਦਿੱਤਾ-

ਜਾ ਮਹਿ ਭਜਨੁ ਰਾਮ ਕੋ ਨਾਂਹੀ,

ਤਿਹ ਨਰਿ ਜਨਮੁ ਅਕਾਰਥੁ ਖੋਇਆ

ਯਹ ਰਾਖਹੁ ਮਨ ਮਾਹੀ।।ਰਹਾਉ।।

ਤੀਰਖ ਕਰੈ ਸ਼੍ਰਤ ਫੁਨਿ ਰਾਖੈ ਨਹ ਮਨੁਆ ਬਸਿ ਜਾ ਕੇ

ਨਿਹਫਲ ਧਰਮ ਤਾਹਿ ਤੁਮ ਮਾਨੋ ਸਾਜੁ ਕਹਤ ਮੈ ਯਾ ਕਉ।

ਜੈਸੇ ਪਾਹਨੁ ਜਲ ਮਹਿ ਰਾਖਿਉ ਭੇਟੇ ਨਾਹਿ ਤਿਹ ਪਾਨੀ।

ਤੈਸੇ ਹੀ ਤੁਮ ਤਾਹਿ ਪਛਾਨੋ ਭਗਾਤਿ ਹੀਨ ਜੋ ਪ੍ਰਾਨੀ।

ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰ ਯਹ ਭੇਦੁ ਬਤਾਏ।

ਕਹੁ ਨਾਨਕ ਸੋਈ ਨਹੁ ਗੁਰਆਂ ਜੋ ਪ੍ਰਭ ਤੇ ਗੁਨ ਗਾਵੇ।

ਇਸ ਤਰ੍ਹਾਂ ਗੁਰੂ ਜੀ ਨੇ ਦਿਖਾਵੇ ਦੇ ਤੀਰਥ-ਵਰਤ ਰੱਖਣ ਨੂੰ ਵਿਅਰਥ ਕਿਹਾ ਹੈ। ਉਨ੍ਹਾਂ ਨੇ ਪ੍ਰਭੂ ਭਗਤੀ ਦੇ ਮਹੱਤਵ ਨੂੰ ਦਰਸਾਉਂਦੇ ਹੋਏ ਪ੍ਰਭੂ ਨਾਮ ਸਿਮਰਨ ਦੁਆਰਾ ਮੁਕਤੀ-ਪ੍ਰਾਪਤ ਦਾ ਉਪਦੇਸ਼ ਦਿੱਤਾ, ਇਨ੍ਹਾਂ ਨੇ ਸਿੱਧੇ ਸਾਦੇ ਉਪਦੇਸ਼ ਤੋਂ ਲੋਕ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਚੇਲੇ ਬਣ ਗਏ।

ਗੁਰੂ ਤੇਗ਼ ਬਹਾਦਰ ਬਨਾਰਸ ਤੋਂ ਸੰਗਮ, ਗੋਆ ਹੁੰਦੇ ਹੋਏ ਪਟਨਾ ਪਹੁੰਚੇ। ਇਨ੍ਹਾਂ ਤੋਂ ਪਹਿਲਾਂ ਗੁਰੂ ਨਾਨਕ ਪਟਨਾ ਆ ਚੁੱਕੇ ਸਨ। ਉਥੇ ਗੁਰੂ ਨਾਨਕ ਦੇ ਚੇਲਿਆਂ ਦੀ ਸੰਖਿਆ ਹਜ਼ਾਰਾਂ ਵਿਚ ਸੀ। ਗੁਰੂ ਨਾਨਕ ਦੇ ਆਗਮਨ ਦੀ ਯਾਦ ਵਿਚ ਗੁਰਦੁਆਰਾ ਵੀ ਬਣਿਆ ਹੋਇਆ ਹੈ। ਗੁਰ ਤੇਗ਼ ਬਹਾਦਰ ਪਟਨਾ ਵਿਚ ਕਰੀਬ ਤਿੰਨ ਮਹੀਨੇ ਠਹਿਰੇ। ਇਨ੍ਹਾਂ ਨੇ ਲੋਕਾਂ ਵਿਚ ਧਰਮ ਦਾ ਪ੍ਰਚਾਰ ਕੀਤਾ। ਲੋਕਾਂ ਨੂੰ ਸੁੱਖ ਅਤੇ ਸ਼ਾਂਤਮਈ ਜੀਵਨ ਬਤੀਤ ਕਰਨ ਦੇ ਲਈ ਅਕਾਲ ਪੁਰਖ ਦੀ ਉਪਾਸਨਾ ਕਰਨ ਉੱਪਰ ਜ਼ੋਰ ਦਿੱਤਾ। ਇਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਉਪਦੇਸ਼ ਦਿੰਦੇ ਹੋਏ ਕਿਹਾ- "ਮਾਇਆ ਬਹੁਤ ਬੁਰੀ ਹੈ, ਇਸ ਦੇ ਪ੍ਰਭਾਵ ਤੋਂ ਬਚਣਾ ਚਾਹੀਦਾ ਹੈ ਅਤੇ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਨਾ ਚਾਹੀਦਾ ਹੈ। ਇਹ ਦ੍ਰਿਸ਼ਟਮਾਨ ਜਗਤ ਨਾਸ਼ਮਾਨ ਹੈ। ਇਸ ਦੇ ਮੁਖ ਇਕ ਛਿਣ ਲਈ ਹਨ ਅਤੇ ਸੰਸਾਰਿਕ ਸੁੱਖਾਂ ਨੂੰ ਅੰਤਿਮ ਅਨੰਦ ਨਹੀਂ ਸਮਝਣਾ ਚਾਹੀਦਾ।" ਅੰਤ ਵਿਚ ਗੁਰੂ ਜੀ ਨੇ ਕਿਹਾ ਕਿ ਉਹੀ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ ਜੋ ਕਿ ਅਕਾਲ ਪੁਰਖ ਦੀ ਉਪਾਸਨਾ ਕਰਦਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਪਟਨਾ ਨਿਵਾਸੀਆਂ ਨੂੰ ਭੌਤਿਕ ਸੁੱਖਾਂ ਨੂੰ ਅੰਤਿਮ ਮੰਜ਼ਿਲ ਨਾ ਮੰਨ ਕੇ ਪਰਮਾਤਮਾ-ਚਿੰਤਨ ਵੱਲ ਪ੍ਰੇਰਿਤ ਕੀਤਾ।

ਗੁਰੂ ਤੇਗ਼ ਬਹਾਦਰ ਦਾ ਪਟਨਾ ਵਿਚ ਹਿੰਦੂਆਂ, ਮੁਸਲਮਾਨਾਂ ਅਤੇ ਨਾਥਾਂ ਨਾਲ ਧਰਮ, ਦਰਸ਼ਨ ਆਦਿ ਵਿਸ਼ਿਆਂ ਉੱਪਰ ਅਨੇਕ ਵਾਰ ਗੱਲਬਾਤ ਹੋਈ। ਗੁਰੂ ਜੀ ਦੇ ਵਿਚਾਰਾਂ ਤੋਂ ਸਿੱਖ ਹੀ ਨਹੀਂ ਬਲਕਿ ਦੂਸਰੇ ਧਰਮਾਂ ਵਾਲੇ ਵੀ ਪ੍ਰਭਾਵਿਤ ਹੁੰਦੇ ਹਨ। ਇਕ ਵਾਰ ਨਾਥ-ਜੋਗੀ ਗੁਰੂ ਦੇਵ ਦੇ ਕੋਲ ਆਏ ਅਤੇ ਉਨ੍ਹਾਂ ਤੋਂ ਸੱਚੇ ਜੋਗੀ ਦੇ ਸਰੂਪ ਬਾਰੇ ਵਿਚ ਪੁੱਛਿਆ, ਗੁਰੂ ਜੀ ਨੇ ਉਨ੍ਹਾਂ ਨੂੰ ਸੱਚੇ ਜੋਗੀ ਦੇ ਗੁਣਾਂ ਦੀ ਚਰਚਾ ਕਰਦੇ ਹੋਏ ਨਿਮਨਲਿਖਿਤ ਸ਼ਬਦ ਦਾ ਉਚਾਰਨ ਕੀਤਾ-

ਤਹ ਜੋਗੀ ਕਉ ਜੁਗਤਿ ਨ ਜਾਨਉ।

ਲੋਭੁ ਮੋਹੁ ਮਾਇਆ ਮਮਤਾ ਫੁਨਿ।

ਜਿਹ ਘਟ ਮਾਹਿ ਪਛਾਨਉ।।ਰਹਾਉ।।

ਪਰ ਨਿੰਦਾ ਉਸਤਤਿ ਠਹ ਜਾ ਕੇ।

ਕੰਚਨ ਲੋਹ ਸਮਾਨੋ।

ਇਰਖ ਸੋਗ ਤੇ ਰਹੇ ਅਤੀਤਾ।

ਜੋਗੀ ਤਾਹਿ ਬਖਾਨੋ।

ਅਰਥਾਤ ਉਸ ਜੋਗੀ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਿਸ ਦੇ ਹਿਰਦੇ ਵਿਚ ਹਮੇਸ਼ਾਂ ਸੰਸਾਰਕ ਸੁੱਖਾਂ ਦੀ ਮੋਹ ਮਮਤਾ ਰਹਿੰਦੀ ਹੈ। ਜੋ ਯੋਗੀ ਲੋਕਾਂ ਦੀ ਨਿੰਦਾ ਨਹੀਂ ਕਰਦਾ, ਆਪਣੇ ਸੁਆਰਥ ਦੇ ਲਈ ਲੋਕਾਂ ਦੀ ਪ੍ਰਸ਼ੰਸਾ ਨਹੀਂ ਕਰਦਾ, ਜੋ ਸੰਪੱਤੀ ਨੂੰ ਕੋਈ ਮਹੱਤਵ ਨਹੀਂ ਦਿੰਦਾ ਅਤੇ ਜੋ ਪ੍ਰਸੰਨਤਾ-ਅਪ੍ਰਸੰਨਤਾ ਨੂੰ ਇੱਕ ਸਮਾਨ ਸਮਝਦਾ ਹੈ, ਉਸ ਯੋਗੀ ਨੂੰ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।

ਕਹਿਣ ਦਾ ਭਾਵ ਹੈ ਕਿ ਅਜਿਹਾ ਯੋਗੀ ਦੀ ਪਰਮਾਤਮਾ ਨਾਲ ਏਕਤਾ ਸਥਾਪਿਤ ਕਰਦਾ ਹੈ।

ਗੁਰੂ ਦੇਵ ਨੂੰ ਪਟਨਾ ਵਿਚ ਪਤਾ ਲੱਗਿਆ ਕਿ ਸ਼ਿਵਾ ਜੀ ਅੰਰੰਗਜ਼ੇਬ ਦੀ ਕੈਦ ਵਿਚੋਂ ਭੱਜ ਗਿਆ ਹੈ ਅਤੇ ਔਰੰਗਜ਼ੇਬ ਨੇ ਰਾਜਾ ਰਾਮ ਸਿੰਘ ਜੋ ਕਿ ਸ਼ਿਵਾ ਜੀ ਦੀ ਦੇਖ-ਰੇਖ ਕਰਨ ਵਾਲਾ ਸੀ, ਨਜ਼ਰਬੰਦ ਕਰ ਦਿੱਤਾ ਹੈ।

ਗੁਰੂ ਤੇਗ਼ ਬਹਾਦਰ ਨੇ ਬੰਗਾਲ ਆਦਿ ਪ੍ਰਦੇਸ਼ਾਂ ਲਈ ਪ੍ਰਸਥਾਨ ਕੀਤਾ। ਕਿਉਂਕਿ ਇਨ੍ਹਾਂ ਦੀ ਪਤਨੀ ਗੁਜਰੀ ਜੀ

ਗਰਭਵਤੀ ਸੀ। ਇਨ੍ਹਾਂ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਪਟਨਾ ਵਿਚ ਹੀ ਰਹਿਣ ਦਾ ਆਦੇਸ਼ ਦਿੱਤਾ। ਮਾਤਾ ਨਾਨਕੀ ਜੀ ਦੀ ਸਹਾਇਤਾ ਲਈ ਭਾਈ ਦਿਆਲ ਦਾਸ ਜੀ ਵੀ ਉਥੇ ਰੁਕ ਗਏ ਸਨ। ਰਾਜਾ ਫਤਿਹ ਚੰਦ ਅਤੇ ਉਨ੍ਹਾਂ ਦੀ ਰਾਣੀ ਨੇ ਗੁਰ ਪਰਿਵਾਰ ਦੀ ਪੂਰੀ ਸੇਵਾ ਕਰਨ ਦਾ ਯਕੀਨ ਦਿਵਾਇਆ। ਗੁਰੂ ਦੇਵ ਪੂਰਾ ਪ੍ਰਬੰਧ ਕਰ ਕੇ ਢਾਕਾ ਵੱਲ ਚੱਲ ਪਏ, ਗੁਰੂ ਜੀ ਦੇ ਨਾਲ ਉਨ੍ਹਾਂ ਦੇ ਸੇਵ ਕਵੀ ਚੱਲ ਪਏ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਜੀ ਰਾਜਾ ਰਾਮ ਸਿੰਘ ਦੇ ਨਾਲ ਢਾਕਾ ਵੱਲ ਚੱਲ ਪਏ। ਪਰੰਤੂ ਡਾ. ਤ੍ਰਿਲੋਚਨ ਸਿੰਘ ਨੇ ਅਨੇਕਾਂ ਦਲੀਲਾਂ ਦੇ ਆਧਾਰ ਉਪਰ ਸਿੱਧ ਕੀਤਾ ਹੈ ਕਿ ਰਾਜਾ ਰਾਮ ਸਿੰਘ ਗੁਰੂ ਜੀ ਨੂੰ ਸਭ ਤੋਂ ਪਹਿਲਾਂ ਢਾਕਾ ਵਿਚ ਹੀ ਮਿਲਦੇ ਹਨ।

ਗੁਰੂ ਤੇਗ ਬਹਾਦਰ ਪਟਨਾ ਤੋਂ ਚੱਲ ਕੇ ਜਿਸ ਸਥਾਨ ਤੇ ਰੁਕੇ, ਉਹ ਮੁਘੇਰ ਨਾਮ ਨਾਲ ਪ੍ਰਸਿੱਧ ਹੈ। ਆਪ ਇਸ ਨਗਰ ਵਿਚ ਲੱਗਭਗ ਇਕ ਮਹੀਨੇ ਲਈ ਰੁਕੇ। ਰਸਤੇ ਵਿਚ ਗੁਰੂ ਜੀ ਜਿਸ ਸਥਾਨ ਤੇ ਰੁਕਦੇ, ਕੀਰਤਨ ਹੁੰਦਾ ਅਤੇ ਗਿਆਨ ਚਰਚਾ ਹੁੰਦੀ। ਗੁਰੂ ਦੇਵ ਆਪ ਨਿਵਾਰਣ ਸੰਬੰਧੀ ਸੰਗੀਤ ਦਾ ਉਚਾਰਨ ਕਰਦੇ ਅਤੇ ਭਾਈ ਸਤੀਦਾਸ ਇਸ ਨੂੰ ਲਿਖਦੇ ਜਾਂਦੇ।

ਮੁਘੇਰ ਤੋਂ ਗੁਰੂ ਤੇਗ਼ ਬਹਾਦਰ ਜੀ ਭਾਗਲਪੁਰ, ਕੋਗੋਗ, ਸਾਹਿਬ ਗੰਜ ਹੁੰਦੇ ਹੋਏ ਕਾਂਤ ਨਗਰ ਪਹੁੰਚੇ। ਬਿਹਾਰ ਪ੍ਰਦੇਸ਼ ਦੇ ਇਸ ਖੇਤਰ ਦੇ ਲੋਕ ਅੱਜ ਵੀ ਸਿੱਖ ਧਰਮ ਦੇ ਉਪਾਸਕ ਹਨ ਭਾਵੇਂ ਉਨ੍ਹਾਂ ਦੀ ਭਾਸ਼ਾ ਮੈਥਲੀ ਹੈ। ਉਥੇ ਚੱਲ ਕੇ ਗੁਰੂ ਜੀ ਨੇ ਅਗਲਾ ਪੜਾਉ ਸੂਫੀਮਤ ਦੇ ਪ੍ਰਸਿੱਦ ਕੇਂਦਰ ਮਾਲਦਾ ਵਿਚ ਕੀਤਾ। ਇਸ ਨਗਰ ਦੇ ਸੂਫੀ ਪੀਰ ਅਤੇ ਫਕੀਰ ਗੁਰੂ ਜੀ ਨਾਲ ਗਿਆਨ ਸੰਬੰਧੀ ਚਰਚਾ ਕਰ ਕੇ ਬਹੁਤ ਪ੍ਰਭਾਵਿਤ ਹੋਏ। ਇਸ ਤੋਂ ਬਾਅਤ ਗੁਰੂ ਜੀ ਗੋਦਾਵਰ, ਗੋਪਾਲਪੁਰ, ਪਾਬਲਾ ਆਦਿ ਸਥਾਨਾਂ ਉਪਰ ਧਰਮ ਪ੍ਰਚਾਰ ਦਾ ਕੰਮ ਕਰਦੇ ਹੋਏ ਸੰਨ 1666 ਈ. ਵਿਚ ਅਕਤੂਬਰ ਮਹੀਨੇ ਦੇ ਅੰਤ ਵਿਚ ਢਾਕਾ ਪਹੁੰਚੇ, ਜੋ ਕਿ ਸਿੱਖ ਧਰਮ ਦਾ ਇਕ ਪ੍ਰਮੁੱਖ ਕੇਂਦਰ ਸੀ। ਉਨ੍ਹਾਂ ਦਿਨਾਂ ਵਿਚ ਗੁਰੂਆਂ ਦਾ ਸੰਦੇਸ਼ ਬੰਗਾਲ ਆਦਿ ਪੂਰਬੀ ਪ੍ਰਦੇਸ਼ਾਂ ਵਿਚ ਪਹੁੰਚ ਚੁੱਕਿਆ ਸੀ। ਸਰਦਾਰ ਜੀ.ਬੀ. ਸਿੰਘ ਨੇ ਆਪਣੇ ਇਕ ਲੇਖ "ਰੇਲਿਕਮ ਇਨ ਈਸਟਰਨ ਬੰਗਾਲ" ਵਿਚ ਲਿਖਿਆ ਹੈ ਉਥੇ (ਪੂਰਬੀ ਬੰਗਾਲ) ਸਭ ਪਾਸੇ ਸਿੱਖ ਸੰਗਤਾਂ ਅਤੇ ਮੱਠਾਂ ਦਾ ਚੰਗਾ ਜਾਲ ਫੈਲ ਗਿਆ ਸੀ। ਪੱਛਮ ਵਿਚ ਰਾਜਮਹਿਲ ਤੋਂ ਲੈ ਕ ਪੂਰਬ ਤੋਂ ਸਿਲਹਟ ਤੱਕ ਅਤੇ ਉੱਤਰ ਵਿਚ ਪੂਰਬ ਤੋ ਲੈ ਕੇ ਦੱਖਣ ਵਿਚ ਬੰਸਖਾਲੀ ਅਤੇ ਫਤੇਕਚਿਹਰੀ ਤੱਕ ਮੁਗਲਾਂ ਦੇ ਸ਼ਾਸਨਕਾਲ ਵਿਚ ਕੋਈ ਅਜਿਹਾ ਪ੍ਰਮੁੱਖ ਸਥਾਨ ਹੋਵੇਗਾ ਜਿੱਥੇ ਕੋਈ ਸਿੱਖ ਗੁਰਦੁਆਰਾ ਨਾ ਹੋਵੇ ਜਾਂ ਕਿਸੇ ਸਿੱਖ-ਸੰਨਿਆਸੀ ਨੇ ਆਪਣੇ ਆਪ ਨੂੰ ਵਸਾ ਨਾ ਲਿਆ ਹੋਵੇ ਅਤੇ ਆਪਣੇ ਚਾਰੇ ਪਾਸੇ ਸਰਧਾਲੂਆਂ ਦੀ ਇਕ ਚੰਗੀ ਸੰਖਿਆ ਇਕੱਤਰ ਨਾ ਕਰ ਲਈ ਹੋਵੇ। ਇਹ ਅੰਦੋਲਨ ਸ਼ਾਹਜ਼ਹਾਂ ਦੇ ਸਮੇਂ ਵਿਚ ਸੰਦੀਪ ਆਦਿ ਕੁਝ ਦੀਪਾਂ ਵਿਚ ਵੀ ਫੈਲ ਗਿਆ ਸੀ। ਇਹ ਸੰਗਤ ਅਲਮਸਤ ਅਤੇ ਨਾਥੇ ਸਾਹਿਬ ਦੁਆਰਾ ਭਲੀ ਪ੍ਰਕਾਰ ਸੰਗਠਿਤ ਕੀਤੀ ਗਈ ਸੀ। ਢਾਕਾ ਇਸ ਭਾਗ ਦੀ "ਹਜ਼ੂਰੀ ਸੰਗਤ" ਜਾਂ ਪ੍ਰਧਾਨ ਸੰਗਤ ਸੀ, ਜਿਸ ਦੇ ਅਧੀਨ ਹੋਰ ਸੰਗਤਾਂ ਸਨ। ਇਨ੍ਹਾਂ ਸਥਾਨਕ ਸੰਗਤਾਂ ਵਿਚ ਸਥਾਨਕ ਲੋਕਾਂ ਦੇ ਅਤਿਰਿਕਤ ਪੰਜਾਬ ਅਤੇ ਸਿੰਧ ਦੇ ਸਿੱਖ ਵਿਉਪਾਰੀਆਂ ਦੀ ਇਕ ਚੰਗੀ ਸੰਖਿਆ ਸਦਾ ਉਪਸਥਿਤ ਰਹਿੰਦੀ ਸੀ। ਜਿਹਾ ਕਿ ਉਨ੍ਹਾਂ ਨੂੰ ਗੁਰੂ ਤੇਗ਼ ਬਹਾਦਰ ਦੁਆਰਾ ਲਿਖੇ ਗਏ ਪੱਤਰਾਂ ਤੋਂ ਇਹ ਸਪੱਸ਼ਟ ਹੈ ਕਿ ਉਹ ਆਪਣੇ ਅਧਿਆਤਮਿਕ ਮਾਰਗ ਦਰਬਕ ਨੱਲ ਸੰਬੰਧ ਰੱਖਣ ਲਈ ਹਮੇਸ਼ਾਂ ਉਤਸੁਕ ਰਿਹਾ ਕਰਦੇ ਸਨ ਅਤੇ ਸਮੇਂ-ਸਮੇਂ ਉੱਪਰ ਆਪਣੀ ਭੇਟ ਭੇਜਿਆ ਕਰਦੇ ਸਨ।

ਗੁਰੂ ਸਾਹਿਬ ਢਾਕਾ ਵਿਚ ਉੱਥੋਂ ਦੇ ਪ੍ਰਸਿੱਧ ਮਹਾਪੁਰਸ਼ ਬੁਲਾਕੀ ਦਾਸ ਦੇ ਕੋਲ ਠਹਿਰੇ। ਬੂਲਾਕੀ ਦਾਸ ਦੀ ਮਾਤਾ ਗੁਰੂ ਜੀ ਦੀ ਅਨਿੰਨ ਭਗਤ ਸੀ। ਉੱਥੇ ਗੁਰੂ ਜੀ ਨੇ ਲੋਕਾਂ ਨੂੰ ਸੱਚ ਅਤੇ ਧਰਮ ਦੀ ਸਿੱਖਿਆ ਦਿੱਤੀ। ਇਨ੍ਹਾਂ ਨੇ ਉਪਦੇਸ਼ਾਂ ਨੂੰ ਸਭ ਧਰਮਾਂ ਦੇ ਲੋਕ ਬੜੇ ਆਦਰ ਦੇ ਨਾਲ ਸ੍ਰਵਣ ਕਰਦੇ ਸਨ। ਉਨ੍ਹਾਂ ਨੇ ਜੋ ਉਪਦੇਸ਼ਾਂ ਨੂੰ ਸਭ ਧਰਮਾਂ ਦੇ ਲੋਕਾਂ ਨੂੰ ਦਿੱਤੇ ਉਨ੍ਹਾਂ ਲੋਕਾਂ ਨੂੰ ਦਿੱਤੇ ਉਨ੍ਹਾਂ ਇਕ "ਸ਼ਬਦ" ਦੀ ਉਦਾਹਰਣ ਪੇਸ਼ ਹੈ-

ਕੋਊ ਮਾਈ ਭੂਲਿਉ ਮਨੁ ਸਮਝਾਵੈ।

ਬੇਦ ਪੁਰਾਨ ਸਾਧ ਮਗ ਸੁਨਿ ਕਰਿ

ਨਿਮਖ ਨ ਹਰਿ ਗੁਨ ਗਾਵੈ।।ਰਹਾਉ।।

ਦੁਰਲਭ ਦੇਹ ਪਾਇ ਮਾਨਸ ਕੀ

ਬਿਰਥਾ ਜਨਮੁ ਸਿਰਾਵੈ।

ਮਾਇਆ ਮੋਹ ਮਗ ਸੰਕਟ ਬਨ

ਤਾ ਸਿਉ ਰੁਚ ਉਪਜਾਵੈ।

ਅੰਤਰਿ ਬਾਹਹਿ ਸਦਾ ਸੰਗਿ ਪ੍ਰਭੂ

ਤਾ ਸਿਉ ਨੇਹ ਨਾ ਲਾਵੈ।

ਨਾਨਕ ਮੁਕਤਿ ਤਾਹਿ ਤੁਮ ਮਾਨਹੁ

ਜਿਹ ਘਟਿ ਰਾਮ ਸਮਾਵੈ।

ਗੁਰੂ ਦੇਵ ਜਦੋਂ ਢਾਕਾ ਵਿਚ ਸੱਚੇ ਧਰਮ ਦਾ ਪ੍ਰਚਾਰ ਕਰ ਰਹੇ ਸਨ, ਉਸੇ ਸਮੇਂ ਉਨ੍ਹਾਂ ਨੂੰ ਪਟਨਾ ਵਿਚ ਆਪਣੇ ਪੁੱਤਰ ਦੇ ਜਨਮ ਦਾ ਸ਼ੁਭ ਸਮਾਚਾਰ ਮਿਲਿਆ। ਇਨ੍ਹਾਂ ਨੇ ਆਪਣੇ ਇਕਲੌਤੇ ਪੁੱਤਰ ਦਾ ਨਾਮ ਗੋਬਿੰਦ ਦਾਸ ਰੱਖਿਆ। ਗੋਬਿੰਦ ਦਾਸ ਦਾ ਜਨਮ 22 ਦਿਸੰਬਰ 1666ਈ. ਵਿਚ ਹੋਇਆ। ਇਕ ਹੋਰ ਇਤਿਹਾਸਕਾਰ "ਗੋਬਿੰਦ ਰਾਇ" ਨਾਮ ਲਿਖਦਾ ਹੈ। ਆਪ ਨੇ ਪਟਨਾ ਨਗਰ ਵਿਚ ਸੰਗਤਾਂ ਨੂੰ ਬਾਲਕ "ਗੋਬਿਦ ਦਾਸ" ਦੀ ਦੇਖ-ਰੇਖ ਕਰਨ ਅਤੇ "ਵਾਹਿਗੁਰ" ਦੇ ਨਾਮ ਦਾ ਜਾਪ ਕਰਨ ਦਾ ਸੰਦੇਸ਼ ਪੱਤਰ ਦੁਆਰਾ ਭੇਜਿਆ। ਇਸ ਤੋਂ ਬਾਅਦ ਬੰਗਾਲ ਦੇ ਹੋਰ ਸਥਾਨਾਂ ਦੀ ਯਾਤਰਾ ਦੇ ਲਈ ਨਿਕਲੇ।

ਢਾਕਾ ਵਿਚ ਰਹਿ ਕੇ ਗੁਰੂ ਜੀ ਨੇ ਗੁਰੂ ਨਾਨਕ ਦੇ ਧਰਮ ਦਾ ਵਿਆਪਕ ਰੂਪ ਵਿਚ ਪ੍ਰਚਾਰ ਕੀਤਾ। ਚਟਗਾਂਵ, ਸਿਲਹਟ ਆਦਿ ਨਗਰਾਂ ਦੇ ਲੋਕਾਂ ਉੱਤੇ ਇਨ੍ਹਾਂ ਦੇ ਉਪਦੇਸ਼ਾਂ ਦਾ ਬਹੁਤ ਪ੍ਰਭਾਵ ਪਿਆ। ਇਸ ਸਮੇਂ ਕਾਮਰੂਪ ਦੀ ਇਕ ਰਿਆਸਤ ਦਾ ਰਾਜਾ ਰਾਮਰਾਇ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਅਤੇ ਇਨ੍ਹਾਂ ਦੇ ਤੇਜੱਸਵੀ ਵਿਅਕਤਿਤਵ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦਾ ਸੇਵਕ ਬਣ ਗਿਆ। ਉਸ ਨੂੰ ਗੁਰੂ ਦੇਵ ਆਸ਼ੀਰਵਾਦ ਦਿੱਤਾ।

ਆਸਾਮ ਪ੍ਰਦੇਸ਼ ਦੇ ਅਹਮ ਜਾਤੀ ਦੇ ਲੋਕਾਂ ਨੇ ਦਿੱਲੀ ਸਾਮਰਾਜ ਦੇ ਵਿਰੁੱਧ ਸੰਨ 1667ਈ. ਵਿਚ ਵਿਦਰੋਹ ਆਰੰਭ ਕਰ ਦਿੱਤਾ ਸੀ। ਇਨ੍ਹਾਂ ਦੇ ਰਾਜਾ ਚਕਰਧਵਜ ਸਿੰਘ ਨੇ ਗੋਹਾਟੀ ਉੱਪਰ ਅਧਿਕਾਰ ਕਰ ਲਿਆ ਸੀ। ਜਿਵੇਂ ਹੀ ਔਰੰਗਜ਼ੇਬ ਨੂੰ ਇਸ ਦੀ ਸੂਚਨਾ ਮਿਲੀ, ਉਸ ਨੂੰ ਬਹੁਤ ਚਿੰਤਾ ਹੋਈ ਉਸ ਨੇ ਕਾਫੀ ਸੋਚ-ਵਿਚਾਰ ਤੋਂ ਬਾਅਦ ਰਾਜਾ ਰਾਮ ਸਿੰਘ ਨੂੰ ਵਿਦਰੋਹ ਦਬਾਉਣ ਦੇ ਲਈ ਆਸਾਮ ਭੇਜਣ ਦਾ ਨਿਸ਼ਚਾ ਕੀਤਾ। ਔਰੰਗਜ਼ੇਬ ਨੇ ਅਜਿਹਾ ਕੁਝ ਵਿਸਿਸ਼ਟ ਉਦੇਸ਼ਾਂ ਦੀ ਪੂਰਤੀ ਦੇ ਲਈ ਕੀਤਾ ਸੀ। ਪਹਿਲਾਂ ਬਾਦਸ਼ਾਹ ਨੇ ਸੋਚਿਆ ਜੇ ਰਾਮ ਸਿੰਘ ਯੁੱਧ ਵਿਚ ਮਾਰਿਆ ਗਿਆ ਤਾਂ ਸ਼ਾਹੀ ਸੈਨਾ ਦਾ ਇਕ ਵਿਸ਼ਵਾਸਘਾਤੀ ਵਿਅਕਤੀ ਸਮਾਪਤ ਹੋ ਜਾਵੇਗਾ, ਕਿਉਂਕਿ ਬਾਦਸ਼ਾਹ ਰਾਜਾ ਰਾਮ ਸਿੰਘ ਨੂੰ ਹੀ ਸ਼ਿਵਾ ਜੀ ਦੇ ਕੈਦ ਵਿਚ ਭੱਜ ਜਾਣ ਦਾ ਕਾਰਨ ਮੰਨਦਾ ਸੀ। ਦੂਸਰਾ ਜੇ ਰਾਜਾ ਰਾਮ ਸਿੰਘ ਯੁੱਧ ਵਿਚ ਜਿੱਤ ਗਿਆ ਤਾਂ ਦਿੱਲੀ ਸਾਮਰਾਜ ਦਾ ਵਿਸਥਾਰ ਹੋਵੇਗਾ। ਇਸ ਦ੍ਰਿਸ਼ਟੀਕੋਣ ਨੂੰ ਦਿਮਾਗ ਵਿਚ ਰੱਖ ਕੇ ਬਾਦਸ਼ਾਹ ਔਰੰਗਜੇਬ ਨੇ ਰਾਜਾ ਰਾਮ ਸਿੰਘ ਨੂੰ ਰਸਤੇ ਵਿਚ ਜ਼ਰੂਰਤ ਅਨੁਸਾਰ ਹੋਰ ਅਧਿਕ ਫੌਜ ਨਾਲ ਲੈ ਜਾਣ ਦਾ ਵੀ ਹੁਕਮ ਦਿੱਤਾ।

ਰਾਜਾ ਰਾਮ ਸਿੰਘ ਸੰਨ 1668ਈ. ਦੇ ਆਸ-ਪਾਸ ਢਾਕਾ ਪਹੁੰਚਿਆ। ਉਥੇ ਉਸ ਨੂੰ ਪਤਾ ਲਗਾ ਕਿ ਗੁਰੂ ਤੇਗ਼ ਬਹਾਦਰ ਧਰਮ-ਪ੍ਰਚਾਰ ਲਈ ਯਾਤਰਾ ਕਰ ਰਹੇ ਹਨ। ਉਹ ਢਾਕਾ ਵਿਚ ਗੁਰੂ ਜੀ ਨੂੰ ਮਿਲਿਆ ਅਤੇ ਉਨ੍ਹਾਂ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕੀਤੀ। ਰਾਜਾ ਰਾਮ ਸਿੰਘ ਨੇ ਆਪਣੇ ਆਉਣ ਦਾ ਕਾਰਨ ਦੱਸਿਆ ਅਤੇ ਉਨ੍ਹਾਂ ਕੋਲੋਂ ਸਹਾਇਤਾ ਮੰਗੀ। ਗੁਰੂ ਜੀ ਕੁਝ ਸੋਚ-ਵਿਚਾਰ ਕਰਨ ਤੋਂ ਬਾਅਦ ਉਸ ਨਾਲ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਨੇ ਆਸਾਮ ਜਾਣ ਦੀ ਸੂਚਨਾ ਧੂਰਬੀ ਦੀ ਸਿੱਖ-ਸੰਗਤ ਨੂੰ ਪਹਿਲਾਂ ਹੀ ਪਹੁੰਚਾ ਦਿੱਤੀ। ਇਹ ਰਾਜਾ ਰਾਮ ਸਿੰਘ ਦੇ ਨਾਲ ਦਸੰਬਰ, 1668ਈ. ਵਿਚ ਢਾਕਾ ਤੋਂ ਆਸਾਮ ਜਾਣ ਲਈ ਰਵਾਨਾ ਹੋ ਗਏ। ਆਸਾਮ ਵਿਚ ਗੁਰੂ ਦੀ ਅਤੇ ਉਨ੍ਹਾਂ ਦੇ ਸ਼ਿਸ਼ ਧੂਰਬੀ ਵਿਚ ਰਹਿ ਕੇ ਧਰਮ ਪ੍ਰਚਾਰ ਕਰਨ ਲੱਗੇ। ਰਾਜਾ ਰਾਮ ਸਿੰਘ ਦੀ ਫੌਜ ਦਾ ਪੜਾਉ ਵੀਹ ਮੀਲ ਦੀ ਦੂਰੀ ਉਪਰ ਰੰਗਮਾਈ ਨਾਮਕ ਸਥਾਨ ਤੇ ਰਿਹਾ।

ਮਾਰਚ 1699 ਈ. ਵਿਚ ਆਸਾਮ ਦੇ ਰਾਜਾ ਚਕਰਧਵਜ ਅਤੇ ਰਾਜਾ ਰਾਮ ਸਿੰਘ ਦੀਆਂ ਵਿਚ ਘਮਾਸਾਨ ਯੁੱਧ ਹੋਇਆ। ਦੋਨਾਂ ਫੌਜ਼ਾਂ ਦੀ ਜਾਨ ਅਤੇ ਧਨ ਦੀ ਹਾਨੀ ਹੋਈ। ਕੁਝ ਮਹੀਨੇ ਲੜਨ ਤੋਂ ਬਾਅਦ ਦੋਨੋ ਪਾਸਿਆਂ ਤੋਂ ਹੀ ਯੁੱਧ ਸਮਾਪਤ ਕਰਨ ਦੇ ਉਪਾਅ ਸੋਚੇ ਜਾਣ ਲੱਗੇ। ਆਸਾਮ ਨਿਵਾਸੀਆਂ ਨੇ ਗੁਰੂ ਤੇਗ ਬਹਾਦਰ ਦੇ ਅਲੌਕਿਕ ਗੁਣਾਂ ਦੀ ਪ੍ਰਸ਼ੰਸਾ ਪਹਿਲਾਂ ਹੀ ਸੁਣ ਰੱਖੀ ਸੀ। ਉਨ੍ਹਾਂ ਵਿਚੋਂ ਅਧਿਕ ਗੁਰੂ ਜੀ ਨੂੰ ਪਰਮਾਤਮਾ ਦਾ ਅਵਤਾਰ ਮੰਨਦੇ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਦੇਵ ਦੋਨਾਂ ਫੌਜਾਂ ਵਿਚ ਯੁੱਧ ਰੋਕਣ ਦਾ ਇਕ ਪ੍ਰਸਤਾਵ ਰੱਖਣਾ ਚਾਹੁੰਦੇ ਹਨ ਤਾਂ ਉਹ ਤੁਰੰਤ ਸਹਿਮਤ ਹੋ ਗਏ। ਗੁਰੂ ਤੇਗ਼ ਬਹਾਦਰ ਦੇ ਦੋਨਾਂ ਰਾਜਿਆਂ ਦੇ ਸਾਹਮਣੇ ਇ਼ਹ ਪ੍ਰਸਤਾਵ ਰੱਖਿਆ ਕਿ ਜਿੱਥੋਂ ਤੱਕ ਮੁਗਲ ਫੌਜ ਨੇ ਅਧਿਕਾਰ ਕਰ ਲਿਆ ਹੈ ਉਹ ਮੁਗਲ ਸਾਮਰਾਜ ਦਾ ਹਿੱਸਾ ਮੰਨਿਆ ਜਾਏ। ਗੋਹਾਟੀ ਆਦਿ ਪ੍ਰਦੇਸ਼ ਜੋ ਕਿ ਰਾਜਾ ਚਕਰਵਧ ਦੇ ਅਧੀਨ ਹੈ ਉਸ ਉਪਰ ਆਸਾਮੀਆਂ ਦਾ ਹੀ ਅਧਿਕਾਰ ਬਣਿਆ ਰਹੇ। ਗੁਰੂ ਦੇਵ ਦੇ ਇਸ ਪ੍ਰਸਤਾਵ ਨੂੰ ਦੋਨਾਂ ਰਾਜਿਆਂ ਨੇ ਸਵੀਕਾਰ ਕਰ ਲਿਆ। ਦੋਨਾਂ ਰਾਜਾਂ ਵਿਚ ਸਮਝੌਤਾ ਹੋ ਜਾਣ ਤੇ ਚਾਰਾਂ ਪਾਸਿਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਸਾਰੇ ਪਾਸੇ ਸ਼ਾਂਤੀ ਦਾ ਵਾਤਾਵਰਣ ਛਾ ਗਿਆ। ਇਸ ਸੰਧੀ ਨੂੰ ਸਵੀਕ੍ਰਿਤੀ ਪ੍ਰਦਾਨ ਕਰਨ ਦੇ ਲਈ ਦੋਨਾਂ ਫੌਜਾਂ ਨੇ ਰੰਗਾ ਘਾਟੀ ਤੋਂ ਮਿੱਟੀ ਲਿਆ ਕੇ ਚਿੰਨਾਤਮਕ ਰੂਪ ਵਿਚ ਗੁਰਦੁਆਰਾ ਦਾ ਨਿਰਮਾਣ ਕੀਤਾ ਗਿਆ ਜੋ ਅੱਜ ਵੀ "ਸ਼ਾਂਤੀ ਦੇ ਅਵਤਾਰ" ਦੇ ਮਹਾਨ ਚਮਤਕਾਰ ਦੀ ਯਾਦ ਦਿਵਾਉਂਦਾ ਹੈ। ਇਸ ਪ੍ਰਸਿੱਧ ਘਟਨਾ ਦਾ ਵਰਨਣ ਆਸਾਮ ਦੇ ਇਤਿਹਾਸਕ ਲੇਖਾਂ ਵਿਚ ਮਿਲਦਾ ਹੈ-

ਆਸਾਮ ਪ੍ਰਦੇਸ਼ ਵਿਚ ਗੁਰੂ ਤੇਗ਼ ਬਹਾਦਰ ਪਰਮਾਤਮਾ ਦੇ ਅਵਤਾਰ ਰੂਪ ਵਿਚ ਪੂਜੇ ਜਾਣ ਲੱਗੇ। ਸਿੱਖ, ਹਿੰਦੂ ਅਤੇ ਮੁਸਲਮਾਨ ਇਨ੍ਹਾਂ ਨੂੰ ਗੁਰੂ, ਅਵਤਾਰ ਅਤੇ ਪੀਰ ਦੇ ਰੂਪ ਵਿਚ ਸਨਮਾਨਿਤ ਕਰਨ ਲੱਗੇ। ਆਸਾਮ ਪ੍ਰਦੇਸ਼ ਵਿਚ ਸ਼ਾਂਤੀ ਦਾ ਵਾਤਾਵਰਣ ਦੇਖ ਕੇ ਇਨ੍ਹਾਂ ਦੀ ਅਭਿਲਾਸਾ ਪਟਨਾ ਜਾ ਕੇ ਸਾਹਿਬਜ਼ਾਦੇ ਗੋਬਿੰਦ ਨੂੰ ਦੇਖਣ ਲਈ ਹੋਈ। ਪਟਨਾ ਮੁੜਦੇ ਸਮੇਂ ਗੁਰੂ ਜੀ ਕੁਝ ਦਿਨਾਂ ਦੇ ਲਈ ਜਗਨਨਾਥ ਪੁਰੀ ਪਹੁੰਚੇ। ਉਥੇ ਉਨ੍ਹਾਂ ਦਾ ਹਿੰਦੂ-ਵੈਸ਼ਨਾਵਾਂ ਨਾਲ ਅਧਿਆਤਮਕ ਵਿਸ਼ਿਆਂ ਉਪਰ ਗੱਲਬਾਤ ਹੋਈ। ਵੈਸ਼ਨਵ ਭਗਤ ਗੁਰੂ ਜੀ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ। ਜਗਨ ਨਾਥ ਪੁਰੀ ਵਿਚ ਗੁਰੂ ਜੀ ਨੂੰ ਸੂਚਨਾ ਮਿਲੀ ਕਿ ਔਰੰਗਜ਼ੇਬ ਨੇ ਗੈਰ-ਮੁਸਲਮਾਨਾਂ ਉੱਪਰ ਅੱਤਿਆਚਾਰ ਕਰਨੇ ਆਰੰਭ ਕਰ ਦਿੱਤੇ ਹਨ। ਉਹ ਸਾਰੇ ਭਾਰਤ ਵਿਚ ਕੇਵਲ ਮੁਸਲਮਾਨ ਹੀ ਦੇਖਣਾ ਚਾਹੁੰਦਾ ਹੈ। ਦੇਸ਼ ਦੀ ਅਜਿਹੀ ਅਵਸਥਾ ਵਿਚ ਗੁਰੂ ਜੀ ਨੇ ਜਲਦੀ ਪਟਨਾ ਜਾਣਾ ਹੀ ਜ਼ਰੂਰੀ ਸਮਝਿਆ।

ਗੁਰੂ ਤੇਗ ਬਹਾਦਰ ਪਟਨਾ ਪਹੁੰਚਣ ਦੀ ਸੂਚਨਾ ਪਹਿਲਾਂ ਹੀ ਪਟਨਾ-ਸੰਗਤ ਨੂੰ ਭੇਜ ਦਿੱਤੀ ਸੀ। ਪਟਨਾ ਵਿਚ ਪਰਿਵਾਰ ਦੇ ਸਾਰੇ ਮੈਂਬਰ ਗੁਰੂ ਜੀ ਦੇ ਦਰਸ਼ਨਾਂ ਦੇ ਲਈ ਉਤਾਵਲੇ ਹੋ ਗਏ। ਪਟਨਾ ਨਗਰ ਦੇ ਨਿਵਾਸੀਆਂ ਵਿਚ ਇਕ ਅਜੀਬ ਕਿਸਮ ਦੀ ਖੁਸ਼ੀ ਨਜ਼ਰ ਆਉਣ ਲੱਗੀ। ਪਟਨਾ ਦੇ ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਨੇ ਆਪਣਾ ਬਾਗ਼ ਗੁਰੂ-ਪਰਿਵਾਰ ਨੂੰ ਭੇਂਟ ਕੀਤਾ ਸੀ। ਇਸ ਬਾਗ਼ ਵਿਚ ਗੁਰੂ ਜੀ ਨੇ ਸਭ ਤੋਂ ਪਹਿਲਾਂ ਆਪਣੇ ਪਿਤਾ ਦੇ ਚਰਨ ਸਪਰਸ਼ ਕੀਤੇ ਅਤੇ ਉਨ੍ਹਾਂ ਤੋਂ ਅਸ਼ੀਰਵਾਦ ਲਿਆ। ਬਾਲਕ ਦੇ ਸੁੰਦਰ ਪਾਲਣ-ਪੋਸ਼ਣ ਤੋਂ ਗੁਰੂ ਜੀ ਬਹੁਤ ਪ੍ਰਸੰਨ ਹੋਏ, ਉਨ੍ਹਾਂ ਨੇ ਮਾਮਾ ਕ੍ਰਿਪਾਲ ਚੰਦ ਅਤੇ ਹੋਰ ਲੋਕਾਂ ਦਾ ਧੰਨਵਾਦ ਕੀਤਾ।

ਮਾਤਾ ਨਾਨਕੀ ਆਪਣੇ ਪੁੱਤਰ ਨੂੰ ਦੇਖ ਕੇ ਬਹੁਤ ਖੁਸ਼ ਹੋਈ। ਗੁਜਰੀ ਵੀ ਪਤੀ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਈ। ਗੁਰੂ ਘਰ ਦੇ ਹੋਰ ਸ਼ਿਸ਼ ਦਿਆਲ ਦਾਸ ਨੂੰ ਗੁਰੂ ਜੀ ਨੇ ਗਲੇ ਨਾਲ ਲਗਾ ਕੇ ਹਮੇਸ਼ਾਂ ਸੁਖੀ ਰਹਿਣ ਦਾ ਆਸ਼ੀਰਵਾਦ ਦਿੱਤਾ। ਸਾਰੇ ਪਟਨਾ ਨਗਰ ਵਿਚ ਖੁਸ਼ੀ ਦਾ ਵਾਤਾਵਰਣ ਛਾ ਗਿਆ।

ਗੁਰੂ ਦੇਵ ਨੇ ਗੁਰੂ ਨਾਨਕ ਦੇ ਮੱਤ ਨੂੰ ਅਧਿਕ ਫੈਲਾਉਣ ਦੇ ਲਈ ਪ੍ਰਚਾਰ ਦਾ ਕੰਮ ਜਾਰੀ ਰੱਖਿਆ। ਇਨ੍ਹਾਂ ਨੇ ਬਿਨਾਂ ਕਿਸੇ ਭੇਦ-ਭਾਦ ਲੋਕਾਂ ਨੂੰ ਉਤਮ ਅਤੇ ਸੁਖੀ ਜੀਵਨ ਬਿਤਾਉਣ ਦੀ ਉਪਦੇਸ਼ ਦਿੱਤਾ। ਇਹੀ ਕਾਰਨ ਹੈ ਕਿ ਥੋੜ੍ਹੇ ਹੀ ਦਿਨਾਂ ਵਿਚ ਸਿੱਖਾਂ ਦੇ ਅਤਿਰਿਕਤ ਹਿੰਦੂ ਅਤੇ ਮੁਸਲਮਾਨ ਇਨ੍ਹਾਂ ਨੂੰ ਮਹਾਂਪੁਰਸ਼ ਦੇ ਰੂਪ ਵਿਚ ਪੂਜਣ ਲੱਗੇ। ਇਨ੍ਹਾਂ ਦੇ ਸਮੇਂ ਵਿਚ ਪਟਨਾ ਸਿੱਖ ਧਰਮ ਦਾ ਇਕ ਪ੍ਰਸਿੱਧ ਕੇਂਦਰ ਬਣ ਗਿਆ।

ਗੋਰੂ ਤੇਗ ਬਹਾਦਰ ਦੇਸ਼ ਦੀ ਸਮਾਜਿਕ ਅਤੇ ਰਾਜਨੀਤਿਕ ਅਵਸਥਾ ਤੇ ਹਮੇਸ਼ਾਂ ਜਾਣੂ ਰਹਿੰਦੇ ਸਨ। ਪਟਨਾ ਵਿਚ ਇਨ੍ਹਾਂ ਨੂੰ ਪਤਾ ਲੱਗਾ ਕਿ ਔਰੰਗਜੇਬ ਨੇ ਉਤਰ ਭਾਰਤ ਵਿਚ ਗੈਰ-ਮੁਸਲਮਾਨਾਂ ਦੇ ਪ੍ਰਤੀ ਆਪਣੀ ਆਧਾਰਮਿਕ ਅਤੇ ਹਿੰਸਕ ਨੀਤੀ ਨੂੰ ਤੇਜ਼ ਕਰ ਦਿੱਤਾ ਹੈ। ਹਿੰਦੂਆਂ ਦੇ ਮੰਦਰ ਡੇਗੇ ਜਾ ਰਹੇ ਹਨ, ਉਨ੍ਹਾਂ ਉਤੇ ਤਰ੍ਹਾਂ-ਤਰ੍ਹਾਂ ਦੇ ਕਰ ਲਗਾਏ ਜਾ ਰਹੇ ਹਨ। ਤਲਵਾਰ ਦੇ ਜ਼ੋਰ ਨਾਲ ਸ਼ਰਾ ਦਾ ਪ੍ਰਚਾਰ ਹੋਣ ਲੱਗਾ। ਸਿੱਖਾਂ ਨਾਲ ਵੀ ਅਜਿਹਾ ਹੀ ਵਰਤਾਉ ਹੋ ਰਿਹਾ ਸੀ।

ਅਜਿਹੇ ਅਨੇਕ ਜ਼ੁਲਮਾਂ ਤੋਂ ਹਿੰਦੂ ਜਨਤਾ ਕੁਰਲਾ ਉਠੀ। ਹਿੰਦੂਆਂ ਉੱਪਰ ਹੀ ਨਹੀਂ ਬਲਕਿ ਮੁਸਲਮਾਨਾਂ ਅਤੇ ਸੂਫੀ ਫਕੀਰਾਂ ਉਪਰ ਵੀ ਔਰੰਗਜੇਬ ਨੇ ਅਨੇਕ ਅਤਿਆਚਾਰ ਤੋਂ ਪੰਜਾਬ ਅਤੇ ਕਸ਼ਮੀਰ ਵਿਚ ਹਾਹਾਕਾਰ ਮਚ ਗਈ। ਇਨ੍ਹਾਂ ਸਭ ਗੱਲਾਂ ਨੂੰ ਸੁਣ ਕੇ ਗੁਰੂ ਜੀ ਬਹੁਤ ਦੁਖੀ ਹੋਏ ਅਤੇ ਉਨ੍ਹਾਂ ਨੇ ਪੰਜਾਬ ਵੱਲ ਮੁੜਨ ਦਾ ਫੈਸਲਾ ਕੀਤਾ। ਗੁਰੂ ਜੀ ਨੇ ਅਨੁਭਵ ਕੀਤਾ ਕਿ ਸਿੱਖਾਂ ਵਿਚ ਆਤਮ-ਵਿਸ਼ਵਾਸ ਨੂੰ ਪੈਦਾ ਕਰਨ ਦੀ ਬਹੁਤ ਜ਼ਰੂਰਤ ਸੀ। ਇਸ ਤਰ੍ਹਾਂ ਪੰਜਾਬ ਦੇ ਹਿੰਦੂ ਵੀ ਹੁਣ ਮੁਸਲਮਾਨ ਅਧਿਕਾਰੀਆਂ ਤੇ ਅਤਿਆਚਾਰ ਤੋਂ ਬਚਣ ਲਈ ਗੁਰੂ ਦੇਵ ਦੀ ਸ਼ਰਨ ਲੱਗ ਗਏ ਸਨ।

ਗੁਰੂ ਤੇਗ਼ ਬਹਾਦਰ ਨੇ ਪੰਜਾਬ ਦੀ ਸਥਿਤੀ ਨੂੰ ਦੇਖਣ ਲਈ ਪਟਨਾ ਦੀ ਨਿਵਾਸੀਆਂ ਤੋਂ ਵਿਦਾ ਲਈ। ਡਾ. ਤ੍ਰਿਲੋਚਨ ਸਿੰਘ ਅਨੁਸਾਰ ਗੁਰੂ ਜੀ ਨੇ ਪਹਿਲਾਂ ਇੱਕਲੇ ਹੀ ਪੰਜਾਬ ਜਾਣ ਦਾ ਫੈਸਲਾ ਕੀਤਾ। ਪਰੰਤੂ ਕੁਝ ਦਿਨਾਂ ਤੋਂ ਬਾਅਦ ਪਰਿਵਾਰ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਕੀਤਾ ਅਤੇ ਉਹ ਸੰਨ 1671 ਈ. ਨੂੰ ਵਿਸਾਖੀ ਤੋਂ ਪਹਿਲਾਂ ਅਨੰਦਪੁਰ ਪਹੁੰਚ ਗਏ।

ਅਨੰਦਪੁਰ ਵਿਚ ਗੁਰੂ ਜੀ ਦੇ ਸਾਹਮਣੇ ਦੋ ਕੰਮ ਸਨ-ਪਹਿਲਾ ਬਾਲਕ ਗੋਬਿੰਦ ਦੀ ਸਿਖਿਆ ਅਤੇ ਦੂਸਰਾ ਸਿੱਖਾਂ ਨੂੰ ਸੰਗਠਿਤ ਕਰ ਕੇ ਸ਼ਕਤੀਸ਼ਾਲੀ ਬਨਾਉਣਾ। ਉਹ ਸਿੱਖਾਂ ਨੂੰ ਨਿਡਰ ਬਣਾ ਕੇ ਅਨਿਆਇ ਦੇ ਵਿਰੁੱਧ ਲੜਨ ਦੇ ਲਈ ਤਿਆਰ ਕਰਨਾ ਚਾਹੁੰਦੇ ਸਨ।

ਗੁਰੂ ਦੇਵ ਨੇ ਬਾਲਕ ਗੋਬਿੰਦ ਦੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ। ਬਾਲਕ ਗੋਬਿੰਦ ਦੇ ਲਈ ਪੰਜਾਬੀ ਅਤੇ ਫ਼ਾਰਸੀ ਦਾ ਅਧਿਐਨ ਜ਼ਰੂਰੀ ਸੀ ਅਤੇ ਪੰਜਾਬੀ ਦੇ ਲਈ ਸਾਹਿਬ ਚੰਦ ਜੀ ਅਤੇ ਫ਼ਾਰਸੀ ਦੇ ਲਈ ਪੀਰ ਮੁਹੰਮਦ ਨਾਂਅ ਨਾਲ ਪ੍ਰਸਿੱਧ ਵਿਦਵਾਨਾਂ ਨੂੰ ਨਿਯੁਕਤ ਕੀਤਾ ਗਿਆ। ਇਨ੍ਹਾਂ ਦੋਨਾਂ ਵਿਦਵਾਨਾਂ ਨੇ ਬਾਲਕ ਨੂੰ ਇਨ੍ਹਾਂ ਭਾਸ਼ਾਵਾਂ ਸੰਬੰਧੀ ਪੂਰੀ ਜਾਣਕਾਰੀ ਦਿੱਤੀ। ਬਾਲਕ ਨੂੰ ਸੰਸਕ੍ਰਿਤ ਦੀ ਸਿੱਖਿਆ ਵੀ ਦਿੱਤੀ ਗਈ। ਸ਼ਾਸਤਰ ਵਿੱਦਿਆ ਅਤੇ ਘੋੜ ਸਵਾਰੀ ਆਦਿ ਦੇ ਲਈ ਆਪਣੇ ਸਮੇਂ ਦੇ ਪ੍ਰਸਿੱਧ ਅਤੇ ਅਨੁਭਵੀ ਬਹਾਦਰ ਬੱਜਰ ਨਾਮਕ ਰਾਜਪੂਤ ਨੂੰ ਨਿਯੁਕਤ ਕੀਤਾ ਗਿਆ। ਇਸ ਪ੍ਰਕਾਰ ਗੁਰੂ ਜੀ ਨੇ ਗੋਬਿੰਦ ਦੀ ਸਿਖਿਆ ਆਦਿ ਦਾ ਚੰਗਾ ਪ੍ਰਬੰਧ ਕੀਤਾ। ਇਸ ਦੇ ਸੰਬੰਧ ਵਿਚ ਗੁਰੂ ਗੋਬਿੰਦ ਸਿੰਘ ਦੀ ਆਪਣੀ ਕਥਾ ਬਚਿੱਤਰ ਨਾਟਕ ਦੀ ਨਿਮਨਲਿਖਿਤ ਪੰਕਤੀਆਂ ਇਸ ਤਰ੍ਹਾਂ ਹਨ-

ਮਦਰ ਦੇਸ਼ ਹਮਕੋ ਲੇ ਆਏ।

ਭਾਂਤ-ਭਾਂਤ ਦਾਈਅਨ ਦੁਲਰਾਏ।।

ਕੀਨੀ ਅਨਿਕ ਭਾਂਤ ਤਨ ਰੱਛਾ।

ਦੀਨੀ ਭਾਂਤ-ਭਾਂਤ ਕੀ ਸਿੱਚਾ।।

ਇਸ ਤਰ੍ਹਾਂ ਗੁਰੂ ਜੀ ਨੇ ਬਾਲਕ ਗੋਬਿੰਦ ਸਿੰਘ ਦੀ ਸਿੱਖਿਆ ਅਤੇ ਪਾਲਣ-ਪੋਸ਼ਣ ਦਾ ਉਚਿਤ ਪ੍ਰਬੰਧ ਕੀਤਾ ਸੀ।

ਆਨੰਦਪੁਰ ਵਿਚ ਸਿੱਖ-ਕੇਂਦਰ ਨੂੰ ਸੰਗਠਿਤ ਕਰ ਕੇ ਗੁਰੂ ਤੇਗ਼ ਬਹਾਦਰ ਪੰਜਾਬ ਅਤੇ ਮਾਲਵਾ ਆਦਿ ਪ੍ਰਦੇਸ਼ ਦੇ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਨ ਦੇ ਲਈ ਤਿਆਰ ਹੋਏ। ਇਨ੍ਹਾਂ ਦੇ ਪੰਜਾਬ ਦੀ ਇਹ ਯਾਤਰਾ ਸੰਨ 1672 ਈ. ਵਿਚ ਆਰੰਭ ਕੀਤੀ।

ਗੁਰੂ ਤੇਗ਼ ਬਹਾਦਰ ਨੇ ਪਟਿਆਲਾ, ਸਰਹੰਦ, ਮਾਨਸਾ, ਬਠਿੰਡਾ, ਸੰਗਰੂਰ, ਬਰਨਾਲਾ ਆਦਿ ਸਥਾਨਾਂ ਵਿਚ ਸਿੱਖ ਮੱਤ ਦਾ ਪ੍ਰਚਾਰ ਕੀਤਾ। ਸਿੱਖਾਂ ਵਿਚ ਜਾਗਰਿਤੀ ਲਿਆਉਣ ਦੇ ਲਈ ਪਿੰਡ-ਪਿੰਡ ਵਿਚ ਪ੍ਰਚਾਰ ਕੀਤਾ। ਇਨ੍ਹਾਂ ਦੇ ਵਿਚਾਰਾਂ ਤੋਂ ਸਿੱਖਾਂ ਤੋਂ ਇਲਾਵਾ ਹਿੰਦੂ ਅਤੇ ਮੁਸਲਮਾਨ ਵੀ ਪ੍ਰਭਾਵਿਤ ਹੁੰਦੇ ਸਨ। ਇਨ੍ਹਾਂ ਨੇ ਸਿੱਖਾਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨ ਦੇ ਲਈ ਨਿਮਨ ਪ੍ਰਕਾਰ ਦੇ ਪਦਾਂ ਦੀ ਰਚਨਾ ਕੀਤੀ-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।।

ਗੁਰੂ ਦੇਵ ਵਾਸਤਵ ਵਿਚ ਅਜਿਹੇ ਆਦਰਸ਼ ਮਨੁੱਖਾਂ ਨੂੰ ਸੰਗਠਿਤ ਕਰਦੇ ਸਨ ਜੋ ਕਿ ਧਰਮ ਅਤੇ ਨਿਆਂ ਦੀ ਰਖਿਆ ਕਰ ਸਕੇ। ਅਜਿਹੇ ਮਨੁੱਖਾਂ ਵਿਚ ਦੁੱਖ-ਸੁੱਖ, ਲੋਭ-ਮੋਹ, ਨਿੰਦਾ-ਉਸਤਤੀ ਅਤੇ ਖੁਸ਼ੀ-ਗਮੀ ਦਾ ਕੋਈ ਭੇਦ ਨਹੀਂ ਰਹਿੰਦਾ ਹੈ। ਗੁਰੂ ਜੀ ਦਾ ਨਿਮਨ ਲਿਖਤ ਸ਼ਬਦ ਅਜਿਹੇ ਹੀ ਆਦਰਸ਼ ਮਨੁੱਖਾਂ ਦੇ ਲਈ ਉਚਾਰਨ ਕੀਤਾਗਿਆ ਸੀ-

ਜੁ ਨਰੁ ਦੁਖ ਮਹਿ ਦੁਖੁ ਨਹੀ ਮਾਨੈ।

ਸੁਖ ਹਨੇਹੁ ਅਰੁ ਭੈ ਨਹੀਂ ਜਾ ਕੈ

ਕੰਚਨ ਮਾਟੀ ਮਾਨ। ।ਰਹਾਉ। ।

ਨਹ ਨਿੰਦਿਆ ਨਹ ਉਸਤਤਿ ਜਾ ਕੇ।

ਰਹਖ ਸੋਗ ਤੇ ਰਹੋ ਨਿਆਰਉ।

ਨਾਹਿ ਮਾਨੁ ਅਭਿਮਾਨਾ।

ਆਸਾ ਮਨਸਾ ਸਗਲ ਤਿਆਗੈ।

ਕਾਮ ਕ੍ਰੋਧ ਜਿਹ ਪਰਸੈ ਨਾਹਿਨ।

ਤਿਹ ਘਟਿ ਬ੍ਰਹਮ ਨਿਵਾਸਾ।

ਗੁਰਿ ਕਿਰਪਾ ਜਿਹ ਨਰ ਕਉ ਕੀਨੀ।

ਤਿਹ ਇਹ ਜੁਗਤਿ ਪਛਾਨਿ।

ਨਾਨਕ ਲੀਨ ਭਇਉ ਗੋਬਿੰਦੀ ਸਿਉ।

ਜਿਉ ਪਾਨੀ ਸੰਗਿ ਪਾਨੀ।

ਗੁਰੂ ਤੇਗ਼ ਬਹਾਦਰ ਦੇ ਸੇਵਕਾਂ ਦੀ ਸੰਖਿਆ ਦਿਨ ਦੁਗਣੀ ਅਤੇ ਰਾਤ ਚੌਗੁਣੀ ਵੱਧਣ ਲੱਗੀ। ਗੁਰੂ ਜੀ ਜਿੱਥੇ ਵੀ ਪ੍ਰਚਾਰ ਦੇ ਲਈ ਜਾਂਦੇ, ਹਜ਼ਾਰਾਂ ਦੀ ਸੰਖਿਆ ਵਿਚ ਸਿੱਖ ਇਕਠੇ ਹੋ ਜਾਂਦੇ ਅਤੇ ਇਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੀ ਭੇਟ ਚੜਾਉਂਦੇ ਸਨ। ਇਸ ਸਮੇਂ ਤੱਕ ਸਿੱਖ ਸ਼ਕਤੀ ਬਹੁਤ ਮਜ਼ਬੂਤ ਹੋ ਗਈ ਸੀ। ਇੰਨਾ ਹੀ ਨਹੀਂ ਗੁਰੂ ਤੇਗ ਬਹਾਦਰ ਦੇ ਧਾਰਮਿਕ ਅਤੇ ਕ੍ਰਾਂਤੀਕਾਰੀ ਵਿਅਕਤੀਤਵ ਦਾ ਪ੍ਰਭਾਵ ਹਿੰਦੂਆਂ ਅਤੇ ਮੁਸਲਮਾਨਾਂ ਉੱਪਰ ਵੀ ਪਿਆ। ਅਨੇਕ ਮੁਸਲਮਾਨ ਫ਼ਕੀਰ ਇਨ੍ਹਾਂ ਦੇ ਸ਼ਰਧਾਲੂ ਬਣ ਗਏ। ਮਾਲਵਾ ਦੇ ਸੈਂਕੜੇ ਪਠਾਨਾਂ ਨੇ ਸਿੱਖ ਮਤ ਨੂੰ ਧਾਰਣ ਕੀਤਾ। ਸਿੱਖ, ਹਿੰਦੂ ਉੱਤੇ ਮੁਸਲਮਾਨ ਗੁਰੂ ਜੀ ਨੂੰ "ਸੱਚੇ ਬਾਦਸ਼ਾਹ" ਦੇ ਨਾਮ ਨਾਲ ਸੱਦਣ ਲੱਗੇ। ਗੁਰੂ ਦੇਵ ਜੀ ਇਨ੍ਹਾਂ ਗਤੀਵਿਧੀਆਂ ਦੀ ਸੂਚਨਾ ਦਿੱਲੀ ਦਰਬਾਰ ਨੂੰ ਪਹੁੰਚਣ ਲੱਗੀ। ਔਰੰਗਜ਼ੇਬ ਨੂੰ ਸਿੱਖਾਂ ਦੀ ਵੱਧਦੀ ਹੋਈ ਸ਼ਕਤੀ ਨੂੰ ਦੇਖ ਕੇ ਬਹੁਤ ਚਿੰਤਾ ਹੋਈ। ਉਹ ਸੰਗਠਿਤ ਸਿੱਖ ਸ਼ਕਤੀ ਨੂੰ ਆਪਣੇ ਰਾਜ ਦੇ ਲਈ ਖਤਰਾ ਸਮਝਣ ਲੱਗਾ।

ਇਸ ਸਮੇਂ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫਗਾਨ ਦੇ ਬਾਦਸ਼ਾਹ ਔਰੰਗਜ਼ੇਬ ਦੀ ਨਵੀਂ ਧਰਮ ਪਰਿਵਰਤਨ ਦੀ ਨੀਤੀ ਦੇ ਅਨੁਸਾਰ ਹਿੰਦੂਆਂ ਉਤੇ ਅੱਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ। ਹਿੰਦੂਆਂ ਦੀ ਤਰਸਯੋਗ ਹਾਲਤ ਦੇਖ ਕੇ ਮਟਨ-ਨਿਵਾਸੀ ਕ੍ਰਿਪਾ ਰਾਮ ਕਰੀਬ 500 ਹਿੰਦੂ ਬ੍ਰਾਹਮਣਾਂ ਨੂੰ ਲੈ ਕੇ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਅਤੇ ਗੁਰੂ ਤੇਗ਼ ਬਹਾਦਰ ਜੀ ਨੂੰ ਹਿੰਦੂਆਂ ਉਪਰ ਹੋ ਰਹੇ ਅੱਤਿਆਚਾਰ ਦੀ ਕਹਾਣੀ ਸੁਣਾਈ। ਗੁਰੂ ਜੀ ਕਸ਼ਮੀਰ ਸਮਾਚਾਰਾਂ ਨੂੰ ਸੁਣਕੇ ਹੈਰਾਨ ਹੋਏ, ਉਨ੍ਹਾਂ ਨੇ ਕਸ਼ਮੀਰ ਦੇ ਹਿੰਦੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦੀ ਸਹਾਇਤਾ ਕਰਨਗੇ। ਇਸ ਸਮੇਂ ਤੱਕ ਗੁਰੂ ਜੀ ਨੇ ਮਨ ਵਿਚ ਫੈਸਲਾ ਕਰ ਲਿਆ ਕਿ ਹਿੰਦੂਆਂ ਉੱਪਰ ਅਨਿਆਇ ਹੋ ਰਿਹਾ ਹੈ ਅਤੇ ਇਸ ਅਨਿਆਇ ਨੂੰ ਦੂਰ ਕਰਨਾ ਹੋਵੇਗਾ।

ਗੁਰੂ ਤੇਗ਼ ਬਹਾਦਰ ਨੇ ਹਿੰਦੂਆਂ ਨੂੰ ਮੁਗ਼ਲ-ਸ਼ਾਸਕਾਂ ਦਾ ਵਿਰੋਧ ਕਰਨ ਦੇ ਲਈ ਵੀ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਪੂਰਾ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦਾ ਇਸ ਧਰਮ-ਪਰਿਵਰਤਨ ਦੇ ਸਮੇਂ ਸਾਥ ਦੇਣਗੇ। ਅੰਤ ਵਿਚ ਉਨ੍ਹਾਂ ਨੂੰ ਕਿਹਾ ਕਿ ਉਹ ਕਸ਼ਮੀਰ ਜਾ ਕੇ ਸੂਬੇਦਾਰ ਨੂੰ ਕਹਿ ਦੇਣ ਕਿ ਸਾਡੇ ਅਧਿਆਪਕ ਗੁਰੂ "ਨੌਵੇਂ ਨਾਨਕ" ਹਨ। ਜੇਕਰ ਉਹ ਧਾਰਣ ਕਰ ਲੈਣ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ।

ਗੁਰੂ ਤੇਗ਼ ਬਹਾਦਰ ਨੇ ਕਸ਼ਮੀਰ ਦੇ ਹਿੰਦੂਆਂ ਨੂੰ ਇਸਲਾਮ ਵਿਚ ਜ਼ਬਰਦਸਤੀ ਪਰਿਵਰਤਨ ਕਰਨ ਦੇ ਖੁੱਲੇ ਵਿਰੋਧ ਦੀ ਸੂਚਨਾ ਔਰੰਗਜੇਬ ਨੂੰ ਦੇ ਦਿੱਤੀ ਗਈ। ਇਹ ਸੁਣਦੇ ਹੀ ਔਰੰਗਜ਼ੇਬ ਨੇ (ਗੁਰੂ) ਤੇਗ਼ ਬਹਾਦਰ ਨੂੰ ਦਿੱਲੀ ਆਉਣ ਦਾ ਹੁਕਮ ਦਿੱਤਾ। ਸ਼ਾਹੀ ਫੁਰਮਾਨ ਨੂੰ ਲੈ ਕੇ ਅਧਿਕਾਰੀ ਅਨੰਦਪੁਰ ਪਹੁੰਚਿਆ। ਪਰੰਤੂ ਗੁਰੂ ਜੀ ਇਸ ਤੋਂ ਪਹਿਲਾਂ ਹੋਣ ਵਾਲੀਆਂ ਘਟਨਾਵਾਂ ਦਾ ਅਨੁਮਾਨ ਲਗਾ ਕੇ ਦਿੱਲੀ ਨੂੰ ਰਵਾਨਾ ਹੋ ਗਏ। ਜਾਂਦੇ ਸਮੇਂ ਗੁਰੂ ਜੀ ਨੇ ਬਾਲਕ ਗੋਬਿੰਦ ਦਾਸ ਨੂੰ ਗੁਰ-ਦਰਬਾਰ ਦੀ ਸਾਰੀ ਜ਼ਿੰਮੇਵਾਰੀ ਸੌਂਪ ਦੱਤੀ। ਇਸ ਤੋਂ ਬਾਅਦ ਕ੍ਰਿਪਾਲ ਚੰਦ ਆਦਿ ਨਾਲ ਮਿਲਕੇ ਗੁਰੂ ਜੀ ਆਪਣੇ ਪੰਜ ਸੇਵਕਾਂ ਨਾਲ ਦਿੱਲੀ ਵੱਲ ਤੁਰ ਪਏ।

ਗੁਰੂ ਤੇਗ਼ ਬਹਾਦਰ ਦੇ ਆਨੰਦਪੁਰ ਵਿਚ ਨਾ ਮਿਲਣ ਤੇ ਔਰੰਗਜ਼ੇਬ ਨੇ ਲਾਹੌਰ ਦੇ ਹਾਕਮ ਨੂੰ ਆਦੇਸ਼ ਦਿੱਤਾ ਕਿ (ਗੁਰੂ) ਤੇਗ਼ ਬਹਾਦਰ ਨੂੰ ਕੈਦ ਵਿਚ ਰੱਖਣ। ਗੁਰੂ ਜੀ ਇਸ ਸਮੇਂ ਆਗਰਾ ਵਿਚ ਧਰਮ ਪ੍ਰਚਾਰ ਕਰ ਰਹੇ ਸਨ। ਇਨ੍ਹਾਂ ਨੇ ਉੱਥੇ ਹੀ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਦਾ ਨਿਸ਼ਚਾ ਕੀਤਾ। ਪਰੰਤੂ ਔਰੰਗਜ਼ੇਬ ਨੂੰ ਕਾਬੁਲ ਤੋ ਮੁੜਦੇ ਸਮੇਂ ਦੇਰ ਹੋ ਗਈ। ਆਗਰਾ ਵਿਚ ਠਹਿਰੇ। ਬਾਗ਼ ਵਿਚ ਠਹਿਰਨ ਦੇ ਦੌਰਾਨ ਹੀ ਗੁਰੂ ਜੀ ਇਕ ਆਯਾਲੀ ਬਾਬਾ ਹਸਨ ਅਲੀ ਦੇ ਦੁਆਰਾ ਬੜੇ ਨਾਟਕੀ ਢੰਗ ਨਾਲ ਗ੍ਰਿਫਤਾਰ ਹੋਏ। ਉਥੋਂ ਦੇ ਕੋਤਵਾਲ ਦੇ ਦੁਆਰਾ ਬਾਦਸ਼ਾਹ ਨੂੰ ਸੂਚਨਾ ਤੇ ਉਨ੍ਹਾਂ ਨੂੰ ਆਪਣੇ ਇਕ ਸਦਰਦੀਨ ਉਮਰਾਉ ਨੂੰ ਆਗਰਾ ਭੇਜ ਕੇ ਗੁਰੂ ਜੀ ਨੂੰ ਦਿੱਲੀ ਬੁਲਵਾ ਲਿਆ ਅਤੇ ਕੈਦ ਕਰ ਲਿਆ। ਔਰੰਗਜ਼ੇਬ ਦੇ ਮਨ ਵਿਚ ਸਾਰੀ ਹਿੰਦੂ ਜਾਤੀ ਨੂੰ "ਇਸਲਾਮ ਧਰਮ" ਵਿਚ ਸ਼ਾਮਲ ਕਰਨ ਦੀ ਇੱਛਾ ਸੀ, ਜਿਸ ਲਈ ਉਸ ਨੇ ਗੁਰੂ ਜੀ ਤੋਂ ਸਹਿਯੋਗ ਅਤੇ ਸਹਾਇਤਾ ਮੰਗੀ। ਉਸਨੇ ਆਪਣਾ ਸਿਖਿਆ ਕਾਰਜ ਪੂਰਾ ਕਰਨ ਦੇ ਲਈ ਗੁਰੂ ਜੀ ਅਤੇ ਉਨ੍ਹਾਂ ਦੇ ਅਨੁਯਾਈਆਂ ਨੂੰ ਉਚੀ ਪਦਵੀ ਦੇਣ ਦਾ ਵਚਨ ਦਿੱਤਾ। ਵਜ਼ੀਰ ਨੇ ਗੁਰੂ ਤੇਗ਼ ਬਹਾਦਰ ਨੂੰ ਇਸਲਾਮ ਧਰਮ ਅਪਨਾਉਣ ਦੇ ਲਈ ਅਨੇਕ ਲੋਭ ਦਿੱਤੇ। ਗੁਰੂ ਜੀ ਦੇ ਅਸਵੀਕਾਰ ਕਰਨ ਉੱਤੇ ਉਨ੍ਹਾਂ ਨੂੰ ਡਰਾਇਆ ਵੀ ਗਿਆ। ਪਰੰਤੂ ਗੁਰੂ ਜੀ ਨੇ ਨਿਰਭੈ ਹੋ ਕੇ ਵਜ਼ੀਰ ਨੂੰ ਕਿਹਾ, "ਬਾਦਸ਼ਾਹ ਔਰੰਗਜ਼ੇਬ ਦਾ ਪੈਗੰਬਰ ਸਾਰੇ ਵਿਸ਼ਵ ਵਿਚ ਇਸਲਾਮ ਧਰਮ ਨੂੰ ਨਹੀਂ ਫੈਲਾ ਸਕਿਆ ਅਤੇ ਨਾ ਹੀ ਵਿਸ਼ਵ ਦੇ ਲੋਕਾਂ ਉਤੇ ਠੋਸ ਸਕਿਆ, ਫਿਰ ਬਾਦਸ਼ਾਹ ਇਹ ਕਿਵੇਂ ਕਰ ਸਕਦਾ ਹੈ?" ਫਿਰ ਗੁਰੂ ਜੀ ਨੇ ਅੱਗੇ ਚਲ ਕੇ ਕਿਹਾ, "ਬਾਦਸ਼ਾਹ ਔਰੰਗਜ਼ੇਬ ਨੂੰ ਇਹ ਭਲੀ ਪ੍ਰਕਾਰ ਸਮਝ ਲੈਣਾ ਚਾਹੀਦਾ ਹੈ ਕਿ ਭਾਰਤ ਵਿਚ ਇਸਲਾਮ ਦੇ ਨਾਲ-ਨਾਲ ਸਿੱਖ ਅਤੇ ਹਿੰਦੂ ਆਦਿ ਧਰਮ ਹਮੇਸ਼ਾਂ ਜੀਵਤ ਰਹਿਣਗੇ ਅਤੇ ਮੁਸਲਮਾਨਾਂ, ਸਿੱਖਾਂ ਅਤੇ ਹਿੰਦੂਆਂ ਨੂੰ ਇਕ ਦੂਸਰੇ ਦੇ ਧਰਮ ਵਿਚ ਰੁਕਾਵਟ ਨਹੀਂ ਬਣਨਾ ਚਾਹੀਦਾ ਅਤੇ ਮਿਲ ਕੇ ਰਹਿਣਾ ਚਾਹੀਦਾ ਹੈ।

ਇਸ ਤੋਂ ਬਾਅਦ ਗੁਰੂ ਦੇਵ ਜੀ ਨੇ ਕੋਈ ਪਰਮਾਤਮਾਈ ਚਮਤਕਾਰ ਦਿਖਾਉਣ ਦੇ ਲਈ ਕਿਹਾ ਗਿਆ। ਗੁਰੂ ਜੀ ਨੇ ਚਮਤਕਾਰ ਪ੍ਰਦਰਸ਼ਨ ਨੂੰ ਅਕਾਲ ਪੁਰਖ ਦੀ ਇੱਛਾ ਦੇ ਵਿਰੁੱਧ ਕਹਿ ਕੇ ਅਸਵੀਕਾਰ ਕਰ ਦਿੱਤਾ। ਪਰੰਤੂ ਗੁਰੂ ਜੀ ਆਪਣੇ ਇਰਾਦੇ ਉੱਪਰ ਅਟਲ ਰਹੇ। ਉਹ ਤਾਂ ਮੁਗਲ ਰਾਜ ਦੀਆਂ ਜੜ੍ਹਾਂ ਉਖਾੜਨ ਦੇ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਸਨ। "ਗੁਰ ਪ੍ਰਤਾਪ ਸੂਰਜ" ਵਿਚ ਗੁਰੂ ਜੀ ਦੇ ਕਾਰਾਵਾਸ ਵਿਚ ਰਹਿੰਦੇ ਸਮੇਂ ਦੇ ਅਨੇਕ ਚਮਤਕਾਰ ਚਰਿੱਤਰ ਦਾ ਵਰਨਣ ਮਿਲਦਾ ਹੈ। ਜਿਵੇਂ ਜਮਨਾ ਨਦੀ ਵਿਚ ਇਸ਼ਨਾਨ ਕਰਨ ਜਾਣਾ, ਆਪਣੇ ਸਿੱਖਾਂ ਦੇ ਘਰਾਂ ਵਿਚ ਭੋਜਨ ਖਾਣ ਲਈ ਜਾਣਾ ਆਦਿ। ਪਰੰਤੂ "ਮਹਿਮਾ ਪ੍ਰਕਾਸ਼" ਅਤੇ "ਗੁਰ ਬਿਲਾਸ" ਆਦਿ ਵਿਚ ਅਜਿਹੇ ਚਰਿੱਤਰਾਂ ਦਾ ਕੋਈ ਸੰਕੇਤ ਨਹੀਂ ਮਿਲਦਾ। ਅੰਤ ਵਿਚ ਗੁਰੂ ਜੀ ਨੂੰ ਕਾਰਾਵਾਸ ਵਿਚ ਬੰਦ ਕਰ ਦਿੱਤਾ ਗਿਆ ਅਤੇ ਇਨ੍ਹਾਂ ਦੇ ਮਨ ਵਿਚ ਡਰ ਪੈਦਾ ਕਰਨ ਲਈ ਇਨ੍ਹਾਂ ਦੇ ਸ਼ਿਸ਼ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਅਤੇ ਭਾਈ ਦਿਆਲ ਦਾਸ ਨੂੰ ਦੇਗ਼ ਉਬਾਲਿਆ ਗਿਆ। ਗੁਰੂ ਦੇ ਇਨ੍ਹਾਂ ਚੇਲਿਆਂ ਨੂੰ ਮੌਤ ਨੂੰ ਤਾਂ ਅਪਨਾ ਲਿਆ, ਪਰੰਤੂ ਧਰਮ ਪਰਿਵਰਤਨ ਕਰਨਾ ਸਵੀਕਾਰ ਨਹੀਂ ਕੀਤਾ। ਇਸ ਤਰ੍ਹਾਂ ਦੇ ਘੋਰ ਕਸ਼ਟਾਂ ਤੋਂ ਵੀ ਗੁਰੂ ਜੀ ਨੂੰ ਅਪ੍ਰਭਾਵਿਤ ਦੇਖ ਕੇ ਬਾਦਸ਼ਾਹ ਨੂੰ ਦੂਸਰੇ ਸੇਵਕਾਂ ਨੂੰ ਛੱਡ ਦਿੱਤਾ, ਉਹ ਵੀ ਅਜਿਹੀ ਭਿਆਨਕ ਮੌਤ ਦੇਖ ਕੇ ਕੁਝ ਡਰ ਗਏ ਅਤੇ ਜੇਲ੍ਹ ਵਿਚੋਂ ਨਿਕਲਣ ਦੇ ਲਈ ਗੁਰੂ ਜੀ ਤੋਂ ਇਜਾਜਤ ਮੰਗਣ ਲੱਗੇ। ਜਦੋ ਗੁਰੂ ਜੀ ਨੇ ਉਨ੍ਹਾਂ ਨੂੰ ਇਜ਼ਾਜਤ ਦੇ ਦਿੱਤੀ ਤਾਂ ਉਨ੍ਹਾਂ ਨੇ ਕਾਰਾਵਾਸ ਤੋਂ ਮੁਕਤ ਹੋ ਕੇ ਬਾਹਰ ਰਹਿੰਦੇ ਗੁਰੂ ਸੇਵਾ ਦਾ ਪ੍ਰਣ ਲਿਆ। ਔਰੰਗਜੇਬ ਨੂੰ ਜਦੋਂ ਇਹ ਖਬਰ ਮਿਲੀ ਤਾਂ ਉਸਨੇ ਗੁਰੂ ਜੀ ਨੂੰ ਲੋਹ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ। ਪਰੰਤੂ ਗੁਰੂ ਜੀ ਉਪਰ ਇਸ ਦਾ ਵੀ ਕੋਈ ਪ੍ਰਭਾਵ ਨਹੀਂ ਪਿਆ। ਉਨ੍ਹਾਂ ਨੇ ਹੁਣ ਸਰੀਰ

ਤਿਆਗ ਦੇਣ ਦਾ ਨਿਸ਼ਚਾ ਕਰਕੇ ਬਾਲਕ ਗੋਬਿੰਦ ਗਏ ਦੀ ਪਰੀਖਿਆ ਲੈਣ ਲਈ ਨਿਮਨ-ਲਿਖਤ ਸ਼ਲੋਕ ਉਸਦੇ ਕੋਲ ਭਿਜਵਾਇਆ-

ਬਲ ਛੁਟਕਿਉ ਬੰਧਨ ਪਰੇ ਕਛੁ ਨ ਹੋਤ ਉਪਾਇ।।

ਕਹੁ ਨਾਨਕ ਅਬ ਉਟ ਹਰਿ ਗਜ ਜਿਉ ਹੋਹੁ ਸਹਾਇ।।

ਇਸਦੇ ਉੱਤਰ ਵਿਚ ਗੁਰੂ ਗੋਬਿੰਦ ਸਿੰਘ ਨੇ ਨਿਮਨਲਿਖਤ ਸ਼ਲੋਕ ਉਨ੍ਹਾਂ ਦੇ ਕੋਲ ਭੇਜਿਆ ਜਿਸ ਤੋਂ ਵਿਸ਼ਵਾਸ ਹੋ ਗਿਆ ਕਿ ਉਨ੍ਹਾਂ ਤੇ ਬਾਅਦ ਗੋਬਿੰਦ ਗੁਰਗੱਦੀ ਦੇ ਯੋਗ ਹੋ ਗਏ ਹਨ-

ਬਲੁ ਹੋਆ ਬੰਧਨ ਛੁਟੇ ਸਬੁ ਕਿਛੁ ਹੋਤੁ ਉਪਾਇ।।

ਨਾਨਕ ਸਭੁ ਕਿਛੁ ਤੁਮਰੈ ਹਾਤ ਮਹਿ ਤੁਮ ਹੀ ਹੋਤ ਸਹਾਇ।।

ਇਸ ਤਰ੍ਹਾਂ ਹੀ ਉਨ੍ਹਾਂ ਨੇ ਆਪਣੀ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਜੀ ਨੂੰ ਸੰਸਾਰ ਦੀ ਨਾਸ਼ਮਾਨਤਾ ਦਾ ਸੰਦੇਸ਼ ਦੇਣ ਦੇ ਲਈ ਵੈਰਾਗ ਭਾਵਨਾ ਨਾਲ ਭਰੇ ਸ਼ਬਦ ਲਿਖ ਕੇ ਭੇਜੇ ਸਨ। ਜਿਸ ਨਾਲ ਪ੍ਰਭੂ ਭਾਣੇ ਨੂੰ ਸਵੀਕਾਰ ਕਰਨ ਦੀ ਅਦੁੱਤੀ ਸ਼ਕਤੀ ਉਤਪੰਨ ਹੋ ਸਕੇ।

ਰਾਮ ਰਾਇਉ ਰਾਵਨੁ ਰਾਇਉ ਜਾ ਕੋ ਬਹੁ ਪਰਵਾਰ।

ਕਹੁ ਨਾਨਕ ਥਿਰੁ ਕਛੁ ਨਹੀਂ ਸੁਪਨੇ ਜਿਉਂ ਸੰਸਾਰੁ।

ਚਿੰਤਾ ਤਾ ਕੀ ਕੀਜਿਐ ਜੋ ਅਨਹੋਨੀ ਹੋਇ।

ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ।

ਜੋ ਉਪਜਿਉ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ।

ਨਾਨਕ ਹਰਿ ਗੁਨ ਗਾਇ ਲੈ ਛਾਡਿ ਸਗਲ ਜੰਜਾਲ।

ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਸੰਭਾਵਨਾ ਦੇਣ ਤੋਂ ਬਾਅਤ ਇਸ ਨਾਸ਼ਵਾਨ ਸਰੀਰ ਨੂੰ ਤਿਆਗ ਦੇਣ ਦਾ ਇੱਧਰ ਦ੍ਰਿੜ ਇਰਾਦਾ ਕਰ ਹੀ ਰਹੇ ਸਨ ਕਿ ਉੱਪਰ ਔਰੰਗਜ਼ੇਬ ਨੇ ਆਪਣੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਨਾ ਵੇਖ ਕੇ ਗੁਰੂ ਜੀ ਉੱਤੇ ਨਾ ਕੇਵਲ ਅਧਿਕ ਕਠੋਰਤਾ ਕਰਨੀ ਆਰੰਭ ਕਰ ਦਿੱਤੀ ਬਲਕਿ ਗੁਰੂ ਜੀ ਨੂੰ ਕਤਲ ਕਰ ਦੇਣ ਦਾ ਹੁਕਮ ਵੀ ਦੇ ਦਿੱਤਾ।

ਸ਼ਹਿਰ ਵਿਚ ਇਸ ਬਾਰੇ ਮੁਨਾਦੀ ਕਰ ਦਿੱਤੀ ਗਈ। ਵੀਰਵਾਰ (12 ਮਘਰ) ਸੰਮਤ 1732 ਨੂੰ ਚਾਂਦਨੀ ਚੌਂਕ ਵਿਚ ਸੀਸ ਗੰਜ ਗੁਰਦੁਆਰੇ ਸਥਾਨ ਉੱਤੇ ਸਮਾਨਾ ਦੇ ਜਲਾਲੁਦੀਨ ਨਾਮ ਜਲਾਦ ਦੇ ਦੁਆਰਾ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। "ਗੁਰ ਪ੍ਰਤਾਪ ਸੂਰਜ" ਦੇ ਅਨੁਸਾਰ ਉਸ ਸਮੇਂ ਚਾਰੇ ਪਾਸੇ ਹਾਹਾਕਾਰ ਮਚ ਗਈ, ਬੱਦਲ ਅਤੇ ਹਨੇਰੀ ਛਾ ਗਈ। ਗੁਰੂ ਜੀ ਦਾ ਸੀਸ ਉੱਡ ਕੇ ਭਾਈ ਜੈਤਾ ਦੀ ਗੋਦੀ ਵਿਚ ਡਿੱਗਿਆ ਜਿਸ ਨੂੰ ਉਸਨੇ ਛੁਪਾ ਲਿਆ ਅਤੇ ਆਨੰਦਪੁਰ ਲੈ ਗਿਆ। ਗੁਰੂ ਜੀ ਦਾ ਧੜ ਉਸ ਸਥਾਨ ਉੱਪਰ ਪਿਆ ਰਿਹਾ। ਬਾਦਸ਼ਾਹ ਦੇ ਜ਼ੁਲਮ ਤੋਂ ਡਰਦਾ ਕੋਈ ਵੀ ਅੱਗੇ ਨਹੀਂ ਵੱਧ ਰਿਹਾ ਸੀ। ਭਾਈ ਲਖੀ ਸ਼ਾਹ ਵਣਜਾਰੇ ਨੇ ਚਤੁਰਾਈ ਨਾਲ ਧੜ ਨੂੰ ਆਪਣੇ ਗੱਡੇ ਵਿਚ ਰੱਖ ਲਿਆ ਅਤੇ ਆਪਣੇ ਘਰ ਵਿਚ ਹੀ ਚਿਤਾ ਬਣਾ ਕੇ ਗੁਰੂ ਜੀ ਦੇ ਸਰੀਰ ਦਾ ਸੰਸਕਾਰ ਕੀਤਾ। ਉਧਰ ਜਦੋਂ ਭਾਈ ਜੈਤਾ ਅਨੰਦਪੁਰ ਪਹੁੰਚਿਆ ਤਾਂ ਗੋਬਿੰਦ ਸਿੰਘ ਨੇ "ਰੰਗਰੇਟਾ ਗੁਰ ਕਾ ਬੇਟਾ" ਕਹਿ ਕੇ ਉਸ ਦਾ ਸਤਿਕਾਰ ਕੀਤਾ ਅਤੇ ਬੜੇ ਸਨਮਾਨ ਦੇ ਨਾਲ ਗੁਰੂ ਜੀ ਦੇ ਸੀਸ ਦਾ ਸੰਸਕਾਰ ਕੀਤਾ। ਇਸ ਤਰ੍ਹਾਂ "ਹਿੰਦ ਦੀ ਚਾਦਰ" ਗੁਰੂ ਜੀ ਨੇ ਆਪਣਾ ਬਲੀਦਾਨ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਮਰ ਗ੍ਰੰਥ "ਬਚਿੱਤਰ ਨਾਟਕ" ਵਿਚ ਇਸ ਅਦੁੱਤੀ ਬਲੀਦਾਨ ਦਾ ਉਲੇਖ ਇਸ ਪ੍ਰਕਾਰ ਕੀਤਾ ਹੈ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੇ ਬਡੋ ਕਲੂ ਮਹਿ ਸਾਕਾ।

ਸਾਧਨ ਹੇਤ ਇਤੀ ਜਿਨਿ ਕਰੀ, ਸੀਸ ਦੀਯਾ ਪਰ ਸੀ ਨਾ ਉਚਰੀ।

ਧਰਮ ਹੇਤ ਸਾਕਾ ਜਿਨਿ ਕੀਆ, ਸੀਸ ਦੀਆ ਪਰ ਸਿਰਰੁ ਨ ਦੀਆ।

ਨਾਟਕ ਚੇਟਕ ਕੀਏ ਕੁਕਾਜਾ, ਪ੍ਰਭ ਲੋਗਨ ਕਹ ਆਵਤ ਲਾਜਾ।

ਠੀਕਰਿ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਆ ਪਿਯਾਨ।

ਤੇਗ ਬਹਾਦਰ ਸੀ ਕ੍ਰਿਯਾ ਕਰੀ ਨਾ ਕਿਨਹੂੰ ਆਨ।

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।

ਹੈ ਹੈ ਹੈ ਸਭ ਜਗ ਭਯੋ ਜੈ ਜੈ ਸੁਰ ਲੋਕ।

ਗੁਰੂ ਜੀ ਦੇ ਬਲੀਦਾਨ ਦਾ ਵਰਨਣ "ਗੁਰ ਪ੍ਰਤਾਪ ਸੂਰਜ" ਵਿਚ ਬੜਾ ਸੋਹਣਾ ਹੋਇਆ ਹੈ। ਭਾਈ ਸੰਤੋਖ ਸਿੰਘ ਨੇ ਇਨ੍ਹਾਂ ਦੇ ਬਲੀਦਾਨ ਦੇ ਵਿਸ਼ੇ ਵਿਚ ਇਕ ਸਥਾਨ ਉੱਤੇ ਲਿਖਿਆ ਹੈ-

ਇਸ ਤਰ੍ਹਾਂ ਨਾਲ ਗੁਰੂ ਜੀ ਨੇ ਆਪਣੇ ਅਦੁੱਤੀ ਬਲੀਦਾਨ ਦੁਆਰਾ ਹਿੰਦੂਆਂ ਅਤੇ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਕੀਤੀ। ਇਸ ਸੰਬੰਧ ਵਿਚ "ਗੁਰ ਸੋਭਾ" ਦੇ ਰਚੇਤਾ ਕਵੀ ਸੈਨਾਪਤੀ ਦੇ ਵਿਚਾਰ ਪੇਸ਼ ਹਨ-

ਇਸ ਬਲੀਦਾਨ ਨੇ ਗੁਰੂ ਗੋਬਿੰਦ ਸਿੰਘ ਨੂੰ ਏਨਾ ਪ੍ਰਭਾਵਿਤ ਕੀਤਾ ਕਿ ਉਨ੍ਹਾਂ ਨੇ ਮੁਗਲ ਸ਼ਾਸਕਾਂ ਦੇ ਅਤਿਆਚਾਰਾਂ ਨੂੰ ਸਮਾਪਤ ਕਰਨ ਦੇ ਲਈ "ਖਾਲਸਾ" ਦਾ ਨਿਰਮਾਣ ਕੀਤਾ। ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਮੁਗ਼ਲ ਸਾਮਰਾਜ ਦੇ ਪਤਨ ਦਾ ਮੁੱਖ ਕਾਰਣ ਬਣੇ ਬੈਠੇ ਹਨ।

ਇਸ ਬਲੀਦਾਨ ਨੇ ਭਾਰਤੀਆਂ ਵਿਚ ਉਤਸ਼ਾਹ ਇਸ ਹੱਦ ਤੱਕ ਭਰ ਦਿੱਤਾ ਕਿ ਹੁਣ ਉਨ੍ਹਾਂ ਕੋਲ ਉਹ ਸ਼ਕਤੀ ਇਕੱਠੀ ਹੋ ਗਈ ਸੀ ਕਿ ਉਹ ਬਾਦਸ਼ਾਹ ਔਰੰਗਜ਼ੇਬ ਨੂੰ ਵੀ ਪੱਥਰ ਮਾਰ ਸਕਦੇ ਹਨ। ਡਾ. ਤ੍ਰਿਲੋਚਨ ਸਿੰਘ ਦਾ ਕਥਨ ਹੈ ਕਿ ਗੁਰੂ ਜੀ ਦੇ ਬਲੀਦਾਨ ਨੇ ਵਿਭਿੰਨ ਧਰਮਾਂ ਅਤੇ ਸੰਸਕ੍ਰਿਤੀਆਂ ਦੇ ਲੋਕਾਂ ਵਿਚ ਇਕ ਦੂਸਰੇ ਦੇ ਧਰਮ ਦੇ ਪ੍ਰਤੀ ਆਦਰ ਭਾਵ ਦਿਖਾਉਣ ਦੀ ਪ੍ਰੇਰਨਾ ਪ੍ਰਦਾਨ ਕੀਤੀ।

ਗੁਰੂ ਤੇਗ਼ ਬਹਾਦਰ ਦੇ ਧਰਮ ਅਤੇ ਨਿਆਂ ਲਈ ਦਿੱਤੇ ਹੋਏ ਬਲੀਦਾਨ ਨੂੰ ਦੇਖ ਕੇ ਭਾਰਤੀਆਂ ਨੇ ਇਨ੍ਹਾਂ ਨੂੰ "ਹਿੰਦ ਦੀ ਚਾਦਰ" ਦੀ ਉਪਾਧੀ ਨਾਲ ਸਨਮਾਨਿਤ ਕੀਤਾ।

ਭਾਈ ਸੰਤੋਖ ਸਿੰਘ ਅਨੁਸਾਰ ਆਪ ਦਸ ਸਾਲ, 7 ਮਹੀਨੇ ਅਤੇ ਇੱਕੀ ਦਿਨ ਗੁਰੂ ਨਾਨਕ ਦੇ ਪਵਿੱਤਰ ਸਿੰਘਾਸਨ ਉਤੇ ਬਿਰਾਜਮਾਨ ਰਹੇ। ਭਾਈ ਕਾਨ੍ਹ ਸਿੰਘ ਅਨੁਸਾਰ ਗੁਰ-ਗੱਦੀ ਉੱਪਰ ਬਿਰਾਜਮਾਨ ਰਹਿਣ ਦਾ ਸਮਾਂ ਦਸ ਸਾਲ, 7 ਮਹੀਨੇ, 18 ਦਿਨ ਹੈ। ਮਹਿਮਾ ਪ੍ਰਕਾਸ਼ ਵਿਚ ਆਪ ਦੇ 17 ਸਾਲ, 7 ਮਹੀਨੇ, 21 ਦਿਨ ਤੱਕ ਇਸ ਉੱਤੇ ਬਿਰਾਜਮਾਨ ਰਹਿਣ ਦੇ ਸਮੇਂ ਦਾ ਉਲੇਖ ਸੰਤੋਖ ਸਿੰਘ ਅਤੇ ਭਾਈ ਕਾਨ੍ਹ ਸਿੰਘ ਦੁਆਰਾ ਦਿੱਤਾ ਸਮਾਂ ਠੀਕ ਮੰਨਦੇ ਹਨ। ਇਸ ਤਰ੍ਹਾਂ ਆਪ ਇਸ ਸੰਸਾਰ ਵਿਚ 54 ਸਾਲ, 7 ਮਹੀਨੇ ਅਤੇ 7 ਦਿਨ ਤੱਕ ਰਹੇ।

ਭਾਈ ਸੰਤੋਖ ਸਿੰਘ ਨੇ ਗੁਰੂ ਜੀ ਦੇ ਜੀਵਨ ਨਾਲ ਸੰਬੰਧਤ ਵਿਭਿੰਨ ਸਥਾਨਾਂ ਦੀ ਯਾਤਰਾ ਕਰਨ ਤੋਂ ਬਾਅਦ ਅਤੇ ਇਤਿਹਾਸਕ ਤੱਥਾਂ ਦੀ ਛਾਣਬੀਨ ਕਰਦੇ ਹੋਏ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਨੂੰ ਵੀ ਇਸ ਸੰਬੰਧ ਵਿਚ ਪੇਸ਼ ਕੀਤਾ ਹੈ। ਪਰੰਤੂ "ਮਹਿਮਾ ਪ੍ਰਕਾਸ਼" ਦੇ ਕਰਤਾ ਸਰੂਪ ਦਾਸ ਭੱਲਾ ਦਾ ਵਰਨਣ ਕੁਝ ਭਿੰਨ ਪ੍ਰਕਾਰ ਦਾ ਹੈ। ਉਸ ਦੀ

ਕਹਿਣਾ ਹੈ ਕਿ ਗੁਰੂ ਜੀ ਨੇ ਆਪ ਚੱਕੀ ਵਾਲੇ ਰਾਜਪੂਤ ਨੂੰ ਕਤਲ ਕਰਨ ਦੇ ਲਈ ਪ੍ਰੇਰਿਤ ਕੀਤਾ ਸੀ ਅਤੇ ਉਸ ਤੋਂ ਬਾਅਦ ਗੁਰੂ ਜੀ ਦਾ ਧੜ ਆਨੰਦਪੁਰ ਲਿਆਂਦਾ ਗਿਆ ਸੀ। ਜਦੋਂ ਕਿ ਗੁਰੂ ਜੀ ਦੇ ਧੜ ਕੇ ਸਥਾਨ ਉਪਰ ਉਨ੍ਹਾਂ ਦੇ ਸੀਸ ਦਾ ਆਨੰਦਪੁਰ ਲਿਆਇਆ ਜਾਣਾ ਹੀ ਅਧਿਕਤਰ ਇਤਿਹਾਸਕਾਰਾਂ ਨੂੰ (ਭਾਈ ਸੰਤੋਖ ਸਿੰਘ ਦੇ ਕਥਨ ਠੀਕ ਲੱਗਦਾ ਹੈ)। ਸਰਲਮੁਤਾਖਰੀਨ ਦੇ ਕਰਤਾ ਦਾ ਕਹਿਣਾ ਹੈ ਕਿ ਗੁਰੂ ਜੀ ਦਾ ਕਤਲ ਗਵਾਲੀਅਰ ਵਿਚ ਹੋਇਆ ਸੀ। ਗੁਰੂ ਜੀ ਦੇ ਸਰੀਰ ਦੇ ਚਾਰ ਟੁਕੜੇ ਕਿਲ੍ਹੇ ਦੀਆਂ ਚਾਰ ਦੀਵਾਰਾਂ ਉੱਪਰ ਟੰਗੇ ਗਏ ਸਨ ਪਰੰਤੂ ਤਰ੍ਹਾਂ ਦੇ ਕਿਸੇ ਤੱਥ ਨੂੰ ਵੀ ਸਿੱਖ ਗੁਰੂ ਇਤਿਹਾਸ ਪਰੰਪਰਾ ਵਿਚ ਮਾਨਤਾ ਪ੍ਰਾਪਤ ਨਹੀਂ ਹੈ। ਸਿੱਖ ਗੁਰੂ-ਇਤਿਹਾਸ ਦੇ ਅਨੁਸਾਰ ਗੁਰੂ ਜੀ ਦਾ ਬਲੀਦਾਨ ਦਿੱਲੀ ਵਿਚ ਹੋਇਆ ਸੀ।

ਗੁਰੂ ਤੇਗ਼ ਬਹਾਦਰ ਦਾ ਵਿਅਕਤਿਤਵ ਮਹਾਨ ਅਤੇ ਵਿਲੱਖਣ ਹੈ। ਇਨ੍ਹਾਂ ਦਾ ਵਿਅਕਤਿਤਵ ਅਤਿਅੰਤ ਪ੍ਰਭਾਵਸ਼ਾਲੀ ਸੀ। ਇਨ੍ਹਾਂ ਦੇ ਬਹੁਮੁਖ ਵੀ ਬਹੁਤ ਪ੍ਰਭਾਵਿਤ ਸਨ। ਉਹ ਇਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਸਨ ਅਤੇ "ਸੱਚੇ ਪਾਤਸ਼ਾਹ" ਦੇ ਨਾਮ ਨਾਲ ਸੰਬੋਧਨ ਕਰਦੇ ਸਨ। ਉਹ ਗੁਰੂ ਦੇ ਵਿਅਕਤਿਤਵ ਦੇ ਹੀ ਚਮਤਕਾਰ ਸੀ ਕਿ ਗੁਰੂ ਗੋਬਿੰਦ ਸਿੰਘ ਨੇ "ਖਾਲਸਾ" ਦਾ ਨਿਰਮਾਣ ਕੀਤਾ ਅਤੇ ਅਤਿਆਚਾਰੀ ਮੁਗਲ ਸਾਮਰਾਜ ਦੀਆਂ ਜੜ੍ਹਾ ਹਿਲਾ ਦਿੱਤੀਆਂ। ਲੋਕ ਇਨ੍ਹਾਂ ਦੇ ਆਲੌਕਿਕ ਰੂਪ ਨੂੰ ਦੇਖ ਕੇ ਹੈਰਾਨ ਰਹਿ ਜਾਂਦੇ ਸਨ। ਇਨ੍ਹਾਂ ਦੀ ਗਤੀ ਸੰਤੁਲਿਨ ਅਤੇ ਮਸਤ ਸੀ। ਸੰਖੇਪ ਰੂਪ ਵਿਚ ਗੁਰੂ ਦੇਵ ਦਾ ਬਾਹਰੀ ਵਿਅਕਤਿਤਵ ਬਹੁਤ ਪ੍ਰਭਾਵਸ਼ਾਲੀ ਸੀ।

ਗੁਰੂ ਦੇਵ ਮਹਾਨ ਯੋਧਾ ਅਤੇ ਪੂਰਣ ਤੇਜਸਵੀ ਸਨ। ਇਨ੍ਹਾਂ ਨੇ ਬਾਲ ਅਵਸਥਾ ਵਿਚ ਹੀ ਸ਼ਸਤਰ ਵਿਦਿਆ ਦੇ ਪ੍ਰਸਿੱਧ ਅਚਾਰੀਆ-ਬਾਲਕ ਅਤੇ ਯੋਧਾ ਮਲ ਤੋਂ ਯੁੱਧ ਕਲਾ-ਕੌਸ਼ਲ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਇਨ੍ਹਾਂ ਦੇ ਪਿਤਾ ਗੁਰੂ ਹਰਿਗੋਬਿੰਦ ਆਪਣੇ ਯੁੱਗ ਦੇ ਵੀਰ ਯੋਧਾ ਸਨ, ਜਿਨ੍ਹਾਂ ਦੈ ਪ੍ਰਭਾਵ ਗੁਰੂ ਜੀ ਉੱਪਰ ਵਿਸ਼ੇਸ਼ ਪਿਆ। ਗੁਰੂ ਦੇਵ ਦੀ ਬੀਰਤਾ ਦਾ ਪ੍ਰਦਰਸ਼ਨ ਸਾਨੂੰ ਕਰਤਾਪੁਰ ਦੇ ਯੁੱਧ ਵਿਚ ਹੁੰਦਾ ਹੈ। ਇਸ ਯੁੱਧ ਵਿਚ ਇਨ੍ਹਾਂ ਨੇ ਪੂਰੀ ਬੀਰਤਾ ਦੇ ਪ੍ਰਦਰਸ਼ਨ ਕੀਤਾ ਸੀ ਅਤੇ ਅੰਤ ਵਿਚ ਜਿੱਤ ਇਨ੍ਹਾਂ ਦੇ ਪਿਤਾ ਨੂੰ ਪ੍ਰਾਪਤ ਹੋਈ। ਮਹਾਂ ਕਵੀ ਸੰਤੋਖ ਸਿੰਘ ਨੇ ਇਨ੍ਹਾਂ ਦੀ ਬੀਰਤਾ ਨੂੰ ਪੇਸ਼ ਕੀਤਾ ਹੈ-

ਤਰੀ ਤੇਗ ਬਹਾਦਰ ਫਿਰਤਿ ਮਾਹਿ।

ਬਰਜਤ ਬਹੁਤ, ਘਰਿ ਹਟਤਿ ਨਾਹਿ।

ਨਿਜ ਨਿਜ ਤੁਰਗ ਫਿਰਤੇ ਧਵਾਏ।

ਗੁਰ ਮਾਹਿ ਸਹਾਇ ਇਤ ਉਤਹਿ ਜਾਹਿ।

ਸੁਰਨਿ ਦਲੇਰ ਕਰਤੇ ਬਡੇਰ।

************************

ਰਣ ਤਿਆਗਿ ਦੇਨਿ ਇਹ ਧਰਮ ਨਾਹਿ।

ਰਨ ਰਿਧਨ ਹਨੋਰੀ ਹਮ ਜਗ ਮਾਹਿ।

ਗੁਰ ਪਿਤਾ ਜਥਾ ਹਥਿਆਰ ਧਾਰਿ।

ਤੁਰਕਾਨ ਸੰਨ ਅਨਰਾਨ ਸੰਘਾਰਿ।

ਗੁਰੂ ਦੇਵ ਸਾਹਸੀ ਅਤੇ ਨਿਡਰ ਸਨ। ਇਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਅਨੇਕ ਕਠਿਨਾਈਆਂ ਅਤੇ ਰੁਕਾਵਟਾਂ ਦਾ ਸਾਹਸ ਪੂਰਵਕ ਮੁਕਾਬਲ ਕੀਤਾ। ਇਹ ਅਨੇਕ ਕਠਿਨਾਈਆਂ ਅਤੇ ਰੁਕਾਵਟਾਂ ਦਾ ਸਾਹਸ ਪੂਰਵਕ ਮੁਕਾਬਲਾ ਕੀਤਾ। ਇਹ ਜੀਵਨ ਵਿਚ ਹਮੇਸ਼ਾਂ ਕ੍ਰਿਆਸ਼ੀਲ ਰਹੇ। ਇਕ ਪਾਸੇ ਇਨ੍ਹਾਂ ਨੇ ਅਤਿਆਚਾਰੀ ਮੁਗਲਾਂ ਨਾਲ ਮੁਕਾਬਲਾਂ ਕਰਨਾ ਸੀ

ਅਤੇ ਦੂਸਰੇ ਪਾਸੇ ਗੁਰ ਪਰਿਵਾਰ ਨਾਲ ਸੰਬੰਧਤ ਧੀਰਮਲ-ਰਾਮ ਰਾਇ ਆਦਿ ਲੋਕਾਂ ਨਾਲ ਸੰਘਰਸ਼ ਕਰਨਾ ਸੀ। ਇਹ ਨਿਡਰ ਹੋ ਕੇ ਇਨ੍ਹਾਂ ਦੋਨਾਂ ਸ਼ਕਤੀਆਂ ਨਾਲ ਸੰਘਰਸ਼ ਕਰਦੇ ਰਹੇ। ਧੀਰਮਲ ਅਤੇ ਰਾਮ ਰਾਏ ਉਪਰ ਇਨ੍ਹਾਂ ਨੇ ਪੂਰਨ ਸਫਲਤਾ ਪ੍ਰਾਪਤ ਕਰ ਲਈ। ਮੁਗਲ ਸ਼ਾਸਕਾਂ ਦੇ ਨਾਲ ਲੜਦੇ ਸਮੇਂ ਗੁਰੂ ਜੀ ਹਮੇਸ਼ਾਂ ਆਪਣਾ ਆਦਰਸ਼ ਨਿਮਨਲਿਖਿਤ ਦੋਹਾ ਰੱਖਦੇ ਸਨ-

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।

ਗੁਰੂ ਦੇਵ ਦੇ ਵਿਅਕਤੀਤਵ ਦੀ ਇਕ ਹੋਰ ਵਿਸ਼ੇਸ਼ਤਾ ਗੁਣ ਗ੍ਰਾਹਕਤਾ ਸੀ। ਇਨ੍ਹਾਂ ਨੇ ਬਿਨਾਂ ਕਿਸੇ ਝਿਜਕ ਦੇ ਹਿੰਦੂ ਧਰਮ ਦੇ ਮਹਾਂਪੁਰਸ਼ਾਂ ਦਾ ਉਲੇਖ ਆਪਣੀ ਬਾਣੀ ਵਿਚ ਕੀਤਾ। ਗੁਰੂ ਜੀ ਦੀ ਮਾਤ-ਭਾਸ਼ਾ ਪੰਜਾਬੀ ਸੀ, ਪਰੰਤੂ ਇਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਵਿਆਪਕਤਾ ਪ੍ਰਦਾਨ ਕਰਨ ਦੇ ਲਈ ਹਿੰਦੀ (ਬ੍ਰਿਜ) ਭਾਸ਼ਾ ਦਾ ਪ੍ਰਯੋਗ ਕੀਤਾ। ਇਸ ਤਰ੍ਹਾਂ ਪੰਜਾਬੀ ਹੁੰਦੇ ਹੋਏ ਵੀ ਹਿੰਦੀ ਭਾਸ਼ਾ ਨੂੰ ਆਪਣੀ ਬਾਣੀ ਦਾ ਮਾਧਿਅਮ ਬਣਾ ਕੇ ਇਨ੍ਹਾਂ ਨੇ ਲੋਕਾਂ ਦੀ ਸੰਕੀਰਣਤਾ ਨੂੰ ਦੂਰ ਕੀਤਾ। ਇਹ ਇਨ੍ਹਾਂ ਦੀ ਗੁਣ-ਗ੍ਰਾਹਕ ਸ਼ਕਤੀ ਉਦਾਹਰਣ ਕਹੀ ਜਾ ਸਕਦੀ ਹੈ।

ਗੁਰੂ ਜੀ ਉੱਚ ਕੋਟੀ ਦੇ ਕਵੀ ਸਨ। ਇਨ੍ਹਾਂ ਦੀ ਬਾਣੀ ਵਿਚ ਉੱਤਮ ਕਵਿਤਾ ਦੇ ਸਾਰੇ ਗੁਣ ਸਨ। ਇਕ ਮਹਾਨ ਸੰਗੀਤਕ ਦੇ ਰੂਪ ਵਿਚ ਕੇਵਲ ਇਨ੍ਹਾਂ ਨੇ ਹੀ ਜੈਜਾਵੰਤੀ ਰਾਗ ਵਿਚ ਬਾਣੀ ਦਾ ਉਚਾਰਣ ਕੀਤਾ। ਇਨ੍ਹਾਂ ਤੋਂ ਪਹਿਲਾਂ ਹੋਰ ਕਿਸੇ ਗੁਰੂ ਨੇ ਇਸ ਰਾਗ ਵਿਚ ਬਾਣੀ ਦਾ ਉਚਾਰਣ ਨਹੀਂ ਕੀਤਾ ਹੈ। ਇਨ੍ਹਾਂ ਦੇ ਸੰਬੰਧ ਵਿਚ ਕਿਹਾ ਜਾਂਦਾ ਹੈ ਕਿ ਇਹ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਗਾ-ਗਾ ਕੇ ਕਰਦੇ ਸਨ। ਇਕ ਮਹਾਨ ਪ੍ਰਦਰਸ਼ਕ ਦੇ ਰੂਪ ਵਿਚ ਇਨ੍ਹਾਂ ਸਾਰੇ ਉੱਤਰ ਭਾਰਤ ਦੀ ਯਾਤਰਾ ਕੀਤੀ।

ਗੁਰੂ ਤੇਗ ਬਹਾਦਰ ਦੇ ਵਿਅਕਤਿਤਵ ਦੀ ਇਕ ਹੋਰ ਵਿਸ਼ੇਸ਼ਤਾ ਹੈ ਦੇਸ਼ ਭਗਤੀ ਇਨ੍ਹਾਂ ਨੇ ਅਤਿਆਚਾਰੀ ਮੁਗਲ ਸ਼ਾਸਕਾਂ ਦੀ ਧਾਰਮਿਕ ਨੀਤੀ ਦਾ ਖੁੱਲੇ ਆਮ ਵਿਰੋਧ ਕੀਤਾ। ਵਿਦੇਸ਼ੀ ਸੱਤਾ ਨੂੰ ਸਮਾਪਤ ਕਰਨ ਦੇ ਲਈ, ਇਨ੍ਹਾਂ ਦੀ ਸਿੱਖਾਂ ਨੂੰ ਸੰਗਠਿਤ ਕੀਤਾ, ਉਨ੍ਹਾਂ ਨੂੰ ਨਿਡਰ ਬਣਾ ਕੇ ਸ਼ਕਤੀਸ਼ਾਲੀ ਬਣਾਇਆ। ਗੁਰੂ ਜੀ ਨੇ ਇਸੇ ਉਦੇਸ਼ ਨਾਲ ਹਿੰਦੂਆਂ ਨੂੰ ਔਰੰਗਜ਼ੇਬ ਦੀ ਧਰਮ-ਪਰਿਵਰਤਨ ਨੀਤੀ ਦੇ ਵਿਰੋਧ ਵਿਚ ਇੱਕਠਿਆਂ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਅਡੋਲ ਰਹਿਣ ਦੇ ਲਈ ਉਤਸ਼ਾਹਿਤ ਕੀਤਾ।

ਗੁਰੂ ਤੇਗ਼ ਬਹਾਦਰ ਦੇ ਵਿਅਕਤਿਤਵ ਵਿਚ ਸਹਿਣਸ਼ੀਲਤਾ ਅਤੇ ਤਿਆਗ ਦੇ ਗੁਣ ਵੀ ਵਿਦਮਾਨ ਸਨ। ਗੁਰੂ ਜੀ ਨੂੰ ਕਈ ਵਾਰ ਉਨ੍ਹਾਂ ਦੇ ਵਿਰੋਧੀਆਂ ਨੇ ਮਾਰਨ ਦਾ ਨਿਸ਼ਚਾ ਕੀਤਾ। ਇਕ ਵਾਰ ਧੀਰਮੱਲ ਨੇ ਗੁਰਗੱਦੀ ਨਾ ਮਿਲਣ ਤੇ ਗੁਰੂ ਦੇਵ ਉੱਪਰ ਮਸੰਦ ਦੁਆਰਾ ਗੋਲੀਆਂ ਚਲਵਾਈਆਂ, ਜਿਸ ਨਾਲ ਗੁਰੂ ਜੀ ਨੂੰ ਸਾਧਾਰਣ ਸੱਟਾਂ ਵੱਜੀਆਂ। ਏਨਾ ਹੀ ਨਹੀਂ, ਧੀਰਮੱਲ ਨੇ ਗੁਰੂ ਜੀ ਦਾ ਸਾਮਾਨ ਵੀ ਲੁਟਵਾ ਦਿੱਤਾ। ਗੁਰੂ ਦੇਵ ਨੇ ਆਪਣੇ ਸੁਭਾਉ ਅਨੁਸਾਰ ਇਨ੍ਹਾਂ ਘਟਨਾਵਾਂ ਉੱਪਰ ਰੋਸ ਪ੍ਰਗਟ ਨਹੀਂ ਕੀਤਾ ਬਲਕਿ ਕੁਝ ਸਮੇਂ ਦੇ ਬਾਅਦ ਇਨ੍ਹਾਂ ਲੋਕਾਂ ਨੂੰ ਮੁਆਫ਼ ਕਰ ਦਿੱਤਾ।

ਗੁਰੂ ਦੇਵ ਨੇ ਹਿੰਦੂ ਧਰਮ ਦੀ ਰੱਖਿਆ ਦੇ ਲਈ ਆਪਣੇ ਪ੍ਰਾਣਾਂ ਦਾ ਤਿਆਗ ਕਰ ਦਿੱਤਾ। ਇਨ੍ਹਾਂ ਦਾ ਇਹ ਤਿਆਗ ਵਿਸ਼ਵ-ਇਤਿਹਾਸ ਵਿਚ ਕਿਤੇ ਹੋਰ ਨਹੀਂ ਮਿਲਦਾ। ਸੰਖੇਪ ਵਿਚ ਗੁਰੂ ਤੇਗ਼ ਬਹਾਦਰ ਨਾਨਕ ਵਰਗੀ ਨਿਰੰਕਾਰੀ ਮਸਤੀ, ਦਾਦਾ ਵਰਗੀ ਸਹਿਣਸ਼ੀਲਤਾ, ਤਿਆਗ, ਪਿਤਾ ਵਰਗੀ ਤੇਜਸਿਕਤਾ ਆਦਿ ਸਭ ਮਿਲਾ ਕੇ ਅਦਭੁੱਤ ਵਿਅਕਤਿਤਵ ਦੀ ਵਿਕਾਸ ਹੋਇਆ।

ਗੁਰੂ ਤੇਗ਼ ਬਹਾਦਰ ਜੀ ਸਾਰੀ ਬਾਣੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਆਪਣੇ ਪ੍ਰਮਾਣਿਕ ਰੂਪ ਵਿਚ ਸੰਕਲਿਤ ਹੈ। ਇਨ੍ਹਾਂ ਦੀ ਬਾਣੀ ਵਿਚ ਵੈਰਾਗ ਦੀ ਭਾਵਨਾ ਪ੍ਰਧਾਨ ਹੁੰਦੇ ਹੋਏ ਵੀ ਪਾਠਕ ਨੂੰ ਇਹ ਕਿਰਿਆਸ਼ੀਲ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੰਦੀ ਹੈ। ਇਨ੍ਹਾਂ ਦੀ ਸਾਰੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਸੀ। ਉਨ੍ਹਾਂ ਨੇ ਗ੍ਰੰਥ ਸਾਹਿਬ ਨੂੰ "ਗੁਰੂ ਪਦ" ਉੱਪਰ ਬਿਰਾਜਮਾਨ ਕਰਨ ਤੋਂ ਪਹਿਲਾਂ ਇਸ ਨੂੰ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਦਿੱਤਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੀ ਬਾਣੀ "ਮਹਲਾ ੯" ਦੇ ਅੰਤਰਗਤ ਦਰਜ ਹੈ। ਇਨ੍ਹਾਂ ਦੀ ਬਾਣੀ ਦੂਸਰੇ ਗੁਰੂਆਂ ਦੀ ਤੁਲਨਾ ਵਿਚ ਬਹੁਤ ਘੱਟ ਹੈ। ਇਨ੍ਹਾਂ ਨੇ ਕੇਵਲ 59 ਪਦਾਂ ਅਤੇ 57 ਸ਼ਲੋਕਾਂ ਦੀ ਰਚਨਾ ਕੀਤੀ ਹੈ। ਗੁਰੂ ਕਵੀ ਨੇ ਇਹ ਬਾਣੀ

ਸੰਨ 1664 ਈ. ਤੋ ਲੈ ਕੇ ਸੰਨ 1675 ਈ. ਦੇ ਵਿਚਕਾਰ ਰਚੀ। ਇਨ੍ਹਾਂ ਦੀ ਸਾਰੀ ਬਾਣੀ ਦਾ ਵਰਨਣ ਇਸ ਪ੍ਰਕਾਰ ਹੈ-

ਗੁਰੂ ਤੇਗ਼ ਬਹਾਦਰ ਨੇ 15 ਰਾਗਾਂ ਵਿਚ 59 ਪਦਾਂ ਅਤੇ 57 ਸ਼ਲੋਕਾਂ ਦੀ ਰਚਨਾ ਕੀਤੀ। ਇਹ 16 ਰਾਗ ਇਸ ਪ੍ਰਕਾਰ ਹਨ। ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਵਾਲ, ਰਾਮਕਲੀ, ਮਾਰੂ ਬਸੰਤ (ਹਿਡੋਲ), ਸਾਰੰਗ, ਜੈਜਾਵੰਤੀ, ਸ਼ਲੋਕ, ਵਾਰਾਂ ਤੇ ਵਧੀਕ।

### 1.1.18 ਅਭਿਆਸ ਲਈ ਪ੍ਰਸ਼ਨ

1. ਗੁਰੂ ਤੇਗ਼ ਬਹਾਦਰ ਬਾਣੀ ਦੇ ਇਤਿਹਾਸਕ ਵਿਕਾਸ ਬਾਰੇ ਚਾਨਣਾ ਪਾਓ?
2. ਗੁਰੂ ਤੇਗ਼ ਬਹਾਦਰ ਦੇ ਸਿਧਾਂਤ ਤੇ ਪਿਛੋਕੜ ਸਬੰਧੀ ਚਰਚਾ ਕਰੋ?
3. ਗੁਰੂ ਤੇਗ਼ ਬਹਾਦਰ ਦੇ ਵਿਚਾਰਧਾਰਾਈ ਆਧਾਰ ਦੱਸੋ?
4. ਗੁਰੂ ਤੇਗ਼ ਬਹਾਦਰ ਦੇ ਕਲਾਤਮਕ ਪੱਖਾਂ ਸਬੰਧੀ ਚਰਚਾ ਕਰੋ?

### 1.1.19 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


- ਡਾ. ਐਸ.ਐਸ. ਕੋਹਲੀ, ਗੁਰਮਤ ਸਾਹਿਤ, ਪੰਜਾਬੀ ਸਾਹਿਤ ਦਾ ਇਤਿਹਾਸ (ਪੁਰਾਤਨ ਕਾਲ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963
- ਤਾਰਨ ਸਿੰਘ, ਗੁਰੂ ਤੇਗ਼ ਬਹਾਦਰ ਜੀਵਨ ਤੇ ਸਿੱਖਿਆ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ

# M.A (PUNJABI)
# SEMESTER-I
## ਪਰਚਾ ਪਹਿਲਾ
### ਯੂਨਿਟ-ਛੇਵਾਂ,ਸੱਤਵਾਂ,ਅੱਠਵਾਂ,ਨੌਵਾਂ ਅਤੇ ਦ ਸਵਾਂ
### ਗੁਰੂ ਨਾਨਕ ਬਾਣੀ : ਵਿਚਾਰਧਾਰਾ

1.1 **ਪਾਠ-ਛੇਵਾਂ,ਸੱਤਵਾਂ,ਅੱਠਵਾਂ,ਨੌਵਾਂ ਅਤੇ ਦਸਵਾਂ : ਗੁਰੂ ਨਾਨਕ ਬਾਣੀ : ਵਿਚਾਰਧਾਰਾ**
1.1.1 **ਭੂਮਿਕਾ**
1.1.2 **ਪਾਠ ਦਾ ਮੰਤਵ**
1.1.3 **ਗੁਰੂ ਨਾਨਕ ਬਾਣੀ : ਕਾਵਿ ਸ਼ਾਸਤਰੀ ਪਰਿਪੇਖ**
1.1.4 **ਜਪੁਜੀ ਸਾਹਿਬ**
1.1.5 **ਸਿਧ ਗੋਸਟਿ**
1.1.6 **ਬਾਰਾਂਮਾਹ ਤੁਖਾਰੀ**
1.1.18 **ਅਭਿਆਸ ਲਈ ਪ੍ਰਸ਼ਨ**
1.1.19 **ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**

1.1.1 **ਭੂਮਿਕਾ-** ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਸਭ ਲਈ ਕਲਿਆਣਕਾਰੀ ਸੀ।ਉਹ ਵਿਚਾਰਧਾਰਕ ਤੌਰ 'ਤੇ ਵਿਭਿੰਨ ਦੇਸ਼ਾਂ, ਕੌਮਾਂ, ਜਾਤੀਆਂ ਤੇ ਮਜ਼ਹਬਾਂ ਦੇ ਲੋਕਾਂ ਵਿੱਚ ਵਿਭਿੰਨ ਸੁਰਾਂ ਅਤੇ ਸਮੁੱਚੀ ਮਨੁੱਖਤਾ ਨੂੰ ਇਕੱਠਿਆਂ ਕਰਕੇ ਅਰਬੀ-ਫ਼ਾਰਸੀ ਤੋਂ ਆਈ ਰਬਾਬ ਨੂੰ ਸੰਗ ਰਲਾ ਕੇ ਬਹੁਵਚਨਤਾ, ਬਹੁ-ਸਭਿਆਚਾਰਕਤਾ ਤੇ ਵਿਸਮਾਦੀ ਆਨੰਦ ਦਾ ਕ੍ਰਾਂਤੀਕਾਰੀ ਸੰਦੇਸ਼ ਦੇਣਾ ਸੀ। ਗੁਰੂ ਨਾਨਕ ਸਾਹਿਬ ਨੇ ਧਰਮਾਂ ਦੀ ਦੁਨੀਆਂ ਵਿੱਚ ਤਰਕ ਤੇ ਦਲੀਲ ਨਾਲ ਗੱਲ ਕਰਨ ਦਾ ਇੱਕ ਨਵਾਂ ਇਨਕਲਾਬ ਲਿਆਂਦਾ।ਉਹ ਆਪਣੀ ਹਰ ਗੱਲ ਤਰਕ ਤੇ ਦਲੀਲ ਨਾਲ ਕਰਦੇ ਸਨ ਤੇ ਦੂਜੇ ਧਰਮਾਂ ਦੇ ਪੁਜਾਰੀਆਂ ਨੂੰ ਆਪਣੀਆਂ ਰੀਤਾਂ, ਰਸਮਾਂ, ਮਰਿਯਾਦਾਵਾਂ ਨੂੰ ਤਰਕ ਦੇ ਅਧਾਰ ਤੇ ਸੱਚ ਸਾਬਿਤ ਕਰਨ ਲਈ ਚੈਲਿੰਜ ਕਰਦੇ ਸਨ।ਉਨ੍ਹਾਂ ਨੇ ਤਕਰੀਬਨ ਸਾਰੇ ਧਰਮਾਂ ਦੇ ਧਾਰਮਿਕ ਚਿੰਨ੍ਹਾਂ ਨੂੰ ਨਾ ਸਿਰਫ਼ ਨਕਾਰਿਆ, ਸਗੋਂ ਦਲੀਲ ਨਾਲ ਆਪਣਾ ਨਵਾਂ ਨਜ਼ਰੀਆਂ ਵੀ ਪੇਸ਼ ਕੀਤਾ।ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦਾ ਇੱਕ ਵਿਲੱਖਣ ਪੱਖ ਇਹ ਵੀ ਸੀ ਕਿ ਉਨ੍ਹਾਂ ਧਾਰਮਿਕ ਰਹਿਬਰ ਹੁੰਦਿਆਂ ਹੋਇਆਂ ਵੀ, ਰਾਜਨੀਤੀ, ਸਮਾਜਿਕ, ਆਰਥਿਕ ਆਦਿ ਸਭ ਖੇਤਰਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

1.1.2 **ਪਾਠ ਦਾ ਮੰਤਵ** -ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਗੁਰੂ ਨਾਨਕ ਬਾਣੀ ਦੀ ਵਿਚਾਰਧਾਰਾ ਦੀ ਨੂੰ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ।ਗੁਰੂ ਨਾਨਕ ਬਾਣੀ ਦੀ ਵਿਚਾਰਧਾਰਾ ਦੇ ਜ਼ਰੀਏ ਜਿੱਥੇ ਮਨੁੱਖ ਦੀਆਂ ਭਗਤੀ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ, ਉੱਥੇ ਨਾਲ਼ੋ-ਨਾਲ਼ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।ਗੁਰੂ ਨਾਨਕ ਬਾਣੀ ਦੀ ਵਿਚਾਰਧਾਰਾ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ, ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ ਗੁਰੂ ਨਾਨਕ ਬਾਣੀ ਦੀ ਵਿਚਾਰਧਾਰਾ ਦੇ ਵਿਵਹਾਰ ਬਾਰੇ

ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਗੁਰੂ ਨਾਨਕ ਬਾਣੀ ਦੀ ਵਿਚਾਰਧਾਰਾ ਨੂੰ ਸਮਝਣ ਦੇ ਕਾਬਿਲ ਹੋ ਸਕਣ।

### 1.1.3 ਗੁਰੂ ਨਾਨਕ ਬਾਣੀ : ਕਾਵਿ ਸ਼ਾਸਤਰੀ ਪਰਿਪੇਖ

ਗੁਰੂ ਜੀ ਇਕ ਮਹਾਨ ਯੁਗ ਪੁਰਸ਼ ਸਨ, ਜਿਨ੍ਹਾਂ ਨੇ ਆਪਣੀ ਨਵੀਂ ਵਿਚਾਰਧਾਰਾ ਨਾਲ ਪ੍ਰਤਿਕੂਲ ਪਰਿਸਥਿਤੀਆਂ ਦੀ ਨੁਹਾਰ ਬਦਲੀ ਅਤੇ ਸਿੱਖ ਧਰਮ ਦੇ ਵਿਕਾਸ ਦੇ ਨਾਲ ਨਾਲ ਇਕ ਨਵੇਂ ਸਭਿਆਚਾਰ ਨੂੰ ਜਨਮ ਦਿੱਤਾ । ਇਹ ਸਭਿਆਚਾਰ ਕਿਸੇ ਇਕ ਧਰਮ ਜਾਂ ਭਾਈਚਾਰੇ ਦਾ ਸਭਿਆਚਾਰ ਨਹੀਂ ਸੀ, ਸਗੋਂ ਸਾਰੀ ਮਨੁੱਖਤਾ ਲਈ ਕਲਿਆਣਕਾਰੀ ਜੀਵਨ-ਦਰਸ਼ਨ ਸੀ ਜਿਸ ਦੀ ਲੋਅ ਵਿਚ ਨਵੇਂ ਮਨੁੱਖ ਦਾ ਮਾਡਲ ਸਿਰਜਿਆ ਗਿਆ । ਗੁਰੂ ਨਾਨਕ ਦੇਵ ਜੀ, ਅਸਲ ਵਿਚ, ਇਕ ਵਿਵਹਾਰਿਕ ਧਰਮ ਦੀ ਸਥਾਪਨਾ ਕਰਨ ਆਏ ਸਨ । ਖ਼ੁਸ਼ਕ ਦਰਸ਼ਨ ਦੇ ਤਰਕ ਉਨ੍ਹਾਂ ਨੂੰ ਪਸੰਦ ਨਹੀਂ ਸਨ । ਆਪਣੀ ਰਹੱਸਾਨੁਭੂਤੀ ਨੂੰ ਸਮਾਜਿਕ ਪ੍ਰਕਰਣ ਵਿਚ ਪੇਸ਼ ਕਰਕੇ ਉਨ੍ਹਾਂ ਨੇ ਸਭ ਦੁਆਰਾ ਅਪਣਾਏ ਜਾਣ ਯੋਗ ਅਜਿਹੇ ਧਰਮ ਦੀ ਸਥਾਪਨਾ ਕੀਤੀ ਜਿਸ ਨੂੰ ਸਹਿਜ-ਧਰਮ ਦਾ ਨਾਂ ਦਿੱਤਾ ਜਾ ਸਕਦਾ ਹੈ । ਇਸ ਧਰਮ ਵਿਚ ਤੰਗਨਜ਼ਰੀ, ਅੰਧ-ਵਿਸ਼ਵਾਸ, ਰੂੜ੍ਹੀ-ਵਾਦਤਾ, ਪਰਸਪਰ ਵੈਰ-ਵਿਰੋਧ ਦਾ ਕੋਈ ਸਥਾਨ ਨਹੀਂ ਹੈ ।

ਗੁਰੂ ਨਾਨਕ ਦੇਵ ਨਿਰਗੁਣ-ਬ੍ਰਹਮ ਦੇ ਉਪਾਸਕ ਸਨ । ਇਹ ਤੱਥ ਮੂਲ-ਮੰਤ੍ਰ ਤੋਂ ਹੀ ਭਲੀ-ਭਾਂਤ ਸਪੱਸ਼ਟ ਹੈ । ਨਿਰਗੁਣ ਬ੍ਰਹਮ ਦਾ ਵਰਣਨ ਕਰਨਾ ਸੰਭਵ ਨਹੀਂ, ਕਿਉਂਕਿ ਵਰਣਨ ਦੇ ਸਾਧਨਾਂ ਦੁਆਰਾ ਉਸ ਨੂੰ ਦਰਸਾਇਆ ਨਹੀਂ ਜਾ ਸਕਦਾ । ਗੁਰੂ ਜੀ ਅਨੁਸਾਰ ਪਰਮ-ਸੱਤਾ ਬੁੱਧੀ ਅਤੇ ਬਾਣੀ ਤੋਂ ਅਤੀਤ ਹੈ । ਗੁਰੂ ਜੀ ਦਾ ਸੁਭਾ, ਸੰਸਕਾਰ ਅਤੇ ਯੁਗ ਦੀਆਂ ਪਰਿਸਥਿਤੀਆਂ ਅਵਤਾਰਵਾਦ ਅਥਵਾ ਸਗੁਣ -ਬ੍ਰਹਮ ਨਾਲ ਸਮਝੌਤਾ ਨਹੀਂ ਕਰ ਸਕੀਆਂ । ਨਿਰਗੁਣ- ਬ੍ਰਹਮ ਸੰਬੰਧੀ ਗੁਰੂ ਜੀ ਨੇ ਉਪਨਿਸ਼ਦਾਂ ਦੇ ਚਿੰਤਨ ਤੋਂ ਇਲਾਵਾ ਸਿੱਧਾਂ, ਜੋਗੀਆਂ, ਮੁਸਲਮਾਨਾਂ, ਸੂਫ਼ੀ ਦਰਵੇਸ਼ਾਂ ਦੀਆਂ ਧਾਰਣਾਵਾਂ ਨੂੰ ਆਤਮਸਾਤ ਕਰਕੇ ਉਨ੍ਹਾਂ ਦੇ ਸਾਰ-ਭੂਤ ਤੱਤ੍ਵਾਂ ਅਤੇ ਗੁਣਾਂ ਨੂੰ ਲੋਕ-ਕਲਿਆਣ ਦੀ ਕਸੌਟੀ ਉਤੇ ਪਰਖ ਕੇ ਆਪਣੇ ਅਨੁਭਵ ਦੇ ਸੰਦਰਭ ਵਿਚ ਗ੍ਰਹਿਣ ਕੀਤਾ । ਇਸੇ ਲਈ ਆਪ ਦੁਆਰਾ ਪ੍ਰਤਿਪਾਦਿਤ ਬ੍ਰਹਮ ਅਰੂਪ ਅਤੇ ਨਿਰਗੁਣ ਹੁੰਦੇ ਹੋਇਆਂ ਵੀ ਨਿਸ਼ਕਰਮਾ ਨਹੀਂ, ਕਰਤਾ-ਪੁਰਖ ਅਤੇ ਆਪਣੇ ਆਪ ਹੋਂਦ ਵਿਚ ਆਉਣ ਵਾਲਾ ਹੈ । ਸਾਰੀ ਸ੍ਰਿਸ਼ਟੀ ਦੀ ਉਤਪੱਤੀ, ਸਥਿਤੀ ਅਤੇ ਨਾਸ਼ ਦਾ ਕਾਰਣ ਹੈ । ਆਪ ਨੇ ਪ੍ਰੇਮ ਦੀ ਭਾਵਨਾ ਅਧੀਨ ਪ੍ਰਭੂ ਨਾਲ ਕਈ ਪ੍ਰਕਾਰ ਦੇ ਸੰਬੰਧਾਂ ਦੀ ਸਥਾਪਨਾ ਵੀ ਕੀਤੀ ਹੈ । ਇਸ ਤਰ੍ਹਾਂ ਉਨ੍ਹਾਂ ਨੇ ਨਿਰਾਕਾਰ ਨੂੰ ਸਾਕਾਰ ਬਣਾਇਆ ਹੈ । ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਜਿਥੇ ਕਿਥੇ ਵੀ ਉਨ੍ਹਾਂ ਨੇ ਪਰਮਾਤਮਾ ਦਾ ਤਾਤਵਿਕ ਅਥਵਾ ਸਿੱਧਾਂਤਿਕ ਵਿਸ਼ਲੇਸ਼ਣ ਕੀਤਾ ਹੈ, ਉਥੇ ਉਸ ਨੂੰ ਨਿਰਗੁਣ, ਨਿਰਾਕਾਰ, ਨਿਰਲਿਪਤ, ਨਿਰੰਜਨ ਆਦਿ ਨਾਂਵਾਂ ਨਾਲ ਯਾਦ ਕੀਤਾ ਹੈ ।

ਗੁਰੂ ਨਾਨਕ ਦੇਵ ਜੀ ਨੇ ਆਤਮਾ/ਜੀਵਾਤਮਾ ਸੰਬੰਧੀ ਵਿਚਾਰ ਪ੍ਰਗਟ ਕਰਦਿਆਂ ਪਰਮਾਤਮਾ ਅਤੇ ਆਤਮਾ ਵਿਚ ਕਿਸੇ ਪ੍ਰਕਾਰ ਦਾ ਕੋਈ ਤਾਤਵਿਕ ਅੰਤਰ ਨਹੀਂ ਮੰਨਿਆ । ਦੋਹਾਂ ਦੀ ਅਦ੍ਵੈਤਤਾ ਅਤੇ ਏਕਤਾ ਵਿਚ ਉਨ੍ਹਾਂ ਨੂੰ ਪੂਰਣ ਵਿਸ਼ਵਾਸ ਹੈ । ਅੰਸ਼-ਅੰਸ਼ੀ-ਭਾਵ ਜਾਂ ਸਮੁੰਦਰ-ਬੂੰਦ ਵਾਲੇ ਸੰਬੰਧਾਂ ਰਾਹੀਂ ਉਨ੍ਹਾਂ ਨੇ ਆਪਣੇ ਮੰਤਵ ਨੂੰ ਅਨੇਕ ਥਾਂਵਾਂ ਤੇ ਪ੍ਰਗਟ ਕੀਤਾ ਹੈ ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ । (ਗੁ.ਗ੍ਰੰ.878) ; ਨਿਰਮਲ ਕਾਇਆ ਊਜਲ ਹੰਸਾ । ਤਿਸੁ ਵਿਚਿ ਨਾਮੁ ਨਿਰੰਜਨ ਅੰਸਾ । (ਗੁ.ਗ੍ਰੰ.1034) ।

ਇਹ ਅੰਸ਼-ਅੰਸ਼ੀ-ਭਾਵ ਨ ਵਿਸ਼ਿਸ਼ਟਾਦ੍ਵੈਤਵਾਦ ਵਾਲਾ ਹੈ ਅਤੇ ਨ ਹੀ ਦ੍ਵੈਤਾਦ੍ਵੈਤਵਾਦ ਵਾਲਾ ਸਗੋਂ ਪੂਰੀ ਤਰ੍ਹਾਂ ਅਦ੍ਵੈਤਵਾਦੀ ਹੈ । ਕਿਉਂਕਿ ਇਸ ਸਥਾਪਨਾ ਦੀ ਪੁਸ਼ਟੀ ਨ ਕੇਵਲ ਗੁਰੂ ਨਾਨਕ ਦੇਵ ਦੀ ਸਮੁੱਚੀ ਅਦ੍ਵੈਤ-ਭਾਵਨਾ ਤੋਂ ਹੀ ਹੋ ਜਾਂਦੀ ਹੈ, ਸਗੋਂ ਸਮੁੰਦਰ ਅਤੇ ਬੂੰਦ ਦੇ ਦ੍ਰਿਸ਼ਟਾਂਤ ਅਤੇ ਸਾਰੇ ਜੀਵਾਂ ਵਿਚ ਪਰਮਾਤਮਾ ਦੇ ਪ੍ਰਤਿਬਿੰਬ ਨੂੰ ਦੇਖਣ ਦੀ ਧਾਰਣਾ ਤੋਂ ਵੀ ਹੋ ਜਾਂਦੀ ਹੈ ਸਭ ਮਹਿ ਜੋਤਿ ਜੋਤਿ ਹੈ ਸੋਇ । ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ । (ਗੁ.ਗ੍ਰੰ. 663) ।

ਜੀਵਾਂ ਵਿਚੋਂ ਸ੍ਰੇਸ਼ਠ ਜੀਵ ਮਨੁੱਖ ਹੈ । ਇਸ ਲਈ ਮਨੁੱਖ ਜਨਮ ਦੁਰਲਭ ਹੈ । ਸੁਭਾ, ਭਾਵਨਾ, ਅਵਸਥਾ ਅਤੇ ਆਚਾਰ ਦੀ ਦ੍ਰਿਸ਼ਟੀ ਤੋਂ ਮਨੁੱਖ ਦੇ ਦੋ ਮੁੱਖ ਭੇਦ ਹਨ ਗੁਰਮੁਖ ਅਤੇ ਮਨਮੁਖ । ਗੁਰੂ ਦੇ ਅਨੁਕੂਲ ਚਲਣ ਵਾਲਾ ਮਨੁੱਖ ਗੁਰਮੁਖ ਹੈ ਅਤੇ ਮਨ ਅਨੁਸਾਰ ਚਲਣ ਵਾਲਾ ਵਿਅਕਤੀ ਮਨਮੁਖ ਹੈ । ਮਨ ਮਨੁੱਖੀ ਸ਼ਰੀਰ ਦੀ ਬੜੀ ਪ੍ਰਬਲ ਸ਼ਕਤੀ ਹੈ । ਇਸ ਨੂੰ ਜਿਤਣਾ ਜਗਤ ਨੂੰ ਜਿਤਣ ਦੇ ਤੁਲ ਹੈ । ਮਨ ਨੂੰ ਮਾਰਨ ਤੋਂ ਬਿਨਾ ਅਲੌਕਿਕ ਆਨੰਦ ਦੀ ਪ੍ਰਾਪਤੀ ਨਹੀਂ ਹੁੰਦੀ ।

ਸ੍ਰਿਸ਼ਟੀ ਦਾ ਚਿਤ੍ਰਣ ਕਰਦਿਆਂ ਗੁਰੂ ਜੀ ਨੇ ਪਰਮਾਤਮਾ ਨੂੰ ਇਸ ਦਾ ਰਚੈਤਾ ਅਤੇ ਸੰਚਾਲਕ ਮੰਨਿਆ ਹੈ । ਉਹ ਇਸ ਦਾ ਉਪਾਦਾਨ ਕਾਰਣ ਹੀ ਨਹੀਂ, ਨਿਮਿਤ ਕਾਰਣ ਵੀ ਹੈ । ਸਾਰੀ ਸ੍ਰਿਸ਼ਟੀ ਉਸ ਦੇ ਭੈ ਵਿਚ ਕ੍ਰਿਆਸ਼ੀਲ ਹੈ ਤੁਧੁ ਆਪੇ ਜਗਤੁ ਉਪਾਇਕੈ ਤੁਧੁ ਆਪੇ ਧੰਧੈ ਲਾਇਆ । (ਗੁ.ਗ੍ਰੰ.138) । ਇਸ ਸ੍ਰਿਸ਼ਟੀ ਦਾ ਰਚਨਾ-ਕਾਲ ਅਗਿਆਤ ਹੈ । ਇਸ ਤੱਥ ਨੂੰ ਜਾਣਨ ਦੇ ਸਮਰਥ ਕੇਵਲ ਪਰਮਾਤਮਾ ਖ਼ੁਦ ਹੈ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ । (ਗੁ.ਗ੍ਰੰ4) । ਸ੍ਰਿਸ਼ਟੀ ਤੋਂ ਪਹਿਲਾਂ ਦੀ ਅਫੁਰ ਅਵਸਥਾ ਤੋਂ ਪਰਮਾਤਮਾ ਨੇ ਖ਼ੁਦ ਆਪਣੀ ਲੀਲ੍ਹਾ ਦੇਖਣ ਲਈ ਜਗਤ ਦੀ ਰਚਨਾ ਕੀਤੀ ਹੈ । ਸ੍ਰਿਸ਼ਟੀ ਦੇ ਉਤਪੱਤੀ-ਕ੍ਰਮ ਬਾਰੇ ਵੀ ਗੁਰੂ ਜੀ ਨੇ ਸੰਕੇਤ ਕੀਤਾ ਹੈ, ਪਰ ਕਿਸੇ ਨਿਸ਼ਚਿਤ ਕ੍ਰਮ ਦੀ ਸਥਾਪਨਾ ਨਹੀਂ ਕੀਤੀ । ਇਹ ਸ੍ਰਿਸ਼ਟੀ ਅਨੰਤ ਹੈ । ਇਸ ਅਨੰਤਤਾ ਨੂੰ ਰਚੈਤਾ ਤੋਂ ਬਿਨਾ ਹੋਰ ਕੋਈ ਨਹੀਂ ਜਾਣ ਸਕਦਾ । ਉਹ ਆਪਣੀ ਇੱਛਾ ਅਨੁਸਾਰ, ਇਸ ਦੀ ਰਚਨਾ ਕਰਦਾ ਹੈ ਅਤੇ ਫਿਰ ਆਪਣੀ ਮਰਜ਼ੀ ਨਾਲ ਹੀ ਆਪਣੇ ਵਿਚ ਸਮੋ ਲੈਂਦਾ ਹੈ । ਗੁਰੂ-ਕਵੀ ਅਨੁਸਾਰ ਇਹ ਜਗਤ ਸਤਿ ਅਤੇ ਅਸਤਿ ਦੋਵੇਂ ਹੈ । ਇਸ ਜਗਤ ਦਾ ਮੂਲਾਧਾਰ ਤੱਤ੍ਵ ਪਰਮਾਤਮਾ ਚੂੰਕਿ ਸਚਾ ਹੈ, ਇਸ ਲਈ ਸ੍ਰਿਸ਼ਟੀ ਵੀ ਸਚੀ ਹੈ ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਕੋਈ । (ਗੁ.ਗ੍ਰੰ.145) । ਪਰ ਇਹ ਸਤਿਅਤਾ ਪਰਮਾਰਥਿਕ ਨਹੀਂ ਵਿਵਹਾਰਿਕ ਹੈ । ਪਰਮਾਰਥਿਕ ਸਤਿ ਤਾਂ ਕੇਵਲ ਪਰਮਾਤਮਾ ਹੈ । ਇਸ ਦ੍ਰਿਸ਼ਟੀ ਤੋਂ ਜਗਤ ਅਸਤਿ ਹੈ ।

ਗੁਰੂ ਜੀ ਨੇ ਸੰਸਾਰਿਕਤਾ ਦੇ ਮੂਲ ਵਿਚ ਕੰਮ ਕਰ ਰਹੀ ਮਾਇਆ ਨੂੰ ਅੱਤ੍ਵ ਵਿਚ ਤੱਤ੍ਵ ਬੁੱਧੀ ਵਜੋਂ ਦਰਸਾਇਆ ਹੈ । ਜਗਤ ਅਤੇ ਜਗਤ ਦਾ ਸੰਪੂਰਣ ਪ੍ਰਪੰਚ ਮਾਇਆ ਦਾ ਪਸਾਰਾ ਹੈ । ਇਹ ਅਸੀਮ, ਵਿਭਚਾਰੀ ਅਤੇ ਵਿਘਨਕਾਰੀ ਸ਼ਕਤੀ ਹੈ, ਪਰ ਇਸ ਦੀ ਕੋਈ ਸੁਤੰਤਰ ਸੱਤਾ ਨਹੀਂ, ਸਗੋਂ ਇਹ ਪ੍ਰਭੂ ਦੇ ਅਧੀਨ ਹੈ । ਕੁਦਰਤ ਇਸ ਦਾ ਵਿਰਾਟ ਰੂਪ ਹੈ ਅਤੇ ਪ੍ਰਾਣੀ ਇਸ ਦਾ ਸੰਕੁਚਿਤ ਰੂਪ । ਇਹ ਮਨੁੱਖ ਦੇ ਮਨ ਨੂੰ ਵਸ ਵਿਚ ਰਖਦੀ ਹੈ ।

ਗੁਰੂ ਨਾਨਕ ਦੇਵ ਨੇ ਪਰਮਾਤਮਾ ਵਿਚ ਇਕਾਤਮਕਤਾ ਅਥਵਾ ਲੀਨਤਾ ਨੂੰ ਮੁਕਤੀ ਮੰਨਿਆ ਹੈ । ਜਦੋਂ ਅਗਿਆਨ ਦਾ ਪਰਦਾ ਹਟ ਜਾਂਦਾ ਹੈ, ਤਾਂ ਪਹਿਲਾਂ ਤੋਂ ਪ੍ਰਾਪਤ ਵਸਤੂ ਦੀ ਹੀ ਪੁਨਰ-ਪ੍ਰਾਪਤੀ ਹੋ ਜਾਂਦੀ ਹੈ । ਬੈਕੁੰਠ ਵਾਲੀ ਮੁਕਤੀ ਵਿਚ ਗੁਰੂ ਜੀ ਦਾ ਵਿਸ਼ਵਾਸ ਨਹੀਂ ਕਿਉਂਕਿ ਉਨ੍ਹਾਂ ਦੀ ਪ੍ਰਮੁਖ ਅਭਿਲਾਸ਼ਾ ਅਜਿਹੀ ਮੁਕਤੀ ਨਹੀਂ, ਸਗੋਂ ਪ੍ਰਭੂ ਦਾ ਦਰਸ਼ਨ ਜਾਂ ਸਾਖਿਆਤਕਾਰ ਹੈ, ਜਿਸ ਦੇ ਸਾਹਮਣੇ ਹੋਰ ਸਭ ਕੁਝ ਵਿਅਰਥ ਹੈ: ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ । (ਗੁ.ਗ੍ਰੰ.360) । ਅਜਿਹੀ ਅਵਸਥਾ ਦੀ ਪ੍ਰਾਪਤੀ ਗੁਰੂ ਜੀ ਨੇ ਕਰਮ-ਕਾਂਡਾਂ ਜਾਂ ਬਾਹਰਲੇ ਆਡੰਬਰਾਂ ਦੁਆਰਾ ਸੰਭਵ ਨਹੀਂ ਮੰਨੀ । ਪਰਮਾਤਮਾ ਦਾ ਹੁਕਮ, ਉਸ ਦੀ ਅਤੇ ਗੁਰੂ ਦੀ ਕ੍ਰਿਪਾ- ਦ੍ਰਿਸ਼ਟੀ, ਪ੍ਰੇਮ-ਭਗਤੀ ਅਤੇ ਸੇਵਾ ਦੁਆਰਾ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ । ਇਹ ਮੁਕਤੀ ਮਰਨ ਤੋਂ ਬਾਦ ਪ੍ਰਾਪਤ ਹੋਣ ਵਾਲੀ ਕੋਈ ਅਵਸਥਾ ਨਹੀਂ, ਜੀਉਂਦੇ-ਜੀ ਹੀ ਇਸ ਦੀ ਪ੍ਰਾਪਤੀ ਹੋ ਸਕਦੀ ਹੈ । ਇਸ ਨੂੰ ਗੁਰੂ ਜੀ ਨੇ ਜੀਵਨ- ਮੁਕਤੀ ਦਾ ਨਾਂ ਦਿੱਤਾ ਹੈ ।

ਸਪੱਸ਼ਟ ਹੈ ਕਿ ਭਾਵੇਂ ਗੁਰੂ ਜੀ ਦਰਸ਼ਨ ਆਚਾਰਯ ਨਹੀਂ ਸਨ, ਪਰ ਉਨ੍ਹਾਂ ਦੇ ਅਧਿਆਤਮਿਕ ਵਿਚਾਰਾਂ ਨੇ ਉਨ੍ਹਾਂ ਨੂੰ ਦਾਰਸ਼ਨਿਕ ਬਣਾ ਦਿੱਤਾ ਸੀ । ਸਮੁੱਚੇ ਤੌਰ ਤੇ ਉਹ ਅਦ੍ਵੈਤਵਾਦੀ ਸਨ, ਪਰ ਉਨ੍ਹਾਂ ਦਾ ਅਦ੍ਵੈਤਵਾਦ ਸ਼ੰਕਰ ਦੇ ਅਦ੍ਵੈਤਵਾਦ ਤੋਂ ਭਿੰਨ ਉਨ੍ਹਾਂ ਦੀ ਨਿਜੀ ਪ੍ਰਤਿਭਾ ਤੇ ਆਧਾਰਿਤ ਅਤੇ ਯੁਗ ਦੀਆਂ ਸਮਸਿਆਵਾਂ ਦਾ ਸਮਾਧਾਨ ਕਰਨ ਵਾਲਾ ਸੀ । ਇਸ ਤਰ੍ਹਾਂ ਗੁਰੂ ਨਾਨਕ ਦੇਵ, ਇਕ ਨਵੇਂ ਅਦ੍ਵੈਤਵਾਦ ਨੂੰ ਜਨਮ ਦਿੰਦੇ ਹਨ ਜਿਸ ਨੂੰ ਸਹਿਜ- ਅਦ੍ਵੈਤਵਾਦ ਦਾ ਨਾਂ ਦਿੱਤਾ ਜਾ ਸਕਦਾ ਹੈ ।

ਪਰਮਾਤਮਾ ਦਾ ਸਾਖਿਆਤ-ਕਾਰ ਪ੍ਰਾਪਤ ਕਰਨ ਅਥਵਾ ਪਰਮ-ਪਦ ਦੀ ਪ੍ਰਾਪਤੀ ਲਈ ਸਾਧਕ ਨੂੰ ਕਈ ਪ੍ਰਕਾਰ ਦੇ ਯਤਨ ਕਰਨੇ ਪੈਂਦੇ ਹਨ । ਭਾਰਤੀ ਅਧਿਆਤਮਿਕਤਾ ਨੇ ਮੁੱਖ ਰੂਪ ਵਿਚ ਚਾਰ ਮਾਰਗਾਂ ਨੂੰ ਮਹੱਤਵ ਦਿੱਤਾ ਹੈ ਗਿਆਨ, ਕਰਮ, ਯੋਗ ਅਤੇ ਭਗਤੀ । ਗੁਰੂ ਨਾਨਕ ਦੇਵ ਜੀ ਦੀਆਂ ਵੀ ਇਨ੍ਹਾਂ ਬਾਰੇ ਆਪਣੀ ਨਿਜੀ ਸਥਾਪਨਾਵਾਂ ਹਨ । ਗੁਰੂ ਜੀ

ਨੇ ਚੌਹਾਂ ਸਾਧਨਾ-ਮਾਰਗਾਂ ਵਿਚ ਭਗਤੀ-ਮਾਰਗ ਨੂੰ ਨ ਕੇਵਲ ਵਿਸ਼ੇਸ਼ ਮਹੱਤਵ ਹੀ ਦਿੱਤਾ ਹੈ, ਸਗੋਂ ਇਸ ਦਾ ਬਹੁਤ ਅਧਿਕ ਵਿਸ਼ਲੇਸ਼ਣ ਵੀ ਕੀਤਾ ਹੈ । ਧਿਆਨ ਰਹੇ ਕਿ ਗੁਰੂ ਜੀ ਨੇ ਪਰੰਪਰਾਗਤ ਭਗਤੀ ਨੂੰ ਇੰਨ-ਬਿੰਨ ਨਹੀਂ ਅਪਣਾਇਆ । ਆਪ ਨੇ ਭਗਤੀ ਦੀਆਂ ਸਾਰੀਆਂ ਪ੍ਰਣਾਲੀਆਂ ਵਿਚ ਕੇਵਲ ਉਨ੍ਹਾਂ ਤੱਤ੍ਵਾਂ ਨੂੰ ਗ੍ਰਹਿਣ ਕੀਤਾ ਜੋ ਯੁਗ ਦੀਆਂ ਪਰਿਸਥਿਤੀਆਂ ਦੇ ਅਨੁਕੂਲ ਅਤੇ ਲੋਕ-ਮੰਗਲਕਾਰੀ ਸਨ । ਉਨ੍ਹਾਂ ਨੇ ਭਗਤੀ ਦੇ ਉਹ ਸਾਰੇ ਪ੍ਰਕਰਣ ਤਿਆਗ ਦਿੱਤੇ ਜਾਂ ਉਨ੍ਹਾਂ ਦਾ ਮਾਨਸੀਕਰਣ ਕਰ ਦਿੱਤਾ ਜੋ ਉਨ੍ਹਾਂ ਦੀ ਭਾਵ-ਭਗਤੀ ਦੇ ਵਿਕਾਸ ਵਿਚ ਰੁਕਾਵਟ ਸਨ ।

ਸਮਾਜਿਕ ਤੌਰ ਤੇ ਗੁਰੂ ਜੀ ਹਿੰਦੂ ਧਰਮ ਨਾਲ ਸੰਬੰਧਿਤ ਸਨ, ਇਸ ਲਈ ਇਸ ਮਤ ਦੀ ਉਨ੍ਹਾਂ ਨੂੰ ਵਿਸ਼ੇਸ਼ ਜਾਣਕਾਰੀ ਸੀ । ਪਰ ਕਿਤੇ ਵੀ ਉਨ੍ਹਾਂ ਨੇ ਇਸ ਧਰਮ ਨਾਲ ਸੰਬੰਧਿਤ ਧਰਮ-ਪੁਸਤਕਾਂ, ਸੰਪ੍ਰਦਾਵਾਂ, ਅਵਤਾਰ-ਪਰੰਪਰਾਵਾਂ, ਦੇਵੀ-ਦੇਵਤਿਆਂ, ਸਾਧਨਾ-ਪ੍ਰਣਾਲੀਆਂ ਪ੍ਰਤਿ ਆਸਥਾ ਪ੍ਰਗਟ ਨਹੀਂ ਕੀਤੀ । ਜਿਥੇ ਕਿਥੇ ਵੀ ਅਵਸਰ ਮਿਲਿਆ ਹੈ ਇਸ ਦੇ ਰੂੜ੍ਹ ਰੂਪਾਂ/ਪੱਖਾਂ ਦਾ ਦ੍ਰਿੜ੍ਹਤਾ ਪੂਰਵਕ ਖੰਡਨ ਕੀਤਾ ਹੈ । ਹਿੰਦੂ ਧਰਮ ਵਾਂਗ ਗੁਰੂ ਜੀ ਨੇ ਇਸਲਾਮ ਧਰਮ ਪ੍ਰਤਿ ਵੀ ਕੋਈ ਸ਼ਰਧਾ ਨਹੀਂ ਵਿਖਾਈ ਅਤੇ ਨ ਹੀ ਉਸ ਦੇ ਧਰਮ-ਗ੍ਰੰਥਾਂ ਦੀਆਂ ਮਾਨਤਾਵਾਂ ਨੂੰ ਗ੍ਰਹਿਣ ਕਰਨ ਲਈ ਕੋਈ ਗੱਲ ਕਹੀ ਹੈ । ਉਨ੍ਹਾਂ ਨੇ ਇਸ ਧਰਮ ਦੇ ਪ੍ਰਚਾਰਕਾਂ, ਮੁਖੀਆਂ, ਕਾਜ਼ੀਆਂ ਦੇ ਆਚਰਣ ਉਤੇ ਝਾਤ ਪਾ ਕੇ ਉਨ੍ਹਾਂ ਨੂੰ ਸਚਾ ਮੁਸਲਮਾਨ ਬਣਨ ਦੀ ਪ੍ਰੇਰਣਾ ਦਿੱਤੀ ਹੈ ।

ਸਪੱਸ਼ਟ ਹੈ ਕਿ ਗੁਰੂ ਜੀ ਨੇ ਸੰਕੀਰਣ ਅਤੇ ਰੂੜ੍ਹ ਧਾਰਮਿਕ ਪਰੰਪਰਾਵਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਮਹੱਤਵ ਨਹੀਂ ਦਿੱਤਾ, ਪਰ ਉਹ ਧਰਮ ਦੇ ਵਾਸਤਵਿਕ ਰੂਪ ਦੇ ਵਿਰੁੱਧ ਨਹੀਂ ਸਨ । ਅਸਲ ਵਿਚ, ਉਨ੍ਹਾਂ ਨੇ ਪ੍ਰਚਲਿਤ ਧਰਮਾਂ ਦੇ ਮੁਕਾਬਲੇ ਸਹਿਜ-ਧਰਮ ਨੂੰ ਅਪਣਾਉਣ ਦੀ ਪ੍ਰੇਰਣਾ ਦਿੱਤੀ ਹੈ ।

ਗੁਰੂ ਜੀ ਉਸ ਸਮੇਂ ਦੀ ਸਮਾਜਿਕ ਵਿਵਸਥਾ ਤੋਂ ਵੀ ਸੰਤੁਸ਼ਟ ਨਹੀਂ ਸਨ ਕਿਉਂਕਿ ਉਸ ਨਾਲ ਮਾਨਵ- ਵਿਕਾਸ ਰੁਕ ਗਿਆ ਸੀ । ਉਹ ਵਰਣਾਸ਼੍ਰਮ ਧਰਮ ਵਿਚ ਵਿਸ਼ਵਾਸ ਨ ਕਰਕੇ ਜਾਤਿ-ਪਾਤਿ ਦੇ ਕੱਟੜ ਵਿਰੋਧੀ ਸਨ ਅਤੇ ਗ੍ਰਿਹਸਥ ਧਰਮ ਦੀ ਪਾਲਣਾ ਕਰਨ ਵਿਚ ਰੁਚੀ ਰਖਦੇ ਸਨ । ਉਨ੍ਹਾਂ ਨੇ ਨਾਰੀ ਨੂੰ ਵੀ ਸਮਾਜ ਵਿਚ ਗੌਰਵ-ਪੂਰਣ ਸਥਾਨ ਦਿੱਤਾ ਹੈ । ਸਮਾਜ ਦੀ ਸਥਿਤੀ ਨੂੰ ਸੰਤੁਲਿਤ ਰਖਣ ਲਈ ਉਨ੍ਹਾਂ ਨੇ ਸੇਵਾ ਉਤੇ ਬਲ ਦਿੱਤਾ ਹੈ ਅਤੇ ਭਰਮ-ਪੂਰਣ ਅਤੇ ਕਲਪਨਾ-ਪ੍ਰਸੂਤ ਸਮਾਜਿਕ ਪ੍ਰਥਾਵਾਂ ਨੂੰ ਤਿਆਗ ਕੇ ਸਦਾਚਰਣ ਲਈ ਪ੍ਰੇਰਿਆ ਹੈ । ਸਦਾਚਰਣ ਹੀ ਉਨ੍ਹਾਂ ਦੇ ਆਦਰਸ਼ ਸਮਾਜ ਦੀ ਨੀਂਹ ਹੈ । ਉਨ੍ਹਾਂ ਨੇ ਜਨ-ਸਾਧਾਰਣ ਦੀਆਂ ਅਧਿਆਤਮਿਕ, ਧਾਰਮਿਕ ਅਤੇ ਸਮਾਜਿਕ ਸਮਸਿਆਵਾਂ ਦਾ ਜਿਥੇ ਵਰਣਨ ਕਰਕੇ ਸਮਾਧਾਨ ਪੇਸ਼ ਕੀਤਾ ਹੈ, ਉਥੇ ਉਨ੍ਹਾਂ ਦੀ ਰਾਜਨੈਤਿਕ ਸਥਿਤੀ ਬਾਰੇ ਵੀ ਖੁਲ੍ਹ ਕੇ ਟਿੱਪਣੀ ਦਿੱਤੀ ਹੈ । ਸਪੱਸ਼ਟ ਹੈ ਕਿ ਵਿਚਾਰ-ਧਾਰਕ ਤੌਰ ਤੇ ਗੁਰੂ ਨਾਨਕ ਦੇਵ ਬੜੇ ਜਾਗਰੂਕ ਲੋਕ-ਨਾਇਕ ਸਨ ਜਿਨ੍ਹਾਂ ਨੇ ਕੀ ਦਰਸ਼ਨ, ਕੀ ਸਾਧਨਾ ਅਤੇ ਕੀ ਸਮਾਜ, ਹਰ ਖੇਤਰ ਵਿਚ ਆਪਣੀ ਉਸਾਰੂ ਅਤੇ ਕਲਿਆਣਕਾਰੀ ਛਾਪ ਛੱਡੀ ਹੈ ।

## ਗੁਰੂ ਨਾਨਕ ਬਾਣੀ : ਕਾਵਿ ਸ਼ਾਸਤਰੀ ਪਰਿਪੇਖ

ਇਹ ਸਹੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਾਣੀ ਕਵਿਤਾ ਕਰਨ ਦੇ ਉਦੇਸ਼ ਤੋਂ ਨਹੀਂ ਰਚੀ ਸੀ, ਪਰ ਹੈਰਾਨੀ ਇਸ ਗੱਲ ਦੀ ਹੈ ਕਿ ਇਹ ਬਾਣੀ ਕਾਵਿ ਦੇ ਸਾਰੇ ਮਾਨਦੰਡਾਂ ਉਤੇ ਪੂਰੀ ਉਤਰਦੀ ਹੈ ਅਤੇ ਇਕ ਉਤਮ ਕਾਵਿ ਦੀ ਸਾਖੀ ਭਰਦੀ ਹੈ । ਯੁਗ-ਚਿਤ੍ਰਣ ਜਿਸ ਸਜੀਵ ਅਤੇ ਨਿਰਭੀਕ ਰੂਪ ਵਿਚ ਗੁਰੂ ਜੀ ਦੀ ਬਾਣੀ ਵਿਚ ਹੋਇਆ ਹੈ, ਉਤਨਾ ਕਿਸੇ ਹੋਰ ਸੰਤ ਦੀ ਕਵਿਤਾ ਵਿਚ ਘਟ ਹੀ ਵੇਖਣ ਨੂੰ ਮਿਲਦਾ ਹੈ । ਆਪ ਦੀ ਕਵਿਤਾ ਵਿਚ ਪ੍ਰਕ੍ਰਿਤੀ ਦਾ ਵੀ ਬੜਾ ਅਨੁਭੂਤੀ-ਜਨਕ ਚਿਤ੍ਰਣ ਹੋਇਆ ਹੈ । ਅਸਲ ਵਿਚ, ਜਨਮ ਤੋਂ ਲੈ ਕੇ ਉਦਾਸੀਆਂ ਦੇ ਸਮੇਂ ਤਕ ਅਤੇ ਫਿਰ ਕਰਤਾਰਪੁਰ ਨਿਵਾਸ ਵੇਲੇ ਆਪ ਦਾ ਜੀਵਨ ਕੁਦਰਤ ਦੀ ਗੋਦ ਵਿਚ ਬੀਤਿਆ । ਇਸ ਪ੍ਰਕ੍ਰਿਤੀ ਦਾ ਘੇਰਾ ਪੰਜਾਬ ਤਕ ਸੀਮਿਤ ਨਹੀਂ ਸਗੋਂ ਸਾਰੇ ਭਾਰਤ ਅਤੇ ਕੁਝ ਬਾਹਰਲੇ ਦੇਸ਼ਾਂ ਦੀ ਪ੍ਰਕ੍ਰਿਤੀ ਨੂੰ ਮਾਣਨ ਦਾ ਅਵਸਰ ਵੀ ਗੁਰੂ ਜੀ ਨੂੰ ਮਿਲਿਆ ਸੀ । ਗੁਰੂ ਨਾਨਕ ਬਾਣੀ ਵਿਚ ਨਿਰੂਪਿਤ ਭਗਤੀ-ਰਸ ਮਧੁਰ-ਭਗਤੀ ਨੂੰ ਸਥਾਪਿਤ ਕਰਦਾ ਹੈ ਕਿਉਂਕਿ ਸਰਬਤ੍ਰ ਪਤੀ-ਪਤਨੀ ਵਾਲੇ ਦੰਪਤਿਕ ਸੰਬੰਧ ਦੀ ਅਭਿਵਿਅਕਤੀ ਹੋਈ ਹੈ । ਇਸ ਵਿਚ ਕੋਈ ਸੰਦੇਹ ਨਹੀਂ ਕਿ ਉਨ੍ਹਾਂ ਦੀ ਬਾਣੀ ਵਿਚਲੇ ਅਨੇਕ ਸ਼ਬਦਾਂ ਵਿਚ ਸ਼ਾਂਤ-ਰਸੀ ਭੂਮਿਕਾ ਅੰਤ ਵਿਚ ਮਧੁਰ -ਭਾਵ ਵਿਚ ਸਮਾਉਂਦੀ ਹੈ, ਇਸ ਲਈ ਗੁਰੂ ਨਾਨਕ ਬਾਣੀ ਦਾ ਮੁੱਖ

ਰਸ ਭਗਤੀ-ਰਸ ਹੈ । ਗੁਰੂ ਜੀ ਨੇ ਆਪਣੇ ਆਪ ਨੂੰ ਪਤਨੀ ਰੂਪ ਵਿਚ ਪੇਸ਼ ਕੀਤਾ ਹੈ । ਉਹ ਪਰਮਾਤਮਾ ਨੂੰ ਯਾਦ ਕਰਦੀ ਹੈ, ਉਸ ਦਾ ਯਸ਼ ਗਾਉਂਦੀ ਹੈ, ਉਸ ਦੇ ਬਿਰਹ ਵਿਚ ਵਿਆਕੁਲ ਹੁੰਦੀ ਹੈ । ਇਹ ਭਗਤੀ-ਰਸ ਦੀ ਸਾਧਨ ਅਵਸਥਾ ਹੈ । ਜਦੋਂ ਉਹ ਪਰਮਾਤਮਾ ਦਾ ਸੰਯੋਗ ਪ੍ਰਾਪਤ ਕਰਕੇ ਉਸ ਵਿਚ ਮਗਨ ਹੋ ਜਾਂਦੀ ਹੈ ਤਾਂ ਉਦੋਂ ਭਗਤੀ-ਰਸ ਆਪਣੀ ਸਿੱਧੀ ਨੂੰ ਪ੍ਰਾਪਤ ਹੁੰਦਾ ਹੈ ।

ਗੁਰੂ ਜੀ ਨੇ ਆਪਣੀ ਬਾਣੀ ਵਿਚ ਭਗਤੀ ਦੇ ਸਥਾਈ ਭਾਵ ਪ੍ਰੇਮ (ਉਜਵਲ ਰਤਿ) ਦੇ ਉਪਜਣ ਅਤੇ ਦ੍ਵੈਤ-ਭਾਵ ਦੇ ਖ਼ਤਮ ਹੋਣ ਲਈ ਗੁਰੂ ਦੀ ਸਹਾਇਤਾ ਦੀ ਸਥਾਪਨਾ ਕੀਤੀ ਹੈ ਬਿਨੁ ਗੁਰ ਪ੍ਰੀਤਿ ਨ ਉਪਜੈ ਹਉਮੈ ਮੈਲੁ ਨ ਜਾਇ । (ਗੁ.ਗ੍ਰੰ60) । ਵਿਆਹ ਦੇ ਰੂਪਕ ਰਾਹੀਂ ਗੁਰੂ ਜੀ ਨੇ ਭਗਤੀ-ਰਸ ਦੀ ਸਿੱਧ ਅਵਸਥਾ ਨੂੰ ਬੜੀ ਕਲਾਤਮਕ ਜੁਗਤ ਨਾਲ ਪੇਸ਼ ਕੀਤਾ ਹੈ । ਸਪੱਸ਼ਟ ਹੈ ਕਿ ਗੁਰੂ ਨਾਨਕ ਬਾਣੀ ਵਿਚ ਭਗਤੀ-ਰਸ ਦੀ ਸਾਧਨ ਅਤੇ ਸਿੱਧ ਦੋਹਾਂ ਅਵਸਥਾਵਾਂ ਦਾ ਬੜੇ ਵਿਸਤਾਰ, ਗੰਭੀਰਤਾ ਅਤੇ ਤੀਬਰਤਾ ਨਾਲ ਚਿਤ੍ਰਣ ਹੋਇਆ ਹੈ ।

ਗੁਰੂ ਜੀ ਦੀ ਬਾਣੀ ਭਾਵੇਂ ਸ੍ਰੇਸ਼ਠ ਕਾਵਿ ਦਾ ਸੁੰਦਰ ਨਮੂਨਾ ਪੇਸ਼ ਕਰਦੀ ਹੈ, ਪਰ ਉਹ ਛੰਦ ਦੀ ਕੈਦ ਨੂੰ ਸਵੀਕਾਰ ਨਹੀਂ ਕਰਦੀ । ਅਸਲ ਵਿਚ, ਸ਼ਾਸਤ੍ਰੀ ਦ੍ਰਿਸ਼ਟੀ ਤੋਂ ਕਵਿਤਾ ਕਰਨਾ ਗੁਰੂ ਜੀ ਦਾ ਜੀਵਨ-ਮਨੋਰਥ ਨਹੀਂ ਸੀ । ਉਨ੍ਹਾਂ ਨੇ ਤਾਂ ਆਪਣੀ ਰਹੱਸ-ਅਨੁਭੂਤੀ ਅਤੇ ਉਪਦੇਸ਼ ਨੂੰ ਜਿਗਿਆਸੂਆਂ ਨਾਲ ਸਾਂਝਾ ਕਰਨਾ ਸੀ, ਇਸ ਲਈ ਅਪਭ੍ਰੰਸ਼ ਦੇ ਕਵੀਆ ਅਤੇ ਨਾਥ-ਯੋਗੀਆਂ ਤੋਂ ਚਲੀ ਆ ਰਹੀ ਛੰਦਾਬੰਦੀ ਦੀ ਪਰੰਪਰਾ ਨੂੰ ਅਪਣਾਇਆ । ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਜੀ ਦੀ ਬਾਣੀ ਅਧਿਕਤਰ ਕਿਸੇ ਛੰਦ ਦੀ ਸੀਮਾ ਨੂੰ ਸਵੀਕਾਰ ਨਹੀਂ ਕਰਦੀ ਪਰ ਉਂਜ ਪੁਰਾਤਨ ਛੰਦਾਂ ਨਾਲ ਜੇ ਕੋਈ ਸਮੀਪਤਾ ਮਿਲਦੀ ਹੈ, ਤਾਂ ਕੇਵਲ ਮਾਤ੍ਰਿਕ ਛੰਦਾਂ ਨਾਲ । ਆਪ ਨੇ ਪਿੰਗਲ ਅਨੁਸਾਰ ਛੰਦ-ਯੋਜਨਾ ਨ ਕਰਕੇ ਆਪਣੇ ਭਾਵਾਂ ਦੁਆਰਾ ਉਸ ਨੂੰ ਅਨੁਸ਼ਾਸਿਤ ਕੀਤਾ ਹੈ ।

ਬਾਣੀ ਦੀ ਬੁਨਿਆਦੀ ਲੋੜ ਰਾਗ ਹੈ । ਸੰਗੀਤ ਦੀਆਂ ਸੁਰਾਂ ਵਿਚ ਮਾਤ੍ਰਿਕ ਵਾਧ-ਘਾਟ ਆਪਣੇ ਆਪ ਲੀਨ ਹੋ ਜਾਂਦੀ ਹੈ । ਗੁਰੂ ਜੀ ਨੇ 20 ਰਾਗਾਂ ਵਿਚ ਆਪਣੀ ਬਾਣੀ ਉਚਾਰ ਕੇ ਇਨ੍ਹਾਂ ਸਾਰਿਆਂ ਉਤੇ ਆਪਣੇ ਅਬੂਰ ਨੂੰ ਸਪੱਸ਼ਟ ਕਰ ਦਿੱਤਾ ਹੈ । ਇਹ ਰਾਗ ਨ ਤਾਂ ਸ਼ਾਸਤ੍ਰੀ ਪਰੰਪਰਾ ਨੂੰ ਸਵੀਕਾਰ ਕਰਦੇ ਹਨ ਅਤੇ ਨ ਹੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਉਤੇ ਦਿੱਤੀ ਰਾਗਮਾਲਾ ਨਾਲ ਅਨੁਸਾਰਤਾ ਰਖਦੇ ਹਨ । ਗੁਰੂ ਜੀ ਆਪ ਰਾਗ ਦੇ ਮਹੱਤਵ ਨੂੰ ਸਮਝਦੇ ਸਨ ਅਤੇ ਰਾਗ ਆਦਿ ਸੂਖਮ ਕਲਾਵਾਂ ਤੋਂ ਵਿਛੁੰਨਿਆਂ ਲਈ ਉਨ੍ਹਾਂ ਦੇ ਮਨ ਵਿਚ ਕੋਈ ਆਦਰ ਨਹੀਂ ਸੀ ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ । ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ । ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ । (ਗੁ.ਗ੍ਰੰ.1246) । ਸਪੱਸ਼ਟ ਹੈ ਕਿ ਗੁਰੂ ਜੀ ਦੀ ਕਾਵਿ- ਪ੍ਰਤਿਭਾ ਰਾਗ ਦੇ ਅਨੁਸ਼ਾਸਨ ਨੂੰ ਅਪਣਾ ਕੇ ਚਲੀ ਹੈ ।

ਮੱਧ-ਯੁਗ ਦੇ ਹੋਰ ਵੀ ਅਨੇਕ ਸੰਤਾਂ/ਭਗਤਾਂ ਨੇ ਸੰਗੀਤ ਪ੍ਰਤਿ ਆਪਣੀ ਰੁਚੀ ਨੂੰ ਪ੍ਰਗਟ ਕਰਦਿਆਂ ਕਈ ਰਾਗਾਂ ਵਿਚ ਆਪਣੀਆਂ ਬਾਣੀਆਂ ਰਚੀਆਂ ਹਨ, ਪਰ ਉਨ੍ਹਾਂ ਵਿਚ ਨ ਤਾਂ ਗੁਰੂ ਨਾਨਕ ਬਾਣੀ ਜਿਤਨੀ ਰਾਗਮਇਤਾ ਹੈ, ਨ ਕੋਈ ਵਿਸ਼ੇਸ਼ ਵਿਧੀ ਹੈ ਅਤੇ ਨ ਹੀ ਕਿਸੇ ਪ੍ਰਕਾਰ ਦੀ ਸਮਨਵੈ-ਭਾਵਨਾ ਹੈ । ਟੇਕ ਦੀ ਥਾਂ ਤੇ ਗੁਰੂ ਜੀ ਨੇ ਰਹਾਉ ਸ਼ਬਦ ਵਰਤਿਆ ਹੈ ।

ਗੁਰੂ ਨਾਨਕ ਬਾਣੀ ਵਿਚ ਕਾਵਿ-ਰੂਪਾਂ ਦਾ ਵੀ ਬੜੀ ਜੁਗਤ ਨਾਲ ਪ੍ਰਯੋਗ ਹੋਇਆ ਹੈ । ਗੁਰੂ ਜੀ ਨੇ ਆਪਣੀ ਰਹੱਸ-ਅਨੁਭੂਤੀ ਨੂੰ ਪ੍ਰਗਟਾਉਣ ਲਈ ਯੁਗ ਦੀਆਂ ਲੋੜਾਂ ਨੂੰ ਸਾਹਮਣੇ ਰਖ ਕੇ ਪਰੰਪਰਾ ਤੋਂ ਪ੍ਰਾਪਤ ਕਾਵਿ-ਰੂਪਾਂ ਨੂੰ ਲੋਕ-ਕਾਵਿ ਦੇ ਰੂਪਾਂ ਨਾਲ ਇਕਸੁਰ ਕੀਤਾ ਹੈ । ਸਥੂਲ ਤੌਰ ਤੇ ਕਾਵਿ-ਰੂਪਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ ਬੰਧਗਤ ਕਾਵਿ-ਰੂਪ ਅਤੇ ਸ਼ੈਲੀਗਤ ਕਾਵਿ-ਰੂਪ । ਬੰਧਗਤ-ਕਾਵਿ-ਰੂਪ ਉਹ ਹਨ ਜਿਨ੍ਹਾਂ ਵਿਚ ਗੁਰੂ ਜੀ ਨੇ ਇਕ ਨਿਸ਼ਚਿਤ ਸੀਮਾ ਅਤੇ ਯੋਜਨਾ ਵਿਚ ਭਾਵਾਂ ਨੂੰ ਪੇਸ਼ ਕੀਤਾ ਹੈ । ਇਸ ਪ੍ਰਕਾਰ ਦੀਆਂ ਰਚਨਾਵਾਂ ਹਨ ਜਪੁਜੀ, ਸਿਧ-ਗੋਸਟਿ, ਓਅੰਕਾਰ, ਪਟੀ, ਬਾਰਹਮਾਹਾ, ਥਿਤੀ ਅਤੇ ਵਾਰਾਂ । ਦੂਜਾ ਸ਼ੈਲੀਗਤ ਕਾਵਿ-ਰੂਪ ਹੈ । ਇਸ ਵਿਚ ਆਕਾਰ ਵਜੋਂ ਛੋਟੇ, ਬੰਧ ਤੋਂ ਮੁਕਤ ਅਤੇ ਅਭਿਵਿਅਕਤੀ ਵਿਚ ਅਦੁੱਤੀ ਖਿਚ ਰਖਣ ਵਾਲੇ ਸ਼ਬਦ ਸ਼ਾਮਲ ਕੀਤੇ ਜਾਂਦੇ ਹਨ । ਗੁਰੂ ਜੀ ਨੇ ਧਾਰਮਿਕ ਅਤੇ

ਲੋਕ-ਕਾਵਿ ਪਰੰਪਰਾਵਾਂ ਤੋਂ ਸ਼ੈਲੀਗਤ ਕਾਵਿ-ਰੂਪ ਗ੍ਰਹਿਣ ਕਰਕੇ ਆਪਣੇ ਭਾਵਾਂ ਨੂੰ ਸੁੰਦਰ ਢੰਗ ਨਾਲ ਪ੍ਰਗਟਾਇਆ ਹੈ । ਕੁਝ ਕੁ ਸ਼ੈਲੀਗਤ ਕਾਵਿ -ਰੂਪ ਇਸ ਪ੍ਰਕਾਰ ਹਨ: ਚਉਪਦੇ, ਅਸ਼ਟਪਦੀਆਂ, ਸੋਲਹੇ, ਛੰਤ ।

ਗੁਰੂ ਨਾਨਕ ਦੇਵ ਚੂੰਕਿ ਦੇਸ਼-ਵਿਦੇਸ਼ ਬਹੁਤ ਘੁੰਮੇ ਸਨ, ਇਸ ਲਈ ਉਨ੍ਹਾਂ ਦਾ ਉਪਮਾਨ-ਖੇਤਰ ਬਹੁਤ ਵਿਸ਼ਾਲ ਹੈ । ਉਨ੍ਹਾਂ ਦੀ ਅਲੰਕਾਰ-ਯੋਜਨਾ ਸਹਿਜ ਸੁਭਾਵਿਕ ਹੈ ਅਤੇ ਆਤਮਾ-ਪਰਮਾਤਮਾ ਦੇ ਪ੍ਰੇਮ-ਸੰਬੰਧ ਦੇ ਇਰਦ ਗਿਰਦ ਘੁੰਮਦੀ ਹੈ ਅਤੇ ਹੈ ਸਭ ਕੁਝ ਲੋਕ-ਮਨ ਦੀ ਪੱਧਰ ਦਾ । ਇਹ ਉਪਮਾਨ ਨਵੇਂ, ਵੰਨ-ਸੁਵੰਨੇ ਅਤੇ ਜਨ-ਜੀਵਨ ਨਾਲ ਸੰਬੰਧਿਤ ਹਨ । ਮੂਰਤ ਉਪਮਾਨਾਂ ਦੀ ਪ੍ਰਧਾਨਤਾ ਹੈ ।

ਗੁਰੂ ਜੀ ਨੇ ਆਪਣੇ ਅਧਿਆਤਮਿਕ ਵਿਚਾਰਾਂ ਲਈ ਪ੍ਰਤੀਕਾਂ ਦੀ ਵੀ ਕਾਫ਼ੀ ਵਰਤੋਂ ਕੀਤੀ ਹੈ । ਮੁੱਖ ਤੌਰ ਤੇ ਪਤੀ-ਪਤਨੀ ਵਾਲਾ ਪ੍ਰਤੀਕ ਵਰਤਿਆ ਹੈ । ਇਨ੍ਹਾਂ ਪ੍ਰਤੀਕਾਂ ਨੇ ਗੁਰੂ ਜੀ ਦੀ ਬਾਣੀ ਨੂੰ ਬਹੁਤ ਭਾਵਨਾਮਈ ਬਣਾਇਆ ਹੈ, ਪਰ ਕਿਤੇ ਵੀ ਵਾਸਨਾ ਦੀ ਦੁਰਗੰਧ ਨਹੀਂ ਮਿਲਦੀ । ਸਭ ਥਾਂ ਵਿਰਹ ਅਤੇ ਸੰਯੋਗ ਦੇ ਰਸ-ਭਿੰਨੇ ਚਿੱਤਰ ਆਪਣੀ ਪੂਰੀ ਸਾਤਵਿਕਤਾ ਅਤੇ ਪਵਿੱਤਰਤਾ ਨਾਲ ਵਿਦਮਾਨ ਹਨ । ਅਨੇਕ ਥਾਂਵਾਂ ਉਤੇ ਅਲੌਕਿਕ ਅਥਵਾ ਅਧਿਆਤਮਿਕ ਵਿਆਹ ਅਤੇ ਸੰਯੋਗ ਸੁਖ ਦਾ ਪ੍ਰਗਟਾਵਾ ਇਨ੍ਹਾਂ ਪ੍ਰਤੀਕਾਂ ਦੁਆਰਾ ਹੀ ਹੋਇਆ ਹੈ । ਪਤੀ-ਪਤਨੀ ਦੇ ਪ੍ਰਤੀਕ ਤੋਂ ਇਲਾਵਾ ਗੁਰੂ ਜੀ ਨੇ ਪੁੱਤਰ ਅਤੇ ਮਾਤਾ-ਪਿਤਾ, ਦਾਸ ਅਤੇ ਸੁਆਮੀ ਵਾਲੇ ਪ੍ਰਤੀਕਾਂ ਨੂੰ ਵੀ ਵਰਤਿਆ ਹੈ । ਇਨ੍ਹਾਂ ਵਿਚ ਵਤਸਲਤਾ ਅਤੇ ਦਾਸ ਦੋਹਾਂ ਤਰ੍ਹਾਂ ਦੀਆਂ ਭਾਵਨਾਵਾਂ ਨੂੰ ਅਭਿਵਿਅਕਤੀ ਮਿਲੀ ਹੈ । ਪੌਰਾਣਿਕ ਪ੍ਰਤੀਕ ਵੀ ਵਰਤੇ ਗਏ ਹਨ, ਪਰ ਸਭ ਤੋਂ ਅਧਿਕ ਯੋਗ-ਮਤ ਨਾਲ ਸੰਬੰਧਿਤ ਸੰਕੇਤਿਕ ਜਾਂ ਪਰਿਭਾਸ਼ਿਕ ਪ੍ਰਤੀਕ ਮਿਲਦੇ ਹਨ ।

ਅਧਿਆਤਮਿਕ ਅਨੁਭੂਤੀ ਦੇ ਪ੍ਰਗਟਾਵੇ ਲਈ ਬਿੰਬ ਦਾ ਵਿਸ਼ੇਸ਼ ਯੋਗਦਾਨ ਰਹਿੰਦਾ ਹੈ । ਗੁਰੂ ਨਾਨਕ ਦੇਵ ਦੁਆਰਾ ਆਪਣੀ ਬਾਣੀ ਵਿਚ ਵਰਤੀ ਬਿੰਬਾਵਲੀ ਇਕ ਪ੍ਰਕਾਰ ਦਾ ਦਰਪਣ ਹੈ ਜਿਸ ਵਿਚੋਂ ਉਨ੍ਹਾਂ ਦੇ ਹਿਰਦੇ, ਬੁੱਧੀ ਅਤੇ ਸਮੁੱਚੇ ਵਿਅਕਤਿਤਵ ਨੂੰ ਪੂਰੀ ਤਰ੍ਹਾਂ ਵੇਖਿਆ ਜਾ ਸਕਦਾ ਹੈ । ਇਸ ਨਾਲ ਨ ਕੇਵਲ ਭਾਵਨਾਵਾਂ ਨੂੰ ਉਕਸਾਹਟ ਮਿਲੀ ਹੈ, ਸਗੋਂ ਜਿਗਿਆਸੂ ਦੀ ਕਲਪਨਾ ਨੂੰ ਜਗਾ ਕੇ ਅਲੌਕਿਕ ਭਾਵ-ਭੂਮੀ ਉਤੇ ਖੜਾ ਕੀਤਾ ਗਿਆ ਹੈ । ਆਪ ਦੇ ਬਿੰਬ ਰੂਪ-ਰੰਗ ਵਿਚ ਸਰਲ, ਸਹਿਜ ਅਤੇ ਸੁਬੋਧ ਹਨ । ਇਨ੍ਹਾਂ ਵਿਚ ਪ੍ਰਭਾਵਸ਼ਾਲਤਾ , ਤੀਬਰਤਾ ਅਤੇ ਸ਼ਕਤੀ ਬਹੁਤ ਅਧਿਕ ਹੈ । ਕਿਸੇ ਵੀ ਭਾਵ ਅਤੇ ਵਾਤਾਵਰਣ ਨਾਲ ਸੰਬੰਧਿਤ ਬਿੰਬਾਵਲੀ ਕਿਉਂ ਨ ਹੋਵੇ, ਉਸ ਦਾ ਪ੍ਰਭਾਵ ਸਦਾ ਇਕ-ਸਮਾਨ ਰਿਹਾ ਹੈ । ਆਪ ਨੇ ਅਧਿਕਤਰ ਪ੍ਰਤੀਕ ਪ੍ਰਕ੍ਰਿਤੀ, ਸਾਧਾਰਣ ਜਨ-ਜੀਵਨ ਅਤੇ ਸਮਾਜਿਕ ਸਥਿਤੀਆਂ ਤੋਂ ਲਏ ਹਨ ।

ਬਾਣੀਕਾਰ ਜਾਂ ਕਵੀ ਨੂੰ ਆਪਣੇ ਕਾਵਿ-ਕਰਮ ਵਿਚ ਸਫਲਤਾ ਦੇ ਮਾਰਗ ਉਤੇ ਅਗੇ ਤੋਰਨ ਵਾਲਾ ਸਾਧਨ ਭਾਸ਼ਾ ਹੈ । ਗੁਰੂ ਨਾਨਕ ਦੇਵ ਇਕ ਚੇਤਨ ਲੋਕ-ਨਾਇਕ ਸਨ । ਆਪਣੀ ਭਾਸ਼ਾ ਲਈ ਉਨ੍ਹਾਂ ਦੇ ਮਨ ਵਿਚ ਬਹੁਤ ਆਦਰ ਸੀ । ਆਪਣੀ ਭਾਸ਼ਾ ਦੀ ਨਿਰਾਦਰੀ ਕਰਨ ਵਾਲੇ ਲੋਕਾਂ ਨੂੰ ਗੁਰੂ ਜੀ ਨੇ ਕਿਸੇ ਪ੍ਰਕਾਰ ਦਾ ਕੋਈ ਮਹੱਤਵ ਨਹੀਂ ਦਿੱਤਾ ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ । (ਗੁ.ਗ੍ਰੰ.663) । ਗੁਰੂ ਜੀ ਨੇ ਜਨ-ਜਾਗਰਣ ਦੀ ਜੋ ਮੁਹਿੰਮ ਸ਼ੁਰੂ ਕੀਤੀ ਸੀ, ਉਸ ਦਾ ਸੰਦੇਸ਼ ਕਿਸੇ ਸ਼ਾਸਤ੍ਰੀ ਭਾਸ਼ਾ ਵਿਚ ਦੇਣਾ ਅਨੁਚਿਤ ਸੀ । ਇਸ ਨਾਲ ਉਦਿਸ਼ਟ ਫਲ-ਪ੍ਰਾਪਤੀ ਅਸੰਭਵ ਸੀ । ਭਾਸ਼ਾਈ ਸੰਕ੍ਰਾਂਤੀ ਦੀ ਉਸ ਬੇਲਾ ਵਿਚ ਪੁਰਾਤਨ ਭਾਸ਼ਾਵਾਂ ਦੇ ਖੰਡਰਾਂ ਉਤੇ ਉਸਰੀ ਪੰਜਾਬੀ ਭਾਸ਼ਾ ਨੂੰ ਗੁਰੂ ਜੀ ਨੇ ਜਨ-ਜੀਵਨ ਨਾਲ ਪੂਰੀ ਤਰ੍ਹਾਂ ਸੰਪਰਕ ਬਣਾਈ ਰਖਣ ਲਈ ਵਰਤਿਆ ।

ਆਪ ਵਲੋਂ ਵਰਤੀ ਗਈ ਪੰਜਾਬੀ ਦਾ ਰੂਪ ਪੂਰਬੀ ਪੰਜਾਬੀ ਵਾਲਾ ਹੈ, ਪਰ ਉਹ ਲਹਿੰਦੀ ਦੇ ਪ੍ਰਭਾਵ ਨੂੰ ਵੀ ਗ੍ਰਹਿਣ ਕਰਕੇ ਚਲੀ ਹੈ । ਕਈਆਂ ਰਚਨਾਵਾਂ/ਸ਼ਬਦਾਂ ਵਿਚ ਗੁਰੂ ਜੀ ਨੇ ਪੰਜਾਬੀ ਪ੍ਰਭਾਵਿਤ ਸਧੁੱਕੜੀ ਨੂੰ ਵੀ ਵਰਤਿਆ ਹੈ ਕਿਉਂਕਿ ਪੰਜਾਬ ਤੋਂ ਬਾਹਰਲੇ ਲੋਕਾਂ ਤਕ ਆਪਣਾ ਸੰਦੇਸ਼ ਪਹੁੰਚਾਉਣ ਲਈ ਇਹ ਇਕ ਪ੍ਰਕਾਰ ਦੀ ਸਾਂਝੀ ਭਾਸ਼ਾ ਸੀ । ਸਪੱਸ਼ਟ ਹੈ ਕਿ ਗੁਰੂ ਜੀ ਨੇ ਆਪਣੀ ਬਾਣੀ ਦੀ ਭਾਸ਼ਾ ਪੰਜਾਬ ਦੀ ਧਰਤੀ ਤੋਂ ਜਨਮ ਲੈ ਕੇ ਦੇਸ਼-ਵਿਦੇਸ਼ ਦਾ ਅੰਸ਼ ਗ੍ਰਹਿਣ ਕਰਦੀ ਚਕਰਵਰਤੀ ਬਿਹੰਗਮ ਸਾਧੂਆਂ ਦੀ ਬੋਲੀ ਦਾ ਰੂਪ ਧਾਰਣ ਕਰ ਗਈ । ਇਸ ਲਈ ਗੁਰੂ ਜੀ ਦੀ ਭਾਸ਼ਾ ਜਿਥੇ ਪੰਜਾਬੀ ਭਾਸ਼ਾ ਦਾ ਗੌਰਵ ਵਧਾ ਕੇ ਉਸ ਨੂੰ ਸਾਹਿਤਿਕ ਮੂੰਹ-ਮਥਾ ਪ੍ਰਦਾਨ ਕਰਦੀ ਹੈ, ਉਥੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਹੋਰਨਾਂ ਖੇਤਰਾਂ ਵਿਚ ਸਮਝਣ ਦੇ ਯੋਗ ਬਣਾਉਂਦੀ ਹੈ ।

ਗੁਰੂ ਨਾਨਕ ਦੇਵ ਦਾ ਭਾਸ਼ਾ ਉਤੇ ਇਤਨਾ ਅਧਿਕਾਰ ਸੀ ਕਿ ਉਨ੍ਹਾਂ ਨੇ ਆਪਣੇ ਭਾਵਾਂ ਦਾ ਜੋ ਰੰਗ ਜਿਵੇਂ ਵੀ ਭਰਨਾ ਚਾਹਿਆ, ਭਾਸ਼ਾ ਨੇ ਉਸ ਨੂੰ ਸਵੀਕਾਰ ਕਰਕੇ ਆਪਣੇ ਗੌਰਵ ਨੂੰ ਵਧਾਇਆ । ਇਸੇ ਲਈ ਕਿਸੇ ਵਿਦਵਾਨ ਨੇ ਆਪ ਦੀ ਭਾਸ਼ਾ ਨੂੰ ਅਸਾਧਾਰਣ ਕਿਹਾ, ਕਿਸੇ ਬਹੁ- ਰੂਪਣੀ ਅਤੇ ਕਿਸੇ ਨੇ ਸਰਬ ਸਾਂਝੀ ਬੋਲੀ । ਸੁੰਦਰ ਵਰਣ-ਯੋਜਨਾ, ਗੁਣਾਂ, ਸ਼ਬਦ-ਸ਼ਕਤੀਆਂ, ਮੁਹਾਵਰਿਆਂ, ਅਖਾਣਾਂ, ਸੁਬੋਲਾਂ, ਸ਼ਬਦਾਲੰਕਾਰਾਂ ਨੇ ਗੁਰੂ ਜੀ ਦੇ ਉਪਦੇਸ਼ਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਜਨ-ਮਨ ਵਿਚ ਦ੍ਰਿੜ੍ਹ ਕੀਤਾ ।

## ਜਪੁਜੀ ਸਾਹਿਬ

ਜਪੁਜੀ ਸਾਹਿਬ ਨੂੰ ਵਧੇਰੇ ਕਰਕੇ ਦਾਰਸ਼ਨਿਕ ਰਚਨਾ ਹੀ ਸਵੀਕਾਰਿਆ ਗਿਆ ਹੈ ਪਰ ਇਹ ਕਾਵਿ ਸ਼ਾਸਤਰੀ ਗੁਣਾਂ ਨਾਲ ਵੀ ਭਰਪੂਰ ਹੈ। ਇਸ ਦੀ ਕਾਵਿ ਸ਼ੈਲੀ ਪ੍ਰਸ਼ਨੋਤਰੀ ਵਾਲੀ ਹੈ ਇਸ ਵਿਚ ਜਿਗਿਆਸੂ ਦੇ ਅਧਿਆਤਮਕ ਸ਼ੰਕਿਆਂ ਜਾਂ ਪ੍ਰਸ਼ਨਾਂ ਦਾ ਉੱਤਰ ਦਿੱਤਾ ਗਿਆ ਹੈ। ਕਈਆਂ ਟੀਕਿਆਂ ਵਿਚ ਜਪੁਜੀ ਦੀ ਤੀਜੀ ਪਾਉੜੀ ਦੀ ਹਰ ਸਤਰ ਪ੍ਰਸ਼ਨੋਤਰੀ ਹੈ। ਕਈ ਅਜੇਹੀਆਂ ਪ੍ਰਸ਼ਨਾਵਾਚੀ ਤੁਕਾਂ ਹਨ ਜਿਨ੍ਹਾਂ ਦੇ ਉੱਤਰ ਨਾਂਹ ਵਿਚ ਆਪਣੇ ਆਪ ਹੀ ਮਿਲ ਜਾਂਦੇ ਹਨ।

ਅਲੰਕਾਰ ਕਵਿਤਾ ਦਾ ਗਹਿਣਾ ਮੰਨੇ ਗਏ ਹਨ। ਜਪੁਜੀ ਵਿਚ ਕਈ ਪ੍ਰਕਾਰ ਦੇ ਅਲੰਕਾਰ ਹਨ, ਬੇਸ਼ੱਕ ਰੂਪਕ ਅਲੰਕਾਰ ਵਧੇਰੇ ਗਿਣਤੀ ਵਿਚ ਹਨ ਜਿਵੇਂ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।

ਦਿਵਸੁ ਰਾਤਿ ਦੁਇ ਦਾਈ ਖੇਲੈ ਸਗਲ ਜਗਤੁ ॥

ਅਨੁਪ੍ਰਾਸ ਅਲੰਕਾਰ ਵੀ ਅਨੇਕ ਹਨ। ਜਿਥੇ ਅੱਖਰ (ਵਰਣ) ਦੀ ਇਕੋ ਥਾਂ ਵਾਰ-ਵਾਰ ਸਮਾਨਤਾ ਹੋਵੇ, ਉਥੇ ਅਨੁਪ੍ਰਾਸ ਹੁੰਦਾ ਹੈ। ਇਹ ਸਮਾਨਤਾ ਵਰਤੇ ਗਏ ਸ਼ਬਦਾਂ ਦੇ ਮੁੱਢ, ਮੱਧ ਅਤੇ ਅੰਤ ਵਿਚ ਕਿਤੇ ਵੀ ਹੋ ਸਕਦੀ ਹੈ, ਏਸੇ ਲਈ ਅਨੁਪ੍ਰਾਸ ਦੇ ਕਈ ਭੇਦ ਮੰਨੇ ਜਾਂਦੇ ਹਨ। 'ਗਾਵੈ', 'ਮੰਨੇ', 'ਹੁਕਮ', 'ਅਸੰਖ',, ਅਮੁਲ ਆਦਿ ਅਜੇਹੇ ਸ਼ਬਦ ਹਨ ਜੋ ਇਕ ਹੀ ਸਤਰ ਜਾਂ ਪਉੜੀ ਵਿਚ ਅਨੇਕ ਵਾਰ ਦੁਹਰਾਏ ਗਏ ਹਨ। ਇਕ ਵਰਣ ਵੀ ਇਕ ਹੀ ਸਤਰ ਵਿਚ ਇਕ ਤੋਂ ਵਧੀਕ ਵਾਰ ਆਇਆ ਹੈ ਜਿਵੇਂ

ਕੁਦਰਤਿ ਕਵਣੁ ਕਹਾ ਵੀਚਾਰੁ

ਸਾਚਾ ਸਾਹਿਬ ਸਾਚੁ ਨਾਇ,

ਭਾਖਿਆ ਭਾਉ ਅਪਾਰ।

ਮੱਧ ਅਨੁਪ੍ਰਾਸ ਦੀ ਇੱਕ ਉਦਾਹਰਣ ਵੇਖੋ :

ਗਾਵੈ ਕੋ ਵਿਦਿਆ ਵਿਖਮ ਵੀਚਾਰ।

ਵੀਹਵੀਂ ਪਉੜੀ ਵਿਚ ਬੁੱਧੀ ਦੀ ਸ਼ੁੱਧਤਾ ਲਈ ਬੜਾ ਢੁੱਕਵਾਂ ਦ੍ਰਿਸ਼ਟਾਂਤ ਅਲੰਕਾਰ ਵਰਤਿਆ ਗਿਆ ਹੈ। ਜਿਵੇਂ ਸਰੀਰ ਤੇ ਸਰੀਰ ਦੇ ਅੰਗਾਂ ਦੀ ਮੈਲ ਪਾਣੀ ਨਾਲ ਧੋਤਿਆਂ ਉੱਤਰ ਜਾਂਦੀ ਹੈ, ਜਿਵੇਂ ਮਲ-ਮੂਤਰ ਆਦਿ ਨਾਲ ਖ਼ਰਾਬ ਹੋਏ ਕੱਪੜੇ ਸਾਬਣ ਨਾਲ ਧੋਤੇ ਜਾਂਦੇ ਹਨ , ਏਸੇ ਤਰ੍ਹਾਂ ਬੁੱਧੀ ਦੀ ਸ਼ੁੱਧਤਾ ਨਾਮ ਦੁਆਰਾ ਹੋ ਸਕਦੀ ਹੈ।

ਜਪੁ ਜੀ ਸਾਹਿਬ ਨੂੰ ਆਮ ਕਰਕੇ ਰਾਗ ਮੁਕਤ ਬਾਣੀ ਮੰਨਿਆ ਜਾਂਦਾ ਹੈ, ਪਰ ਇਹ ਲੈਅ-ਮੁਕਤ ਨਹੀਂ। ਇਸ ਵਿਚ ਵੱਖ ਵੱਖ ਜੁਗਤਾਂ ਵਰਤ ਕੇ ਲੈਅ ਜਾਂ ਸੰਗੀਤ ਪੈਦਾ ਕੀਤਾ ਗਿਆ ਹੈ। ਕਿਧਰੇ ਇਕ ਹੀ ਸ਼ਬਦ ਨੂੰ ਬਾਰ-ਬਾਰ ਦੁਹਰਾਇਆ ਗਿਆ ਹੈ ਅਤੇ ਕਿਤੇ ਤੁਕਾਂ ਨੂੰ ਦੁਹਰਾਇਆ ਗਿਆ ਹੈ। ''ਗੁਰਮੁਖਿ'', ''ਸੁਣਿਐ'', ''ਮੰਨੈ'' ਅਤੇ ''ਪੰਚ'' ਅਜੇਹੇ ਹੀ ਸ਼ਬਦ ਹਨ ਜੋ ਇਕ ਹੀ ਪਉੜੀ ਵਿਚ ਇਕ ਤੋਂ ਵਧੀਕ ਵਾਰ ਆਏ ਹਨ।

ਜਪੁਜੀ ਦਾ ਬਿੰਬ ਵਿਧਾਨ ਵੀ ਪਾਠਕ ਦੀ ਖ਼ਾਸ ਖਿੱਚ ਦਾ ਸਬੱਬ ਹੈ। ਕਾਵਿਕ ਬਿੰਬ ਸ਼ਬਦਾਂ ਰਾਹੀ ਚਿਤਰਿਤ ਤਸਵੀਰ ਦਾ ਹੈ। ਇਹ ਬਿੰਬ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚੋਂ ਲਏ ਗਏ ਹਨ ਜਿਵੇਂ ਪ੍ਰਕਿਰਤੀ, ਸਮਾਜਕ ਅਤੇ ਰਾਜਨੀਤਕ ਜੀਵਨ, ਮਿਥਿਹਾਸ ਅਤੇ ਨੈਤਿਕ ਜੀਵਨ ਆਦਿ। ਬਿੰਬਾਂ ਨਾਲ ਹੀ ਜੁੜਦੀ ਗੱਲ ਸੰਕੇਤਾਂ ਦੀ ਹੈ। ਸੰਕੇਤ ਅਤੇ ਚਿੰਨ੍ਹ ਸੰਚਾਰ ਨੂੰ ਵਧੇਰੇ ਸ਼ਕਤੀਸ਼ਾਲੀ ਅਤੇ ਅਸਾਨ ਬਣਾਉਂਦੇ ਹਨ। ਗੋਰਖ, ਬ੍ਰਹਮਾ, ਪਾਰਬਤੀ, ਚਾਰ, ਜੁਗ, ਨੌ ਖੰਡ, ਸਿੱਧ ਅਤੇ ਨਾਥ ਆਦਿ ਸੰਕੇਤ ਇਸ ਬਾਣੀ ਵਿਚੋਂ ਆਮ ਮਿਲਦੇ ਹਨ। ਸ੍ਰਿਸਟੀ ਰਚਨਾ ਬਾਰੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਵੱਖ-ਵੱਖ ਧਰਮਾਂ ਵਿਚ ਵੱਖ-ਵੱਖ ਧਾਰਨਾਵਾਂ ਸਨ। ਗੁਰੂ ਸਾਹਿਬ ਨੇ ਸਾਰੀਆਂ ਧਾਰਨਾਵਾਂ ਦਾ ਵਿਸ਼ਲੇਸ਼ਣ ਕਰਕੇ ਅਖੀਰ ਇਕ ਨਤੀਜਾ ਕੱਢਿਆ ਹੈ:

ਥਿਤਿ ਵਾਰ ਨਾ ਜੋਗੀ ਜਾਣੇ,

ਰੁਤਿ ਮਾਹ ਨ ਕੋਈ।

ਜਾ ਕਰਤਾ ਸਿਰਠੀ ਕਉ ਸਾਜੇ ,

ਆਪੇ ਜਾਣੇ ਸੋਈ ॥

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਸ਼ੇਸ਼ ਕਰਕੇ ਜਪੁਜੀ, ਮੁੱਢਲੇ ਤੌਰ 'ਤੇ ਅਧਿਆਤਮਕ ਅਤੇ ਰਹੱਸਵਾਦੀ ਹੈ ਇਸ ਲਈ ਚਿੰਨ੍ਹਾਂ ਦਾ ਵਰਤੇ ਜਾਣਾ ਬੜਾ ਸੁਭਾਵਿਕ ਹੈ। ਗੁਰਮਤਿ ਕਾਵਿ ਵਿਚ ਜੀਵਾਤਮਾ ਨੂੰ ਇਕ ਇਸਤਰੀ ਚਿਤਵਿਆ ਗਿਆ ਹੈ ਜੋ ਆਪਣੇ ਪਤੀ (ਪ੍ਰਭੂ) ਨਾਲ ਪ੍ਰਣਾਈ ਹੋਈ ਹੈ, ਪਰ ਸੰਸਾਰ ਵਿਚ ਆ ਕੇ ਉਹ ਨਾਲੋਂ ਵਿੱਛੜ ਕੇ ਸੁਹਾਗਣ ਤੋਂ ਦੁਹਾਗਣ ਬਣ ਗਈ ਹੈ। ਕਾਵਿ ਸ਼ੈਲੀ ਵਿਚ ਭਾਸ਼ਾ ਅਤੇ ਸ਼ਬਦਾਵਲੀ ਦਾ ਅਹਿਮ ਸਥਾਨ ਹੁੰਦਾ ਹੈ। ਜਪੁਜੀ ਦੀ ਭਾਸ਼ਾ ਮੁੱਖ ਤੌਰ 'ਤੇ ਕੇਂਦਰੀ ਪੰਜਾਬੀ ਹੈ ਪਰ ਇਸ ਵਿਚ ਸਾਧ ਭਾਸ਼ਾ ਅਤੇ ਬ੍ਰਜੀ ਦੀ ਮਿੱਸ ਵੀ ਹੈ। ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦੀ ਸ਼ਬਦਾਵਲੀ ਤਦਭਵ ਰੂਪ ਵਿਚ ਵਰਤੀ ਗਈ ਹੈ। ਅਰਬੀ ਫਾਰਸੀ ਦੇ ਕੁਝ ਸ਼ਬਦ ਤਤਸਮ ਰੂਪ ਵਿਚ ਵੀ ਆਏ ਹਨ ਜੋ ਸਾਧਾਰਣ ਬੋਲ ਚਾਲ ਵਿਚ ਆਮ ਵਰਤੇ ਜਾਂਦੇ ਸਨ। ਕੇਂਦਰੀ ਪੰਜਾਬੀ ਦੇ ਨਾਲ-ਨਾਲ ਇਸ ਦੀਆਂ ਉਪਭਾਸ਼ਾਵਾਂ ਜਿਵੇਂ ਮੁਲਤਾਨੀ ਅਤੇ ਪੋਠੋਹਾਰੀ ਦੇ ਸ਼ਬਦ ਵੀ ਹਨ। ਅਠਾਈਵੀਂ ਅਤੇ ਉਣੱਤੀਵੀਂ ਪਉੜੀਆਂ ਵਿਚ ਜੋਗੀਆਂ ਦੀ ਸਿਧਾਂਤਕ ਸ਼ਬਦਾਵਲੀ ਵੀ ਹੈ।

### ਸਿਧ ਗੋਸਟਿ

ਗੋਸਟਿ ਦਾ ਸ਼ਾਬਦਿਕ ਅਰਥ ਹੈ-ਬਹਿਸ ਜਾਂ ਵਿਚਾਰ ਚਰਚਾ। ਮੱਧਕਾਲੀ ਪੰਜਾਬੀ ਸਾਹਿਤ ਵਿਚ ਕਈ ਗੋਸ਼ਟਾਂ ਮਿਲਦੀਆਂ ਹਨ, ਵਿਸ਼ੇਸ਼ ਕਰਕੇ ਜਨਮ ਸਾਖੀਆਂ ਵਿਚ। ਵਾਰਤਕ ਤੋਂ ਬਿਨਾਂ ਇਹ ਕਵਿਤਾ ਵਿਚ ਵੀ ਹੁੰਦੀਆਂ ਹਨ। ਜਿਵੇਂ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਬਾਣੀ 'ਸਿੱਧ ਗੋਸਟਿ। ਗੋਸਟਿ ਦਾ ਪ੍ਰਧਾਨ ਲੱਛਣ ਪ੍ਰਸ਼ਨੋਤਰੀ ਹੈ, ਇਸ ਲਈ ਇਸ ਦੀ ਕਾਵਿ ਸ਼ੈਲੀ ਦਾ ਪ੍ਰਧਾਨ ਲੱਛਣ ਵੀ ਏਹੋ ਹੈ। ਅਚਲ ਵਟਾਲੇ ਵਿਚ ਸ਼ਿਵਰਾਤਰੀ ਦੇ ਮੌਕੇ ਜੋਗੀਆਂ ਅਤੇ ਗੁਰੂ ਜੀ ਦਰਮਿਆਨ ਚੰਗੀ ਬਹਿਸ ਹੋਈ। ਇਸ ਬਹਿਸ ਸਮੇਂ ਹੋਏ ਸੁਆਲਾਂ-ਜੁਆਬਾਂ ਨੂੰ ਹੀ ਗੁਰੂ ਜੀ ਨੇ 'ਸਿੱਧ ਗੋਸਟਿ' ਵਿਚ ਕਾਨੀ-ਬੱਧ ਕੀਤਾ ਹੈ। ਕਈ ਸੁਆਲ ਬੜੇ ਮਹੱਤਵਪੂਰਨ ਅਤੇ ਦਿਲਚਸਪ ਹਨ। ਇਸ ਬਾਣੀ ਦੇ ਪਾਠ ਤੋਂ ਗੁਰੂ ਸਾਹਿਬ ਦੀ ਤਾਰਕਿਕ ਸ਼ਕਤੀ ਦਾ ਪਤਾ ਲੱਗਦਾ ਹੈ ਅਤੇ ਇਹ ਵੀ ਸਾਬਤ ਹੁੰਦਾ ਹੈ ਕਿ ਉਹ ਆਪਣੀ ਵਿਚਾਰਧਾਰਾ ਵਿਚ ਕਿੰਨੇ ਸਪੱਸ਼ਟ ਹਨ। ਸਿਧ ਗੋਸਟਿ ਦੀ ਇਹ ਵੱਡੀ ਖ਼ੂਬੀ ਇਹ ਹੈ ਕਿ ਜੋ ਉੱਤਰ ਦਿੱਤੇ ਗਏ ਹਨ, ਬੜੇ ਢੁੱਕਵੇਂ ਹਨ। ਸਾਰੀ ਗੱਲ ਬੜੇ ਠਰੰਮੇ ਅਤੇ ਸੰਜਮੀ ਸ਼ੈਲੀ ਵਿਚ ਹੋਈ ਹੈ।

ਸਿਧ ਗੋਸਟਿ ਬੜੀ ਗੂੜ੍ਹ ਅਤੇ ਗੰਭੀਰ ਰਚਨਾ ਹੈ, ਜਿਸ ਲਈ ਇਸ ਵਿਚਲੇ ਵਿਚਾਰਾਂ ਨੂੰ ਸਪੱਸ਼ਟ ਕਰਨ ਲਈ ਦ੍ਰਿਸ਼ਟਾਂਤ ਅਲੰਕਾਰ ਦੀ ਵਰਤੋਂ ਕਾਫੀ ਹੋਈ ਹੈ। ਸੰਸਾਰ ਵਿਚ ਰਹਿ ਕੇ ਇਸ ਤੋਂ ਨਿਰਲੇਪ ਕਿਵੇਂ ਰਿਹਾ ਜਾ ਸਕਦਾ ਹੈ ? ਇਸ ਦਾ ਜੁਆਬ ਉਹ ਇਕ ਮੁਰਗਾਬੀ ਦੇ ਦ੍ਰਿਸ਼ਟਾਂਤ ਰਾਹੀਂ ਦੇਂਦੇ ਹਨ ਕਿ ਜਿਸ ਤਰ੍ਹਾਂ ਮੁਰਗਾਬੀ ਪਾਣੀ ਵਿੱਚ ਹੀ ਰਹਿੰਦੀ ਹੈ ਪਰ ਉਹ ਆਪਣੇ ਖੰਭ ਪਾਣੀ ਨਾਲ ਗਿੱਲੇ ਨਹੀਂ ਹੋਣ ਦੇਂਦੀ, ਠੀਕ ਏਸੇ ਤਰ੍ਹਾਂ ਜਿਗਿਆਸੂ ਸੰਸਾਰ ਵਿਚ ਰਹਦਿਆਂ ਹੋਇਆ ਵੀ ਸੰਸਾਰਕ ਜਾਂ ਪਦਾਰਥਕਾਂ ਵਸਤਾਂ ਵਿਚ ਨਹੀਂ ਖੁਭ ਸਕਦਾ :

ਜੇਸੇ ਜਲ ਮਹਿ ਕਮਲ ਨਿਰਾਲਮ,

ਮੁਰਗਾਈ ਨੈਸਾਣੈ।

ਸੁਰਤਿ ਸਬਦ ਭਵਸਾਗਰ ਤਰੀਐ

ਨਾਨਕ ਨਾਮੁ ਵਖਾਣੈ ॥

ਦੁਨੀਆਂ ਨੂੰ ਸਾਗਰ ਜਾਂ ਭਵਸਾਗਰ ਵਿਚ ਰੂਪਕ ਅਲੰਕਾਰ ਹੈ। ਅਨੁਪ੍ਰਾਸ ਅਲੰਕਾਰਾਂ ਦੀ ਵੀ ਕੋਈ ਕਮੀ ਨਹੀਂ। ਕੁਝ ਉਦਾਹਰਨਾਂ ਵੇਖੋ :

ਸਤਿਗੁਰ ਪਰਚੈ ਪਰਮ ਪਦ ਪਾਈਐ ,

ਸਾਚੈ ਸਬਦਿ ਸਮਾਇ ਲੀਆਂ

... ... ...

ਆਪੇ ਆਖੇ ਆਪੇ ਸਮਝੇ,

ਤਿਸ ਕਿਆ ਉਤਰੁ ਦੀਜੈ ॥

ਲੈਅ ਪੈਦਾ ਕਰਨ ਲਈ ਜਪੁਜੀ ਸਾਹਿਬ ਵਾਂਗ ਸਿਧ ਗੋਸਟਿ ਵਿਚ 'ਗੁਰਮੁਖਿ' ਸ਼ਬਦ ਇਕ ਹੀ ਬੰਦ ਵਿਚ ਕਈ ਵਾਰ ਦੁਹਰਾਇਆ ਗਿਆ ਹੈ। ਏਸੇ ਬਾਣੀ ਦੀ ਚਾਲੀਵੀਂ ਪਉੜੀ ਵਿਚ ਰਾਮਾਇਣ ਦੀ ਕਥਾ ਦੇ ਹਵਾਲੇ ਨਾਲ ਆਪਣੀ ਗੱਲ ਸਪਸ਼ਟ ਕੀਤੀ ਗਈ ਹੈ :

ਗੁਰਮੁਖਿ ਬਾਧਿਓ ਸੇਤੁ ਬਿਧਾਵੈ।

ਲੰਕਾ ਲੂਟੀ ਦੈਂਤ ਸੰਤਾ ਪੈ।

ਰਾਮਚੰਦ ਮਾਰਿਓ ਅਹਿ ਰਾਵਣ।

ਭੇਦ ਭਬੀਖਣੁ ਗੁਰਮੁਖ ਪਰਚਾਇਣੁ ।

ਸਿਧ ਗੋਸਟਿ ਵਿਚਲੇ ਚਿੰਨ ਜਾਂ ਪ੍ਰਤੀਕ ਕਈਆਂ ਸੋਮਿਆ ਤੋਂ ਲਏ ਗਏ ਹਨ ਪਰ ਵਧੇਰੇ ਉਹ ਹਨ ਜੋ ਲੋਕ ਚੇਤਨਾ ਨਾਲ ਚਿਰਾਂ ਤੋਂ ਜੁੜੇ ਹੋਏ ਸਨ ਅਤੇ ਜਿਨ੍ਹਾਂ ਤੋਂ ਜਨ ਸਧਾਰਣ ਭਲੀ ਭਾਂਤ ਜਾਣੂ ਸੀ। ਕੁਦਰਤੀ ਆਲਾ ਦੁਆਲਾ, ਘਰੇਲੂ, ਕਾਰ ਵਿਹਾਰ, ਵਣਜ-ਵਪਾਰ, ਧਨ-ਦੌਲਤ, ਰਿਸ਼ਤੇ-ਨਾਤੇ, ਜੀਵ-ਜੰਤੂ, ਹਾਰ ਸ਼ਿੰਗਾਰ ਆਦਿ ਤੋਂ ਪ੍ਰਤੀਕ ਸਮੱਗਰੀ ਨੂੰ ਇਕੱਤਰ ਕੀਤਾ ਗਿਆ ਹੈ।

ਸਿਧ ਗੋਸ਼ਟਿ ਦੀ ਕਾਵਿ ਭਾਸ਼ਾ ਵਿਸ਼ੇਸ਼ ਹੈ। ਇਸ ਦੇ ਦੋ ਤਿੰਨ ਕਾਰਣ ਹਨ। ਸਭ ਤੋਂ ਪਹਿਲਾਂ ਕਾਰਣ ਇਹ ਹੈ ਕਿ ਇਹ ਰਚਨਾ ਨਾਥਾਂ, ਜੋਗੀਆਂ ਅਤੇ ਸਿੱਧਾਂ ਨੂੰ ਸੰਬੋਧਿਤ ਹੈ, ਇਸ ਲਈ ਇਨ੍ਹਾਂ ਲੋਕਾਂ ਵੱਲੋਂ ਵਰਤੀਆਂ ਜਾਂਦੀਆਂ ਵਸਤਾਂ ਦਾ ਚਰਚਾ ਹੈ। ਨਾਥਾਂ, ਜੋਗੀਆਂ ਦੇ ਮੱਤ ਦੀ ਸੰਕਲਪਾਤਮਕ ਸ਼ਬਦਾਵਲੀ ਵੀ ਭਰਪੂਰ ਮਾਤਰਾ ਵਿਚ ਹੈ ਜਿਨ੍ਹਾਂ ਬਾਰੇ ਸ਼ਾਇਦ ਆਮ ਲੋਕਾਂ ਨੂੰ ਗਿਆਨ ਨਹੀਂ। ਮੁੰਦ੍ਰਾ, ਝੋਲੀ, ਖਿੰਥਾ, ਖਪਰੁ, ਸੁੰਨਿ, ਸੁਰਤਿ ਅਜਿਹੇ ਹੀ ਕੁਝ ਸ਼ਬਦ ਹਨ। ਸਿਧ ਗੋਸਟਿ ਪ੍ਰਸ਼ਨੋਤਰੀ ਸ਼ੈਲੀ ਵਿਚ ਰਚੀ ਗਈ ਰਚਨਾ ਹੈ ਇਸ ਲਈ ਕੁਝ ਪ੍ਰਸ਼ਨਸੂਚਕ ਸ਼ਬਦਾਂ ਦੀ ਵਰਤੋਂ ਆਮ ਨਾਲੋਂ ਵੱਧ ਹੋਈ ਹੈ ਜਿਵੇਂ ਕਿਤੁ, ਕਵਣ, ਕਿਉ, ਕਉਣ ਅਤੇ ਕਿਸ ਆਦਿ ਸ਼ਬਦ ਹਨ। ਸਿਧ ਗੋਸਟਿ ਦੀ ਭਾਸ਼ਾ ਸਾਧਾਰਣ ਪਾਠਕ ਦੇ ਪੱਧਰ ਤੋਂ ਉਪਰ ਹੈ।

**ਬਾਰਾਂਮਾਹ ਤੁਖਾਰੀ**

ਪੰਜਾਬੀ ਵਿਚ ਬਾਰਾਂਮਾਹ ਦੀ ਪ੍ਰੰਪਰਾ ਪੁਰਾਣੀ ਵੀ ਹੈ ਅਤੇ ਅਮੀਰ ਵੀ। ਇਹ ਵਿਸ਼ਿਸ਼ਟ ਅਤੇ ਲੋਕ ਸਾਹਿਤ ਦੋਹਾਂ ਵਿਚ ਮਿਲਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਦੋ ਬਾਰਾਂਮਾਹ ਮਿਲਦੇ ਹਨ, ਇਕ ਗੁਰੂ ਨਾਨਕ ਦੇਵ ਜੀ ਦਾ ਰਾਗ ਤੁਖਾਰੀ ਵਿਚ ਅਤੇ ਦੂਜਾ ਬਾਰਾਂਮਾਹ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਝ ਵਿਚ। ਗੁਰੂ ਨਾਨਕ ਦੇਵ ਜੀ ਦਾ ਬਾਰਾਂਮਾਹ ਆਪਣੀ ਕਾਵਿ-ਸ਼ਕਤੀ, ਕਲਾਤਮਕ ਹੁਸਨ, ਅਧਿਆਤਮਕ ਅਨੁਭਵ ਅਤੇ ਪ੍ਰਕਿਰਤੀ ਚਿਤਰਣ ਦਾ ਉੱਤਮ ਸੰਗਮ ਹੈ। ਕੁਦਰਤ ਨੂੰ ਪਿਛੋਕੜ ਵਿਚ ਰੱਖ ਕੇ ਵਿਯੋਗਣ ਦਾ ਬਿਰਹਾ ਵਰਣਨ ਬਾਰਾਂਮਾਹ ਦਾ ਕੇਂਦਰੀ ਸੂਤਰ ਹੈ। ਮੌਖਿਕ ਰਵਾਇਤ ਹੈ ਕਿ ਇਸ ਦਾ ਉਚਾਰਣ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਖੇ ਜੋਤੀ ਜੋਤ ਸਮਾਉਣ ਤੋਂ ਕੁਝ ਚਿਰ ਪਹਿਲਾ ਕੀਤਾ ਸੀ। ਕਰਤਾਰਪੁਰ ਰਹਿਣ ਵਕਤ ਉਹ ਇਹ ਕਲਪਨਾ ਕਰ ਰਹੇ ਹਨ ਕਿ ਤਲਵੰਡੀ ਵਿਖੇ ਹੁਣ ਪ੍ਰਕਿਰਤੀ ਕਿੰਨੀ ਸੁਹਜਮਈ ਹੋ ਗਈ ਹੋਵੇਗੀ। ਤੁਖਾਰ ਦਾ ਅਰਥ ਬਰਫ ਹੈ, ਇਸ ਲਈ ਤੁਖਾਰੀ ਰਾਗ ਸਰਦ ਰੁੱਤ ਦਾ ਰਾਗ ਹੈ। ਕੁਲ ਸਤਾਰਾਂ ਪਦੇ ਹਨ। ਪਹਿਲੇ ਚਾਰ ਭੂਮਿਕਾ ਦੇ, ਫਿਰ ਬਾਰਾਂ ਮਹੀਨਿਆਂ ਦੇ ਬਾਰਾਂ ਅਤੇ ਅੰਤਲਾ ਛੰਦ ਸਮੁੱਚਾ ਪ੍ਰਾਪਤੀ ਅਤੇ ਮਹਾਰਸ ਦਾ ਅਹਿਸਾਸ ਹੈ।

ਪ੍ਰਕਿਰਤੀ ਚਿੱਤਰਣ ਬਾਰਾਂਮਾਹ ਦੀ ਜਿੰਦ ਜਾਨ ਹੈ, ਇਸ ਲਈ ਸਭ ਤੋਂ ਵੱਧ ਪ੍ਰਭਾਵ ਪਾਊ ਅਤੇ ਦਿਲਖਿਚਵੇਂ ਰੌਚਕ ਬਿੰਬ ਪ੍ਰਕਿਰਤੀ ਦੇ ਹਨ। ਸਾਲ ਦੇ ਹਰ ਮਹੀਨੇ ਰੁੱਤ ਵਿਚ ਜੋ ਪਰਿਵਰਤਨ ਆਉਂਦਾ ਹੈ, ਉਸ ਦਾ ਵਿਯੋਗਣ ਦੇ ਮਨ ਉਪਰ ਜੋ ਅਸਰ ਪੈਂਦਾ ਹੈ, ਉਸਨੂੰ ਗੁਰੂ ਨਾਨਕ ਦੇਵ ਜੀ ਨੇ ਸ਼ਬਦ-ਛੁਹਾਂ ਨਾਲ ਪ੍ਰਤਿਬਿੰਬਤ ਕੀਤਾ ਹੈ :

ਚੇਤ ਬਸੰਤ ਭਲਾ ਭਵਰ ਸੁਹਾਵੜੇ

ਬਨ ਫੂਲੇ ਮੰਝਬਾਰਿ ਮੈ ਪਿਰੁ ਘਰ ਬਾਹੁੜੈ।

ਬਾਕੀ ਗੁਰਮਤਿ ਕਾਵਿ ਵਾਂਗ ਬਾਰਾਂਮਾਹ ਤੁਖਾਰੀ ਦੀ ਸਾਰੀ ਸਿਰਜਨਾ ਪ੍ਰਤੀਕ ਸ਼ੈਲੀ ਹੋਈ ਹੈ। ਬ੍ਰਹਮ ਅਤੇ ਜੀਵਾਤਮਾ ਦੇ ਸੰਬੰਧਾਂ ਨੂੰ ਧਨ-ਧਿਰ ਦੇ ਪ੍ਰਤੀਕਾਂ ਰਾਹੀਂ ਰੂਪਮਾਨ ਕੀਤਾ ਗਿਆ ਹੈ। ਬਾਰਾਂਮਾਹ ਦੀ ਗਿਣਤੀ ਸ਼ਿੰਗਾਰ ਕਾਵਿ ਵਿਚ ਵੀ ਹੁੰਦੀ ਹੈ ਅਤੇ ਕਾਵਿ ਦਾ ਸ਼ਿੰਗਾਰ ਅਲੰਕਾਰਾਂ ਰਾਹੀਂ ਪੈਦਾ ਹੁੰਦਾ ਹੈ। ਇਸ ਲਈ ਤੁਖਾਰੀ ਰਾਗ ਬਾਰਾਂਮਾਹ ਇਕ ਅਲੰਕਿਰਤ ਰਚਨਾ ਵੀ ਕਹੀ ਜਾ ਸਕਦੀ ਹੈ। ਵਧੇਰੇ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਹੋਈ ਹੈ। ਪੈਰ-ਪੈਰ ਉਪਰ ਸ਼ਬਦ ਅਲੰਕਾਰ ਬਣਦੇ ਚਲੇ ਜਾਂਦੇ ਹਨ। ਇਕ ਉਦਾਹਰਣ ਵੇਖੋ :

ਦਰਸਨ ਦੇਹੁ ਦਇਆਪਤਿ ਦਾਤੇ,

ਗਤਿ ਪਾਵਉ ਮਤਿ ਦੇਹੋ।

ਨਾਨਕ ਰੰਗ ਰਵੈ ਰਸਿ ਰਸੀਆ।

ਹਰਿ ਸਿਉ ਪ੍ਰੀਤਿ ਸਨੇਹੋ।

ਪਹਿਲੀ ਤੁਕ ਵਿਚ 'ਦ' ਦਾ ਦੁਹਰਾਓ ਹੈ ਅਤੇ ਦੁਜੀ ਤੁਕ ਵਿਚ 'ਰ' ਦਾ । ਇਕ ਉਦਾਹਰਣ ਮੱਧ ਅਨੁਪ੍ਰਾਸ ਦੀ ਵੀ ਵੇਖੋ :

ਬਰਸੈ ਨਿਸਿ ਕਾਲੀ ਕਿਉ ਸੁਖ ਬਲੀ।

ਦਾਦਰ ਮੋਰ ਲਵੰਤੇ।

... ... ...

ਝੂਠ ਵਿਗੁਤੀ ਤਾ ਪਿਰ ਮੁਤੀ, ਕੂਕਰਿ ਕਾਹ ਸਿ ਫੁਲੇ

'ਕਾਲੀ', 'ਬਾਲੀ' ਅਤੇ 'ਵਿਗੁਤੀ', 'ਮੁਤੀ' ਨਾਲ ਬਣਦਾ ਮੱਧ ਅਨੁਪ੍ਰਾਸ ਬੜਾ ਹੀ ਸੁਹਜਮਈ ਹੈ।

ਕਲਾ ਦੀ ਉੱਤਮਤਾ ਭਾਸ਼ਾ ਅਤੇ ਸ਼ਬਦ ਚੋਣ ਉਪਰ ਵੀ ਨਿਰਭਰ ਕਰਦੀ ਹੈ। ਸਾਰਥਕ ਸ਼ਬਦ ਜੇਕਰ ਇਸ ਤਰ੍ਹਾਂ ਤਰਤੀਬਵਾਰ ਬੀੜੇ ਜਾਣ ਕਿ ਉਨ੍ਹਾਂ ਵਿਚੋਂ ਲੈਅ ਉਤਪੰਨ ਹੋਵੇ ਤਾਂ ਇਕ ਸੰਗੀਤਮਈ ਮਾਹੌਲ ਸਿਰਜਿਆ ਜਾਂਦਾ ਹੈ। ਬਾਰਾਂਮਾਹ ਤੁਖਾਰੀ ਵਿਚ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਨੂੰ ਬੜੀ ਚੇਤੰਨਤਾ ਨਾਲ ਵਰਤਿਆ ਹੈ। ਇਕ ਉਦਾਹਰਣ ਵੇਖੋ :

ਪਿਰੁ ਘਰਿ ਨਹੀ ਆਵੈ ਮਰੀਐ ਹਾਵੈ,

ਦਾਮਨਿ ਚਮਕਿ ਰਰਾਏ।

ਸੇਜ ਇਕੇਲੀ ਖਰੀ ਦੁਹੇਲੀ

ਮਰਣਿ ਭਇਆ ਦੁਖ ਮਾਏ।

ਇਸ ਉਦਾਹਰਣ ਵਿਚ 'ਰ' ਅਤੇ ਦੂਜੀ ਤੁਕ ਵਿੱਚ 'ਲ' ਵਲੇ ਸ਼ਬਦ ਇਸ ਤਰ੍ਹਾਂ ਬੀੜੇ ਗਏ ਕਿ ਰਸ ਦੀ ਨਿਸ਼ਪਤੀ ਹੁੰਦੀ ਹੈ। ਸਮਅਰਥਕ ਸ਼ਬਦ ਵਰਤ ਕੇ ਲੈਅ ਪੈਦਾ ਕੀਤੀ ਗਈ ਹੈ :

ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ,

ਤੁਧ ਭਾਵਾ ਸਰਿ ਨਾਵਾ।

ਗੰਗ ਜਮਨੁ ਤਹ ਬੇਣੀ ਸੰਗਮ

ਸਾਤ ਸਮੁੰਦ ਸਮਾਵਾ ॥

ਥੋੜ੍ਹੇ ਸ਼ਬਦਾਂ ਵਿਚ ਬਹੁਤ ਕੁਝ ਕਹਿਣ ਦੀ ਚੇਸ਼ਟਾ ਹੈ। ਮੁਕਤਕ ਕਾਵਿ ਦੀ ਵੰਨਗੀ ਹੋਣ ਕਰਕੇ ਹਰ ਛੰਦ ਇਕ ਲੜੀ ਵਿਚ ਪਹੁੰਚਿਆ ਹੋਣ ਦੇ ਬਾਵਜੂਦ ਆਜ਼ਾਦ ਹੈ। ਬਿਰਹਣ ਦੀ ਤੜਪ ਜਾਂ ਲੁਛੱਣੀ ਸਾਰੀ ਰਚਨਾ ਦਾ ਕੇਂਦਰੀ ਸੂਤਰ ਹੈ। ਬਾਰਾਂਮਾਹ ਤੁਖਾਰੀ ਇਕ ਅਜੇਹੀ ਰਚਨਾ ਹੈ ਜਿਸ ਵਿਚ ਅਧਿਆਤਮਕ ਅਨੁਭਵ ਤਾਂ ਹੈ ਹੀ, ਨਾਲ ਹੀ ਇਹ ਪਰਮਾਤਮਾ ਅਤੇ ਜੀਵਾਤਮਾ ਦੇ ਅਨੂਠੇ ਰਿਸ਼ਤਿਆਂ ਦਾ ਕਲਾਤਮਕ ਬਿਆਨ ਵੀ ਹੈ।

### 1.1.18 **ਅਭਿਆਸ ਲਈ ਪ੍ਰਸ਼ਨ**

5. ਗੁਰੂ ਨਾਨਕ ਬਾਣੀ ਦੇ ਇਤਿਹਾਸਕ ਵਿਕਾਸ ਬਾਰੇ ਚਾਨਣਾ ਪਾਓ?

**6.** ਗੁਰੂ ਨਾਨਕ ਬਾਣੀ ਦੇ ਸਿਧਾਂਤ ਤੇ ਪਿਛੋਕੜ ਸਬੰਧੀ ਚਰਚਾ ਕਰੋ?
**7.** ਗੁਰੂ ਨਾਨਕ ਬਾਣੀ ਦੇ ਵਿਚਾਰਧਾਰਾਈ ਆਧਾਰ ਦੱਸੋ?
**8.** ਗੁਰੂ ਨਾਨਕ ਬਾਣੀ ਦੇ ਕਲਾਤਮਕ ਪੱਖਾਂ ਸਬੰਧੀ ਚਰਚਾ ਕਰੋ?
**5.** ਜਪੁਜੀ ਸਾਹਿਬ ਦੇ ਵਿਚਾਰਧਾਰਾਈ ਪਿਛੋਕੜ ਸਬੰਧੀ ਚਰਚਾ ਕਰੋ?
6. ਜਪੁਜੀ ਸਾਹਿਬ ਦੇ ਕਲਾਤਮਕ ਪੱਖਾਂ ਸਬੰਧੀ ਚਰਚਾ ਕਰੋ?
7. ਸਿੱਧ ਗੋਸਟਿ ਦੇ ਇਤਿਹਾਸਕ ਅਤੇ ਵਿਚਾਰਧਾਰਾਈ ਆਧਾਰ ਦੱਸੋ?
8. ਬਾਰਾਂਮਾਹ ਤੁਖਾਰੀ ਦੇ ਕਲਾਤਮਕ ਪੱਖਾਂ ਸਬੰਧੀ ਚਰਚਾ ਕਰੋ?

## 1.1.19 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


- ਡਾ. ਐਸ.ਐਸ. ਕੋਹਲੀ, ਗੁਰਮਤ ਸਾਹਿਤ, ਪੰਜਾਬੀ ਸਾਹਿਤ ਦਾ ਇਤਿਹਾਸ (ਪੁਰਾਤਨ ਕਾਲ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963
- ਡਾ.ਟੀ.ਐਸ. ਸੋਢੀ, ਗੁਰੂ ਨਾਨਕ ਦਾ ਵਿਦਿਅਕ ਫ਼ਲਸਫ਼ਾ, ਬਾਵਾ ਪਬਲਿਸ਼ਰਜ਼, ਪਟਿਆਲਾ, 1997
- ਸੁਰਿੰਦਰ ਸਿੰਘ ਕੋਹਲੀ, ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ ਕਲਾ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, (ਹ: ਪ੍ਰੋ: ਹਰਨਾਮ ਦਾਸ, ਦੱਖਣੀ ਓਅੰਕਾਰ) 1969
- ਕੁਲਵੰਤ ਕੌਰ, ਗੁਰਮਤਿ ਕਾਵਿ ਇੱਕ ਅਧਿਐਨ, ਐਸ.ਸੀ.ਓ. 57-59, ਸੈਕਟਰ 17-ਸੀ, ਚੰਡੀਗੜ੍ਹ, 1984
- ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ ਭਾਗ ਦੂਜਾ (ਪੂਰਵ ਮੱਧਕਾਲ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998
- ਪ੍ਰੋ. ਬ੍ਰਹਮ ਜਗਦੀਸ਼ ਅਤੇ ਰਾਜਵੀਰ ਕੌਰ, ਪੰਜਾਬੀ ਸਾਹਿਤ ਦਾ ਇਤਿਹਾਸ, ਵਾਰਿਸ਼ ਸ਼ਾਹ ਫਾਊਂਡੇਸ਼ਨ, 2013
- ਡਾ. ਸ੍ਰੀਮਤੀ ਵਿਦਿਆਵਤੀ, ਗੁਰੂ ਰਾਮਦਾਸ : ਜੀਵਨ ਤੇ ਬਾਣੀ, ਸੰਗਮ ਪਬਲੀਕੇਸ਼ਨਜ, ਸਮਾਣਾ, 2005
- ਡਾ. ਐਸ.ਐਸ. ਕੋਹਲੀ, ਗੁਰਮਤਿ ਸਾਹਿਤ, ਪੰਜਾਬੀ ਸਾਹਿਤ ਦਾ ਇਤਿਹਾਸ (ਪੁਰਾਤਨ ਕਾਲ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963
- ਡਾ. ਐਸ.ਐਸ. ਕੋਹਲੀ, ਗੁਰਮਤਿ ਸਾਹਿਤ, ਪੰਜਾਬੀ ਸਾਹਿਤ ਦਾ ਇਤਿਹਾਸ (ਪੁਰਾਤਨ ਕਾਲ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963
- ਕੁਲਵੰਤ ਕੌਰ, ਗੁਰਮਤਿ ਕਾਵਿ ਇੱਕ ਅਧਿਐਨ, ਲੋਕਾਇਤ ਪ੍ਰਕਾਸ਼ਨ, ਐਸ.ਸੀ.ਓ. 57-59, ਸੈਕਟਰ 17-ਸੀ, ਚੰਡੀਗੜ੍ਹ, 1984
- ਡਾ. ਸ੍ਰੀਮਤੀ ਵਿਦਿਆਵਤੀ, ਗੁਰੂ ਰਾਮਦਾਸ : ਜੀਵਨ ਤੇ ਬਾਣੀ, ਸੰਗਮ ਪਬਲੀਕੇਸ਼ਨਜ, ਸਮਾਣਾ, 2005
- ਮੁੱਖ ਸੰਪਾਦਕ ਡਾ. ਜੋਧ ਸਿੰਘ, ਸਿੱਖ ਧਰਮ ਵਿਸ਼ਵਕੋਸ਼(ਦੂਜੀ ਸੈਂਚੀ 'ਹ' ਤੋਂ 'ਛ'), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013
- ਡਾ. ਐਸ.ਐਸ. ਕੋਹਲੀ, ਗੁਰਮਤਿ ਸਾਹਿਤ, ਪੰਜਾਬੀ ਸਾਹਿਤ ਦਾ ਇਤਿਹਾਸ (ਪੁਰਾਤਨ ਕਾਲ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963
- ਹਰਜਿੰਦਰ ਸਿੰਘ ਢਿਲੋਂ, ਗੁਰੂ ਰਾਮ ਦਾਸ: ਜੀਵਨ, ਚਿੰਤਨ ਤੇ ਬਾਣੀ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1998
- ਗੁਰਮਤਿ ਕਾਵਿ ਸਿਧਾਂਤ ਅਤੇ ਇਤਿਹਾਸ, ਭੁਪਿੰਦਰ ਕੌਰ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ